**GS CPA, INC.**
ਤੁਹਾਡੀਆਂ ਸਭ ਅਕਾਊਂਟਿੰਗ ਤੇ ਟੈਕਸ ਲੋੜਾਂ ਲਈ
Gurpreet Singh, CPA, MBA
*Certified Public Accountant*
5450 Lafayette Road, Suite#3,
Indianapolis, IN 46254
**Ph:317-248-4802**
Fax: 317-800-7947
e-mail: info@gscpainc.com Website: www.gscpainc.com

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ



**AMANTEL.COM**
$25 'ਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
*24/7 Customer Service*
ਟੌਲ ਫਰੀ ਨੰਬਰ 'ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268,732-983-4332/4333

**PJ Insurance, Inc.**
5450 Lafayette Road, Suite # 3, Indianapolis, IN 46254
For All Your Insurance Needs.
Quality Service at affordable price
Home, Auto, Commercial, Worker Comp, Business General Liability & other
ਹੋਮ, ਆਟੋ, ਕਮਰਸ਼ੀਅਲ, ਵਰਕਰ ਕੌਂਪ, ਬਿਜਨਸ ਜਨਰਲ ਲਾਇਬਿਲਿਟੀ-ਆਪਣੀਆਂ ਸਾਰੀਆਂ ਇੰਸ਼ੋਰੈਂਸ ਲੋੜਾਂ ਲਈ ਸੰਪਰਕ ਕਰੋ
*Contact: Satvir K. Singh*
*Office Manager*
**Ph:317-666-7862**
Email: info@pjinsuranceinc.com



USPS - PP 1
Fourteenth Year of Publication
*ਮਿਡਵੈਸਟ ਐਡੀਸ਼ਨ*
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 14, Issue 45, November 9, 2013 20451 N Plum Grove Rd., Palatine, IL 60074 Ph:847-359-0746, Fax:847-705-9388


## ਕਾਂਗਰਸੀਏ ਵਿਧਾਨ ਸਭਾ ਵਿਚ ਵੀ ਚਿੱਤ

### ਮੁੱਦੇ ਹੋਣ ਦੇ ਬਾਵਜੂਦ ਅਕਾਲੀ ਭਾਰੂ ਪਏ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਆਪਸੀ ਪਾਟੋਧਾੜ ਅਤੇ ਤਾਲਮੇਲ ਦੀ ਘਾਟ ਕਾਰਨ ਇਸ ਵਾਰ ਵੀ ਪੰਜਾਬ ਕਾਂਗਰਸ ਮੁੱਦੇ ਹੋਣ ਦੇ ਬਾਵਜੂਦ ਅਕਾਲੀਆਂ ਨੂੰ ਵਿਧਾਨ ਸਭਾ ਵਿਚ ਘੇਰ ਨਹੀਂ ਸਕੀ। ਵਿਧਾਨ ਸਭਾ ਦੇ ਸੈਸ਼ਨ ਦੌਰਾਨ ਕਾਂਗਰਸੀ ਵਿਧਾਇਕਾਂ ਵਿਚਾਲੇ ਕੋਈ ਠੋਸ ਤਾਲਮੇਲ ਦਿਖਾਈ ਨਾ ਦਿੱਤਾ ਜਿਸ ਕਰ ਕੇ ਅਕਾਲੀ ਵਿਧਾਇਕ ਉਨ੍ਹਾਂ 'ਤੇ ਭਾਰੂ ਪੈ ਗਏ। ਇਜਲਾਸ ਵਿਚ ਕਾਂਗਰਸ ਦੀ ਅੰਦਰੂਨੀ ਖਿੱਚੋਤਾਣ ਵੀ ਉਭਰ ਕੇ ਸਾਹਮਣੇ ਆਈ ਜਿਸ ਦਾ ਸੱਤਾ ਧਿਰ ਨੇ ਰੱਜ ਕੇ ਲਾਹਾ ਲਿਆ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਕਾਂਗਰਸੀ ਆਪਣੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ 'ਤੇ ਲੱਗੇ ਸ਼ਾਮਲਾਟ ਜ਼ਮੀਨ ਦੱਬਣ ਦੇ ਦੋਸ਼ਾਂ ਤੋਂ ਅੰਦਰੋ-ਅੰਦਰੀ ਖੁਸ਼ ਹਨ। ਐਤਕੀਂ ਤਾਂ ਹਾਲਾਤ ਇਹ ਬਣ ਗਏ ਕਿ ਵਿਰੋਧੀ ਧਿਰ ਕਾਂਗਰਸ ਆਪਣੇ-ਆਪ ਦਾ ਬਚਾਅ ਕਰਦੀ ਨਜ਼ਰ ਆਈ। ਵਿਧਾਨ ਸਭਾ ਵਿਚ ਆਰਥਿਕ ਸੰਕਟ, ਝੋਨੇ ਦੇ ਮਾੜੇ ਖਰੀਦ ਪ੍ਰਬੰਧ, ਸਰਕਾਰੀ ਜ਼ਮੀਨਾਂ 'ਤੇ ਕਬਜ਼ੇ, ਪ੍ਰਾਪਰਟੀ ਟੈਕਸ ਤੇ ਅਮਨ-ਕਾਨੂੰਨ ਦੀ ਮਾੜੀ ਹਾਲਤ ਦੇ ਮੁੱਦਿਆਂ 'ਤੇ ਸੱਤਾ ਧਿਰ ਨੂੰ ਬੁਰੀ ਤਰ੍ਹਾਂ ਘੇਰਿਆ ਜਾ ਸਕਦਾ ਸੀ ਪਰ ਕਾਂਗਰਸ ਇਨ੍ਹਾਂ ਮੁੱਦਿਆਂ ਨੂੰ ਸਹੀ ਤਰੀਕੇ ਨਾਲ ਨਹੀਂ ਉਠਾ ਸਕੀ। ਮੀਡੀਆ ਵਿਚ ਇਸ ਗੱਲ ਨੂੰ ਲੈ ਕੇ ਕਾਂਗਰਸ ਦੀ ਆਲੋਚਨਾ ਵੀ ਹੋਈ ਹੈ।

ਦਿਲਚਸਪ ਗੱਲ ਇਹ ਰਹੀ ਕਿ ਵਿਧਾਨ ਸਭਾ ਵਿਚ ਸੱਤਾ ਧਿਰ ਦੇ ਆਗੂਆਂ ਨੇ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਉਤੇ ਜਦੋਂ ਦੋਸ਼ ਦੀ ਵਾਛੜ ਕਰ ਦਿੱਤੀ ਤਾਂ ਵਿਰੋਧੀ ਧਿਰ ਦੇ ਆਗੂ ਇਸ 'ਤੇ ਪੂਰੀ ਤਰ੍ਹਾਂ ਖਾਮੋਸ਼ ਰਹੇ। ਮਾਲ ਤੇ ਲੋਕ ਸੰਪਰਕ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਾਂਗਰਸ ਪ੍ਰਧਾਨ 'ਤੇ ਨਾਜਾਇਜ਼ ਢੰਗ ਨਾਲ ਸ਼ਾਮਲਾਟ ਜ਼ਮੀਨ ਖਰੀਦਣ ਦੇ ਦੋਸ਼ ਲਾਏ ਜਿਸ ਨਾਲ ਕਾਂਗਰਸੀ ਆਪਣੇ ਬਚਾਅ ਵਾਲੀ ਹਾਲਤ ਵਿਚ ਆ ਗਏ। ਇਨ੍ਹਾਂ ਦੋਸ਼ਾਂ ਵਿਚ ਘਿਰਨ ਮਗਰੋਂ ਕਾਂਗਰਸ ਸੱਤਾ ਧਿਰ ਨੂੰ ਘੇਰਨ ਦਾ ਹੌਸਲਾ ਨਾ ਵਿਖਾ ਸਕੀ। ਕਾਬਲੇਗ਼ੌਰ ਹੈ ਕਿ ਅਕਾਲੀ-ਭਾਜਪਾ ਸਰਕਾਰ ਲਈ ਵਿਧਾਨ ਸਭਾ ਵਿਚ ਆਰਥਿਕ ਸੰਕਟ, ਝੋਨੇ ਦੇ ਮਾੜੇ ਖਰੀਦ ਪ੍ਰਬੰਧ, ਸਰਕਾਰੀ ਜ਼ਮੀਨਾਂ 'ਤੇ ਕਬਜ਼ੇ, ਪ੍ਰਾਪਰਟੀ ਟੈਕਸ ਤੇ ਅਮਨ-ਕਾਨੂੰਨ ਦੀ ਮਾੜੀ ਹਾਲਤ ਦੇ ਵੱਡੇ ਸਿਰਦਰਦੀ ਬਣੇ ਹੋਏ ਹਨ। ਇਨ੍ਹਾਂ ਮੁੱਦਿਆਂ ਨੂੰ ਲੈ ਕੇ ਲੋਕ ਧਰਨੇ-ਮੁਜ਼ਾਹਰੇ ਕਰ ਰਹੇ ਹਨ ਸਰਕਾਰੀ ਵਿਚ ਭਾਈਵਾਲ ਭਾਜਪਾ ਵੀ ਅੰਦਰੋ-ਅੰਦਰੀ ਵਿਰੋਧੀ ਸੁਰ ਅਲਾਪ ਰਹੀ ਹੈ। ਇਸ ਵਾਰ ਆਸ ਸੀ ਕਿ ਕਾਂਗਰਸ ਇਨ੍ਹਾਂ ਮੁੱਦਿਆਂ 'ਤੇ ਸੱਤਾ ਧਿਰ ਨੂੰ ਚੰਗੇ ਰਗੜੇ ਲਾਏਗੀ ਪਰ ਅਜਿਹਾ ਕੁਝ ਨਹੀਂ ਵਾਪਰਿਆ।

ਵਿਧਾਨ ਸਭਾ ਦੇ ਇਜਲਾਸ ਦੌਰਾਨ ਇਹ ਗੱਲ ਵੀ ਸਾਹਮਣੇ ਆਈ ਕਿ ਕਾਂਗਰਸ ਅੰਦਰ ਸੱਤਾਧਾਰੀ ਗਠਜੋੜ ਵਿਰੁੱਧ ਲੜਾਈ ਦੀ ਥਾਂ ਆਪਸੀ ਧੜੇਬੰਦੀ ਭਾਰੂ ਹੈ ਤੇ ਪਾਰਟੀ ਅੰਦਰ ਕਿਸੇ ਧੜੇ ਜਾਂ ਆਗੂ ਦੀ ਸਰਦਾਰੀ ਦਾ ਮਾਮਲਾ ਅਜੇ ਤਿੱਖੇ ਵਾਦ-ਵਿਵਾਦ ਦਾ ਮੁੱਦਾ ਹੈ। ਇਸ ਦੇ ਨਾਲ ਹੀ ਪਾਰਟੀ ਨੂੰ ਹੇਠਲੇ ਪੱਧਰ ਤੱਕ ਸਰਗਰਮ ਕਰਨ ਵਿਚ ਰੁੱਝੇ ਪ੍ਰਦੇਸ਼ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ 'ਤੇ ਸੱਤਾਧਾਰੀ ਪਾਰਟੀ ਦੇ ਹਮਲਿਆਂ ਖਾਸ ਕਰ ਜ਼ਮੀਨੀ ਘੁਟਾਲੇ ਦੇ ਉਠਾਏ ਮੁੱਦਿਆਂ ਨੂੰ ਖੁਦ ਕਾਂਗਰਸੀ ਆਗੂਆਂ ਨੇ ਹੀ ਆਪਸੀ ਲੜਾਈ ਦਾ ਅਹਿਮ ਹਥਿਆਰ ਬਣਾਉਣ ਦਾ ਰੁਖ਼ ਅਪਨਾ ਲਿਆ ਹੈ। ਇਸ ਮਾਮਲੇ ਕਾਰਨ ਬਾਜਵਾ ਦੀ ਪਾਰਟੀ ਅੰਦਰ ਆਪਣੀ ਲੀਡਰਸ਼ਿਪ ਸਥਾਪਤ ਕਰਨ ਤੇ ਪਾਰਟੀ ਨੂੰ ਇਕਮੁੱਠ ਕਰਨ ਦੇ ਯਤਨਾਂ ਨੂੰ ਸਖ਼ਤ ਝਟਕਾ ਲੱਗਾ ਹੈ ਤੇ ਆਉਣ ਵਾਲੇ ਸਮੇਂ ਦੌਰਾਨ ਉਨ੍ਹਾਂ ਦੀਆਂ ਮੁਸ਼ਕਿਲਾਂ ਵਿਚ ਹੋਰ ਵਾਧਾ ਹੋ ਸਕਦਾ ਹੈ।

ਸ. ਬਾਜਵਾ ਵੱਲੋਂ ਪਿਛਲੇ 5-6 ਮਹੀਨਿਆਂ ਦੌਰਾਨ ਕੀਤੀ ਸਰਗਰਮੀ ਨਾਲ ਪਾਰਟੀ ਅੰਦਰ ਇਕ ਵਾਰ ਜੋ ਉਭਾਰ ਆਇਆ ਦਿਖਾਈ ਦੇਣ ਲੱਗਿਆ ਸੀ, ਪਿਛਲੇ ਹਫ਼ਤੇ ਦੀਆਂ ਘਟਨਾਵਾਂ ਨੇ ਉਸ ਉਪਰ ਇਕ ਵਾਰ ਤਾਂ ਪਾਣੀ ਹੀ ਫੇਰ ਦਿੱਤਾ ਹੈ। ਪਾਰਟੀ ਦਾ ਕੋਈ ਵੀ ਸਿਰਕੱਢ ਆਗੂ ਸ. ਬਾਜਵਾ ਦੀ ਹਮਾਇਤ ਵਿਚ ਅਜੇ ਤੱਕ ਨੰਗੇ ਧੜ


*(ਬਾਕੀ ਸਫਾ 6 'ਤੇ)*




*ਕਾਂਗਰਸ ਵਿਧਾਇਕ ਵਿਧਾਨ ਸਭਾ ਦੇ ਬਾਹਰ ਧਰਨਾ ਦਿੰਦੇ ਹੋਏ।*

### ਸ਼ਾਮਲਾਟਾਂ ਦੱਬਣ ਦੇ ਦੋਸ਼ ਵੱਡੀ ਸਾਜ਼ਿਸ਼: ਬਾਜਵਾ

ਪੰਜਾਬ ਕਾਂਗਰਸ ਦੇ ਸਾਰੇ ਧੜਿਆਂ ਨਾਲ ਸਬੰਧਤ 23 ਵਿਧਾਇਕਾਂ ਨੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਹੇਠ ਇਕੱਠੇ ਹੋ ਕੇ ਦੋਸ਼ ਲਾਇਆ ਕਿ ਮਾਲ ਤੇ ਲੋਕ ਸੰਪਰਕ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਵਿਧਾਨ ਸਭਾ ਵਿਚ ਸਾਜ਼ਿਸ਼ ਤਹਿਤ ਕਾਂਗਰਸ ਪ੍ਰਧਾਨ 'ਤੇ ਨਾਜਾਇਜ਼ ਢੰਗ ਨਾਲ ਸ਼ਾਮਲਾਟ ਜ਼ਮੀਨ ਖਰੀਦਣ ਦੇ ਦੋਸ਼ ਲਾਏ ਹਨ। ਸ. ਬਾਜਵਾ ਨੇ ਕਾਂਗਰਸੀ ਵਿਧਾਇਕਾਂ ਨੂੰ ਆਪਣੇ ਘਰ ਨਾਸ਼ਤੇ 'ਤੇ ਸੱਦਿਆ ਸੀ। ਨਾਸ਼ਤੇ 'ਤੇ ਤਾਂ ਕੁਝ ਹੀ ਵਿਧਾਇਕ ਗਏ ਪਰ ਬਾਅਦ ਵਿਚ ਪੱਤਰਕਾਰਾਂ ਦੇ ਰੂ-ਬ-ਰੂ ਹੋਣ ਸਮੇਂ ਵਿਰੋਧੀ ਧਿਰ ਦੇ ਆਗੂ ਸੁਨੀਲ ਜਾਖੜ ਸਮੇਤ 23 ਵਿਧਾਇਕ ਪੁੱਜੇ। ਵਿਧਾਨ ਸਭਾ ਵਿਚ ਜਦੋਂ ਸ. ਬਾਜਵਾ ਵਿਰੁਧ ਹੁਕਮਰਾਨ ਧਿਰ ਨੇ ਦੋਸ਼ ਲਾਏ ਸਨ ਤਾਂ ਅਜਿਹਾ ਪ੍ਰਭਾਵ ਗਿਆ ਸੀ ਕਿ ਬਹੁਤੇ ਕਾਂਗਰਸੀ ਵਿਧਾਇਕ ਮੂਕ ਦਰਸ਼ਕ ਬਣੇ ਰਹੇ ਸਨ।

## ਤੀਜੇ ਫਰੰਟ ਨੇ ਅੱਖਾਂ ਖੋਲ੍ਹੀਆਂ

### ਕੌਮੀ ਪੱਧਰ 'ਤੇ 17 ਪਾਰਟੀਆਂ ਦੀ ਲਾਮਬੰਦੀ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਕਾਂਗਰਸ ਅਤੇ ਭਾਜਪਾ ਦੀ ਅਗਵਾਈ ਵਾਲੇ ਗੱਠਜੋੜਾਂ ਦੇ ਟਾਕਰੇ ਲਈ 17 ਪਾਰਟੀਆਂ ਇਕ ਮੰਚ 'ਤੇ ਇਕੱਠੀਆਂ ਹੋਣ ਲੱਗੀਆਂ ਹਨ। ਖੱਬੇਪੱਖੀਆਂ ਦੀ ਅਗਵਾਈ ਹੇਠ ਇਨ੍ਹਾਂ ਸਿਆਸੀ ਦਲਾਂ ਨੇ ਭਾਵੇਂ ਰਸਮੀ ਤੌਰ 'ਤੇ ਤੀਜੇ ਫਰੰਟ ਦੀ ਐਲਾਨ ਨਹੀਂ ਕੀਤਾ ਪਰ ਇਨ੍ਹਾਂ ਵੱਲੋਂ ਇਕ ਮੰਚ ਤੋਂ ਕਾਂਗਰਸ ਅਤੇ ਭਾਜਪਾ ਖ਼ਿਲਾਫ਼ ਡਟਣ ਦੇ ਦਿੱਤੇ ਹੋਕੇ ਨੇ ਦੇਸ਼ ਵਾਸੀਆਂ ਦਾ ਧਿਆਨ ਜ਼ਰੂਰ ਖਿੱਚਿਆ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਭਵਿੱਖ ਵਿਚ ਇਹ 17 ਪਾਰਟੀਆਂ ਇਕਜੁੱਟ ਹੋ ਕੇ ਦੇਸ਼ ਦੇ ਸਿਆਸੀ ਸਮੀਕਰਨ ਬਦਲ ਸਕਦੀਆਂ ਹਨ।

ਕਾਬਲੇਗ਼ੌਰ ਹੈ ਕਿ ਦੇਸ਼ ਦੀ ਕੌਮੀ ਸਿਆਸਤ ਵਿਚ ਤੀਜੇ ਫਰੰਟ ਦੇ ਹੋਂਦ ਵਿਚ ਆਉਣ ਬਾਰੇ ਕਾਫੀ ਸਮੇਂ ਤੋਂ ਵਿਚਾਰ-ਚਰਚਾ ਚੱਲ ਰਹੀ ਹੈ ਪਰ ਕੁਝ ਸਿਆਸੀ ਪਾਰਟੀਆਂ ਦੇ ਖੇਤਰੀ ਹਿੱਤਾਂ ਕਾਰਨ ਇਹ ਗੱਲ ਕਿਸੇ ਤਣ-ਪੱਤਣ ਨਹੀਂ ਸੀ ਲੱਗ ਰਹੀ। ਲੋਕ ਸਭਾ ਚੋਣਾਂ ਤੋਂ ਤਕਰੀਬਨ ਛੇ ਮਹੀਨੇ ਪਹਿਲਾਂ ਤੀਜਾ ਫਰੰਟ ਬਣਾਉਣ ਦੀਆਂ ਕੋਸ਼ਿਸ਼ਾਂ ਸਿਆਸੀ ਅਖਾੜੇ ਵਿਚ ਨਵਾਂ ਰੰਗ ਵਿਖਾ ਸਕਦੀਆਂ ਹਨ। ਸਿਆਸੀ ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਤੀਜਾ ਫਰੰਟ ਕਾਂਗਰਸ ਨਾਲੋਂ ਭਾਜਪਾ ਨੂੰ ਜ਼ਿਆਦਾ ਨੁਕਸਾਨ ਪਹੁੰਚਾ ਸਕਦਾ ਹੈ ਕਿਉਂਕਿ ਉਨ੍ਹਾਂ ਦੀ ਫਿਰਕਾਪ੍ਰਸਤੀ ਖ਼ਿਲਾਫ਼ ਸਾਂਝੀ ਸੁਰ ਹੈ। ਭਾਰਤੀ ਜਨਤਾ ਪਾਰਟੀ (ਭਾਜਪਾ) ਤੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) 'ਤੇ ਫਿਰਕਾਪ੍ਰਸਤੀ ਤੇ ਮੂਲਵਾਦ ਨੂੰ ਫੈਲਾਉਣ ਦਾ ਦੋਸ਼ ਲਾਉਂਦਿਆਂ ਲੰਘੇ


*(ਬਾਕੀ ਸਫਾ 6 'ਤੇ)*



**Dhade & Associates, PC**
Immigration Lawyers
*WE FIGHT FOR YOUR RIGHTS!*
ਤੁਹਾਡਾ ਆਪਣਾ ਪੰਜਾਬੀ ਇਮੀਗਰੇਸ਼ਨ ਵਕੀਲ
*ਪ੍ਰੋਫੈਸ਼ਨਲ ਵੀਜ਼ੇ (ਡਾਕਟਰ, ਇੰਜੀਨੀਅਰ ਆਦਿ)
*ਗਰੀਨ ਕਾਰਡ *ਸਿਟੀਜ਼ਨਸ਼ਿਪ *ਅਡਜਸਟਮੈਂਟ ਆਫ ਸਟੇਟਸ
*ਡੀਪੋਰਟੇਸ਼ਨ *ਰਿਫਿਊਜ਼ੀ ਕੇਸ *ਅਸੀਂ ਤੁਹਾਡੀਆਂ ਅਮਰੀਕਾ ਅਤੇ ਕੈਨੇਡਾ ਵਿਚ ਸਭੇ ਇਮੀਗਰੇਸ਼ਨ ਲੋੜਾਂ ਪੂਰੀਆਂ ਕਰ ਸਕਦੇ ਹਾਂ
*ਅਸੀਂ ਕੈਨੇਡਾ ਦੀ ਇਮੀਗਰੇਸ਼ਨ 6 ਤੋਂ 12 ਮਹੀਨੇ 'ਚ ਕਰ ਸਕਦੇ ਹਾਂ



Herman Singh Dhade
Immigration Lawyer
**Ph:248-254-3441**
Fax:(248) 254-3443 www.eagle.pro, Email: info@eagle.pro
7071 Orchard Lake Rd, Suite 320, W. Bloomfield, MI 48322

**World Wide Travel**
www.fly2world.com
ਚੰਡੀਗੜ੍ਹ $1025*
ਦਿੱਲੀ $875*
ਅੰਮ੍ਰਿਤਸਰ $995*
DETROIT 734 838 9998
CHICAGO 312 224 8800
*ਰੇਟ ਸ਼ਿਕਾਗੋ ਤੋਂ ਰਾਊਂਡ ਟ੍ਰਿਪ ਅਤੇ ਟੈਕਸ ਸਮੇਤ ਹਨ। ਸਫਰ ਦਾ ਸਮਾਂ 10 ਜਨਵਰੀ ਤੋਂ 10 ਮਾਰਚ 2014 ਦਾ ਹੈ
*ਰੇਟ ਬਿਨਾ ਨੋਟਿਸ ਦਿਤੇ ਵਾਪਸ ਲਏ ਜਾ ਸਕਦੇ ਹਨ। ਹੋਰ ਕਈ ਸ਼ਰਤਾਂ ਵੀ ਲਾਗੂ ਹੁੰਦੀਆਂ ਹਨ। ਹੋਰ ਜਾਣਕਾਰੀ ਲਈ ਉਪਰ ਦਿੱਤੇ ਫੋਨ ਨੰਬਰਾਂ 'ਤੇ ਕਾਲ ਕਰੋ।

ੴ ਸਤਿਗੁਰ ਪ੍ਰਸਾਦਿ॥

# ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਨਾਨਕ ਦੇਵ ਜੀ

ਗੁਰੂ ਪਿਆਰੀ ਸਾਧ ਸੰਗਤ ਜੀ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਆਪ ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 17 ਨਵੰਬਰ 2013 (ਕੱਤਕ ਸੁਦੀ ਪੂਰਨਮਾਸ਼ੀ) ਐਤਵਾਰ ਨੂੰ ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਸਾਹਿਬ, ਆਈਲੈਂਡ ਲੇਕ (ਸ਼ਿਕਾਗੋ) ਵਿਖੇ ਸ਼ਰਧਾ ਅਤੇ ਪਿਆਰ ਸਹਿਤ ਮਨਾਇਆ ਜਾ ਰਿਹਾ ਹੈ। ਇਸ ਦਿਹਾੜੇ ਬ੍ਰਹਮ ਗਿਆਨੀ ਸੰਤ ਬਾਬਾ ਜਵਾਲਾ ਸਿੰਘ ਦੀ ਬਰਸੀ ਮਨਾਉਂਦਿਆਂ ਉਨ੍ਹਾਂ ਵਲੋਂ ਸਿੱਖ ਧਰਮ ਦੇ ਪ੍ਰਚਾਰ ਲਈ ਕੀਤੇ ਗਏ ਕਾਰਜਾਂ ਉਪਰ ਵੀ ਵਿਦਵਾਨ ਸੱਜਣ ਵਿਚਾਰ ਕਰਨਗੇ।

## ਪ੍ਰੋਗਰਾਮ ਦਾ ਵੇਰਵਾ

ਸ਼ੁੱਕਰਵਾਰ 17 ਨਵੰਬਰ 2013 ਅਰੰਭ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ
ਐਤਵਾਰ 19 ਨਵੰਬਰ 2013 ਭੋਗ ਸ੍ਰੀ ਅਖੰਡ ਪਾਠ: ਸਵੇਰੇ 9 ਵਜੇ
ਸੇਵਾ ਸ੍ਰੀ ਨਿਸ਼ਾਨ ਸਾਹਿਬ: ਸਵੇਰੇ 10 ਤੋਂ 11 ਵਜੇ
ਕੀਰਤਨ ਦੀਵਾਨ: ਸਵੇਰੇ 11 ਤੋਂ ਇਕ ਵਜੇ ਤੱਕ
ਗੁਰਮਤਿ ਵਿਚਾਰ: ਇਕ ਤੋਂ ਡੇਢ ਵਜੇ ਤੱਕ
ਉਪਰੰਤ ਸਮਾਪਤੀ ਅਤੇ ਗੁਰੂ ਕਾ ਲੰਗਰ

ਬੇਨਤੀਕਰਤਾ
ਸਮੂਹ ਸੇਵਾਦਾਰ: ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਸਾਹਿਬ, ਸ਼ਿਕਾਗੋ
ਫੋਨ: 847-526-5633



# H K TRANSPORT INC

*Division of HK Incorporated*
1401 West Ray St, Indianapolis, IN 46221
Ph: 317-408-3211, web: www.hktransportinc.com

## ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ



ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਨਵੇਂ ਨਕੋਰ ਟਰੇਲਰ
ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰ ਲਈ |
|---|---|
| 92% ਫਲੈਟ ਡਿਸਪੈਚ | 42 ਸੈਂਟ ਤੱਕ ਪ੍ਰਤੀ ਮੀਲ |
| 30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | 95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| ਨਵੇਂ ਨਕੋਰ ਟਰੇਲਰ | ਨਵੇਂ ਨਕੋਰ ਟਰੇਲਰ |
| ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | ਵਧੀਆ ਅਤੇ ਸਾਫ ਸੁਥਰੇ ਟਰੱਕ |
| ਹਰ 15 ਦਿਨ ਬਾਅਦ ਅਦਾਇਗੀ | ਹਰ 15 ਦਿਨ ਪਿਛੋਂ ਤਨਖਾਹ |

ਲੋੜੀਂਦੀ ਯੋਗਤਾ:
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ

ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ



# Spiceland Truck Plaza

5809 S. State Road 3, Spiceland, IN 47385 (Exit 123 off I-70)




## ਪੰਜਾਬੀਆਂ ਦਾ ਆਪਣਾ ਟਰੱਕ ਸਟਾਪ

24 ਘੰਟੇ 7 ਦਿਨ ਖੁੱਲ੍ਹਾ

Guaranteed 100% pure diesel no bio diesel.
100% ਪਿਓਰ ਡੀਜ਼ਲ, ਕੋਈ ਬਾਇਓ ਡੀਜ਼ਲ ਨਹੀਂ

ਹਰ ਗੈਲਨ 'ਤੇ 10 ਸੈਂਟ ਬਚਾਓ, ਖਰਚ ਘਟਾਓ, ਪੈਸੇ ਬਚਾਓ

ਤਾਜ਼ਾ ਪੰਜਾਬੀ ਖਾਣਾ ਖਾਣ ਲਈ ਪੰਜਾਬੀ ਢਾਬਾ

Fuel for Less! Save 10¢*




*Offer subject to change without notice.

Get Your Card from the Cashier
www.fuelmaster.net/rewards

Ph: 317-291-2300, ext. 22

ੴ ਸਤਿਗੁਰ ਪ੍ਰਸਾਦਿ॥

# ਸਿੱਖ ਰਿਲੀਜੀਅਸ ਸੁਸਾਇਟੀ (ਸ਼ਿਕਾਗੋ)

## ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਅਤੇ ਪ੍ਰਥਮ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਸਾਰੇ ਸਿੱਖ ਜਗਤ ਨੂੰ

# ਕੋਟਾਨਿ ਕੋਟਿ ਵਧਾਈ ਹੋਵੇ



ਸਮੂਹ ਸੰਗਤਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਪੈਲਾਟਾਈਨ ਵਿਖੇ ਵਿਸ਼ੇਸ਼ ਪ੍ਰੋਗਰਾਮ ਉਲੀਕੇ ਗਏ ਹਨ। ਇਸ ਸਬੰਧੀ ਪ੍ਰਭਾਤ ਫੇਰੀਆਂ ਕੱਢੀਆਂ ਜਾਣਗੀਆਂ ਅਤੇ ਵਿਸ਼ੇਸ਼ ਦੀਵਾਨ ਸਜਾਏ ਜਾਣਗੇ। ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਗੁਰਜੰਟ ਸਿੰਘ ਅਤੇ ਭਾਈ ਰਾਜਿੰਦਰ ਸਿੰਘ, ਭਾਈ ਅਮਰੀਕ ਸਿੰਘ ਤੇ ਭਾਈ ਗੁਰਮੀਤ ਸਿੰਘ ਦਾ ਕੀਰਤਨੀ ਜਥਾ ਸੰਗਤਾਂ ਨੂੰ ਸ਼ਬਦ ਕੀਰਤਨ ਅਤੇ ਕਥਾ ਵਿਆਖਿਆ ਰਾਹੀਂ ਗੁਰ ਸ਼ਬਦ ਨਾਲ ਜੋੜਨਗੇ। ਆਪ ਸਮੂਹ ਸੰਗਤਾਂ ਇਨ੍ਹਾਂ ਗੁਰਪੁਰਬ ਸਮਾਗਮਾਂ ਵਿਚ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕਰੋ ਜੀ।

### ਗੁਰਪੁਰਬਾਂ ਮੌਕੇ ਵਿਸ਼ੇਸ਼ ਪ੍ਰੋਗਰਾਮ

**ਗੁਰੂ ਗ੍ਰੰਥ ਸਾਹਿਬ ਗੁਰਗੱਦੀ ਦਿਵਸ**
ਸਨਿਚਰਵਾਰ 9 ਨਵੰਬਰ 2013
ਸਵੇਰੇ 5:00 ਵਜੇ ਪ੍ਰਭਾਤ ਫੇਰੀ
ਐਤਵਾਰ 10 ਨਵੰਬਰ 2013
ਸਵੇਰੇ 7:30 ਤੋਂ ਦੁਪਹਿਰ 1:30 ਵਜੇ ਤੱਕ
ਆਸਾ ਕੀ ਵਾਰ, ਸਹਿਜ ਪਾਠ ਦਾ ਭੋਗ,
ਉਪਰੰਤ ਕੀਰਤਨ ਦੀਵਾਨ

**ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਨਾਨਕ ਦੇਵ ਜੀ**
ਸਨਿਚਰਵਾਰ 16 ਨਵੰਬਰ 2013
ਸਵੇਰੇ 5:00 ਵਜੇ ਪ੍ਰਭਾਤ ਫੇਰੀ
ਐਤਵਾਰ 17 ਨਵੰਬਰ 2013
ਸਵੇਰੇ 7:30 ਤੋਂ ਦੁਪਹਿਰ 1:30
ਆਸਾ ਕੀ ਵਾਰ, ਸਹਿਜ ਪਾਠ ਦਾ ਭੋਗ, ਕੀਰਤਨ ਦੀਵਾਨ
ਸ਼ਾਮ 6:00 ਤੋਂ 8:00 ਵਜੇ ਤੱਕ ਵਿਸ਼ੇਸ਼ ਕੀਰਤਨ ਦੀਵਾਨ

ਹੋਰ ਜਾਣਕਾਰੀ ਲਈ: ਮੁੱਖ ਸੇਵਾਦਾਰ ਸੋਖੀ ਸਿੰਘ, ਫੋਨ: 773-251-4476

**Sikh Religious Society of Chicago, Palatine**

1280, Winnetka St. Palatine, IL 60067 Ph. 847-358-1117

# ਗਲਤ ਸਲਾਹਾਂ ਕਰ ਕੇ ਹੋਇਆ ਸਾਕਾ ਨੀਲਾ ਤਾਰਾ: ਕੇ.ਪੀ.ਐਸ.

**ਚੰਡੀਗੜ੍ਹ:** ਸਾਕਾ ਨੀਲਾ ਤਾਰਾ ਤੋਂ 29 ਸਾਲਾਂ ਬਾਅਦ ਪੰਜਾਬ ਪੁਲਿਸ ਦੇ ਸਾਬਕਾ ਮੁਖੀ ਕੇ.ਪੀ.ਐਸ. ਗਿੱਲ ਨੇ ਦਾਅਵਾ ਕੀਤਾ ਹੈ ਕਿ ਜੇ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਉਨ੍ਹਾਂ ਦੇ ਸਲਾਹਕਾਰਾਂ ਵੱਲੋਂ ਹਰਿਮੰਦਰ ਸਾਹਿਬ 'ਤੇ ਹਮਲੇ ਦੇ ਇਕੋ-ਇਕ ਰਾਹ ਬਾਰੇ ਗਲਤ ਸਲਾਹ ਨਾ ਦਿੱਤੀ ਹੁੰਦੀ ਤਾਂ ਉਨ੍ਹਾਂ (ਇੰਦਰਾ ਗਾਂਧੀ) ਇਸ ਦੀ ਆਗਿਆ ਨਹੀਂ ਦੇਣੀ ਸੀ। ਲੰਘੇ ਦਿਨੀਂ ਇੰਦਰਾ ਗਾਂਧੀ ਦੀ ਬਰਸੀ ਮੌਕੇ ਨਵੀਂ ਦਿੱਲੀ ਵਿਚ ਰਿਲੀਜ਼ ਕੀਤੀ ਗਈ ਜੀਵਨੀ 'ਕੇ.ਪੀ.ਐਸ. ਗਿੱਲ-ਦਿ ਪੈਰਾਮਾਊਂਟ ਕੌਪ' ਵਿਚ ਸ. ਗਿੱਲ ਨੇ ਉਪਰੋਕਤ ਖ਼ੁਲਾਸੇ ਕੀਤੇ। ਪੁਸਤਕ ਵਿਚ ਖਾੜਕੂਵਾਦ ਖਿਲਾਫ਼ ਨਿਭਾਈ ਉਨ੍ਹਾਂ ਦੀ ਭੂਮਿਕਾ ਦਾ ਬਿਰਤਾਂਤ ਦਿੱਤਾ ਗਿਆ ਹੈ। ਆਈ.ਪੀ.ਐਸ. ਦੇ ਅਸਾਮ ਕੇਡਰ ਦੇ 1957 ਬੈਚ ਦੇ ਅਧਿਕਾਰੀ ਬਾਰੇ 244 ਸਫਿਆਂ ਦੀ ਕਿਤਾਬ ਰਾਹੁਲ ਚੰਦਨ ਨੇ ਕਲਮਬੱਧ ਕੀਤੀ ਹੈ।

ਸਾਕਾ ਨੀਲਾ ਤਾਰਾ ਬਾਰੇ ਸ. ਗਿੱਲ ਨੇ ਆਪਣਾ ਮੱਤ ਪੇਸ਼ ਕਰਦਿਆਂ ਕਿਹਾ ਕਿ ਇਹ ਕਾਹਲੀ ਵਿਚ ਕੀਤਾ ਗਿਆ ਸੀ ਤੇ ਇਹ ਸੋਚਿਆ ਨਹੀਂ ਗਿਆ ਕਿ ਇਸ ਦਾ ਸਿੱਖਾਂ ਦੇ ਦਿਲ-ਦਿਮਾਗ 'ਤੇ ਕੀ ਅਸਰ ਪਵੇਗਾ। ਆਪਣੇ ਸਾਥੀ ਅਫਸਰਾਂ ਨਾਲ ਗੱਲਬਾਤ ਕਰਦਿਆਂ ਸ. ਗਿੱਲ ਕਹਿੰਦੇ ਹਨ ਸਮਝ ਨਹੀਂ ਪੈਂਦੀ ਕਿ ਸ੍ਰੀਮਤੀ ਗਾਂਧੀ ਇਸ ਤਰ੍ਹਾਂ ਦੇ ਅਪਰੇਸ਼ਨ ਦੀ ਆਗਿਆ ਕਿਵੇਂ ਦੇ ਸਕਦੇ ਹਨ। ਸ. ਗਿੱਲ ਦਾ ਕਹਿਣਾ ਹੈ ਕਿ ਉਹ ਉਨ੍ਹਾਂ ਦੇ ਧਰਮ ਨਿਰਪੱਖ ਕਿਰਦਾਰ ਦੇ ਗਵਾਹ ਹਨ ਤੇ ਜੇ ਉਨ੍ਹਾਂ ਨੂੰ ਸਹੀ ਸਲਾਹ ਦਿੱਤੀ ਗਈ ਹੁੰਦੀ ਤਾਂ ਉਹ ਕਦੇ ਵੀ ਇਸ ਦੀ ਇਜਾਜ਼ਤ ਨਾ ਦਿੰਦੇ।

ਕਿਤਾਬ ਵਿਚ ਲਿਖਿਆ ਗਿਆ ਹੈ ਕਿ ਸ੍ਰੀਮਤੀ ਗਾਂਧੀ ਦੇ ਸਲਾਹਕਾਰਾਂ ਵੱਲੋਂ ਉਨ੍ਹਾਂ ਨੂੰ

### 'ਕੇ.ਪੀ.ਐਸ. ਗਿੱਲ-ਦਿ ਪੈਰਾਮਾਊਂਟ ਕੌਪ' ਵਿਚ ਅਹਿਮ ਖੁਲਾਸੇ



ਸਹੀ ਸਲਾਹ ਨਹੀਂ ਦਿੱਤੀ ਜਾ ਰਹੀ ਸੀ। ਸਮੱਸਿਆ ਨੂੰ ਪਹਾੜ ਬਣਾ ਕੇ ਪੇਸ਼ ਕੀਤਾ ਜਾ ਰਿਹਾ ਸੀ ਜਦਕਿ ਇਹ ਇਕ ਛੋਟੀ ਪਹਾੜੀ ਹੀ ਸੀ। ਜਨਵਰੀ 1984 ਵਿਚ ਸ. ਗਿੱਲ ਆਈ.ਜੀ. ਬੀ.ਐਸ.ਐਫ. ਵਜੋਂ ਜੰਮੂ ਵਿਖੇ ਤਾਇਨਾਤ ਸਨ ਤੇ ਸਾਕਾ ਨੀਲਾ ਤਾਰਾ ਤੋਂ ਬਾਅਦ ਸਤੰਬਰ ਮਹੀਨੇ ਉਨ੍ਹਾਂ ਨੂੰ ਪੰਜਾਬ ਆਰਮਡ ਪੁਲਿਸ ਦਾ ਆਈ.ਜੀ. ਤਾਇਨਾਤ ਕਰ ਦਿੱਤਾ ਗਿਆ।

ਉਨ੍ਹਾਂ ਸਾਕਾ ਨੀਲਾ ਤਾਰਾ ਲਈ ਪ੍ਰਧਾਨ ਮੰਤਰੀ ਦੇ ਦਫਤਰ ਨੂੰ ਕਸੂਰਵਾਰ ਠਹਿਰਾਇਆ ਪਰ ਉਨ੍ਹਾਂ ਕਿਸੇ ਦਾ ਨਾਂ ਲੈਣ ਤੋਂ ਗੁਰੇਜ਼ ਕੀਤਾ। ਉਂਜ ਉਨ੍ਹਾਂ ਅਪਰੇਸ਼ਨ ਲਈ ਭਾਰਤੀ ਫੌਜ ਨੂੰ ਕਲੀਨ ਚਿੱਟ ਦਿੱਤੀ ਤੇ ਕਿਹਾ ਕਿ ਇਸ ਦੀ ਤਿਆਰੀ ਲਈ ਫੌਜ ਕੋਲ ਸਮਾਂ ਨਹੀਂ ਸੀ। ਸਾਕਾ ਨੀਲਾ ਤਾਰਾ ਤੇ ਉਸ ਤੋਂ ਮਗਰੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਨਵੰਬਰ 1984 ਵਿਚ ਭੜਕੇ ਸਿੱਖ ਵਿਰੋਧੀ ਦੰਗਿਆਂ ਨੇ ਪੰਜਾਬ ਵਿਚ ਖਾਲਿਸਤਾਨੀ ਲਹਿਰ ਨੂੰ ਜ਼ਬਰਦਸਤ ਹੁਲਾਰਾ ਦਿੱਤਾ ਸੀ।

ਕਿਤਾਬ ਵਿਚ ਕਿਹਾ ਗਿਆ ਹੈ ਕਿ ਖਾਲਿਸਤਾਨੀ ਲਹਿਰ ਨੂੰ 1984 ਵਿਚ ਹੀ ਆਸਾਨੀ ਨਾਲ ਡੱਕਿਆ ਜਾ ਸਕਦਾ ਸੀ। ਸ. ਗਿੱਲ ਦੱਸਦੇ ਹਨ ਕਿ 1988 ਵਿਚ ਬਲੈਕ ਥੰਡਰ ਅਪਰੇਸ਼ਨ ਲਈ ਉਹ ਰਾਜੀਵ ਗਾਂਧੀ ਨਾਲ ਗੱਲਬਾਤ ਕਰਨ ਗਏ ਸਨ। ਉਨ੍ਹਾਂ ਦੀ ਘਟਨਾਵਾਂ 'ਤੇ ਚੋਖੀ ਪਕੜ ਸੀ ਤੇ ਇਹ ਵੀ ਪਤਾ ਸੀ ਕਿ ਇਨ੍ਹਾਂ ਨਾਲ ਕਿਵੇਂ ਨਜਿੱਠਿਆ ਜਾਣਾ ਚਾਹੀਦਾ। ਉਹ ਜ਼ਾਤੀ ਤੌਰ 'ਤੇ ਬਹੁਤ ਇਮਾਨਦਾਰ ਸਨ। ਜੇ ਕੋਈ ਫੈਸਲਾ ਠੀਕ ਸਾਬਤ ਨਹੀਂ ਹੋਇਆ ਤਾਂ ਇਸ ਲਈ ਕਸੂਰ ਉਨ੍ਹਾਂ ਦੁਆਲੇ ਘੇਰਾ ਬੰਨ੍ਹਣ ਵਾਲੇ ਲੋਕਾਂ ਦਾ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਪ੍ਰਧਾਨ ਮੰਤਰੀ ਪੀ.ਵੀ. ਨਰਸਿਮ੍ਹਾ ਰਾਓ (1991-96) ਵੱਲੋਂ ਉਨ੍ਹਾਂ ਨੂੰ ਅਤਿਵਾਦ ਨਾਲ ਨਜਿੱਠਣ ਲਈ 'ਪੂਰੀ ਛੂਟ' ਦਿੱਤੀ ਗਈ ਸੀ ਤੇ ਮੁੱਖ ਮੰਤਰੀ ਬੇਅੰਤ ਸਿੰਘ ਅਤਿਵਾਦ ਨੂੰ ਨੱਥ ਪਾਉਣ ਦੇ ਪੱਕੇ ਇਰਾਦੇ ਨਾਲ ਆਏ ਸਨ। ਉਨ੍ਹਾਂ ਸਾਬਕਾ ਮੰਤਰੀ ਰਾਜੇਸ਼ ਪਾਇਲਟ ਨਾਲ ਆਪਣੀ ਨੇੜਤਾ ਦਾ ਵੀ ਜ਼ਿਕਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਇਨ੍ਹਾਂ ਸਾਰੇ ਆਗੂਆਂ ਨਾਲ ਇਸ ਮਸਲੇ ਬਾਰੇ ਉਸ ਨਾਲ ਵਿਚਾਰ-ਵਟਾਂਦਰਾ ਕੀਤਾ ਅਤੇ ਸਲਾਹਾਂ ਲਈਆਂ।

## ਨਰੇਂਦਰ ਮੋਦੀ ਦਾ ਕੀਤਾ ਗੁਣਗਾਣ

**ਨਵੀਂ ਦਿੱਲੀ:** ਪੰਜਾਬ ਪੁਲੀਸ ਦੇ ਸਾਬਕਾ ਡਾਇਰੈਕਟਰ ਜਨਰਲ ਕੇ.ਪੀ.ਐਸ. ਗਿੱਲ ਜੋ 2002 ਵਿਚ ਗੁਜਰਾਤ ਦੇ ਮੁੱਖ ਮੰਤਰੀ ਦੇ ਸੁਰੱਖਿਆ ਸਲਾਹਕਾਰ ਰਹੇ ਸਨ, ਨੇ ਕਿਹਾ ਹੈ ਕਿ ਗੋਧਰਾ ਕਾਂਡ ਮਗਰੋਂ ਹੋਏ ਦੰਗਿਆਂ ਲਈ ਮੋਦੀ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ ਕਿਉਂਕਿ ਅਮਨ ਕਾਨੂੰਨ ਲਈ ਖ਼ਤਰਾ ਬਣਦੀਆਂ ਸਥਿਤੀਆਂ ਬਾਰੇ ਫੈਸਲਾ ਸੀਨੀਅਰ ਪੁਲਿਸ ਅਧਿਕਾਰੀਆਂ ਨੇ ਲੈਣਾ ਹੁੰਦਾ ਹੈ। ਸ. ਗਿੱਲ ਨੂੰ ਮੋਦੀ ਦੇ ਗੋਧਰਾ ਕਾਂਡ ਮਗਰੋਂ ਹੋਈਆਂ ਘਟਨਾਵਾਂ ਨਾਲ ਨਜਿੱਠਣ ਦੇ ਢੰਗ ਬਾਰੇ ਸਵਾਲ ਕੀਤੇ ਸਨ, ਇਸ 'ਤੇ ਉਨ੍ਹਾਂ ਨੇ ਕਿਹਾ ਸੀ ਕਿ ਅਮਨ ਕਾਨੂੰਨ ਦੀ ਹਾਲਤ ਬਾਰੇ ਫੈਸਲਾ ਸਿਆਸੀ ਲੀਡਰਸ਼ਿਪ ਨੇ ਨਹੀਂ ਬਲਕਿ ਪੁਲਿਸ ਨੇ ਲੈਣਾ ਹੁੰਦਾ ਹੈ।

ਆਪਣੀ ਪੁਸਤਕ ਵਿਚ ਗਿੱਲ ਨੇ ਮੋਦੀ ਦੀ ਰੱਜਵੀਂ ਪ੍ਰਸੰਸਾ ਕਰਦਿਆਂ ਕਿਹਾ ਹੈ ਕਿ ਉਸ ਦੇ ਹਿੰਸਾ ਨੂੰ ਰੋਕਣ ਦੇ ਇਰਾਦੇ 'ਨੇਕ' ਸਨ ਤੇ ਨਾਲ ਦੀ ਨਾਲ ਇਸ ਸਾਬਕਾ ਅਧਿਕਾਰੀ ਨੇ ਹੋਰ ਪਾਰਟੀਆਂ 'ਤੇ ਦੋਸ਼ ਲਾਏ ਕਿ ਉਹ ਮੋਦੀ ਨੂੰ ਬਦਨਾਮ ਕਰਨਾ ਚਾਹੁੰਦੀਆਂ ਸਨ। ਇਸੇ ਕਰ ਕੇ ਅਜਿਹਾ ਕੀਤਾ ਜਾ ਰਿਹਾ ਹੈ, ਇਨ੍ਹਾਂ ਤੱਥਾਂ ਵਿਚ ਬਹੁਤੀ ਸਚਾਈ ਨਹੀਂ ਹੈ।

## ਗਿੱਲ ਤੇ ਮੋਦੀ ਦੇ ਹੱਥ ਬੇਦੋਸ਼ਿਆਂ ਦੇ ਖ਼ੂਨ ਨਾਲ ਰੰਗੇ: ਦਲ ਖਾਲਸਾ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਪੁਲਿਸ ਮੁਖੀ ਕੇ.ਪੀ.ਐਸ. ਗਿੱਲ ਵੱਲੋਂ ਗੁਜਰਾਤ ਅੰਦਰ ਸਾਲ 2002 ਵਿਚ ਹੋਏ ਮੁਸਲਮਾਨਾਂ ਦੇ ਕਤਲੇਆਮ ਲਈ ਸੂਬੇ ਦੇ ਮੁੱਖ ਮੰਤਰੀ ਤੇ ਭਾਜਪਾ ਦੇ ਪ੍ਰਧਾਨ ਮੰਤਰੀ ਅਹੁਦੇ ਲਈ ਉਮੀਦਵਾਰ ਨਰੇਂਦਰ ਮੋਦੀ ਨੂੰ ਕਲੀਨ ਚਿੱਟ ਦੇਣ ਉਤੇ ਦਲ ਖ਼ਾਲਸਾ ਨੇ ਸਖਤ ਪ੍ਰਤੀਕਿਰਿਆ ਪ੍ਰਗਟ ਕੀਤੀ। ਜਥੇਬੰਦੀ ਦੇ ਬੁਲਾਰੇ ਸ: ਕੰਵਰਪਾਲ ਸਿੰਘ ਨੇ ਕਿਹਾ ਕਿ ਦੋਵਾਂ ਦੇ ਹੱਥ ਬੇਦੋਸ਼ੇ ਲੋਕਾਂ ਦੇ ਖ਼ੂਨ ਨਾਲ ਰੰਗੇ ਹੋਏ ਹਨ।

ਉਨ੍ਹਾਂ ਕਿਹਾ ਕਿ ਗਿੱਲ ਜੋ ਖ਼ੁਦ ਗੈਰ-ਕਾਨੂੰਨੀ ਢੰਗ ਨਾਲ ਸਿੱਖ ਨੌਜਵਾਨਾਂ ਨੂੰ ਮਾਰਨ ਲਈ ਬਦਨਾਮ ਹਨ, ਉਸ ਕੋਲ ਕੋਈ ਨੈਤਿਕਤਾ ਨਹੀਂ ਕਿ ਉਹ 2002 ਦੇ ਕਤਲੇਆਮ ਲਈ ਦੋਸ਼ੀ ਸਮਝੇ ਜਾਂਦੇ ਵਿਅਕਤੀ ਦੇ ਹੱਕ ਵਿਚ ਇਕ ਪਾਸੜ ਬਿਆਨ ਦੇਵੇ। ਉਨ੍ਹਾਂ ਕਿਹਾ ਕਿ ਸਿੱਖ ਵੀ ਕੇ.ਪੀ.ਐਸ. ਗਿੱਲ ਨੂੰ ਕਾਨੂੰਨ ਦੇ ਕਟਹਿਰੇ ਪਿੱਛੇ ਖੜ੍ਹਾ ਕਰਨ ਦੀਆਂ ਆਪਣੀਆਂ ਕੋਸ਼ਿਸ਼ਾਂ ਨੂੰ ਜਾਰੀ ਰੱਖਣਗੇ। ਉਨ੍ਹਾਂ ਕਿਹਾ ਕਿ ਭਾਰਤੀ ਸਿਵਲ ਸੁਸਾਇਟੀ ਆਪਣੀ ਦੋਗਲੇ ਰਵੱਈਏ ਤੋਂ ਉਪਰ ਉਠੇ ਅਤੇ ਕੇ.ਪੀ.ਐਸ. ਗਿੱਲ ਵਰਗਿਆਂ ਨੂੰ ਇਨ੍ਹਾਂ ਦੇ ਕੀਤੇ ਦੀ ਸਜ਼ਾ ਦਿਵਾਉਣ ਲਈ ਅੱਗੇ ਆਵੇ। ਅਜਿਹੇ ਬੰਦਿਆਂ ਨੂੰ ਸਜ਼ਾ ਮਿਲਣੀ ਹੀ ਚਾਹੀਦੀ ਹੈ।

# ਬੇਅੰਤ ਸਿੰਘ ਤੇ ਸਤਵੰਤ ਸਿੰਘ ਦੀ ਯਾਦਗਾਰ ਬਣਾਉਣ ਲਈ ਲਾਮਬੰਦੀ

**ਅੰਮ੍ਰਿਤਸਰ:** ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਬਣਾਏ ਜਾਣ ਤੋਂ ਕੁਝ ਮਹੀਨੇ ਬਾਅਦ



ਗਰਮਖਿਆਲੀ ਸਿੱਖ ਜਥੇਬੰਦੀਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲੋਂ ਮੰਗ ਕੀਤੀ ਹੈ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਮਾਰਨ ਵਾਲੇ ਬੇਅੰਤ ਸਿੰਘ, ਸਤਵੰਤ ਸਿੰਘ ਤੇ ਕੇਹਰ ਸਿੰਘ ਦੀ ਯਾਦ ਵਿਚ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਢੁਕਵੀਂ ਯਾਦਗਾਰ ਬਣਾਈ ਜਾਵੇ।

ਲੰਘੇ ਦਿਨੀਂ ਇਨ੍ਹਾਂ ਤਿੰਨਾਂ ਦੀ ਯਾਦ ਵਿਚ ਬਰਸੀ ਸਮਾਗਮ ਕੀਤਾ ਗਿਆ। ਦੂਜੇ ਪਾਸੇ ਕੁੱਲ ਹਿੰਦ ਅਤਿਵਾਦ ਵਿਰੋਧੀ ਸੰਗਠਨ ਵੱਲੋਂ ਮਰਹੂਮ ਪ੍ਰਧਾਨ ਮੰਤਰੀ ਦੀ ਯਾਦ ਵਿਚ ਸ਼ਰਧਾਂਜਲੀ ਸਮਾਰੋਹ ਕੀਤਾ ਗਿਆ। ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਝੰਡੇ ਬੁੰਗੇ ਵਿਖੇ ਬੇਅੰਤ ਸਿੰਘ, ਸਤਵੰਤ ਸਿੰਘ ਤੇ ਕੇਹਰ ਸਿੰਘ ਦੀ ਯਾਦ ਵਿਚ ਸ਼ਹੀਦੀ ਸਮਾਗਮ ਕਰਵਾਇਆ ਗਿਆ। ਇਸ ਸਬੰਧੀ ਅਖੰਡ ਪਾਠ ਬੇਅੰਤ ਸਿੰਘ ਦੇ ਪਰਿਵਾਰ ਵੱਲੋਂ ਕਰਵਾਇਆ ਗਿਆ ਜਦਕਿ ਇਹ ਸਮਾਗਮ ਦਲ ਖ਼ਾਲਸਾ ਤੇ ਅਕਾਲੀ ਦਲ (ਪੰਚ ਪ੍ਰਧਾਨੀ) ਵੱਲੋਂ ਰਲ ਕੇ ਕੀਤਾ ਗਿਆ ਹੈ।

ਇਸ ਮੌਕੇ ਬੇਅੰਤ ਸਿੰਘ ਦੇ ਵੱਡੇ ਬੇਟੇ ਸਰਬਜੀਤ ਸਿੰਘ ਨੂੰ ਸਿੱਖ ਜਥੇਬੰਦੀਆਂ ਵੱਲੋਂ ਚਾਂਦੀ ਦੀ ਤਸ਼ਤਰੀ, ਸਿਰੋਪਾ ਤੇ ਸਿਰੀ ਸਾਹਿਬ ਦੇ ਕੇ ਸਨਮਾਨਤ ਕੀਤਾ ਗਿਆ। ਇਸੇ ਤਰ੍ਹਾਂ ਸਤਵੰਤ ਸਿੰਘ ਦੇ ਭਰਾ ਵਰਿਆਮ ਸਿੰਘ ਤੇ ਕੇਹਰ ਸਿੰਘ ਦੇ ਬੇਟੇ ਸਤਵੰਤ ਸਿੰਘ ਨੂੰ ਵੀ ਸਨਮਾਨਤ ਕੀਤਾ ਗਿਆ। ਇਨ੍ਹਾਂ ਨੂੰ ਭੇਟ ਕੀਤੀ ਗਈ ਚਾਂਦੀ ਦੀ ਤਸ਼ਤਰੀ ਤੇ 'ਖ਼ਾਲਸਾ ਪੰਥ ਦੇ ਮਹਾਨ ਸਪੂਤ, ਲਾਸਾਨੀ ਯੋਧੇ' ਉਕਰਿਆ ਹੋਇਆ ਹੈ।

ਗਿਆਨੀ ਗੁਰਬਚਨ ਸਿੰਘ ਨੇ ਸੰਬੋਧਨ ਕਰਦਿਆਂ ਆਖਿਆ ਕਿ ਹਰਿਮੰਦਰ ਸਾਹਿਬ 'ਤੇ ਜੂਨ 1984 'ਚ ਕੀਤੇ ਗਏ ਫੌਜੀ ਹਮਲੇ ਦਾ ਦੁਖ ਅਸਹਿ ਤੇ ਅਕਹਿ ਹੈ। ਇਸ ਹਮਲੇ ਕਾਰਨ ਹਰੇਕ ਸਿੱਖ ਹਿਰਦਾ ਜ਼ਖ਼ਮੀ ਹੋਇਆ ਸੀ ਤੇ ਇਸੇ ਪੀੜ ਨੂੰ ਨਾ ਸਹਾਰਦਿਆਂ ਇਨ੍ਹਾਂ ਤਿੰਨਾਂ ਸਿੱਖਾਂ ਨੇ ਪ੍ਰਧਾਨ ਮੰਤਰੀ ਨੂੰ ਮਾਰ ਮੁਕਾਇਆ ਸੀ। ਪੰਥਕ ਜਥੇਬੰਦੀਆਂ ਦੇ ਆਗੂਆਂ ਅਤੇ ਹਾਜ਼ਰ ਪਰਿਵਾਰਾਂ ਦੇ ਜੀਆਂ ਨੇ ਸ਼੍ਰੋਮਣੀ ਕਮੇਟੀ ਕੋਲੋਂ ਮੰਗ ਕੀਤੀ ਕਿ ਇਨ੍ਹਾਂ ਤਿੰਨਾਂ ਦੀ ਢੁਕਵੀਂ ਯਾਦਗਾਰ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਬਣਾਈ ਜਾਵੇ। ਇਸ ਬਾਰੇ ਇਕੱਠ ਵੱਲੋਂ ਮਤਾ ਵੀ ਪਾਸ ਕੀਤਾ ਗਿਆ ਜਿਸ 'ਤੇ ਸਮੂਹ ਆਗੂਆਂ ਨੇ ਦਸਤਖ਼ਤ ਕੀਤੇ। ਇਹ ਮੰਗ ਪੱਤਰ ਅਕਾਲ ਤਖ਼ਤ ਦੇ ਜਥੇਦਾਰ ਨੂੰ ਸੌਂਪਿਆ ਗਿਆ ਹੈ।

# ਕਿਊਬੈਕ 'ਚ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ ਖਿਲਾਫ ਮਤਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਡਾ. ਦਲਜੀਤ ਸਿੰਘ ਚੀਮਾ ਵੱਲੋਂ ਪੇਸ਼ ਉਹ ਮਤਾ ਪਾਸ ਕਰ ਦਿੱਤਾ ਜਿਸ ਰਾਹੀਂ ਕੈਨੇਡਾ ਦੇ ਕਿਊਬੈਕ ਸੂਬੇ ਦੀ ਸਰਕਾਰ ਵੱਲੋਂ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ ਲਾਉਣ ਦੀ ਜ਼ੋਰਦਾਰ ਅਲੋਚਨਾ ਕੀਤੀ ਗਈ ਸੀ ਤੇ ਇਸ ਰਾਹੀਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਉਹ ਇਹ ਮਾਮਲਾ ਤੁਰੰਤ ਕੈਨੇਡਾ ਸਰਕਾਰ ਕੋਲ ਚੁੱਕੇ ਕਿਉਂਕਿ ਇਸ ਫੈਸਲੇ ਨਾਲ ਸਾਰੇ ਧਰਮਾਂ ਦੇ ਲੋਕ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੇ।

ਲੰਘੇ ਦਿਨੀਂ ਸਿਫਰ ਕਾਲ ਦੌਰਾਨ ਇਹ ਮਾਮਲਾ ਚੁੱਕਦਿਆਂ ਡਾ. ਚੀਮਾ ਨੇ ਕਿਹਾ ਕਿ ਕੈਨੇਡਾ ਦੇ ਕਿਊਬੈਕ ਸੂਬੇ ਦੀ ਸਰਕਾਰ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ ਲਾਉਣ ਦਾ ਬਿੱਲ ਲਿਆਉਣ 'ਤੇ ਵਿਚਾਰ ਕਰ ਰਹੀ ਹੈ ਜਿਸ ਰਾਹੀਂ ਸਾਰੇ ਧਾਰਮਿਕ ਮੁਲਾਜ਼ਮਾਂ, ਸਿਹਤ ਵਰਕਰਾਂ, ਸਕੂਲ ਅਧਿਆਪਕਾਂ ਤੇ ਹੋਰ ਵਰਕਰਾਂ ਲਈ ਇਹ ਲਾਜ਼ਮੀ ਹੋਵੇਗਾ ਕਿ ਉਹ ਆਪਣੇ ਕੰਮ 'ਤੇ ਆਉਣ ਤੋਂ ਪਹਿਲਾਂ ਆਪਣੇ ਧਾਰਮਿਕ ਚਿੰਨ੍ਹ ਘਰ ਛੱਡ ਕੇ ਆਉਣ।

ਉਨ੍ਹਾਂ ਕਿਹਾ ਕਿ ਭਾਰਤ ਤੋਂ ਲੱਖਾਂ ਲੋਕ ਖਾਸ ਤੌਰ 'ਤੇ ਪੰਜਾਬ ਤੋਂ ਸਿੱਖ ਤੇ ਮੁਸਲਿਮ ਭਾਈਚਾਰਾ ਲੱਖਾਂ ਦੀ ਗਿਣਤੀ ਵਿਚ ਇਸ ਸੂਬੇ ਵਿਚ ਰਹਿੰਦਾ ਹੈ। ਡਾ. ਚੀਮਾ ਨੇ ਹੋਰ ਕਿਹਾ ਕਿ ਕਿਊਬੈਕ ਸਰਕਾਰ ਦਾ ਫੈਸਲਾ ਅਸਲ ਵਿਚ ਸਿਆਸੀ ਹੈ ਜਿਸ ਦਾ ਉਦੇਸ਼ ਧਰਮ ਨਿਰਪੱਖਤਾ ਦੇ ਨਾਂ 'ਤੇ ਕਿਊਬੈਕ ਦੇ ਮੂਲ ਨਿਵਾਸੀਆਂ ਦੀਆਂ ਵੋਟਾਂ ਪੱਕੀਆਂ ਕਰਨਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕੈਨੇਡਾ ਦੀ ਫੈਡਰਲ ਸਰਕਾਰ ਸਮੇਤ ਸਾਰੇ ਸੂਬਿਆਂ ਦੇ ਲੋਕ ਇਸ ਤਜਵੀਜ਼ ਦਾ ਵਿਰੋਧ ਕਰ ਰਹੇ ਹਨ ਪਰ ਫਿਰ ਵੀ ਕਿਊਬੈਕ ਸੂਬੇ ਵਿਚ ਰਹਿੰਦੇ ਘੱਟ ਗਿਣਤੀ ਲੋਕਾਂ 'ਤੇ ਇਹ ਤਲਵਾਰ ਲਟਕ ਰਹੀ ਹੈ। ਇਸ ਮਤੇ ਦਾ ਜਵਾਬ ਦਿੰਦਿਆਂ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਦਨ ਨੂੰ ਭਰੋਸਾ ਦੁਆਇਆ ਕਿ ਸੂਬਾ ਸਰਕਾਰ ਇਹ ਮਾਮਲਾ ਕੇਂਦਰ ਸਰਕਾਰ ਕੋਲ ਗੰਭੀਰਤਾ ਨਾਲ ਚੁੱਕੇਗੀ ਤੇ ਉਸ ਨੂੰ ਮਾਮਲਾ ਕੈਨੇਡਾ ਸਰਕਾਰ ਨਾਲ ਵਿਚਾਰਨ ਲਈ ਅਪੀਲ ਕਰੇਗੀ।

# ਅਕਾਲੀਆਂ ਨੇ ਆਨੰਦਪੁਰ ਸਾਹਿਬ ਵਿਸਾਰਿਆ

**ਆਨੰਦਪੁਰ ਸਾਹਿਬ:** ਅਕਾਲੀ ਸਰਕਾਰ ਨੇ ਆਨੰਦਪੁਰ ਸਾਹਿਬ ਨੂੰ ਭੁਲਾ ਦਿੱਤਾ ਹੈ। ਖਾਲਸਾ ਪੰਥ ਦੇ ਜਨਮ ਸਥਾਨ ਆਨੰਦਪੁਰ ਸਾਹਿਬ ਨੂੰ ਕਿਸੇ ਸਮੇਂ ਦੇਸ਼ ਦੀ ਪਹਿਲੀ 'ਸੋਲਰ ਸਿਟੀ' ਹੋਣ ਦਾ ਮਾਣ ਮਿਲਿਆ ਸੀ ਪਰ ਇਹ ਸ਼ਹਿਰ ਮਹਿਜ਼ ਨਾਂ ਦਾ ਹੀ 'ਸੋਲਰ ਸਿਟੀ' (ਸੂਰਜੀ ਊਰਜਾ ਨਾਲ ਚੱਲਣ ਵਾਲਾ ਸ਼ਹਿਰ) ਰਹਿ ਗਿਆ ਹੈ। ਹੁਣ ਸ਼ਹਿਰ ਮਹਿਜ਼ ਕਾਗ਼ਜ਼ਾਂ ਵਿਚ ਹੀ 'ਸੋਲਰ ਸਿਟੀ' ਰਹਿ ਗਿਆ ਹੈ, ਹਕੀਕਤ ਵਿਚ ਨਹੀਂ।

ਗ਼ੌਰਤਲਬ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜੋ ਉਸ ਵੇਲੇ ਵੀ ਇਸੇ ਅਹੁਦੇ 'ਤੇ ਸਨ, ਨੇ 1999 ਵਿਚ ਖਾਲਸਾ ਪੰਥ ਦੇ ਤਿੰਨ ਸੌ ਸਾਲਾ ਜਸ਼ਨਾਂ ਮੌਕੇ ਕੇਂਦਰ ਦੀ ਅਟਲ ਬਿਹਾਰੀ ਵਾਜਪਾਈ ਸਰਕਾਰ ਨੂੰ ਖ਼ਾਸ ਤੌਰ 'ਤੇ ਕਿਹਾ ਸੀ ਕਿ ਆਨੰਦਪੁਰ ਸਾਹਿਬ ਨੂੰ ਗ਼ੈਰ ਰਵਾਇਤੀ ਊਰਜਾ ਮੰਤਰਾਲੇ ਰਾਹੀਂ ਅਪਣਾ ਕੇ ਇਥੇ ਸੋਲਰ ਪ੍ਰਾਜੈਕਟ ਲਾਏ ਜਾਣ। ਇਸ ਤੋਂ ਬਾਅਦ ਕੇਂਦਰ ਤੇ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਇਥੇ ਸੋਲਰ ਪ੍ਰੋਜੈਕਟਾਂ ਲਈ ਤਕਰੀਬਨ ਦੋ ਕਰੋੜ ਰੁਪਏ ਖਰਚੇ ਗਏ ਤੇ ਸ਼ਹਿਰ ਨੂੰ ਦੇਸ਼ ਦੀ ਪਹਿਲੀ ਸੋਲਰ ਸਿਟੀ ਬਣਨ ਦਾ ਮਾਣ ਹਾਸਲ ਹੋਇਆ।

ਹੁਣ ਆਨੰਦਪੁਰ ਸਾਹਿਬ ਦੇ ਨਾਲ ਲਗਦੇ 14 ਪਿੰਡਾਂ ਵਿਚ ਲਾਈਆਂ ਸੋਲਰ ਲਾਈਟਾਂ ਦਾ ਜਿਥੇ ਨਾਮੋ ਨਿਸ਼ਾਨ ਮਿਟ ਚੁੱਕਾ ਹੈ, ਉਥੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਖੇ ਲਾਏ ਪਲਾਂਟ



ਵੀ ਆਪਣੇ ਹਾਲ 'ਤੇ ਹੰਝੂ ਵਹਾ ਰਹੇ ਹਨ। ਇਨ੍ਹਾਂ ਨੂੰ ਸਾਂਭਣ ਲਈ ਨਾ ਹੀ ਸ਼੍ਰੋਮਣੀ ਕਮੇਟੀ ਨੇ ਕੋਈ ਪਹਿਲਕਦਮੀ ਕੀਤੀ ਹੈ ਤੇ ਨਾ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਵੱਲੋਂ ਕੋਈ ਉਦਮ ਕੀਤਾ ਗਿਆ ਹੈ। ਉਦੋਂ ਆਨੰਦਪੁਰ ਸਾਹਿਬ ਲਾਗਲੇ 14 ਪਿੰਡਾਂ ਖ਼ਾਸਕਰ ਲੋਧੀਪੁਰ, ਮਟੌਰ, ਨਿੱਕੂਵਾਲ, ਬੱਢਲ਼, ਮਿੱਠਾਸਰ, ਲਮਲਹਿੜੀ, ਗੰਗੂਵਾਲ, ਕੋਟਲਾ, ਅਗੰਮਪੁਰ, ਪਰਿਵਾਰ ਵਿਛੋੜਾ ਵਿਚ 1300 ਤੋਂ ਵੱਧ ਸੋਲਰ ਸਟਰੀਟ ਲਾਈਟਾਂ ਲਾਈਆਂ ਗਈਆਂ ਸਨ ਤੇ 5-5 ਕਿਲੋਵਾਟ ਦੇ ਤਿੰਨ ਪਾਵਰ ਪਲਾਂਟ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਆਨੰਦਪੁਰ ਸਾਹਿਬ ਸ਼ਹਿਰ ਤੇ ਕੀਰਤਪੁਰ ਸਾਹਿਬ ਵਿਚ ਗੁਰਦੁਆਰਾ ਪਤਾਲਪੁਰੀ ਵਿਖੇ ਲਾਏ ਗਏ ਸਨ ਜੋ ਤਿੰਨੇ ਥਾਵਾਂ ਤੋਂ ਗੁਰਬਾਣੀ ਦੀਆਂ ਤੁਕਾਂ ਵਾਲੇ ਬੋਰਡਾਂ ਵਾਲੀਆਂ ਲਾਈਟਾਂ ਨੂੰ ਜਗਮਗ ਕਰਦੇ ਸਨ। ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਲੰਗਰ ਵਿੱਚ ਭਾਂਡੇ ਧੋਣ ਲਈ ਵਰਤੇ ਜਾਣ ਵਾਲੇ ਪਾਣੀ ਨੂੰ ਗਰਮ ਕਰਨ ਲਈ ਵੀ ਇਕ ਵਿਸ਼ੇਸ਼ ਪਲਾਂਟ ਲੰਗਰ ਹਾਲ ਦੀ ਛੱਤ 'ਤੇ ਲਾਇਆ ਗਿਆ ਸੀ। ਅੱਜ ਨਾ ਤਾਂ ਕੋਈ ਲਾਈਟ ਚੱਲਦੀ ਹੈ ਅਤੇ ਨਾ ਹੀ ਕਿਤੇ ਗਰਮ ਪਾਣੀ ਮਿਲਦਾ ਹੈ। ਨਾ ਕਿਤੇ ਕੋਈ ਸੋਲਰ ਪੈਨਲ ਦਿਖਾਈ ਦਿੰਦਾ ਹੈ।

## ਗੁਰਦੁਆਰਿਆਂ ਦੇ ਦਰਸ਼ਨਾਂ ਲਈ ਤਖ਼ਤਾਂ ਤੋਂ ਚੱਲਣਗੀਆਂ ਬੱਸਾਂ

**ਦੋਰਾਹਾ:** ਇਥੋਂ ਨੇੜਲੇ ਇਤਿਹਾਸਕ ਸਥਾਨ ਗੁਰਦੁਆਰਾ ਦੇਗਸਰ ਸਾਹਿਬ (ਕਟਾਣਾ ਸਾਹਿਬ) ਵਿਖੇ ਲੰਘੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਦੀ ਮੀਟਿੰਗ ਜਥੇਦਾਰ ਅਵਤਾਰ ਸਿੰਘ ਮੱਕੜ ਦੀ ਪ੍ਰਧਾਨਗੀ ਹੇਠ ਹੋਈ। ਕਈ ਅਹਿਮ ਮਤਿਆਂ ਤੋਂ ਇਲਾਵਾ ਦਫ਼ਾ 85 ਅਧੀਨ ਆਉਂਦੇ ਗੁਰਦੁਆਰਿਆਂ ਦੇ ਕਈ ਮਤਿਆਂ ਨੂੰ ਵਿਚਾਰਿਆ ਗਿਆ ਤੇ ਇਨ੍ਹਾਂ ਵਿਚੋਂ ਕਈ ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ।

ਜਥੇਦਾਰ ਮੱਕੜ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਅੰਮ੍ਰਿਤਸਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ ਸਾਹਿਬ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਸਿੱਖ ਸੰਗਤ ਨੂੰ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕਰਵਾਉਣ ਲਈ 10 ਸੈਮੀ-ਡੀਲਕਸ ਬੱਸਾਂ ਚਲਾਈਆਂ ਜਾਣਗੀਆਂ।

ਇਨ੍ਹਾਂ ਵਿਚੋਂ ਅੱਠ ਬੱਸਾਂ ਪੰਜਾਬ ਦੇ ਗੁਰਦੁਆਰਿਆਂ ਲਈ ਤੇ ਦੋ ਬੱਸਾਂ ਹਰਿਆਣਾ ਦੇ ਗੁਰਦੁਆਰਿਆਂ ਲਈ ਹੋਣਗੀਆਂ। ਇਸ ਤੋਂ ਇਲਾਵਾ ਵੱਖ-ਵੱਖ ਸਥਾਨਾਂ 'ਤੇ ਲੱਗਣ ਵਾਲੇ ਮੇਲਿਆਂ ਮੌਕੇ ਲੋਕਾਂ ਵਿਚ ਸਿੱਖ ਇਤਿਹਾਸ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਦੋ ਹੋਰ ਨਵੀਆਂ ਬੱਸਾਂ ਖ਼ਰੀਦੀਆਂ ਜਾਣਗੀਆਂ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਗੁਰਦੁਆਰਿਆਂ ਦਾ ਇਤਿਹਾਸ ਸਟੀਲ ਦੇ ਬੋਰਡਾਂ 'ਤੇ ਲਿਖ਼ਵਾਏ ਜਾਣ ਬਾਰੇ ਫ਼ੈਸਲਾ ਕੀਤਾ ਗਿਆ।

# ਦਿੱਲੀ ਕਤਲੇਆਮ ਬਾਰੇ ਸੰਯੁਕਤ ਰਾਸ਼ਟਰ ਵਿਚ ਪਟੀਸ਼ਨ

ਅੰਮ੍ਰਿਤਸਰ: ਸਿੱਖ ਜਥੇਬੰਦੀਆਂ ਵੱਲੋਂ ਨਵੰਬਰ 1984 'ਚ ਵਾਪਰੇ ਸਿੱਖ ਨਸਲਕੁਸ਼ੀ ਦੇ ਮਾਮਲੇ ਵਿਚ ਪੀੜਤਾਂ ਨੂੰ ਨਿਆਂ ਦਿਵਾਉਣ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੇ ਮੰਤਵ ਨਾਲ ਭਾਰਤ ਸਰਕਾਰ 'ਤੇ ਦਬਾਅ ਪਾਉਣ ਲਈ ਸੰਯੁਕਤ ਰਾਸ਼ਟਰ ਸੰਘ ਦੇ ਮਨੁੱਖੀ ਅਧਿਕਾਰ ਵਿੰਗ ਕੋਲ ਪਟੀਸ਼ਨ ਦਾਇਰ ਕਰ ਦਿੱਤੀ ਹੈ। ਇਹ ਪਟੀਸ਼ਨ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ, ਮੂਵਮੈਂਟ ਅਗੇਂਸਟ ਐਟਰਾਸਿਟੀਜ਼ ਐਂਡ ਰਿਪ੍ਰੈਸ਼ਨ, ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਸਮੇਤ ਹੋਰ ਸਿੱਖ ਜਥੇਬੰਦੀਆਂ ਵੱਲੋਂ 10 ਲੱਖ ਲੋਕਾਂ ਦੇ ਦਸਤਖ਼ਤ ਕਰਵਾ ਕੇ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਨੂੰ ਸੌਂਪੀ ਗਈ ਹੈ। ਇਸ ਪਟੀਸ਼ਨ ਨੂੰ ਸੌਂਪਣ ਵਾਲੇ ਸਿੱਖ ਵਫਦ ਵਿਚ ਗੁਰਪਤਵੰਤ ਸਿੰਘ ਪੰਨੂ, ਜਤਿੰਦਰ ਸਿੰਘ ਗਰੇਵਾਲ, ਕਰਮ ਸਿੰਘ, ਹਰਮਿੰਦਰ ਸਿੰਘ ਖਾਲਸਾ, ਹਰਜੀਤ ਸਿੰਘ ਸਹੋਤਾ, ਅਵਤਾਰ ਸਿੰਘ ਪੰਨੂ ਤੇ ਜਸਬੀਰ ਸਿੰਘ ਸ਼ਾਮਲ ਸਨ। ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਨੇ ਇਹ ਪਟੀਸ਼ਨ ਦਾਖਲ ਕਰਨ ਦੀ ਪ੍ਰਵਾਨਗੀ ਦਿੰਦਿਆਂ ਸਿੱਖ ਆਗੂਆਂ ਨੂੰ ਆਖਿਆ ਕਿ ਉਹ ਅਗਲੇ ਵਰ੍ਹੇ ਅਗਸਤ 2014 ਤੱਕ ਇਸ ਮਾਮਲੇ ਸਬੰਧੀ ਹੋਰ ਸਬੂਤ ਸੰਯੁਕਤ ਰਾਸ਼ਟਰ ਨੂੰ ਸੌਂਪਣ। ਉਨ੍ਹਾਂ ਇਸ ਮਾਮਲੇ ਦਾ ਫੈਸਲਾ ਅਗਲੇ ਸਾਲ ਵਿਚ ਕਰਨ ਦਾ ਭਰੋਸਾ ਦਿੱਤਾ ਹੈ।

ਇਸ ਮੌਕੇ ਵੱਡੀ ਗਿਣਤੀ ਵਿਚ ਇਕੱਠੇ ਹੋਏ ਸਿੱਖਾਂ ਨੇ ਰੈਲੀ ਵੀ ਕੀਤੀ ਜਿਸ ਵਿਚ ਨਵੰਬਰ 1984 ਵਿਚ ਦਿੱਲੀ ਸਮੇਤ ਦੇਸ਼ ਦੇ 18 ਰਾਜਾਂ ਅਤੇ 110 ਸ਼ਹਿਰਾਂ ਵਿਚ ਵਾਪਰੇ ਸਿੱਖ ਵਿਰੋਧੀ ਦੰਗਿਆਂ ਬਾਰੇ ਜ਼ਿਕਰ ਕੀਤਾ ਗਿਆ। ਬੁਲਾਰਿਆਂ ਨੇ ਇਸ ਨੂੰ ਸਿੱਖ ਨਸਲਕੁਸ਼ੀ ਕਰਾਰ ਦਿੱਤਾ।



*ਸੰਯੁਕਤ ਰਾਸ਼ਟਰ ਦਫਤਰ ਅੱਗੇ ਮੈਮੋਰੈਂਡਮ ਲਈ ਖੜ੍ਹੇ ਵਫਦ ਦੇ ਮੈਂਬਰ*

ਐਸ ਐਫ ਜੇ ਦੇ ਕੋਆਰਡੀਨੇਟਰਾਂ ਅਵਤਾਰ ਸਿੰਘ ਪੰਨੂ ਤੇ ਸੁਖਵਿੰਦਰ ਸਿੰਘ ਠਾਣਾ ਨੇ ਇਸ ਰੈਲੀ ਲਈ ਸਥਾਨਕ ਸਿੱਖ ਭਾਈਚਾਰੇ ਤੋਂ ਸਹਿਯੋਗ ਲੈਣ ਲਈ ਯੂ ਕੇ ਤੇ ਯੂਰਪ ਦੇ ਦੌਰੇ ਕੀਤੇ। ਐਸ ਐਫ ਜੇ ਦੇ ਕੋਆਰਡੀਨੇਟਰ ਬਖਸ਼ੀਸ਼ ਸਿੰਘ ਸੰਧੂ ਵੀ ਰੈਲੀ ਵਿਚ ਸ਼ਾਮਿਲ ਹੋਣ ਲਈ ਜਨੇਵਾ ਪਹੁੰਚੇ।

ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖਿਲਾਫ ਮੁਖ ਗਵਾਹ ਜਸਬੀਰ ਸਿੰਘ ਦਿੱਲੀ ਅਨੁਸਾਰ ਨਵੰਬਰ 1984 ਦੇ ਪੀੜਤਾਂ ਨੇ ਸੰਯੁਕਤ ਰਾਸ਼ਟਰ ਤੱਕ ਪਹੁੰਚ ਇਸ ਲਈ ਕੀਤੀ ਕਿਉਂਕਿ ਭਾਰਤ ਵਿਚ ਇਨਸਾਫ ਹਾਸਿਲ ਕਰਨ ਦੀਆਂ ਸਾਰੀਆਂ ਕੋਸ਼ਿਸ਼ਾਂ ਨਾਕਾਮ ਰਹੀਆਂ ਹਨ।

ਰੈਲੀ ਨੂੰ ਸੰਬੋਧਨ ਕਰਦਿਆਂ ਅਵਤਾਰ ਸਿੰਘ ਪੰਨੂ, ਕੋਆਰਡੀਨੇਟਰ ਸੁਖਵਿੰਦਰ ਸਿੰਘ ਠਾਣਾ ਅਤੇ ਡਾ. ਬਖਸ਼ੀਸ਼ ਸਿੰਘ ਸੰਧੂ ਨੇ ਕਿਹਾ ਕਿ ਨਵੰਬਰ 1984 ਦੇ ਮੁੱਦੇ 'ਤੇ ਯੂ ਐਨ ਅੱਗੇ ਪਟੀਸ਼ਨ ਦਾਇਰ ਕਰਨਾ ਇਨਸਾਫ ਹਾਸਿਲ ਕਰਨ ਅਤੇ ਸਿੱਖ ਨਸਲਕੁਸ਼ੀ ਨੂੰ ਮਾਨਤਾ ਦਿਵਾਉਣ ਵੱਲ ਮਹਿਜ ਪਹਿਲਾ ਕਦਮ ਹੈ। ਵਿਸ਼ਵ ਭਰ ਦੇ ਸਿੱਖ ਭਾਈਚਾਰੇ ਦੀ ਮਦਦ ਨਾਲ ਅਸੀ ਇਸ ਮਾਮਲੇ ਨੂੰ ਸਾਰੇ ਕੌਮਾਂਤਰੀ ਫੋਰਮਾਂ ਤੱਕ ਲਿਜਾਵਾਂਗੇ। ਸਰੀ ਕੈਨੇਡਾ ਤੋਂ ਪਹੁੰਚੀ ਤੇਜਿੰਦਰ ਕੌਰ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਤਲੇਆਮ ਵੇਲੇ ਉਹ 13 ਸਾਲਾਂ ਦੀ ਸੀ ਤੇ ਉਹੀ ਅਜਿਹਾ ਮੌਕੇ ਮੇਰੀ ਜ਼ਿੰਦਗੀ ਵਿਚ ਆਇਆ ਜਦੋਂ ਮੈਨੂੰ ਸਿੱਖ ਹੋਣ ਦੀ ਪਛਾਣ ਦਾ ਪਤਾ ਲੱਗਾ।

ਗੁਰਪਤਵੰਤ ਸਿੰਘ ਪੰਨੂ ਨੇ ਦਾਅਵਾ ਕੀਤਾ ਕਿ ਦਸਤਖਤੀ ਮੁਹਿੰਮ ਨੇ ਨਵੰਬਰ 1984 ਕਤਲੇਆਮ ਦੇ ਪੀੜਤਾਂ ਲਈ ਇਨਸਾਫ ਦੇ ਮੰਗ ਕਰਨ ਦੇ ਮੁੱਦੇ ਵੱਲ ਸਮੁੱਚੇ ਸਿੱਖ ਭਾਈਚਾਰੇ ਦਾ ਧਿਆਨ ਖਿਚਿਆ ਹੈ।

## 7 ਜੀਆਂ ਦੇ ਕਤਲ ਸਿਪਾਹੀ ਅਦਾਲਤ ਵਿਚ ਪੇਸ਼

**ਅੰਮ੍ਰਿਤਸਰ:** ਇਕ ਪਰਿਵਾਰ ਦੇ ਸੱਤ ਜੀਆਂ ਦੇ ਕਤਲ ਸਿਪਾਹੀ ਜੋ ਸੁਪਰੀਮ ਕੋਰਟ ਵੱਲੋਂ ਜ਼ਮਾਨਤ ਮਿਲਣ 'ਤੇ ਅਦਾਲਤ ਵਿਚ ਪੇਸ਼ ਨਹੀਂ ਹੋ ਰਿਹਾ ਸੀ, ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰਨ ਮਗਰੋਂ ਅਦਾਲਤ ਵਿਚ ਪੇਸ਼ ਕੀਤਾ।

ਸਿਪਾਹੀ ਬਲਵਿੰਦਰ ਸਿੰਘ ਤੇ ਉਸ ਦੇ ਭਰਾ ਡੀ.ਐਸ.ਪੀ. ਬਲਦੇਵ ਸਿੰਘ ਨੂੰ 1991 ਵਿਚ ਇਕ ਪਰਿਵਾਰ ਦੇ ਸੱਤ ਜੀਆਂ ਦਾ ਕਤਲ ਕਰਨ ਦੇ ਦੋਸ਼ ਤਹਿਤ ਅਦਾਲਤ ਨੇ 35 ਸਾਲਾਂ ਦੀ ਸਜ਼ਾ ਸੁਣਾਈ ਸੀ। ਪੁਲਿਸ ਨੇ ਬਲਵਿੰਦਰ ਸਿੰਘ ਨੂੰ ਪੇਸ਼ ਕੀਤਾ ਪਰ ਬਲਦੇਵ ਸਿੰਘ ਅਜੇ ਵੀ ਗ੍ਰਿਫ਼ਤ ਤੋਂ ਬਾਹਰ ਹੈ। ਇਸ ਮਾਮਲੇ ਵਿਚ ਹੇਠਲੀ ਅਦਾਲਤ ਵੱਲੋਂ ਸਜ਼ਾ ਸੁਣਾਉਣ ਮਗਰੋਂ ਇਹ ਮਾਮਲਾ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ ਤੇ ਮਾਮਲੇ ਦੀ ਸੁਣਵਾਈ ਦੌਰਾਨ ਇਨ੍ਹਾਂ ਦੋਵਾਂ ਨੂੰ ਜ਼ਮਾਨਤ ਮਿਲ ਗਈ ਸੀ।

## ਹਨੇਰੇ ਵਿਚ ਵੀ ਦੇਖਦਾ ਹੈ ਦਿਮਾਗ

**ਵਾਸ਼ਿੰਗਟਨ:** ਤਕਰੀਬਨ 50 ਫੀਸਦੀ ਲੋਕ ਘੋਰ ਹਨੇਰੇ ਵਿਚ ਵੀ ਆਪਣੇ ਹੱਥਾਂ ਦੀ ਹਿਲਜੁਲ ਨੂੰ ਦੇਖ ਸਕਦੇ ਹਨ। ਇਹ ਗੱਲ ਇਕ ਨਵੀਂ ਖੋਜ ਵਿਚ ਸਾਹਮਣੇ ਆਈ ਹੈ। ਖੋਜਕਾਰਾਂ ਦਾ ਕਹਿਣਾ ਹੈ ਕਿ ਕੋਈ ਰੌਸ਼ਨੀ ਨਾ ਹੋਣ 'ਤੇ ਵੀ ਦਿਮਾਗ ਸਰੀਰ ਦੇ ਹਿੱਸਿਆਂ ਦਾ ਪਤਾ ਲਾਉਣ ਦੇ ਸਮਰੱਥ ਹੁੰਦਾ ਹੈ।

ਦਿਮਾਗ ਦੇ ਵਿਗਿਆਨੀਆਂ ਤੇ ਮਨੋਵਿਗਿਆਨਕਾਂ ਨੇ ਖੋਜ ਕੀਤੀ ਹੈ ਕਿ ਹਨੇਰੇ ਵਿਚ ਵੀ ਦਿਮਾਗ ਪੂਰੀ ਤਰ੍ਹਾਂ ਗਤੀਸ਼ੀਲ ਰਹਿੰਦਾ ਹੈ। ਇਹ ਖੋਜ ਰੋਚੈਸਟਰ ਯੂਨੀਵਰਸਿਟੀ ਦੇ ਦਿਮਾਗ ਦੇ ਪ੍ਰੋਫੈਸਰ ਡਿਊਜ ਟੈਡਿਨ ਦੀ ਅਗਵਾਈ ਵਿਚ ਹੋਈ।

## ਭਾਈ ਰਾਜਿੰਦਰ ਸਿੰਘ ਦੇ ਕੀਰਤਨੀ ਜਥੇ ਨੂੰ ਵਿਦਾਇਗੀ 19 ਨੂੰ

**ਸ਼ਿਕਾਗੋ (ਬਿਊਰੋ):** ਭਾਈ ਰਾਜਿੰਦਰ ਸਿੰਘ, ਭਾਈ ਅਮਰੀਕ ਸਿੰਘ ਅਤੇ ਭਾਈ ਗੁਰਮੀਤ ਸਿੰਘ ਦਾ ਕੀਰਤਨੀ ਜਥਾ, ਜੋ ਪਿਛਲੇ 5 ਸਾਲ ਤੋਂ ਸਥਾਨਕ ਗੁਰਦੁਆਰਾ ਪੈਲਾਟਾਈਨ ਵਿਖੇ ਕੀਰਤਨੀ ਜਥੇ ਵਜੋਂ ਸੰਗਤਾਂ ਦੀ ਸੇਵਾ ਕਰ ਰਹੇ ਸਨ, ਨੂੰ ਗੁਰਦੁਆਰਾ ਕਮੇਟੀ ਵਲੋਂ 19 ਨਵੰਬਰ ਨੂੰ ਵਿਦਾਇਗੀ ਦਿੱਤੀ ਜਾਵੇਗੀ। ਇਹ ਜਥਾ ਵਾਪਸ ਇੰਡੀਆ ਜਾ ਰਿਹਾ ਹੈ।

ਭਾਈ ਰਾਜਿੰਦਰ ਸਿੰਘ ਦੇ ਕੀਰਤਨੀ ਜਥੇ ਵਲੋਂ ਗੁਰੂ ਅਤੇ ਸੰਗਤਾਂ ਪ੍ਰਤੀ ਸ਼ੁਕਰਾਨੇ ਵਜੋਂ 9 ਨਵੰਬਰ ਸਨਿਚਰਵਾਰ ਨੂੰ ਗੁਰਦੁਆਰਾ ਪੈਲਾਟਾਈਨ ਵਿਖੇ ਵਿਸ਼ੇਸ਼ ਕੀਰਤਨ ਅਤੇ ਲੰਗਰ ਕਰਵਾਏ ਜਾ ਰਹੇ ਹਨ। ਉਨ੍ਹਾਂ ਸਮੂਹ ਸੰਗਤਾਂ ਨੂੰ ਇਸ ਮੌਕੇ ਦਰਸ਼ਨ ਦੇ ਕੇ ਧੰਨਵਾਦੀ ਬਣਾਉਣ ਦੀ ਬੇਨਤੀ ਕੀਤੀ ਹੈ।


ਪੰਜਾਬ ਵਿਚ ਜ਼ਮੀਨ ਵਿਕਾਊ ਹੈ

ਰੋਪੜ ਜਿਲ੍ਹੇ (ਪੰਜਾਬ) ਵਿਚ 5 ਤੋਂ 14 ਕਿੱਲੇ ਤੱਕ ਬਾਗਬਾਨੀ ਵਾਲੀ ਉਪਜਾਊ ਜ਼ਮੀਨ ਵਿਕਾਊ ਹੈ। ਬਿਜਲੀ-ਪਾਣੀ ਉਪਲਬਧ ਅਤੇ ਫਲਾਂ ਦੇ ਪੌਧਿਆਂ ਦੀ ਬੀਜਾਈ ਸਮੇਤ ਤਿਆਰ ਜ਼ਮੀਨ ਦਾ ਮੁੱਲ 14 ਲੱਖ ਪ੍ਰਤੀ ਏਕੜ, ਬਗੈਰ ਤਿਆਰੀ ਦੇ ਮੁੱਲ 8 ਲੱਖ ਪ੍ਰਤੀ ਏਕੜ।

ਸੰਪਰਕ ਕਰੋ:281-788-4571



SUPER TRAVEL

847-676-9090, 773-465-5566

E-mail: supertravel2003@yahoo.com

Lowest Fares With Excellent Service

United Airlines
British Airways



Jet Airways, Air India, KLM, Lufthansa, Delta, Qatar Airlines.

For Emergency Call anytime at 847-673-3825

EARLY BIRD SALE!!!!

Domestic fares available



ਗੁਰਪਤਵੰਤ ਸਿੰਘ ਪੰਨੂੰ

ਅਟਾਰਨੀ ਐਟ ਲਾਅ



ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ

ਕੀ ਤੁਸੀਂ ਡੀਪੋਰਟ ਹੋ ਰਹੇ ਹੋ?

ਜਾਂ ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ?

ਤੁਹਾਡੀ ਸੇਵਾ ਵਿਚ ਹਾਜ਼ਰ ਅਟਾਰਨੀ ਪੰਨੂੰ

ਇੰਮੀਗ੍ਰੇਸ਼ਨ ਅਤੇ ਡੀਪੋਰਟੇਸ਼ਨ ਡਿਫੈਂਸ

- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ਼
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ (10 ਸਾਲਾ ਰਿਹਾਇਸ਼ੀ ਕੇਸ)
- ਡੀਪੋਰਟੇਸ਼ਨ ਦੇ ਕੇਸ ਖੋਲ੍ਹਣ ਲਈ ਮੋਸ਼ਨ

ਮੁਫਤ ਕਾਨੂੰਨੀ ਸਲਾਹ ਲਈ ਸੰਪਰਕ ਕਰੋ

NEW YORK
T 718.672.8000
75-20 ASTORIA BLVD, SUITE 170
JACKSON HEIGHTS, NEW YORK 11370
* ADMITTED IN THE STATE OF NEW YORK ONLY

CALIFORNIA
T 510.796.9000
39180 LIBERTY STREET, SUITE 118
FREEMONT, CA 94538



ਅਮਰ ਕਾਰਪੈਟਸ

ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਓ

ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਨਵਾਂ ਤੇ ਬੇਹਤਰੀਨ ਚੋਣ ਭਰਪੂਰ ਨਵਾਂ ਅਤੇ ਵੱਡਾ ਸ਼ੋਅਰੂਮ



ਅਮਰੀਕ ਸਿੰਘ

ਹਾਰਡਵੁੱਡ ਫਲੋਰ, ਕਿਚਨ ਕੈਬਨਿਟ ਹਰ ਤਰ੍ਹਾਂ ਦੇ ਫਲੋਰ ਉਪਲਬਧ



ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ

Same day service in Chicago and suburbs

Amar Carpets Inc

ਵੈਸਟਰਨ ਐਵੇਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659

ਕਾਲ ਕਰੋ : ਅਮਰੀਕ ਸਿੰਘ

Ph: 773-508-5253,773-507-8043, Fax: 773-508-5249

**Punjab Times**
**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਗ਼ਦਰੀ ਬਾਬਿਆਂ ਦੇ ਮੇਲੇ ਵਿਚ ਯੁੱਗ ਬਦਲਣ ਦਾ ਹੋਕਾ

**ਜਲੰਧਰ:** ਗ਼ਦਰੀ ਬਾਬਿਆਂ ਦੇ ਮੇਲੇ ਵਿਚ ਇਸ ਵਾਰ ਯੁੱਗ ਬਦਲਣ ਲਈ ਲੜਣ ਦਾ ਹੋਕਾ ਦਿੱਤਾ ਗਿਆ। ਗ਼ਦਰ ਸ਼ਤਾਬਦੀ ਮੇਲੇ ਦੇ ਸਿਖਰਲੇ ਦਿਨ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਗੰਧਰਵ ਸੇਨ ਕੋਛੜ ਤੇ ਕਾਮਰੇਡ ਚੈਨ ਸਿੰਘ ਚੈਨ ਨੇ ਕਿਹਾ ਕਿ ਗ਼ਦਰ ਸ਼ਤਾਬਦੀ ਕੋਈ ਰਸਮੀ ਜਾਂ ਰਵਾਇਤੀ ਸ਼ਤਾਬਦੀ ਨਹੀਂ, ਬਲਕਿ ਗ਼ਦਰ ਸ਼ਤਾਬਦੀ ਮਨਾਉਣ ਦਾ ਮਕਸਦ ਗ਼ਦਰੀ ਬਾਬਿਆਂ ਦੀ ਅਜੋਕੀ ਪੀੜ੍ਹੀ ਨਾਲ ਇਤਿਹਾਸਕ ਸਾਂਝ ਦੀ ਤੰਦ ਨੂੰ ਹੋਰ ਮਜ਼ਬੂਤ ਕਰਨਾ ਹੈ।

ਉਨ੍ਹਾਂ ਕਿਹਾ ਕਿ ਗ਼ਦਰੀ ਬਾਬਿਆਂ ਨੇ ਮੁੜ ਨਹੀਂ ਆਉਣਾ, ਸਗੋਂ ਉਨ੍ਹਾਂ ਦੀ ਸੋਚ 'ਤੇ ਪਹਿਰਾ ਦਿੰਦਿਆਂ, ਜਿੱਤਾਂ ਤੇ ਹਾਰਾਂ ਤੋਂ ਸਬਕ ਸਿਖਦੇ ਹੋਏ ਕੁਰਬਾਨੀ ਭਰੀ ਅਗਵਾਈ ਵੱਲ ਵਧਣਾ ਪੈਣਾ ਹੈ। ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਕੋਛੜ ਨੇ ਕਿਹਾ ਕਿ ਗ਼ਦਰ ਲਹਿਰ ਧਰਮ, ਜਾਤ ਤੇ ਖਿੱਤੇ ਤੋਂ ਨਿਰਲੇਪ ਲਹਿਰ ਸੀ ਤੇ ਇਸ ਦਾ ਖ਼ਾਸਾ ਕੌਮਾਂਤਰੀ ਸੀ। ਇਹ ਨਾ ਸਿਰਫ ਆਜ਼ਾਦੀ ਦੀ ਹੀ ਲਹਿਰ ਸੀ, ਸਗੋਂ ਸਾਮਰਾਜ ਵਿਰੋਧੀ ਵੀ ਸੀ।

ਕਾਮਰੇਡ ਚੈਨ ਸਿੰਘ ਚੈਨ ਨੇ ਗ਼ਦਰ ਪਾਰਟੀ ਦੀ ਸਥਾਪਨਾ ਦੇ ਕਾਰਨ, ਉਦੇਸ਼ ਤੇ ਗ਼ਦਰੀ ਬਾਬਿਆਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਕੀਤਾ। ਅਮੋਲਕ ਸਿੰਘ ਦੀ ਕਲਮ ਤੋਂ ਲਿਖਿਆ ਭੰਡੇ ਦੇ ਗੀਤ ਨੇ 'ਉੱਠੋ ਨਵੇਂ ਯੁੱਗ ਵਾਲਾ ਗੀਤ ਗਾ ਦਿਓ' ਦਾ ਹੋਕਾ ਦਿੱਤਾ। ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਪ੍ਰਕਾਸ਼ਿਤ ਗ਼ਦਰ ਦੀ ਗੂੰਜ (ਸੰਪਾਦਕ ਅਮੋਲਕ ਸਿੰਘ), ਗੀਤ ਚਿਰਾਗਾਂ ਦੇ (ਸੰਪਾਦਕ ਅਮੋਲਕ ਸਿੰਘ) ਸੋਵੀਨਾਰ ਤੇ ਦੇਸ਼ ਭਗਤ ਯਾਦਗਾਰ ਹਾਲ ਲਾਇਬ੍ਰੇਰੀ ਦੀ ਡਾਇਰੈਕਟਰੀ ਰਿਲੀਜ਼ ਕੀਤੀ ਗਈ। ਡਾ. ਵਰਿਆਮ ਸਿੰਘ ਸੰਧੂ ਤੇ ਡਾ. ਪਰਮਿੰਦਰ ਨੇ ਕਰਦਿਆਂ ਨਵੀਂ ਪੀੜ੍ਹੀ ਨੂੰ ਇਨਕਲਾਬੀ ਵਿਚਾਰਧਾਰਾ ਤੋਂ ਸੇਧ ਲੈਂਦਿਆਂ ਸੰਘਰਸ਼ਾਂ ਦਾ ਪਿੜ ਮੱਲਣ ਦਾ ਸੱਦਾ ਦਿੱਤਾ।



ਰਾਤ ਨੂੰ ਭਖਵੇਂ ਮਾਮਲਿਆਂ ਨਾਲ ਸਰੋਕਾਰ ਰੱਖਣ ਵਾਲੇ ਨਾਟਕ ਪੇਸ਼ ਕੀਤੇ ਗਏ। ਮੰਚ ਰੰਗ ਮੰਚ ਅੰਮ੍ਰਿਤਸਰ ਦੀ ਪੇਸ਼ਕਸ਼ ਤੇ ਕੇਵਲ ਧਾਲੀਵਾਲ ਦੇ ਲਿਖੇ ਤੇ ਨਿਰਦੇਸ਼ਤ ਨਾਟਕ 'ਅੱਗ ਲਾਉਂਦੀ ਰਹੀ ਸਮੁੰਦਰਾਂ ਵਿਚ ਤਾਰੀਆਂ' ਨੇ ਗ਼ਦਰ ਲਹਿਰ ਵਿਚ 'ਕਾਮਾਗਾਟਾ ਮਾਰੂ' ਜਹਾਜ਼ ਦੀ ਘਟਨਾ ਵੇਲੇ ਸਮਾਜਿਕ ਹਾਲਾਤ ਦੀ ਬਾਤ ਪਾਉਂਦਿਆਂ ਅਜੋਕੇ ਸਮੇਂ ਵਿਚ ਗ਼ਦਰ ਲਹਿਰ ਦੇ ਨਿਸ਼ਾਨਿਆਂ ਦੀ ਸਾਰਥਿਕਤਾ ਨੂੰ ਬਿਆਨ ਕੀਤਾ। ਅਦਾਕਾਰ ਮੰਚ ਮੁਹਾਲੀ ਦੀ ਪੇਸ਼ਕਸ਼ ਤੇ ਡਾ. ਸਾਹਿਬ ਸਿੰਘ ਨਿਰਦੇਸ਼ਕ ਨਾਟਕ 'ਚਮੁਖੀਆ', ਇਸੇ ਤਰ੍ਹਾਂ ਤੀਜਾ ਨਾਟਕ 'ਨਟੀ ਵਿਨੋਦਨੀ' ਨਾਟਕਕਾਰ ਅਨੀਤਾ ਸਬਦੀਸ਼ ਸੁਚੇਤਕ ਰੰਗਮੰਚ ਮੁਹਾਲੀ ਨੇ ਪੇਸ਼ ਕੀਤਾ। ਪ੍ਰੋ. ਅੰਕੁਰ ਸ਼ਰਮਾ ਦਾ ਲਿਖਿਆ ਤੇ ਨਿਰਦੇਸ਼ਤ ਕੀਤਾ ਨਾਟਕ 'ਮਕੜਜਾਲ' ਨੇ ਕਾਰਪੋਰੇਟ ਜਗਤ ਦੇ ਗ਼ਲਬੇ ਦੇ ਦੌਰ ਵਿਚ ਕਿਸਾਨਾਂ ਤੇ ਮਜ਼ਦੂਰਾਂ ਦੀ ਬਦਹਾਲ ਹਾਲਤ ਬਿਆਨਦਿਆਂ ਸਮੁੱਚੀ ਮੁਕਤੀ ਲਈ ਸੰਘਰਸ਼ ਦਾ ਰਾਹ ਅਪਨਾਉਣ ਦਾ ਸੱਦਾ ਦਿੱਤਾ।

ਪ੍ਰੋ. ਅਜਮੇਰ ਔਲਖ ਦੁਆਰਾ ਇਸ ਰਾਤ ਦਾ ਆਖਰੀ ਨਾਟਕ 'ਤੂੰ ਚਰਖਾ ਘੂਕਦਾ ਰੱਖ ਜ਼ਿੰਦੇ' ਵਿਚ ਬੀਬੀ ਗੁਲਾਬ ਕੌਰ ਦੇ ਗ਼ਦਰ ਲਹਿਰ ਵਿਚ ਇਤਿਹਾਸਕ ਯੋਗਦਾਨ ਦਾ ਵਰਨਣ ਕਰਦਿਆਂ ਮਨੁੱਖਤਾ ਦੀ ਬੰਦ ਖ਼ਲਾਸੀ ਲਈ ਇਨਕਲਾਬ ਦੇ ਰਾਹ ਪੈਣ ਦਾ ਸੱਦਾ ਦਿੱਤਾ।

## ਮੋਦੀ ਤੇ ਮਨਮੋਹਨ ਵਿਚ ਕੋਈ ਫ਼ਰਕ ਨਹੀਂ: ਅਰੁੰਧਤੀ ਰਾਏ

**ਜਲੰਧਰ:** ਬੁੱਕਰਜ਼ ਇਨਾਮ ਜੇਤੂ ਨਾਮਵਰ ਲੇਖਕਾ ਅਰੁੰਧਤੀ ਰਾਏ ਨੇ ਕਿਹਾ ਕਿ ਭਾਜਪਾ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਐਲਾਨੇ ਉਮੀਦਵਾਰ ਨਰਿੰਦਰ ਮੋਦੀ ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਿਚ ਕੋਈ ਫਰਕ ਨਹੀਂ। ਉਨ੍ਹਾਂ ਕਿਹਾ ਕਿ ਦੋਵਾਂ ਦੀਆਂ ਨੀਤੀਆਂ ਇਕੋ ਜਿਹੀਆਂ ਹੀ ਹਨ। ਅਰੁੰਧਤੀ ਰਾਏ ਦੇਸ਼ ਭਗਤ ਯਾਦਗਾਰ ਹਾਲ ਵਿਚ ਗ਼ਦਰੀ ਬਾਬਿਆਂ ਦੇ ਮੇਲੇ ਵਿਚ ਸ਼ਾਮਲ ਹੋਣ ਆਈ ਸੀ।

ਲੇਖਕਾ ਨੇ ਕਿਹਾ ਕਿ ਮੋਦੀ ਪਿੱਛੇ ਵੱਡੇ-ਵੱਡੇ ਸਨਅਤਕਾਰ ਘੁੰਮ ਰਹੇ ਹਨ। ਇਹ ਸਨਅਤਕਾਰ, ਅਜਿਹੇ ਆਗੂ ਦੀ ਭਾਲ ਕਰ ਰਹੇ ਹਨ ਜਿਹੜਾ ਉਨ੍ਹਾਂ ਦੀਆਂ ਹੀ ਨੀਤੀਆਂ ਲਾਗੂ ਕਰ ਸਕੇ ਤੇ ਅਜਿਹਾ ਆਗੂ ਉਨ੍ਹਾਂ ਨੂੰ ਮੋਦੀ ਵਿਚੋਂ ਨਜ਼ਰ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਵੀ ਵਿੱਤ ਮੰਤਰੀ ਹੁੰਦਿਆਂ ਬਾਜ਼ਾਰ ਦੇ ਤਾਲੇ ਖੋਲ੍ਹੇ ਸਨ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਖੋਲ੍ਹੇ ਗਏ ਦੋ ਤਾਲਿਆਂ ਨੇ ਦੇਸ਼ ਦੀ ਤਕਦੀਰ ਤੇ ਤਸਵੀਰ ਬਦਲ ਕੇ ਰੱਖ ਦਿੱਤੀ ਹੈ।

## ਗੁਰਦਾਸਪੁਰ ਜੇਲ੍ਹ ਵਿਚ ਨੌਜਵਾਨ ਦੀ ਮੌਤ

**ਗੁਰਦਾਸਪੁਰ:** ਗੁਰਦਾਸਪੁਰ ਜੇਲ੍ਹ ਵਿਚ ਸਜ਼ਾ ਭੁਗਤ ਰਹੇ ਨੌਜਵਾਨ ਦਵਿੰਦਰ ਸਿੰਘ ਵਿੱਕੀ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਡਡਵਿੰਡੀ ਦੀ ਮੌਤ ਹੋ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਦਵਿੰਦਰ ਸਿੰਘ ਗੁਰਦਾਸਪੁਰ ਜੇਲ੍ਹ ਵਿਚ 10 ਸਾਲ ਦੀ ਸਜ਼ਾ ਅਧੀਨ ਬੰਦ ਸੀ। ਨੌਜਵਾਨ ਦੇ ਪਰਿਵਾਰ ਦੇ ਮੈਂਬਰਾਂ ਅਨੁਸਾਰ ਜੇਲ੍ਹ ਅਧਿਕਾਰੀਆਂ ਨੇ ਫੋਨ ਕੀਤਾ ਕਿ ਵਿੱਕੀ ਦੀ ਹਾਲਤ ਗੰਭੀਰ ਹੈ ਅਤੇ ਉਸ ਨੂੰ ਅੰਮ੍ਰਿਤਸਰ ਦੇ ਸਰਕਾਰੀ ਹਸਪਤਾਲ ਦਾਖ਼ਲ ਕਰਾਇਆ ਗਿਆ ਹੈ। ਨੌਜਵਾਨ ਦੀ ਮਾਤਾ ਪਲਵਿੰਦਰ ਕੌਰ ਨੇ ਦੱਸਿਆ ਕਿ ਉਹ ਜਦੋਂ ਅੰਮ੍ਰਿਤਸਰ ਦੇ ਸਿਵਲ ਹਸਪਤਾਲ ਵਿਚ ਪਹੁੰਚੇ ਤਾਂ ਦਵਿੰਦਰ ਸਿੰਘ ਦੀ ਹਾਲਤ ਨਾਜ਼ੁਕ ਸੀ ਅਤੇ ਬੇਹੋਸ਼ ਸੀ। ਸਿਵਲ ਹਸਪਤਾਲ ਅੰਮ੍ਰਿਤਸਰ ਦੇ ਡਾਕਟਰਾਂ ਮੁਤਾਬਕ ਦਵਿੰਦਰ ਸਿੰਘ ਵਿੱਕੀ ਕਾਲੇ ਪੀਲੀਏ ਤੋਂ ਪੀੜਤ ਸੀ ਅਤੇ ਉਸ ਦੇ ਗੁਰਦੇ ਤੇ ਜਿਗਰ ਖਰਾਬ ਹੋ ਚੁੱਕਾ ਸੀ। ਖ਼ੂਨ ਦੀ ਵੀ ਘਾਟ ਸੀ। ਉਨ੍ਹਾਂ ਜੇਲ੍ਹ ਪ੍ਰਸ਼ਾਸਨ 'ਤੇ ਦੋਸ਼ ਲਾਇਆ ਕਿ ਉਨ੍ਹਾਂ ਨੂੰ ਵਿੱਕੀ ਦੀ ਬਿਮਾਰੀ ਬਾਰੇ ਕੁਝ ਨਹੀਂ ਦੱਸਿਆ ਗਿਆ ਸੀ ਅਤੇ ਜੇਲ੍ਹ ਪ੍ਰਸ਼ਾਸਨ ਵੱਲੋਂ ਉਸ ਦੇ ਇਲਾਜ ਵਿੱਚ ਕਥਿਤ ਤੌਰ 'ਤੇ ਅਣਗਹਿਲੀ ਵਰਤੀ ਗਈ ਜਿਸ ਕਾਰਨ ਉਸ ਦੀ ਮੌਤ ਹੋ ਗਈ। ਦੱਸਣਯੋਗ ਹੈ ਕਿ ਵਿੱਕੀ ਪਿਛਲੇ 6 ਸਾਲਾਂ ਤੋਂ ਗੁਰਦਾਸਪੁਰ ਜੇਲ੍ਹ ਵਿੱਚ ਬੰਦ ਸੀ। ਵਿੱਕੀ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਸ ਦੇ ਪਿਤਾ ਜਰਨੈਲ ਸਿੰਘ ਦੀ ਪਹਿਲਾਂ ਹੀ ਵਿਦੇਸ਼ ਵਿਚ ਮੌਤ ਹੋ ਗਈ ਸੀ।

## ਮੁਖ਼ਤਿਆਰਨਾਮਿਆਂ 'ਤੇ ਲੱਗੇਗੀ ਦੋ ਫੀਸਦੀ ਫੀਸ

**ਚੰਡੀਗੜ੍ਹ:** ਭਾਰਤੀ ਅਸ਼ਟਾਮ (ਪੰਜਾਬ ਸੋਧ) ਬਿੱਲ 2013 ਪਾਸ ਕਰਦਿਆਂ ਮੁਖ਼ਤਾਰਨਾਮਿਆਂ 'ਤੇ ਦੋ ਫੀਸਦੀ ਸਟੈਂਪ ਡਿਊਟੀ ਲਾ ਦਿੱਤੀ ਹੈ। ਇਹ ਅਸ਼ਟਾਮ ਉਨ੍ਹਾਂ ਮਾਮਲਿਆਂ ਵਿਚ ਨਹੀਂ ਲੱਗੇਗਾ ਜਿਨ੍ਹਾਂ ਵਿਚ ਇਹ ਮੁਖ਼ਤਿਆਰਨਾਮੇ ਬਲੱਡ ਰਿਲੇਸ਼ਨ ਵਿਚ ਕੀਤੇ ਗਏ ਹੋਣ।

## ਕਾਂਗਰਸੀਏ ਵਿਧਾਨ ਸਭਾ ਵਿਚ ਵੀ ਚਿੱਤ

*(ਸਫਾ ਇਕ ਦੀ ਬਾਕੀ)*

ਕੁੱਦਣ ਲਈ ਤਿਆਰ ਨਹੀਂ। ਵੱਖ-ਵੱਖ ਧੜਿਆਂ ਦੇ ਆਗੂਆਂ ਨਾਲ ਹੋਈ ਗੱਲਬਾਤ ਵਿਚ ਇਸ ਗੱਲ ਉਪਰ ਸਾਰੇ ਹੀ ਸਹਿਮਤ ਹਨ ਕਿ ਕਾਂਗਰਸ ਇਕ ਵਾਰ ਫਿਰ ਖਿੰਡਾ ਤੇ ਆਪਸੀ ਪਾਟੋਧਾੜ ਵਾਲੀ ਹਾਲਤ ਵਿਚ ਜਾ ਫਸੀ ਹੈ। ਲੋਕ ਸਭਾ ਚੋਣਾਂ ਨੂੰ ਨੇੜੇ ਆਇਆ ਦੇਖ ਕੇ ਲੀਡਰਸ਼ਿਪ ਦੀ ਕਸ਼ਮਕਸ਼ ਵਧਣ ਦੇ ਆਸਾਰ ਤੋਂ ਆਮ ਕਾਂਗਰਸ ਆਗੂ ਤੇ ਵਰਕਰ ਹਤਾਸ਼ ਨਜ਼ਰ ਆ ਰਹੇ ਹਨ।

ਉਧਰ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਨਵੇਂ ਅਹੁਦੇਦਾਰਾਂ ਤੇ ਜ਼ਿਲ੍ਹਾ ਪ੍ਰਧਾਨਾਂ ਦੀ ਨਿਯੁਕਤੀ ਲੰਮੇ ਸਮੇਂ ਤੋਂ ਲਟਕਦੀ ਆ ਰਹੀ ਹੈ। ਪ੍ਰਦੇਸ਼ ਪ੍ਰਧਾਨ ਤੇ ਹੋਰ ਆਗੂ ਦੋ ਮਹੀਨੇ ਤੋਂ ਜਲਦੀ ਨਵੀਆਂ ਨਿਯੁਕਤੀਆਂ ਦੇ ਦਾਅਵੇ ਕਰਦੇ ਆ ਰਹੇ ਹਨ ਪਰ ਹੁਣ ਜਦ ਇਸ ਸੂਚੀ ਦੇ ਜਾਰੀ ਹੋਣ ਦੇ ਦਾਅਵੇ ਤੇਜ਼ ਹੋ ਰਹੇ ਸਨ ਤਾਂ ਤਾਜ਼ਾ ਵਿਵਾਦ ਕਾਰਨ ਨਵੇਂ ਅਹੁਦੇਦਾਰਾਂ ਦੀ ਨਿਯੁਕਤੀ ਦਾ ਮਾਮਲਾ ਹੋਰ ਲਟਕਣ ਦੇ ਆਸਾਰ ਬਣ ਗਏ ਹਨ।

## ਤੀਜੇ ਫਰੰਟ ਨੇ ਵੀ ਅਖੀਰ ਅੱਖਾਂ ਖੋਲ੍ਹੀਆਂ

*(ਸਫਾ ਇਕ ਦੀ ਬਾਕੀ)*

ਦਿਨੀਂ ਦਿੱਲੀ ਵਿਚ ਇਕੱਤਰ ਹੋਈਆਂ 17 ਰਾਸ਼ਟਰੀ ਤੇ ਖੇਤਰੀ ਪਾਰਟੀਆਂ ਨੇ ਦੇਸ਼ ਵਾਸੀਆਂ ਨੂੰ ਸੱਦਾ ਦਿੱਤਾ ਕਿ ਉਹ ਅਜਿਹੀਆਂ ਤਾਕਤਾਂ ਨੂੰ ਸੱਤਾ ਵਿਚ ਹਰਗਿਜ਼ ਨਾ ਆਉਣ ਦੇਣ। ਖੱਬੇ ਪੱਖੀਆਂ ਦੀ ਅਗਵਾਈ ਹੇਠ ਬਣੇ ਮੰਚ ਵਿਚ ਸਮਾਜਵਾਦੀ ਪਾਰਟੀ, ਏ.ਆਈ.ਏ.ਐਮ.ਡੀ.ਕੇ., ਜਨਤਾ ਦਲ (ਯੂ), ਜਨਤਾ ਦਲ (ਐਸ.), ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਨ.ਸੀ.ਪੀ.), ਸੀ.ਪੀ.ਆਈ. (ਐਮ.), ਸੀ.ਪੀ.ਆਈ., ਬੀ.ਜੇ.ਡੀ., ਅਸਾਮ ਗਣ ਪ੍ਰੀਸ਼ਦ, ਆਰ.ਐਸ.ਪੀ., ਝਾਰਖੰਡ ਵਿਕਾਸ ਮੋਰਚਾ, ਪੀ.ਪੀ.ਪੀ. ਅਤੇ ਫਾਰਵਰਡ ਬਲਾਕ ਸ਼ਾਮਲ ਹਨ।




ਖੱਬੇ ਪੱਖੀ ਦਲਾਂ ਵੱਲੋਂ ਦਿੱਲੀ ਵਿਚ ਕਰਵਾਈ 'ਕਨਵੈਨਸ਼ਨ ਫਾਰ ਪੀਪਲਜ਼ ਯੂਨਿਟੀ ਅਗੇਂਸਟ ਕਮਿਊਨਿਲਿਜ਼ਮ' ਵਿਚ ਸ਼ਾਮਲ ਹੋਏ 17 ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੇ ਇਕਜੁੱਟਤਾ ਨਾਲ ਵੰਡ-ਪਾਊ ਤਾਕਤਾਂ ਖਿਲਾਫ਼ ਲੜਨ ਦਾ ਪ੍ਰਣ ਕੀਤਾ। ਕਨਵੈਨਸ਼ਨ ਦਾ ਉਦਘਾਟਨ ਕਰਦਿਆਂ ਜਾਣੇ-ਪਛਾਣੇ ਇਤਿਹਾਸਕਾਰ ਇਰਫ਼ਾਨ ਹਬੀਬ ਨੇ ਕਿਹਾ ਕਿ ਜਦੋਂ ਭਾਰਤ ਨੂੰ ਆਜ਼ਾਦੀ ਮਿਲੀ, ਕੁਝ ਤੱਤ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦੇ ਸਨ ਪਰ ਲੋਕਾਂ ਨੇ ਇਸ ਸੋਚ ਨੂੰ ਰੱਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਅਜਿਹੀਆਂ ਤਾਕਤਾਂ ਮੁੜ ਭਾਰਤੀ ਸੱਭਿਆਚਾਰ ਨੂੰ ਤਬਾਹ ਕਰਨ ਲਈ ਸਰਗਰਮ ਹੋਈਆਂ ਪਈਆਂ ਹਨ ਜਿਨ੍ਹਾਂ ਨੂੰ ਤੁਰੰਤ ਰੋਕਣ ਦੀ ਲੋੜ ਹੈ। ਇਸ ਮੌਕੇ ਮਤਾ ਪਾਸ ਕੀਤਾ ਗਿਆ ਕਿ ਭਾਰਤ ਵਿਚ ਕਈ ਧਰਮਾਂ ਦੇ ਲੋਕ ਰਹਿੰਦੇ ਹਨ ਜਿਨ੍ਹਾਂ ਦਾ ਆਪੋ-ਆਪਣਾ ਸੱਭਿਆਚਾਰ, ਬੋਲੀ ਹੈ ਪਰ ਸਾਰੇ ਲੋਕ ਆਪਸੀ ਏਕਤਾ ਦੇ ਬਲਬੂਤੇ ਭਾਰਤ ਵਿਚ ਵਸਦੇ ਹਨ ਪਰ ਇਸ ਏਕਤਾ ਨੂੰ ਫਿਰਕੂ ਤਾਕਤਾਂ ਤੋਂ ਖਤਰਾ ਹੈ ਜਿਨ੍ਹਾਂ ਨੂੰ ਰੋਕਣ ਦੀ ਲੋੜ ਹੈ।

ਮਤੇ ਅਨੁਸਾਰ ਦੇਸ਼ ਵਿਚ ਆ ਰਹੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਫਿਰਕੂ ਤਾਕਤਾਂ ਮੁੜ ਆਪਣੀਆਂ ਚਾਲਾਂ ਚੱਲ ਰਹੀਆਂ ਹਨ ਤੇ ਮੁਜ਼ੱਫਰਨਗਰ ਵਿਚ ਹੋਏ ਦੰਗੇ ਇਸ ਦੀ ਤਾਜ਼ਾ ਮਿਸਾਲ ਹਨ। ਕਨਵੈਨਸ਼ਨ ਵਿਚ ਧਰਮ-ਨਿਰਪੱਖ ਤੇ ਲੋਕਤੰਤਰ-ਪੱਖੀ ਤਾਕਤਾਂ ਨੂੰ ਮਿਲ ਕੇ ਫਿਰਕੂ ਤਾਕਤਾਂ ਦਾ ਮੁਕਾਬਲਾ ਕਰਨ ਦਾ ਸੱਦਾ ਦਿੱਤਾ ਗਿਆ। ਕਨਵੈਨਸ਼ਨ ਵਿਚ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਤੋਂ ਇਲਾਵਾ ਸਮਾਜਵਾਦੀ ਪਾਰਟੀ ਦੇ ਮੁਖੀ ਮੁਲਾਇਮ ਸਿੰਘ ਯਾਦਵ ਨੇ ਵੀ ਸ਼ਮੂਲੀਅਤ ਕੀਤੀ। ਇਸ ਮੌਕੇ ਵਿਸ਼ਵ ਹਿੰਦੂ ਪ੍ਰੀਸ਼ਦ ਵੱਲ ਇਸ਼ਾਰਾ ਕਰਦਿਆਂ ਸ੍ਰੀ ਨਿਤੀਸ਼ ਕੁਮਾਰ ਨੇ ਕਿਹਾ ਕਿ ਕੁਝ ਸੰਗਠਨ ਅਜਿਹੇ ਮੌਕੇ ਦਾ ਫਾਇਦਾ ਉਠਾ ਕੇ ਕੁਝ ਫਿਰਕਿਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾ ਰਹੇ ਹਨ, ਇਨ੍ਹਾਂ ਗੱਲਾਂ ਨੂੰ ਰੋਕਣ ਦੀ ਲੋੜ ਹੈ। ਇਸ ਮੌਕੇ ਮੁਲਾਇਮ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ 1980 ਤੋਂ ਫਿਰਕੂ ਤਾਕਤਾਂ ਖਿਲਾਫ਼ ਲੜ ਰਹੀ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ

ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

## Matrimonial

### ਕੰਨਿਆਂ ਦੀ ਲੋੜ

ਲੁਬਾਣਾ ਸਿੱਖ ਲੜਕੇ, 26, ਕੱਦ 5'-11", ਅਮਰੀਕਾ ਵਿਚ ਵਰਕ ਪਰਮਿਟ 'ਤੇ ਕੰਮ ਕਰਦੇ ਤੇ ਆਰ ਐਨ ਦਾ ਕੋਰਸ ਕਰ ਰਹੇ ਗੁਰਸਿੱਖ ਲੜਕੇ ਲਈ ਸੁਨੱਖੀ ਗੁਰਸਿੱਖ ਲੜਕੀ ਦੀ ਲੋੜ ਹੈ। ਇੰਡੀਆ ਤੋਂ ਸਟੂਡੈਂਟ ਵੀਜ਼ੇ 'ਤੇ ਆਈ ਲੜਕੀ ਵੀ ਵਿਚਾਰਯੋਗ। ਸੰਪਰਕ ਕਰੋ, ਫੋਨ: 480-241-7596, singhkhalsapunjabi1987@gmail.com

---

ਜੱਟ ਸਿੱਖ ਬੈਂਸ, 22, 5'-6", ਬੀ ਕਾਮ, ਸੋਹਣੇ ਸੁਨੱਖੇ, 22 ਕਰੋੜ ਦੀ ਜਾਇਦਾਦ ਦੇ ਮਾਲਕ ਮਾਪਿਆਂ ਦੇ ਇਕਲੌਤੇ ਲੜਕੇ ਲਈ ਅਮਰੀਕਾ/ਕੈਨੇਡਾ ਦੀ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੇ ਨਾਨਕੇ ਅਤੇ ਭੈਣ ਅਮਰੀਕਾ/ਕੈਨੇਡਾ ਵਿਚ ਸੈਟਲ ਹਨ ਅਤੇ ਮਾਤਾ-ਪਿਤਾ ਗੰਗਾਨਗਰ, ਇੰਡੀਆ ਹਨ। ਸੰਪਰਕ ਕਰੋ: 661-565-4432

---

Beautiful & well educated girl sought for Lobana Sikh handsome clean shaven boy, 26, 5'-10", Green Card holder, B-tech engineering. Only reputed Lobana Sikh families from USA/ Canada need to contact. Ph: 916-821-1569 or email: supertoolsindia@yahoo.co.in

---

Looking match for Saini Sikh turbaned boy, computer engineer, 5'-8", completed higher study in Canada recently, belongs to Dist. Hoshiapur. California girl preferred. Contact: 510-557-6988 or raj@gfbontime.com

# ਬੈਂਕ ਫਰਾਡ ਸਕੀਮ: ਭਾਰਤੀ ਮੂਲ ਦੇ 4 ਵਿਅਕਤੀਆਂ 'ਤੇ ਦੋਸ਼ ਆਇਦ

**ਸ਼ਿਕਾਗੋ (ਬਿਊਰੋ):** ਐਫ ਬੀ ਆਈ ਨੇ ਦਸ ਮਿਲੀਅਨ ਡਾਲਰ ਦੀ ਇਕ ਕਥਿਤ ਬੈਂਕ ਫਰਾਡ ਸਕੀਮ ਵਿਚ ਚਾਰ ਵਿਅਕਤੀਆਂ ਵਿਰੁਧ ਦੋਸ਼ ਲਾਏ ਹਨ। ਇਨ੍ਹਾਂ ਵਿਚ ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਗਦੀਸ਼ਰ ਸਿੰਘ ਘੁਮਾਣ ਦਾ ਬੇਟਾ ਚਰਨਪਾਲ ਘੁਮਾਣ ਸ਼ਾਮਲ ਹੈ ਜੋ ਇਕ ਹੋਰ ਸਾਬਕਾ ਪ੍ਰਧਾਨ ਬੀਬੀ ਸੁਖਦੇਵ ਕੌਰ ਘੁਮਾਣ ਦਾ ਵੀ ਨਜ਼ਦੀਕੀ ਰਿਸ਼ਤੇਦਾਰ ਹੈ।

ਯੂ ਐਸ ਅਟਾਰਨੀ ਆਫਿਸ ਵਲੋਂ ਦਿਤੀ ਗਈ ਜਾਣਕਾਰੀ ਅਨੁਸਾਰ ਇਨ੍ਹਾਂ ਚਾਰ ਕਥਿਤ ਦੋਸ਼ੀਆਂ ਉਪਰ ਇਲੀਨਾਏ, ਆਇਓਆ, ਨੈਬਰਾਸਕਾ ਅਤੇ ਵਿਸਕਾਨਸਿਨ ਵਿਚ 26 ਗੈਸ ਸਟੇਸ਼ਨਾਂ ਦੀ ਵਿਕਰੀ ਲਈ ਖਰੀਦਦਾਰਾਂ ਨੂੰ ਇਥੋਂ ਦੀ ਇਕ ਸਬਰਬ ਬਫਲੋ ਗਰੂਵ ਦੇ ਇਕ ਬੈਂਕ ਪਾਸੋਂ 10 ਮਿਲੀਅਨ ਡਾਲਰ ਤੋਂ ਵੱਧ ਰਕਮ ਦੇ ਲੋਨ ਗਲਤ ਤਰੀਕੇ ਨਾਲ ਦਿਵਾਉਣ ਵਿਚ ਨਿਭਾਏ ਰੋਲ ਕਰਕੇ ਫੈਡਰਲ ਦੋਸ਼ ਲਾਏ ਗਏ ਹਨ। ਕੇਸ ਅਨੁਸਾਰ ਦੋ ਮੁਲਜ਼ਿਮਾਂ ਚਰਨਪਾਲ ਘੁਮਾਣ ਅਤੇ ਆਗਾ ਖਾਨ ਗੈਸ ਸਟੇਸ਼ਨਾਂ ਦੇ ਭਾਈਵਾਲ ਮਾਲਕ ਸਨ ਅਤੇ ਉਨ੍ਹਾਂ ਨੇ ਬੈਂਕ ਤੋਂ ਸਮਾਲ ਬਿਜਨਸ ਐਡਮਨਿਸਟਰੇਸ਼ਨ (ਐਸ ਬੀ ਏ) ਦੀ ਅੰਸ਼ਿਕ ਗਾਰੰਟੀ ਤਹਿਤ ਲਏ ਗਏ ਕਰਜਿਆਂ ਰਾਹੀਂ ਖਰੀਦਦਾਰਾਂ ਨੂੰ ਇਹ ਗੈਸ ਸਟੇਸ਼ਨ ਵੇਚੇ। ਉਨ੍ਹਾਂ ਨੇ ਕਥਿਤ ਤੌਰ 'ਤੇ ਇਹ ਕਰਜੇ ਬੈਂਕ ਦੇ ਇਕ ਲੋਨ ਅਫਸਰ ਆਕਾਸ਼ ਬ੍ਰਹਮਭੱਟ ਰਾਹੀਂ ਜਾਅਲੀ ਵਿਤੀ ਅੰਕੜੇ ਪੇਸ਼ ਕਰਕੇ ਦਿਵਾਏ। ਇਨ੍ਹਾਂ ਜਾਅਲੀ ਅੰਕੜਿਆਂ ਤੇ ਦਸਤਾਵੇਜ਼ਾਂ ਵਿਚ ਇਕ ਅਕਾਊਂਟੈਂਟ ਸ਼ੀਤਲ ਮਹਿਤਾ ਵਲੋਂ ਤਿਆਰ ਕੀਤੀਆਂ ਗਈਆਂ ਝੂਠੀਆਂ ਟੈਕਸ ਰਿਟਰਨਾਂ ਵੀ ਸ਼ਾਮਲ ਹਨ।

ਇਕ ਹੋਰ ਮੁਲਜ਼ਿਮ ਆਗਾ ਖਾਨ ਦਾ ਭਰਾ ਸ਼ਬੀਰ ਖਾਨ ਹੈ ਜਿਸ ਉਪਰ ਬੈਂਕ ਫਰਾਡ ਜਾਂਚ ਦੌਰਾਨ ਸਾਹਮਣੇ ਆਏ ਟੈਕਸ ਚੋਰੀ ਦੇ ਦੋਸ਼ ਵੱਖਰੇ ਤੌਰ 'ਤੇ ਆਇਦ ਕੀਤੇ ਗਏ ਹਨ।

ਇਕ ਫੈਡਰਲ ਗਰੈਂਡ ਜਿਊਰੀ ਵਲੋਂ ਨਿਸ਼ਚਿਤ ਕੀਤੇ ਗਏ 23 ਦੋਸ਼ਾਂ ਦੀ ਫਹਿਰਿਸਤ ਲੰਘੀ 30 ਅਕਤੂਬਰ ਨੂੰ ਨਾਰਥ ਬੈਰਿੰਗਟਨ ਵਿਚ ਰਹਿੰਦੇ 34 ਸਾਲਾ ਚਰਨਪਾਲ ਘੁਮਾਣ ਦੀ ਗ੍ਰਿਫਤਾਰੀ ਤੋਂ ਬਾਅਦ ਖੋਲ੍ਹੀ ਗਈ। ਚਰਨਪਾਲ ਉਪਰ ਬੈਂਕ ਫਰਾਡ ਦੇ 19 ਦੋਸ਼, ਬੈਂਕ ਅਧਿਕਾਰੀਆਂ ਨੂੰ ਰਿਸ਼ਵਤ ਦੇਣ ਦੇ ਤਿੰਨ ਦੋਸ਼ ਅਤੇ ਗਲਤ ਫੈਡਰਲ ਇਨਕਮ ਟੈਕਸ ਭਰਨ ਦਾ ਇਕ ਦੋਸ਼ ਆਇਦ ਕੀਤਾ ਗਿਆ ਹੈ ਜਦੋਂਕਿ ਉਸ ਦੇ ਸਾਥੀ ਸ਼ਾਮਬਰਗ ਰਹਿੰਦੇ 33 ਸਾਲਾ ਆਗਾ ਖਾਨ ਵਿਰੁਧ ਬੈਂਕ ਫਰਾਡ ਦੇ ਚਾਰ ਦੋਸ਼ ਲਾਏ



ਗਏ ਹਨ। ਦੋਹਾਂ ਨੇ ਆਪਣੇ ਉਪਰ ਲੱਗੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ ਅਤੇ ਇਸ ਸਮੇਂ ਫੈਡਰਲ ਹਿਰਾਸਤ ਵਿਚ ਹਨ।

ਫੈਡਰਲ ਕੇਸ ਵਿਚ ਚਰਨਪਾਲ ਘੁਮਾਣ ਅਤੇ ਆਗਾ ਖਾਨ ਦੀ ਕਰੀਬ 10 ਮਿਲੀਅਨ ਡਾਲਰ ਦੀ ਜਾਇਦਾਦ ਜਬਤ ਕਰਨ ਤੋਂ ਇਲਾਵਾ ਚਰਨਪਾਲ ਦੀ 2005 ਮਾਡਲ ਦੀ ਪੋਰਸ਼ ਕਰੇਰਾ ਜੀ ਟੀ ਕੂਪ ਕਾਰ ਵੇਚ ਕੇ 198,180 ਡਾਲਰ ਉਗਰਾਹੁਣ ਦੀ ਮੰਗ ਕੀਤੀ ਗਈ ਹੈ। ਦੋਸ਼ ਹੈ ਕਿ ਇਹ ਕਾਰ ਕਥਿਤ ਤੌਰ 'ਤੇ ਫਰਾਡ ਰਾਹੀਂ ਕਮਾਈ ਗਈ ਰਕਮ ਨਾਲ ਖਰੀਦੀ ਗਈ ਹੈ।

ਪਹਿਲਾਂ ਨੇਪਰਵਿਲ ਅਤੇ ਹੁਣ ਟੈਕਸਸ ਰਹਿੰਦੇ 39 ਸਾਲਾ ਬ੍ਰਹਮਭੱਟ ਅਤੇ ਐਲਕ ਗਰੂਵ ਰਹਿੰਦੇ 47 ਸਾਲਾ ਸ਼ੀਤਲ ਮਹਿਤਾ ਉਪਰ ਬੈਂਕ ਫਰਾਡ ਦਾ ਇਕ ਇਕ ਦੋਸ਼ ਲਾਇਆ ਗਿਆ ਹੈ। ਉਨ੍ਹਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਅਤੇ ਉਨ੍ਹਾਂ ਦੀ ਪੇਸ਼ੀ ਯੂ ਐਸ ਡਿਸਟ੍ਰਿਕਟ ਕੋਰਟ ਵਲੋਂ ਮਿਥੀ ਗਈ ਤਾਰੀਖ ਨੂੰ ਹੋਵੇਗੀ।

ਲਾਏ ਗਏ ਦੋਸ਼ਾਂ ਮੁਤਾਬਕ ਬਫਲੋ ਗਰੂਵ ਦੇ ਅਮੈਰਿਕਨ ਐਂਟਰਪ੍ਰਾਈਜ਼ ਬੈਂਕ ਨੂੰ ਐਸ ਬੀ ਏ ਲੋਨ ਆਪਣੇ ਤੌਰ 'ਤੇ ਪਾਸ ਕਰਨ ਦਾ ਅਖਤਿਆਰ ਹਾਸਲ ਸੀ, ਬਸ਼ਰਤੇ ਕਿ ਲੋਨ ਐਸ ਬੀ ਏ ਸ਼ਰਤਾਂ ਅਤੇ ਨਿਯਮਾਂ ਦੀ ਪਾਲਣਾ ਕਰਦਾ ਹੋਵੇ। ਇਨ੍ਹਾਂ ਵਿਚ ਇਹ ਸ਼ਰਤ ਵੀ ਸ਼ਾਮਲ ਸੀ ਕਿ ਲਿਆ ਗਿਆ ਲੋਨ ਕਿਸੇ ਕਾਰੋਬਾਰ ਦੇ ਕੁਲ ਨਿਵੇਸ਼ ਲਈ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਸਾਲ 2006 ਅਤੇ 2009 ਦਰਮਿਆਨ ਦੋਸ਼ੀਆਂ ਨੇ ਕਥਿਤ ਤੌਰ 'ਤੇ ਇਕ ਅਜਿਹੀ ਫਰਾਡ ਸਕੀਮ ਬਣਾਈ ਜਿਸ ਤਹਿਤ 26 ਗੈਸ ਸਟੇਸ਼ਨ ਵੇਚੇ ਗਏ ਜਿਨ੍ਹਾਂ ਵਿਚੋਂ ਕੁਝ ਇਲੀਨਾਏ ਦੇ ਸ਼ਹਿਰਾਂ ਮੈਕੋਂਬ, ਮੈਨਡੋਟਾ, ਨਿਊ ਬੋਸਟਨ, ਰੌਕ ਆਈਲੈਂਡ ਅਤੇ ਸਿਲਵਿਸ ਵਿਚ ਸਨ ਜਦੋਂਕਿ ਬਾਕੀ ਤਿੰਨ ਹੋਰ ਸਟੇਟਾਂ ਵਿਚ।

ਇਸ ਕਥਿਤ ਫਰਾਡ ਸਕੀਮ ਤਹਿਤ ਘੁਮਾਣ ਅਤੇ ਖਾਨ ਨੇ ਅਜਿਹੇ ਖਰੀਦਦਾਰਾਂ ਨੂੰ ਗੈਸ ਸਟੇਸ਼ਨ ਵੇਚੇ ਜੋ ਐਸ ਬੀ ਏ ਲੋਨ ਲੈਣ ਲਈ ਲੋੜੀਂਦੀਆਂ ਸ਼ਰਤਾਂ ਨਹੀਂ ਸਨ ਪੂਰੀਆਂ ਕਰਦੇ ਅਤੇ ਲੋਨ ਖਰੀਦਦਾਰ ਦੇ ਕਿਸੇ ਰਿਸ਼ਤੇਦਾਰ ਜਾਂ ਦੋਸਤ ਨੂੰ ਦਿਵਾਏ ਗਏ ਜਿਨ੍ਹਾਂ ਦਾ ਕਰੈਡਿਟ ਸਹੀ ਸੀ, ਹਾਲਾਂਕਿ ਘੁਮਾਣ, ਖਾਨ ਅਤੇ ਬ੍ਰਹਮਭੱਟ ਨੂੰ ਪਤਾ ਸੀ ਕਿ ਇਸ ਬੇਨਾਮੀ ਖਰੀਦਦਾਰ ਦਾ ਗੈਸ ਸਟੇਸ਼ਨ ਵਿਚ ਜਾਂ ਕਰਜੇ ਦੀ ਵਾਪਸੀ ਵਿਚ ਕੋਈ ਰੋਲ ਨਹੀਂ। ਇਸ ਤੋਂ ਇਲਾਵਾ ਇਨ੍ਹਾਂ ਤਿੰਨਾਂ ਮੁਲਜ਼ਿਮਾਂ ਨੇ ਬੈਂਕ ਨੂੰ ਦੇਣ ਲਈ ਜਾਅਲੀ ਜਾਣਕਾਰੀ ਅਤੇ ਕਾਗਜ਼ਾਤ ਦਿਤੇ ਜਿਨ੍ਹਾਂ ਵਿਚ ਰੁਜ਼ਗਾਰ, ਆਮਦਨ, ਅਸਾਸਿਆਂ ਅਤੇ ਦੇਣਦਾਰੀਆਂ, ਕਥਿਤ ਤੌਰ 'ਤੇ ਸ਼ੀਤਲ ਮਹਿਤਾ ਦੀਆਂ ਤਿਆਰ ਕੀਤੀਆਂ ਟੈਕਸ ਰਿਟਰਨਾਂ ਅਤੇ ਖਰੀਦਦਾਰਾਂ ਵਲੋਂ ਮੂਲ ਪੂੰਜੀ ਵਿਚ ਪਾਏ ਜਾਣ ਵਾਲੇ ਹਿੱਸੇ ਬਾਰੇ ਗਲਤ ਜਾਣਕਾਰੀ ਸ਼ਾਮਲ ਹੈ। ਇਹ ਵੀ ਦੋਸ਼ ਹੈ ਕਿ ਘੁਮਾਣ ਤੇ ਖਾਨ ਨੇ ਇਹ ਫਰਾਡ ਲੋਨ ਲੈਣ ਲਈ ਮਦਦ ਬਦਲੇ ਬ੍ਰਹਮਭੱਟ ਨੂੰ ਕਾਰਾਂ ਸਮੇਤ ਕੀਮਤੀ ਤੋਹਫੇ ਦਿੱਤੇ। ਲਏ ਗਏ ਕਰਜੇ ਘੁਮਾਣ ਅਤੇ ਖਾਨ ਨੂੰ ਗੈਸ ਸਟੇਸ਼ਨਾਂ ਦੀ ਅਦਾਇਗੀ ਵਜੋਂ ਉਨ੍ਹਾਂ ਦੀ ਮਾਲਕੀ ਵਾਲੀਆਂ ਕਈ ਬਿਜਨਸ ਫਰਮਾਂ ਦੇ ਜ਼ਰੀਏ ਦਿੱਤੇ ਗਏ।

ਘੁਮਾਣ ਇਕੱਲੇ ਉਪਰ ਸਾਲ 2006 ਲਈ ਗਲਤ ਫੈਡਰਲ ਇਨਕਮ ਟੈਕਸ ਰਿਟਰਨ ਭਰਨ ਦਾ ਦੋਸ਼ ਹੈ ਜਿਸ ਵਿਚ ਉਸ ਨੇ ਕੁਲ ਆਮਦਨੀ 203,583 ਡਾਲਰ ਅਤੇ ਟੈਕਸ ਦੀ ਅਦਾਇਗੀ 37,260 ਡਾਲਰ ਦਿਖਾਈ। ਜਦੋਂਕਿ ਕਥਿਤ ਤੌਰ 'ਤੇ ਉਸ ਨੂੰ ਪਤਾ ਸੀ ਕਿ ਅਸਲ ਰਕਮਾਂ ਇਨ੍ਹਾਂ ਅੰਕੜਿਆਂ ਤੋਂ ਕਿਤੇ ਵੱਧ ਹਨ। ਸ਼ਬੀਰ ਖਾਨ ਉਪਰ ਸਾਲ 2008 ਅਤੇ 2009 ਲਈ ਫੈਡਰਲ ਇਨਕਮ ਟੈਕਸ ਰਿਟਰਨਾਂ ਨਾ ਭਰਨ ਦੇ ਦੋ ਮਿਸਡਿਮੀਨਰ ਦੋਸ਼ ਲਾਏ ਗਏ ਹਨ। ਸਾਲ 2008 ਦੌਰਾਨ ਕਥਿਤ ਤੌਰ 'ਤੇ ਉਸ ਦੀ ਆਮਦਨ 55,000 ਡਾਲਰ ਤੋਂ ਵੱਧ ਸੀ। ਇਸ ਵਿਚ ਇਕ ਸੈਲ ਫੋਨ ਸਟੋਰ ਦੀ ਨੌਕਰੀ ਅਤੇ ਅਮੈਰਿਕਨ ਐਂਟਰਪ੍ਰਾਈਜ਼ ਬੈਂਕ ਵਲੋਂ ਕਰਜ਼ਿਆਂ ਲਈ ਦਿੱਤੇ ਗਏ ਕਮਿਸ਼ਨ ਤੋਂ ਹੋਈ ਆਮਦਨ ਸ਼ਾਮਲ ਹੈ।

ਬੈਂਕ ਫਰਾਡ ਅਤੇ ਬੈਂਕ ਰਿਸ਼ਵਤ ਦੇ ਹਰ ਮਾਮਲੇ ਵਿਚ ਦੋਸ਼ ਸਾਬਤ ਹੋਣ 'ਤੇ ਵੱਧ ਤੋਂ ਵੱਧ 30 ਸਾਲ ਦੀ ਕੈਦ ਅਤੇ ਇਕ ਮਿਲੀਅਨ ਡਾਲਰ ਦਾ ਜ਼ੁਰਮਾਨਾ ਹੋ ਸਕਦਾ ਹੈ। ਚਰਨਪਾਲ ਘੁਮਾਣ ਨੂੰ ਦੋਸ਼ ਸਾਬਤ ਹੋਣ 'ਤੇ ਇਕੱਲੇ ਟੈਕਸ ਚੋਰੀ ਖਾਤੇ ਵੱਧ ਤੋਂ ਵੱਧ 3 ਸਾਲ ਦੀ ਕੈਦ ਅਤੇ ਢਾਈ ਲੱਖ ਡਾਲਰ ਦਾ ਜ਼ੁਰਮਾਨਾ ਹੋ ਸਕਦਾ ਹੈ।

## ਧਾਰਮਿਕ ਸਥਾਨਾਂ ਦਾ ਧੂੰਆਂ ਗਲੇਸ਼ੀਅਰਾਂ ਲਈ ਮਾਰੂ

**ਲੰਡਨ:** ਹਿੰਦੂਆਂ ਵੱਲੋਂ ਮੁਰਦੇ ਦੇ ਸਸਕਾਰ ਕਰਨ ਸਮੇਂ ਤੇ ਬੋਧੀਆਂ ਦੇ ਮੱਠਾਂ ਵਿਚੋਂ ਨਿਕਲਣ ਵਾਲੇ ਧੂੰਏਂ ਦਾ ਭਾਰਤੀ ਉਪ-ਮਹਾਂਦੀਪ ਵਿਚ ਆਲਮੀ ਤਪਸ਼ ਤੇ ਹਿਮਾਲਿਆਈ ਗਲੇਸ਼ੀਅਰ ਪਿਘਲਣ ਪਿੱਛੇ ਦੋਸ਼ੀ ਮੰਨੀਆਂ ਜਾਣ ਵਾਲੀਆਂ ਗਰੀਨ ਹਾਊਸ ਗੈਸਾਂ ਵਿਚ ਇਕ ਚੌਥਾਈ ਯੋਗਦਾਨ ਹੈ। ਇਹ ਦਾਅਵਾ ਇਕ ਖੋਜ ਵਿਚ ਕੀਤਾ ਗਿਆ ਹੈ। ਖੋਜਕਾਰਾਂ ਨੂੰ ਕਾਫੀ ਸਮੇਂ ਤੋਂ ਸ਼ੱਕ ਸੀ ਕਿ ਭਾਰਤ, ਨੇਪਾਲ ਤੇ ਦੱਖਣੀ ਏਸ਼ੀਆ ਵਿਚ ਹੋਣ ਵਾਲੀਆਂ ਧਾਰਮਿਕ ਰਸਮਾਂ ਸਮੇਂ ਅੱਗ ਲਾਉਣ ਨਾਲ ਭੂਰੇ ਕਾਰਬਨ ਤੇ ਕਾਲਖ ਪੈਦਾ ਹੁੰਦੀ ਹੈ ਜੋ ਵਾਤਾਵਰਨ ਨੂੰ ਪਲੀਤ ਕਰਦੇ ਹਨ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838



ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



Rates as low as 2.0%

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

Transportation Funding Group, Inc.

Minneapolis , MN 55426

# ਸੁਪਰੀਮ ਕੋਰਟ ਦੇ ਆਦੇਸ਼ ਦਾ ਆਗਾਜ਼ ਅੱਛਾ, ਅੰਜ਼ਾਮ ਪਤਾ ਨਹੀਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਸਰਕਾਰੀ ਅਧਿਕਾਰੀਆਂ ਦੀ ਨਿਯੁਕਤੀ ਲਈ ਪੱਕੀ ਮਿਆਦ ਵੀ ਹੋਣੀ ਚਾਹੀਦੀ ਹੈ, ਤਾਂ ਕਿ ਉਹ ਹਰ ਪਲ ਕੁਰਸੀ ਖੁੱਸਣ ਦੇ ਡਰ ਹੇਠ ਨਾ ਰਹਿਣ ਤੇ ਅਫਸਰਾਂ ਨੂੰ ਮੌਕੇ ਦੇ ਸਿਆਸੀ ਮਾਲਕਾਂ ਦੇ ਜ਼ਬਾਨੀ ਹੁਕਮਾਂ ਤੋਂ ਮੁਕਤੀ ਵੀ ਮਿਲਣੀ ਚਾਹੀਦੀ ਹੈ। ਸਿਆਸੀ ਆਗੂਆਂ ਦੀ ਕੌੜ ਹੀ ਦੱਸਦੀ ਹੈ ਕਿ ਉਹ ਨੇਮ-ਕਾਨੂੰਨ ਤੋੜਨਾ ਵੀ ਆਪਣਾ ਹੱਕ ਸਮਝਣ ਲੱਗੇ ਹਨ। ਅਫਸਰ ਸਰਕਾਰ ਵੱਲੋਂ ਲਾਏ ਲੋਕ-ਸੇਵਕ ਹੁੰਦੇ ਹਨ, ਕਿਸੇ ਦੇ ਨਿੱਜੀ ਨੌਕਰ ਨਹੀਂ। ਅੰਜਾਮ ਦਾ ਤਾਂ ਪਤਾ ਨਹੀਂ, ਪਰ ਆਗਾਜ਼ ਇਹ ਅੱਛਾ ਹੋਇਆ ਹੈ।***

ਇਕੱਤੀ ਅਕਤੂਬਰ ਦੇ ਦਿਨ ਭਾਰਤ ਦੀ ਸੁਪਰੀਮ ਕੋਰਟ ਨੇ ਇੱਕ ਵਾਰ ਫਿਰ ਇਦਾਂ ਦਾ ਕਦਮ ਪੁੱਟਿਆ ਹੈ, ਜਿਸ ਦੇ ਰਾਜਨੀਤੀ ਵਿਚ ਆਏ ਵਿਗਾੜਾਂ ਦੇ ਪ੍ਰਸੰਗ ਵਿਚ ਬੜੇ ਵੱਡੇ ਅਰਥ ਹਨ। ਇਸ ਦੇ ਦੋ ਹਿੱਸੇ ਹਨ। ਇੱਕ ਇਹ ਕਿ ਸਰਕਾਰੀ ਅਧਿਕਾਰੀਆਂ ਦੀ ਕਿਸੇ ਵੀ ਅਹੁਦੇ ਉਤੇ ਨਿਯੁਕਤੀ ਦੀ ਕੋਈ ਪੱਕੀ ਮਿਆਦ ਮਿਥਣ ਦੀ ਲੋੜ ਹੈ। ਫੌਜਾਂ ਦੇ ਕਮਾਂਡਰਾਂ ਦੀ ਇਹੋ ਜਿਹੀ ਪੱਕੀ ਮਿਆਦ ਹੁੰਦੀ ਹੈ। ਜਦੋਂ ਤੱਕ ਪੱਕੀ ਮਿਥੀ ਹੋਈ ਸਮਾਂ ਹੱਦ ਨਾ ਹੋਵੇ, ਅਫਸਰਾਂ ਨੂੰ ਆਪਣੀ ਬਦਲੀ ਦਾ ਡਰ ਸਤਾਉਂਦਾ ਰਹਿੰਦਾ ਹੈ ਤੇ ਇਸੇ ਡਰੋਂ ਉਹ ਸਿਆਸੀ ਆਗੂਆਂ ਦੇ ਦਬਾਅ ਹੇਠ ਕੰਮ ਕਰਦੇ ਹਨ। ਉਤਰ ਪ੍ਰਦੇਸ਼ ਵਿਚ ਆਈ ਏ ਐਸ ਅਫਸਰ ਦੁਰਗਾ ਸ਼ਕਤੀ ਦਾ ਕੇਸ ਇਹੋ ਸੀ। ਉਸ ਨੇ ਇੱਕ ਰਾਜਸੀ ਆਗੂ ਦਾ ਦਬਾਅ ਮੰਨ ਕੇ ਗਲਤ ਕੰਮ ਕਰਨ ਤੋਂ ਨਾਂਹ ਕਰ ਦਿੱਤੀ ਤੇ ਲੀਡਰ ਨੇ ਉਸ ਨੂੰ ਸਸਪੈਂਡ ਕਰਵਾ ਕੇ ਜਨਤਕ ਰੈਲੀ ਵਿਚ ਆ ਕੇ ਕਿਹਾ ਕਿ ਮੈਂ ਚਾਲੀ ਮਿੰਟ ਵਿਚ ਉਸ ਨੂੰ ਸਬਕ ਸਿਖਾ ਦਿੱਤਾ ਹੈ।

ਜਦੋਂ ਤੱਕ ਇਹ ਡਰ ਅਫਸਰਾਂ ਦੇ ਮਨ ਵਿਚੋਂ ਕੱਢਿਆ ਨਹੀਂ ਜਾਂਦਾ, ਉਹ ਆਪਣੇ ਸਿਰ ਨਾਲ ਸੋਚ ਕੇ ਨਿਯਮਾਂ ਮੁਤਾਬਕ ਫੈਸਲੇ ਲੈਣ ਦੀ ਹਿੰਮਤ ਨਹੀਂ ਕਰ ਸਕਦੇ। ਦੂਸਰੀ ਗੱਲ ਅਦਾਲਤ ਨੇ ਅਫਸਰਾਂ ਨੂੰ ਆਖੀ ਹੈ ਕਿ ਉਹ ਸਿਆਸੀ ਆਗੂਆਂ ਦੇ ਜ਼ਬਾਨੀ ਹੁਕਮਾਂ ਉਤੇ ਕੰਮ ਨਾ ਕਰਨ। ਜੇ ਹਰ ਗੱਲ ਲਿਖਤੀ ਹੋਵੇ ਤਾਂ ਗਲਤ ਕੰਮ ਘਟ ਜਾਣਗੇ। ਸੁਪਰੀਮ ਕੋਰਟ ਦਾ ਇਹ ਹੁਕਮ ਕੁਝ ਕੇਂਦਰੀ ਮੰਤਰੀਆਂ ਤੇ ਕੁਝ ਰਾਜਾਂ ਦੇ ਮੁੱਖ ਮੰਤਰੀਆਂ ਜਾਂ ਹੋਰ ਆਗੂਆਂ ਨੂੰ ਬੜਾ ਚੁਭਿਆ ਹੈ। ਕੇਂਦਰ ਦੇ ਇੱਕ ਮੰਤਰੀ ਨੇ ਤਾਂ ਇਹ ਕਹਿਣ ਨੂੰ ਵੀ ਦੇਰ ਨਹੀਂ ਕੀਤੀ ਕਿ ਇਦਾਂ ਦੇ ਹੁਕਮ ਜਾਰੀ ਕਰਕੇ ਅਦਾਲਤ ਨੇ ਆਪਣੀ ਹੱਦ ਉਲੰਘਣ ਦਾ ਕੰਮ ਕੀਤਾ ਹੈ। ਸ਼ਾਇਦ ਇਹ ਕਹਿ ਕੇ ਮੰਤਰੀ ਨੇ ਆਪ ਵੀ ਅਦਾਲਤ ਤੇ ਸਰਕਾਰ ਵਿਚਲੀ ਹੱਦ ਉਲੰਘ ਦਿੱਤੀ ਹੈ।

ਭਾਰਤ ਦੇ ਲੋਕਾਂ ਨੂੰ ਇਸ ਗੱਲ ਨਾਲ ਮਤਲਬ ਨਹੀਂ ਕਿ ਕਿਸ ਦੀ ਹੱਦ ਕਿਹੜੀ ਹੈ, ਸਗੋਂ ਇਸ ਗੱਲ ਨਾਲ ਹੈ ਕਿ ਬਹੁਤ ਸਾਰੇ ਕੰਮ ਗਲਤ ਕੀਤੇ ਅਤੇ ਕਰਵਾਏ ਜਾਂਦੇ ਹਨ, ਜਿਨ੍ਹਾਂ ਨੂੰ ਅਦਾਲਤਾਂ ਵਿਚ ਜਾ ਕੇ ਕਦੇ-ਕਦਾਈਂ ਬਰੇਕ ਲੱਗਦੀ ਹੈ। ਜੇ ਹਾਥੀ ਦੇ ਸਿਰ ਉਤੇ ਮਹਾਵਤ ਦੇ ਲੋਹੇ ਦੇ ਕੁੰਡੇ ਵਾਂਗ ਅਦਾਲਤਾਂ ਦਾ ਕੁੰਡਾ ਨਾ ਹੋਵੇ ਤਾਂ ਸਰਕਾਰ ਚਲਾ ਰਹੇ ਲੋਕ ਅਸਲੋਂ ਬੇਲਗਾਮ ਘੋੜੇ ਵਾਂਗ ਦੌੜੇ ਫਿਰਨਗੇ। ਪਿਛਲਾ ਤਜਰਬਾ ਬਹੁਤ ਕੌੜਾ ਹੈ। ਕਈ ਕੰਮ ਸਰਕਾਰਾਂ ਦੇ ਪੱਧਰ ਉਤੇ ਗਲਤ ਹੁੰਦੇ ਰਹੇ ਤੇ ਜਦੋਂ ਅਦਾਲਤ ਵਿਚ ਜਾ ਕੇ ਚੁਣੌਤੀ ਮਿਲ ਗਈ ਤਾਂ ਆਗੂਆਂ ਨੇ ਆਪ ਪਾਸੇ ਹੋ ਕੇ ਅਫਸਰਾਂ ਨੂੰ ਅੱਗੇ ਕਰ ਦਿੱਤਾ। ਕਈ ਥਾਂ ਅਫਸਰ ਤੇ ਆਗੂ ਦੋਵੇਂ ਫਸੇ ਹੋਏ ਹਨ। ਬਿਹਾਰ ਦੇ ਚਾਰਾ ਸਕੈਂਡਲ ਵਿਚ ਲਾਲੂ ਪ੍ਰਸਾਦ ਇਕੱਲਾ ਜੇਲ੍ਹ ਨਹੀਂ ਗਿਆ, ਨਾਲ ਕਈ ਅਫਸਰ ਵੀ ਗਏ ਹਨ ਤੇ ਹੁਣ ਨਾਲ ਜਾਣ ਵਾਲਿਆਂ ਤੋਂ ਪਹਿਲਾਂ ਕੁਝ ਅਫਸਰ ਲੀਡਰਾਂ ਤੋਂ ਵੀ ਪਹਿਲਾਂ ਸਜ਼ਾ ਦਾ ਹੁਕਮ ਹੋਣ ਕਾਰਨ ਜੇਲ੍ਹ ਜਾ ਪਹੁੰਚੇ ਸਨ। ਹਰਿਆਣੇ ਦਾ ਤਿੰਨ ਵਾਰੀ ਦਾ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਜੇਲ੍ਹ ਵਿਚ ਹੈ। ਟੀਚਰਾਂ ਦੀ ਭਰਤੀ ਕਰਨ ਵਿਚ ਉਸ ਨੇ ਚੰਮ ਦੀਆਂ ਚਲਾਈਆਂ ਸਨ। ਜਦੋਂ ਉਸ ਨੂੰ ਸਜ਼ਾ ਹੋਈ ਤਾਂ ਉਸ ਦੇ ਨਾਲ ਵੀ ਕੁਝ ਅਫਸਰਾਂ ਨੂੰ ਹੋਈ ਹੈ।

ਪੰਜਾਬ ਦੀ ਰਾਜਨੀਤੀ ਵੀ ਇਸ ਮਾਮਲੇ ਵਿਚ ਬਚੀ ਹੋਈ ਨਹੀਂ। ਇਥੇ ਵੀ ਕਈ ਮਾਮਲਿਆਂ ਵਿਚ ਅਫਸਰ ਤੇ ਆਗੂ ਇਕੱਠੇ ਲਪੇਟੇ ਜਾਣ ਪਿੱਛੋਂ ਤਰੀਕਾਂ ਭੁਗਤਦੇ ਮਿਲ ਜਾਂਦੇ ਹਨ। ਆਗੂ ਲੋਕ ਜ਼ਿੰਮੇਵਾਰੀ ਤਿਲਕਾਉਣ ਦਾ ਤਰੀਕਾ ਵੀ ਜਾਣਦੇ ਹਨ। ਕਈ ਸਾਲ ਪਹਿਲਾਂ ਇੱਕ ਚਿੱਟ ਹਾਈ ਕੋਰਟ ਵਿਚ ਪੇਸ਼ ਕਰ ਕੇ ਕਿਹਾ ਗਿਆ ਸੀ ਕਿ ਮੁੱਖ ਮੰਤਰੀ ਦੇ ਦਫਤਰ ਤੋਂ ਆਹ ਚਿੱਟਾਂ ਭੇਜ ਕੇ ਕੁਝ ਚਹੇਤਿਆਂ ਜਾਂ ਸਿਫਾਰਸ਼ੀਆਂ ਨੂੰ ਨੌਕਰੀਆਂ ਦੇਣ ਨੂੰ ਕਿਹਾ ਜਾਂਦਾ ਹੈ। ਜਿਹੜੇ ਡਿਪਟੀ ਕਮਿਸ਼ਨਰ ਵੱਲ ਗਈ ਚਿੱਟ ਫੜੀ ਗਈ ਸੀ, ਉਸ ਨੇ ਮੁੱਖ ਮੰਤਰੀ ਦੇ ਪੁਲੀਟੀਕਲ ਸੈਕਟਰੀ ਦਾ ਨਾਂ ਹਾਈ ਕੋਰਟ ਨੂੰ ਦੱਸ ਦਿੱਤਾ। ਪੁਲੀਟੀਕਲ ਸੈਕਟਰੀ ਨੇ ਆ ਕੇ ਕਹਿ ਦਿੱਤਾ ਕਿ ਅਸੀਂ ਰਾਜਸੀ ਲੋਕ ਹਾਂ, ਕਾਨੂੰਨਾਂ ਨੂੰ ਬਹੁਤਾ ਨਹੀਂ ਜਾਣਦੇ, ਅਫਸਰਾਂ ਨੂੰ ਚਿੱਠੀ ਭੇਜ ਦਿੰਦੇ ਹਾਂ, ਜੇ ਕੰਮ ਕਾਨੂੰਨ ਦੇ ਮੁਤਾਬਕ ਨਹੀਂ ਹੋ ਸਕਦਾ ਤਾਂ ਇਹ ਨਾ ਕਰਨ। ਉਸ ਦੇ ਬਾਅਦ ਦੀ ਸਰਕਾਰ ਦੇ ਸਮੇਂ ਇੱਕ ਮੰਤਰੀ ਦੀ ਚਿੱਟ ਇੱਕ ਟਰੱਕ ਡਰਾਈਵਰ ਤੋਂ ਫੜੀ ਗਈ ਕਿ ਇਸ ਬੰਦੇ ਨੂੰ ਰੇਤ ਦੇ ਟਰੱਕ ਲੈ ਕੇ ਆਉਂਦੇ ਨੂੰ ਰੋਕਿਆ ਨਾ ਜਾਵੇ। ਮੰਤਰੀ ਦੀ ਪੇਸ਼ੀ ਹੋ ਗਈ। ਉਸ ਨੇ ਵੀ ਹਾਈ ਕੋਰਟ ਵਿਚ ਇਹੋ ਕਿਹਾ ਸੀ ਕਿ ਅਸੀਂ ਰਾਜਸੀ ਲੋਕ ਹਾਂ, ਇਹ ਚਿੱਟਾਂ ਜਾਰੀ ਕਰਨੀਆਂ ਹਨ ਕਿ ਨਹੀਂ, ਇਸ ਬਾਰੇ ਸਾਨੂੰ ਪਤਾ ਹੀ ਨਹੀਂ। ਕਈ ਸਾਲ ਪਹਿਲਾਂ ਇੱਕ ਭਾਜਪਾ ਆਗੂ ਦੀ ਚਿੱਟ ਕਿਸੇ ਦੂਸਰੇ ਰਾਜ ਤੋਂ ਆਏ ਬੁੱਚੜਖਾਨੇ ਨੂੰ ਗਾਂਵਾਂ ਭੇਜਣ ਵਾਲੇ ਵਪਾਰੀ ਤੋਂ ਫੜੀ ਗਈ। ਉਹ ਟਰੱਕ ਰੋਕਿਆ ਵੀ ਭਾਜਪਾ ਦੇ ਨੌਜਵਾਨਾਂ ਨੇ ਸੀ। ਮੰਤਰੀ ਨੂੰ ਪੁੱਛਿਆ ਗਿਆ ਤਾਂ ਉਸ ਨੇ ਕਹਿ ਦਿੱਤਾ ਕਿ ਇਹ ਬੰਦਾ ਮੇਰੇ ਕੁਝ ਸਾਂਝ ਵਾਲੇ ਬੰਦੇ ਲੈ ਕੇ ਆਇਆ ਸੀ, ਨਿੱਜੀ ਤੌਰ ਉਤੇ ਇਸ ਨੂੰ ਮੈਂ ਜਾਣਦਾ ਨਹੀਂ ਤੇ ਕੰਮ ਮੈਂ ਪੁੱਛਿਆ ਨਹੀਂ ਸੀ, ਇਸ ਲਈ ਚਿੱਟ ਦੇ ਦਿੱਤੀ ਸੀ।



ਕੌਣ ਨਹੀਂ ਜਾਣਦਾ ਕਿ ਇਹ ਸਾਰੀਆਂ ਚਿੱਟਾਂ ਗੈਰ-ਕਾਨੂੰਨੀ ਹਨ, ਇਸ ਦੇ ਬਾਵਜੂਦ ਅਫਸਰ ਉਸ ਚਿੱਟ ਦੇ ਦਰਸ਼ਨ ਕਰ ਕੇ ਬੰਦਾ ਲੰਘ ਜਾਣ ਦਿੰਦੇ ਹਨ ਤੇ ਉਹ ਕੋਈ ਗੈਰ-ਕਾਨੂੰਨੀ ਕੰਮ ਕਰਦਾ ਹੈ ਜਾਂ ਨਹੀਂ, ਇਹ ਘੋਖਣ ਦੀ ਲੋੜ ਨਹੀਂ ਸਮਝਦੇ। ਸਿਆਸੀ ਆਗੂ ਸਾਰੀਆਂ ਹੱਦਾਂ ਹੀ ਉਲੰਘੀ ਜਾਂਦੇ ਹਨ। ਪਿੱਛੇ ਜਿਹੇ ਇੱਕ ਸੈਮੀਨਾਰ ਵਿਚ ਇੱਕ ਪੁਲਿਸ ਅਫਸਰ ਦੀ ਦੱਸੀ ਗੱਲ ਸਾਡੇ ਲਈ ਮਾਨਸਿਕ ਝਟਕੇ ਵਾਲੀ ਸੀ। ਉਸ ਨੂੰ ਇੱਕ ਮੰਤਰੀ ਨੇ ਕਿਹਾ ਕਿ ਫਲਾਣਾ ਬੰਦਾ ਹਵਾਲਾਤ ਵਿਚੋਂ ਕੱਢ ਕੇ ਰਾਤ ਨੂੰ ਘਰ ਭੇਜ ਦਿਓ। ਅੱਗੋਂ ਉਸ ਨੇ ਕਿਹਾ ਕਿ ਉਸ ਬੰਦੇ ਦੇ ਖਿਲਾਫ ਤਾਂ ਕਤਲ ਦਾ ਕੇਸ ਹੈ। ਪੁਲਿਸ ਅਫਸਰ ਦੇ ਦੱਸਣ ਮੁਤਾਬਕ ਅੱਗੋਂ ਉਸ ਨੂੰ ਮੰਤਰੀ ਨੇ ਇਹ ਕਹਿ ਦਿੱਤਾ ਕਿ ਬੰਦਾ ਹੀ ਮਾਰਿਆ ਹੈ, ਹੋਰ ਤਾਂ ਕੁਝ ਨਹੀਂ ਕੀਤਾ। ਕੀ ਬੰਦਾ ਮਾਰਨ ਤੋਂ ਵੱਧ ਵੀ ਕੁਝ ਹੋ ਸਕਦਾ ਹੈ? ਜਿਸ ਦੇਸ਼ ਦੇ ਰਾਜਸੀ ਆਗੂ ਬੰਦਾ ਮਾਰਨ ਵਾਲੇ ਦੀ ਮਦਦ ਲਈ ਵੀ ਸਭ ਹੱਦਾਂ ਉਲੰਘ ਜਾਂਦੇ ਹਨ, ਉਥੇ ਅਦਾਲਤਾਂ ਦਾ ਦਖਲ ਕਿਸੇ ਦਿਨ ਹੋਣਾ ਹੀ ਹੈ।

ਕੇਂਦਰ ਦੇ ਜਿਹੜੇ ਮੰਤਰੀ ਨੇ ਇਹ ਕਿਹਾ ਹੈ ਕਿ ਅਦਾਲਤਾਂ ਹੱਦਾਂ ਉਲੰਘ ਰਹੀਆਂ ਹਨ, ਉਸ ਨੂੰ ਇਹ ਕਹਿਣ ਤੋਂ ਪਹਿਲਾਂ ਇਹ ਸੋਚਣਾ ਚਾਹੀਦਾ ਸੀ ਕਿ ਜਦੋਂ ਤੱਕ ਅਦਾਲਤਾਂ ਨੇ ਦਖਲ ਨਹੀਂ ਸੀ ਦਿੱਤਾ, ਟੂ-ਜੀ ਸਪੈਕਟਰਮ ਵਾਲੇ ਲਾਇਸੈਂਸਾਂ ਦੀ ਵੰਡ ਖੇਡ ਮੇਲੇ ਵਿਚ ਲੁੱਟ ਪੈਣ ਵਾਂਗ ਚੱਲਦੀ ਰਹੀ ਸੀ। ਕੋਲੇ ਦੇ ਸਕੈਂਡਲ ਦੀ ਜਾਂਚ ਉਦੋਂ ਸ਼ੁਰੂ ਹੋਈ ਹੈ, ਜਦੋਂ ਅਦਾਲਤਾਂ ਨੇ ਦਖਲ ਦਿੱਤਾ ਹੈ। ਇਹ ਸਿਰਫ ਹੁਣ ਦੀ ਸਰਕਾਰ ਵੇਲੇ ਨਹੀਂ, ਪਿਛਲੀ ਵਾਜਪਾਈ ਸਰਕਾਰ ਦੇ ਸਮੇਂ ਵੀ ਹੋਇਆ ਸੀ। ਇੱਕ ਵਾਰੀ ਭਾਜਪਾ ਦੀ ਅਗਵਾਈ ਵਾਲੀ ਉਸ ਸਰਕਾਰ ਵੇਲੇ ਬਾਈ ਸੌ ਪੈਟਰੋਲ ਪੰਪ ਤੇ ਗੈਸ ਏਜੰਸੀਆਂ ਦੀ ਅਲਾਟਮੈਂਟ ਦਾ ਰੌਲਾ ਪੈ ਗਿਆ ਸੀ। ਅਦਾਲਤ ਵਿਚ ਜਾ ਕੇ ਸਰਕਾਰ ਫਸ ਗਈ ਤਾਂ ਸਭ ਅਲਾਟਮੈਂਟਾਂ ਨੂੰ ਰੱਦ ਕਰਨਾ ਪੈ ਗਿਆ ਸੀ। ਜਿਹੜੇ ਪੰਪ ਰੱਦ ਕੀਤੇ ਗਏ, ਉਨ੍ਹਾਂ ਵਿਚੋਂ ਭਾਜਪਾ ਦੇ ਇੱਕ ਆਗੂ ਤੇ ਗਵਾਂਢੀ ਰਾਜ ਦੇ ਸਾਬਕਾ ਮੁੱਖ ਮੰਤਰੀ ਦੇ ਪਰਿਵਾਰ ਨੇ ਜਲੰਧਰ ਵਿਚ ਵੀ ਲਾਇਆ ਸੀ, ਜਿਹੜਾ ਚਾਰ ਦਿਹਾੜੇ ਚੱਲਣ ਦੇ ਬਾਅਦ ਬੰਦ ਕਰਨਾ ਪਿਆ ਸੀ। ਅਟਲ ਬਿਹਾਰੀ ਵਾਜਪਾਈ ਨੂੰ ਬੜਾ ਸੁਥਰੇ ਅਕਸ ਵਾਲਾ ਆਗੂ ਕਿਹਾ ਜਾਂਦਾ ਸੀ, ਪਰ ਇੱਕ ਪੰਪ ਉਸ ਦੀ ਲਖਨਊ ਵਾਲੀ ਕੋਠੀ ਦਾ ਸਿਰਨਾਵਾਂ ਦੇ ਕੇ ਉਸ ਦੇ ਇੱਕ ਭਾਣਜੇ ਨੇ ਵੀ ਲੈ ਲਿਆ ਸੀ। ਅਦਾਲਤ ਦੇ ਦਖਲ ਦੇ ਨਾਲ ਉਹ ਵੀ ਰੱਦ ਕਰਨੇ ਪਏ ਸਨ ਅਤੇ ਉਸ ਵੇਲੇ ਦੇ ਜਿਹੜੇ ਆਗੂ ਇਸ ਲਪੇਟ ਵਿਚ ਆਏ ਸਨ, ਉਨ੍ਹਾਂ ਵਿਚ ਭਾਜਪਾ, ਕਾਂਗਰਸ ਤੇ ਕਈ ਹੋਰ ਪਾਰਟੀਆਂ ਦੇ ਵੱਡੇ ਲੋਕ ਵੀ ਸ਼ਾਮਲ ਸਨ।

ਪੰਜਾਬ ਨਾਲ ਸਬੰਧਤ ਇੱਕ ਕੇਸ ਮੋਗੇ ਦੇ ਵਿਧਾਇਕ ਜੁਗਿੰਦਰਪਾਲ ਜੈਨ ਦਾ ਹੈ। ਉਹ ਕਾਂਗਰਸ ਪਾਰਟੀ ਦਾ ਵਿਧਾਇਕ ਹੁੰਦਾ ਸੀ ਤੇ ਲਗਾਤਾਰ ਦੋ ਵਾਰ ਚੁਣਿਆ ਗਿਆ ਸੀ। ਆਪਣੇ ਕਾਰੋਬਾਰ ਦੇ ਸਬੰਧ ਵਿਚ ਉਸ ਦਾ ਮੌਕੇ ਦੀ ਸਰਕਾਰ ਦੇ ਨੇੜੇ ਰਹਿਣਾ ਜ਼ਰੂਰੀ ਸੀ, ਇਸ ਲਈ ਪਿਛਲੀ ਵਾਰ ਚੁਣੇ ਜਾਣ ਪਿੱਛੋਂ ਦਲ-ਬਦਲੀ ਕਰ ਕੇ ਅਕਾਲੀ ਦਲ ਵਿਚ ਚਲਾ ਗਿਆ ਤੇ ਵਿਧਾਨ ਸਭਾ ਤੋਂ ਅਸਤੀਫਾ ਦੇ ਕੇ ਉਹੋ ਸੀਟ ਅਕਾਲੀ ਟਿਕਟ ਉਤੇ ਲੜ ਕੇ ਜਿੱਤ ਲਈ। ਇਹ ਚੋਣ ਜਿੱਤਣ ਤੋਂ ਪਹਿਲਾਂ ਹੀ ਉਸ ਨੂੰ ਅਕਾਲੀ-ਭਾਜਪਾ ਸਰਕਾਰ ਨੇ ਦਲ-ਬਦਲੀ ਦੇ ਸ਼ਗਨ ਵਜੋਂ ਪੰਜਾਬ ਦੀ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਚੇਅਰਮੈਨ ਦਾ ਅਹੁਦਾ ਦੇ ਦਿੱਤਾ ਸੀ।

ਜਦੋਂ ਜੁਗਿੰਦਰਪਾਲ ਜੈਨ ਆਪਣੀ ਜਿੱਤ ਦੀ ਖੁਸ਼ੀ ਮਨਾ ਰਿਹਾ ਸੀ, ਉਦੋਂ ਉਸ ਦੇ ਖਿਲਾਫ ਵੇਅਰਹਾਊਸਿੰਗ ਕਾਰਪੋਰੇਸ਼ਨ ਦੀ ਚੇਅਰਮੈਨੀ ਨੂੰ ਚੁਣੌਤੀ ਦੇਣ ਵਾਸਤੇ ਕਿਸੇ ਨੇ ਅਰਜ਼ੀ ਜਾ ਦਿੱਤੀ। ਸਰਕਾਰ ਨੇ ਕਿਹਾ ਕਿ ਇਸ ਵਿਚ ਕੁਝ ਵੀ ਗਲਤ ਨਹੀਂ ਹੋਇਆ, ਪਰ ਚੁਣੌਤੀ ਦੇਣ ਦੇ ਲਈ ਨੁਕਤਾ ਉਸ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਨਿਯਮਾਂ ਨੂੰ ਬਣਾਇਆ ਗਿਆ ਸੀ, ਜਿਸ ਦੀ ਚੇਅਰੇਮੈਨੀ ਦਾ ਮਾਮਲਾ ਸੀ। ਪੁਰਾਣੇ ਤੇ ਸੀਨੀਅਰ ਡਾਇਰੈਕਟਰ ਬੈਠੇ ਰਹਿ ਗਏ ਤੇ ਜੈਨ ਨੂੰ ਡਾਇਰੈਕਟਰ ਲਾ ਕੇ ਖੜੇ ਪੈਰ ਅਗਲਾ ਕੰਮ ਚੇਅਰਮੈਨੀ ਦੇਣ ਦਾ ਵੀ ਨਾਲ ਹੀ ਕੀਤਾ ਹੋਇਆ ਸੀ। ਇਸ ਨੂੰ ਅਦਾਲਤ ਵਿਚ ਸਹੀ ਸਾਬਤ ਕਰਨਾ ਔਖਾ ਹੋ ਗਿਆ। ਜਦੋਂ ਅਦਾਲਤ ਨੇ ਇਸ ਚੇਅਰਮੈਨੀ ਨੂੰ ਰੱਦ ਕੀਤਾ, ਨਾਲ ਇਸ ਦੇ ਪਿਛੋਕੜ ਨੂੰ ਵੀ ਦਰਜ ਕਰ ਦਿੱਤਾ। ਜੱਜ ਸਾਹਿਬਾਨ ਨੇ ਇਹ ਗੱਲ ਫੈਸਲੇ ਦਾ ਹਿੱਸਾ ਬਣਾਈ ਕਿ ਜਿਸ ਦਿਨ ਜੁਗਿੰਦਰਪਾਲ ਜੈਨ ਨੇ ਕਾਂਗਰਸ ਪਾਰਟੀ ਛੱਡੀ, ਉਸੇ ਦਿਨ ਉਸ ਨੂੰ ਇਹ ਚੇਅਰਮੈਨੀ ਦੇ ਦਿੱਤੀ ਗਈ। ਇਹ ਕੰਮ ਕਰਨ ਲਈ ਕਾਹਲੀ ਏਨੀ ਜ਼ਿਆਦਾ ਸੀ ਕਿ ਉਸ ਦਿਨ ਮੁੱਖ ਮੰਤਰੀ ਬਾਦਲ ਸਾਹਿਬ ਦਿੱਲੀ ਵਿਚ ਸਨ ਅਤੇ ਉਨ੍ਹਾਂ ਦੇ ਪੰਜਾਬ ਆਉਣ ਦੀ ਉਡੀਕ ਵੀ ਨਾ ਕੀਤੀ ਗਈ ਤੇ ਦਿੱਲੀ ਦੇ ਕੈਂਪ ਆਫਿਸ ਤੋਂ ਹੀ ਇਸ ਚੇਅਰਮੈਨੀ ਦੇ ਹੁਕਮ ਜਾਰੀ ਕਰ ਦਿੱਤੇ ਗਏ ਸਨ।

ਬਹੁਤ ਸਾਰੇ ਲੋਕ ਸਮਝਦੇ ਹਨ ਕਿ ਇਹ ਪੰਜਾਬ ਸਰਕਾਰ ਲਈ ਬਹੁਤ ਵੱਡਾ ਝਟਕਾ ਹੈ, ਪਰ ਝਟਕਾ ਇਸ ਨੂੰ ਤਦੇ ਕਿਹਾ ਜਾ ਸਕਦਾ ਹੈ, ਜੇ ਸਰਕਾਰ ਚਲਾਉਣ ਵਾਲਿਆਂ ਨੇ ਇਸ ਨੂੰ ਇਖਲਾਕੀ ਹਾਰ ਮੰਨਣਾ ਹੋਵੇ। ਉਹ ਇਸ ਤਰ੍ਹਾਂ ਦੇ ਝਟਕਿਆਂ ਨੂੰ ਕੋਈ ਖਾਸ ਗੱਲ ਮੰਨਦੇ ਹੀ ਨਹੀਂ। ਇਸੇ ਤਰ੍ਹਾਂ ਦਾ ਇੱਕ ਝਟਕਾ ਪਹਿਲਾਂ ਵੀ ਲੱਗ ਚੁੱਕਾ ਹੈ। ਦੋ ਸਾਲ ਪਹਿਲਾਂ ਅਕਾਲੀ ਦਲ ਦੇ ਇੱਕ ਵਿਧਾਇਕ ਦਾ ਵਿਧਾਨ ਸਭਾ ਤੋਂ ਅਸਤੀਫਾ ਦਿਵਾ ਕੇ ਉਸ ਨੂੰ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦਾ ਚੇਅਰਮੈਨ ਲਾਉਣ ਲਈ ਹੁਕਮ ਜਾਰੀ ਕਰ ਦਿੱਤਾ ਗਿਆ ਸੀ। ਅਜੇ ਉਸ ਨੇ ਸਹੁੰ ਨਹੀਂ ਸੀ ਚੁੱਕੀ ਕਿ ਉਹ ਮਾਮਲਾ ਅਦਾਲਤ ਵਿਚ ਚਲਾ ਗਿਆ ਤੇ ਫਿਰ ਇਹੋ ਜਿਹਾ ਚੱਕਰ ਚੱਲਿਆ ਕਿ ਉਸ ਵਿਧਾਇਕ ਲਈ ਸਾਰੀ ਬਾਜ਼ੀ ਹੀ ਪੁੱਠੀ ਪੈ ਗਈ ਸੀ। ਵਿਧਾਨ ਸਭਾ ਤੋਂ ਅਸਤੀਫਾ ਦਿੱਤਾ ਸੀ, ਅਗਲੀ ਚੋਣ ਵਿਚ ਉਹ ਸੀਟ ਕਿਸੇ ਹੋਰ ਨੂੰ ਮਿਲ ਗਈ ਤੇ ਇਧਰ ਅਦਾਲਤ ਨੇ ਉਸ ਦੀ ਚੇਅਰਮੈਨੀ ਦਾ ਰਾਹ ਇਹੋ ਜਿਹਾ ਰੋਕ ਦਿੱਤਾ ਕਿ ਉਸ ਦੇ ਲਈ 'ਨਾ ਇਧਰ ਕੇ ਰਹੇ, ਨਾ ਉਧਰ ਕੇ ਰਹੇ, ਨਾ ਖੁਦਾ ਹੀ ਮਿਲਾ, ਨਾ ਵਸਾਲੇ ਸਨਮ' ਵਾਲੀ ਹਾਲਤ ਬਣ ਗਈ।

ਇਸ ਵਾਰੀ ਮੋਗੇ ਦੇ ਦਲ-ਬਦਲੂ ਵਿਧਾਇਕ ਜੁਗਿੰਦਰਪਾਲ ਜੈਨ ਦੇ ਮਾਮਲੇ ਵਿਚ ਇਹੋ ਵਾਪਰ ਗਿਆ ਹੈ।

ਜਦੋਂ ਸਰਕਾਰਾਂ ਨੂੰ ਚਲਾਉਣ ਵਾਲੇ ਸਿਆਸੀ ਆਗੂ ਇਸ ਤਰ੍ਹਾਂ ਦੀਆਂ ਮਨ-ਆਈਆਂ ਕਰਨ ਲੱਗ ਗਏ ਹੋਣ, ਉਦੋਂ ਸੁਪਰੀਮ ਕੋਰਟ ਦੇ ਹੁਣ ਆਏ ਦੋਵੇਂ ਆਦੇਸ਼ ਮਾਅਨੇ ਰੱਖਦੇ ਹਨ। ਸਰਕਾਰੀ ਅਧਿਕਾਰੀਆਂ ਦੀ ਨਿਯੁਕਤੀ ਲਈ ਪੱਕੀ ਮਿਆਦ ਵੀ ਹੋਣੀ ਚਾਹੀਦੀ ਹੈ, ਤਾਂ ਕਿ ਉਹ ਹਰ ਪਲ ਕੁਰਸੀ ਖੁੱਸਣ ਦੇ ਡਰ ਹੇਠ ਨਾ ਰਹਿਣ ਤੇ ਅਫਸਰਾਂ ਨੂੰ ਮੌਕੇ ਦੇ ਸਿਆਸੀ ਮਾਲਕਾਂ ਦੇ ਜ਼ਬਾਨੀ ਹੁਕਮਾਂ ਤੋਂ ਮੁਕਤੀ ਵੀ ਮਿਲਣੀ ਚਾਹੀਦੀ ਹੈ। ਸਿਆਸੀ ਆਗੂਆਂ ਦੀ ਕੌੜ ਹੀ ਦੱਸਦੀ ਹੈ ਕਿ ਉਹ ਨੇਮ-ਕਾਨੂੰਨ ਤੋੜਨਾ ਵੀ ਆਪਣਾ ਹੱਕ ਸਮਝਣ ਲੱਗੇ ਹਨ। ਅਫਸਰ ਸਰਕਾਰ ਵੱਲੋਂ ਲਾਏ ਲੋਕ-ਸੇਵਕ ਹੁੰਦੇ ਹਨ, ਕਿਸੇ ਦੇ ਨਿੱਜੀ ਨੌਕਰ ਨਹੀਂ। ਅੰਜਾਮ ਦਾ ਤਾਂ ਪਤਾ ਨਹੀਂ, ਪਰ ਆਗਾਜ਼ ਇਹ ਅੱਛਾ ਹੋਇਆ ਹੈ।

Freeway Travel Inc
ਸਸਤੀਆਂ ਟਿਕਟਾਂ, ਖਰਾ ਸੌਦਾ,
ਬਿਹਤਰ ਸਰਵਿਸ
Call Raju
Tel: 773-973-0200
Fax: 773-973-0557
2542 W Devon Ave. Chicago IL 60659



ਜਾਇਦਾਦ ਦੀ ਖਰੀਦ-ਵੇਚ
ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ
ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ
ਖਰੀਦ-ਵੇਚ ਲਈ ਸੰਪਰਕ ਕਰੋ
ਪੁਨੀਆ ਰੀਅਲ ਅਸਟੇਟ:94173-34049
ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

Desi Bazar
916 E. Main Street #118, Greenwood, IN, 46143
Tel: 317-888-2040, Fax: 317-887-6116
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਰੇਸ਼ਮਾ ਦੀ ਲੰਬੀ ਜੁਦਾਈ...







ਲੱਖਾਂ ਭਾਰਤੀ, ਪਾਕਿਸਤਾਨੀ ਅਤੇ ਸੰਸਾਰ ਦੇ ਕੋਨੇ ਵਿਚ ਵੱਸਦੇ ਸੰਗੀਤ ਪ੍ਰੇਮੀਆਂ ਦੀ ਚਹੇਤੀ ਪਾਕਿਸਤਾਨੀ ਗਾਇਕਾ ਰੇਸ਼ਮਾ ਲੰਬੀ ਬਿਮਾਰੀ ਪਿੱਛੋਂ ਐਤਵਾਰੀਂ, ਦੀਵਾਲੀ ਦਿਨ ਲਾਹੌਰ ਵਿਚ ਦਮ ਤੋੜ ਗਈ। ਉਹਨੂੰ ਗਲੇ ਦਾ ਕੈਂਸਰ ਸੀ। 66 ਸਾਲਾ ਰੇਸ਼ਮਾ 'ਲੰਬੀ ਜੁਦਾਈ' ਅਤੇ 'ਦਮਾ ਦਮ ਮਸਤ ਕਲੰਦਰ' ਵਰਗੇ ਸਦਾ ਬਹਾਰ ਗੀਤਾਂ ਸਦਕਾ ਸੰਗੀਤ ਪ੍ਰੇਮੀਆਂ ਦੇ ਦਿਲਾਂ ਵਿਚ ਵਸਦੀ ਰਹੇਗੀ। ਰੇਸ਼ਮਾ ਦਾ ਜਨਮ ਰਾਜਸਥਾਨ ਵਿਚ ਬੀਕਾਨੇਰ ਵਿਖੇ ਵਣਜਾਰਾ ਕਬੀਲੇ ਵਿਚ ਹੋਇਆ ਸੀ। ਉਹ ਲਾਹੌਰ ਦੇ ਇਕ ਹਸਪਤਾਲ ਵਿਚ ਤਕਰੀਬਨ ਇਕ ਮਹੀਨੇ ਤੋਂ ਕੋਮਾ ਵਿਚ ਸੀ। ਕਈ ਸਾਲ ਪਹਿਲਾਂ ਉਸ ਨੂੰ ਕੈਂਸਰ ਹੋਣ ਦਾ ਪਤਾ ਲੱਗਿਆ ਸੀ। ਰੇਸ਼ਮਾ ਦਾ ਪਰਿਵਾਰ ਮੁਲਕ ਦੀ ਵੰਡ ਪਿੱਛੋਂ ਕਰਾਚੀ ਚਲਾ ਗਿਆ ਸੀ ਪਰ ਉਹ ਸਰਹੱਦਾਂ ਨੂੰ ਨਹੀਂ ਸੀ ਮੰਨਦੀ। ਉਹ ਅਕਸਰ ਕਹਿੰਦੀ ਸੀ, "ਸਰਹੱਦਾਂ ਮੇਰੇ ਲਈ ਕੋਈ ਮਾਅਨੇ ਨਹੀਂ ਰੱਖਦੀਆਂ... ਕਲਾਕਾਰ ਸਭ ਦੇ ਸਾਂਝੇ ਹੁੰਦੇ ਹਨ।" ਉਹ ਭਾਰਤੀਆਂ ਦੇ ਆਪਣੇ ਲਈ ਪਿਆਰ ਦੀ ਬਹੁਤ ਕਦਰ ਕਰਦੀ ਸੀ ਅਤੇ ਅਕਸਰ ਆਖਦੀ ਸੀ, "ਭਾਰਤੀ ਲੋਕ ਮੈਨੂੰ ਬਹੁਤ ਚਾਹੁੰਦੇ ਹਨ। ਪਾਕਿਸਤਾਨੀ ਮੇਰੀ ਇੱਜ਼ਤ ਕਰਦੇ ਹਨ ਪਰ ਭਾਰਤੀ ਮੈਨੂੰ ਪਿਆਰ ਨਾਲ ਸੁਣਦੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਮੈਂ ਪਾਕਿਸਤਾਨੀ ਹਾਂ।" ਸੰਗੀਤ ਦੀ ਦੁਨੀਆਂ ਵਿਚ ਉਹਨੂੰ 'ਰੇਗਿਸਤਾਨ ਦੀ ਕੋਇਲ' ਵਜੋਂ ਵੀ ਕਿਹਾ ਜਾਂਦਾ ਹੈ।

1992 ਵਿਚ ਜਦੋਂ ਜਨੂੰਨੀਆਂ ਨੇ ਬਾਬਰੀ ਮਸਜਿਦ ਢਾਹ ਦਿੱਤੀ ਸੀ ਤਾਂ ਉਹ ਬਹੁਤ ਭਾਵੁਕ ਹੋ ਗਈ ਸੀ। ਉਸ ਨੂੰ ਕਿਸੇ ਪੱਤਰਕਾਰ ਨੇ ਰਤਾ ਕੁ ਲਮਕਾ ਕੇ ਜਦੋਂ ਪੁੱਛਿਆ ਕਿ 'ਹੁਣ ਵੀ ਉਹ ਭਾਰਤ ਜਾਣ ਦੀ ਇੱਛਾ ਰੱਖਦੀ ਹੈ' ਤਾਂ ਰੇਸ਼ਮਾ ਨੇ ਕਿਹਾ ਸੀ- 'ਹੁਣ ਮੈਂ ਕਦੀ ਭਾਰਤ ਨਹੀਂ ਜਾਵਾਂਗੀ'। ਪਰ ਬਾਅਦ ਵਿਚ ਉਹ ਭਾਰਤ ਪੁੱਜੀ ਅਤੇ ਬਾਕਾਇਦਾ ਗਾਇਆ। ਅਸਲ ਵਿਚ ਉਸ ਨੂੰ ਪਤਾ ਲੱਗ ਗਿਆ ਸੀ ਕਿ ਮਸਜਿਦ ਢਾਹੁਣ ਵਾਲੇ ਕੌਣ ਲੋਕ ਹਨ ਅਤੇ ਉਸ ਨੂੰ ਅੱਖਾਂ ਦੀਆਂ ਪਲਕਾਂ ਉਤੇ ਬਿਠਾਉਣ ਵਾਲੇ ਕੌਣ ਹਨ!

ਰਾਜਸਥਾਨ ਵਿਚ ਬੀਕਾਨੇਰ (ਉਸ ਵੇਲੇ ਦੀ ਰਿਆਸਤ) ਦੇ ਪਿੰਡ ਲੋਹਗੜ੍ਹ ਵਿਚ ਪੈਦਾ ਹੋਣ ਵਾਲੀ ਵਣਜਾਰੇ ਕਬੀਲੇ ਦੀ ਇਹ ਬਾਲੜੀ 1947 ਦੇ ਮੁਢਲੇ ਦਿਨਾਂ ਵਿਚ ਦੇਸ਼ ਵੰਡ ਸਮੇਂ ਪਾਕਿਸਤਾਨ ਚਲੀ ਗਈ ਸੀ। ਪਿਤਾ ਹਾਜ਼ੀ ਮੁਹੰਮਦ ਮੁਸ਼ਤਾਕ ਉਠਾਂ ਦੇ ਵਪਾਰੀ ਸਨ। ਘੁੰਮਦੇ-ਫਿਰਦਿਆਂ ਰੇਸ਼ਮਾ ਨੂੰ ਪਤਾ ਹੀ ਨਹੀਂ ਲੱਗਿਆ ਕਿ ਉਹ ਕਿਵੇਂ ਅਤੇ ਕਦੋਂ ਸੁਰ ਲਾਉਣ ਲੱਗ ਪਈ। 12 ਵਰ੍ਹਿਆਂ ਦੀ ਉਮਰ ਵਿਚ ਰੇਸ਼ਮਾ ਨੇ ਸ਼ਹਿਬਾਜ਼ ਕਲੰਦਰ ਦੀ ਮਜ਼ਾਰ 'ਤੇ ਪਹਿਲਾ ਗੀਤ ਗਾਇਆ। ਇਹ ਗੀਤ ਸੁਣ ਕੇ ਰੇਡੀਓ ਪਾਕਿਸਤਾਨ ਦੇ ਪ੍ਰੋਡਿਊਸਰ ਸਲੀਮ ਗਿਲਾਨੀ ਨੇ ਉਸ ਨੂੰ ਤੁਰੰਤ ਸਟੂਡੀਓ ਬੁਲਾ ਕੇ ਕਰਾਚੀ ਰੇਡੀਓ ਤੋਂ ਨਸ਼ਰ ਕੀਤਾ। ਬੱਸ ਉਸੇ ਦਿਨ ਚਾਰੇ ਪਾਸੇ ਰੇਸ਼ਮਾ ਦੀਆਂ ਧੁੰਮਾਂ ਪੈ ਗਈਆਂ। ਰੇਸ਼ਮਾ ਦੀ ਆਵਾਜ਼ ਝਰਨੇ ਅਤੇ ਸ਼ਹਿਦ ਘੁਲੇ ਪਾਣੀ ਵਰਗੀ ਸੀ।

ਰੇਸ਼ਮਾ ਨੇ ਨਾ ਕੇਵਲ ਪੰਜਾਬੀ ਫ਼ਿਲਮਾਂ ਲਈ ਹੀ ਗਾਇਆ ਬਲਕਿ ਬਾਲੀਵੁੱਡ ਵਿਚ ਵੀ ਆਪਣੀ ਛਾਪ ਛੱਡੀ। ਭਾਰਤੀ ਅਤੇ ਪਾਕਿਸਤਾਨੀ ਫ਼ਿਲਮਾਂ ਵਿਚ ਉਸ ਦੀ ਗਾਇਕੀ ਦਾ ਜਾਦੂ ਲੰਮਾ ਸਮਾਂ ਸਿਰ ਚੜ੍ਹ ਕੇ ਬੋਲਦਾ ਰਿਹਾ। ਰਾਜ ਕਪੂਰ ਦੀ ਫ਼ਿਲਮ 'ਬੌਬੀ' ਅਤੇ ਸੁਭਾਸ਼ ਘਈ ਦੀ ਫ਼ਿਲਮ 'ਹੀਰੋ' ਵਿਚ ਗੀਤ ਗਾ ਕੇ ਉਸ ਨੇ ਆਪਣੀ ਹਸਤੀ ਦਾ ਲੋਹਾ ਮਨਵਾਇਆ। 'ਹਾਏ ਓਏ ਰੱਬਾ ਨਹੀਂ ਲੱਗਦਾ ਦਿਲ ਮੇਰਾ', 'ਅੱਖੀਆਂ ਨੂੰ ਰਹਿਨੇ ਦੇ ਅੱਖੀਆਂ ਦੇ ਕੋਲ-ਕੋਲ', 'ਸੁਣ ਚਰਖੇ ਦੀ ਮਿੱਠੀ-ਮਿੱਠੀ ਘੂਕ', 'ਆਸ਼ਕਾਂ ਦੀ ਗਲੀ ਚ ਮੁਕਾਮ ਦੇ ਗਿਆ' ਅਤੇ 'ਵੇ ਮੈਂ ਚੋਰੀ-ਚੋਰੀ' ਆਦਿ ਸੈਂਕੜੇ ਗੀਤ ਗਾ ਕੇ ਰੇਸ਼ਮਾ ਸਰੋਤਿਆਂ ਦੇ ਦਿਲਾਂ ਵਿਚ ਵਸ ਗਈ ਸੀ। 'ਛੱਲਾ' ਭਾਵੇਂ ਹੁਣ ਤਕ ਸੈਂਕੜੇ ਕਲਾਕਾਰਾਂ ਨੇ ਗਾਇਆ ਹੈ, ਪਰ ਕੋਈ ਵੀ ਰੇਸ਼ਮਾ ਦੇ ਗਾਏ ਛੱਲੇ ਦੇ ਬਰਾਬਰ ਨਹੀਂ ਪਹੁੰਚ ਸਕਿਆ।

ਜਦੋਂ ਉਹ ਅਮਰੀਕਾ 'ਚ ਗਾ ਰਹੀ ਸੀ ਤਾਂ ਪਹਿਲੀ ਵਾਰੀ ਖ਼ੂਨ ਦੀ ਉਲਟੀ ਨਾਲ ਉਹਨੂੰ ਕੈਂਸਰ ਦਾ ਪਤਾ ਲੱਗਾ ਪਰ ਉਸ ਦਾ ਸਿਰੜ ਐਨਾ ਸੀ ਕਿ ਉਹ ਆਖ਼ਰੀ ਸਾਹਾਂ ਅਤੇ ਕੋਮਾ ਵਿਚ ਜਾਣ ਤੋਂ ਪਹਿਲਾਂ ਤਕ ਗਾਉਂਦੀ ਰਹੀ। ਰੇਸ਼ਮਾ ਦੀ ਗਾਇਕੀ ਸ਼ਾਂਤੀ, ਧੀਰਜ ਤੇ ਪਿਆਰ ਦਾ ਪ੍ਰਤੀਕ ਸੀ। ਉਹ ਰੇਗਿਸਤਾਨ ਦਾ ਸੁਨਹਿਰੀ ਫੁੱਲ ਸੀ ਜੋ ਥਾਰ ਦੇ ਰੇਗਿਸਤਾਨ ਵਿਚ ਖਿੜਿਆ ਅਤੇ ਪੂਰੀ ਦੁਨੀਆਂ ਨੂੰ ਆਪਣੀ ਖੁਸ਼ਬੂ ਨਾਲ ਸਰਸ਼ਾਰ ਕਰ ਗਿਆ। ਸਾਲ 2003 ਵਿਚ ਬਹੁਤ ਵਰ੍ਹਿਆਂ ਬਾਅਦ ਜਦੋਂ ਉਹਨੇ ਪਹਿਲੀ ਵਾਰੀ ਜੈਪੁਰ ਵਿਚ ਹੋਏ 'ਲਾਈਵ ਮਿਊਜ਼ਿਕ ਕੰਸਰਟ' ਵਿਚ ਗਾਇਆ, ਬੱਸ ਕਮਾਲ ਹੀ ਸੀ। 'ਪਧਾਰੋ ਮਹਾਰੇ ਦੇਸ' ਅਤੇ 'ਕੇਸਰੀਆ ਬਾਲਮ' ਨੂੰ ਸੁਣਨ ਵਾਲਿਆਂ ਨੇ ਦਿਲ 'ਤੇ ਹੱਥ ਰੱਖ ਕੇ ਉਹਨੂੰ ਸੁਣਿਆ। ਸਿਖ਼ਰ 'ਤੇ ਪਹੁੰਚ ਕੇ ਸਾਦਗੀ ਅਤੇ ਆਪਣਾਪਣ ਕੀ ਹੁੰਦਾ ਹੈ, ਇਹ ਰੇਸ਼ਮਾ ਦੀ ਆਵਾਜ਼ ਦਾ ਜਾਦੂ ਤੇ ਉਸ ਦੀ ਖ਼ਣਕ ਦਾ ਕਮਾਲ ਸੀ। ਰੇਸ਼ਮਾ ਰੇਸ਼ਮਾ ਸੀ। ਕੋਈ ਉਸ ਵਰਗਾ ਨਹੀਂ। ਉਹ ਆਪਣੀ ਮਿਸਾਲ ਆਪ ਸੀ।







ਪੰਜਾਬ ਟਾਈਮਜ਼

*ਸਨਿਚਰਵਾਰ, 9 ਨਵੰਬਰ, 2013*

## ਪੰਜਾਬ ਦੀ ਜਾਇਦਾਦ

ਲੀਡਰਾਂ ਦੀ ਜਾਇਦਾਦ ਦੇ ਮਾਮਲੇ ਨੇ ਪੰਜਾਬ ਵਿਚ ਵਾਹਵਾ ਗਾਹ ਪਾਇਆ ਹੋਇਆ ਹੈ। ਪਹਿਲਾਂ ਮੁੱਖ ਸਿਆਸੀ ਪਾਰਟੀਆਂ ਦੇ ਲੀਡਰਾਂ ਨੇ ਪ੍ਰੈਸ ਕਾਨਫਰੰਸਾਂ ਰਾਹੀਂ ਮੀਡੀਆ ਵਿਚ ਖੂਬ ਭੜਥੂ ਪਾਇਆ ਅਤੇ ਫਿਰ ਪੰਜਾਬ ਵਿਧਾਨ ਸਭਾ ਜਿਥੇ ਲੋਕਾਂ ਦੀਆਂ ਔਕੜਾਂ ਬਾਰੇ ਗੱਲਾਂ ਹੋਣੀਆਂ ਚਾਹੀਦੀਆਂ ਹਨ, ਉਥੇ ਕਾਂਵਾਂ-ਰੌਲੀ ਪਾਈ ਰੱਖੀ। ਇਕ-ਦੂਜੇ ਉਤੇ ਦੂਸ਼ਣਬਾਜ਼ੀ ਦਾ ਸਿਰਾ ਹੀ ਲਾ ਦਿੱਤਾ। ਜਸਟਿਸ ਕੁਲਦੀਪ ਸਿੰਘ ਦੀ ਜ਼ਮੀਨਾਂ ਹੜੱਪਣ ਬਾਰੇ ਤਿਆਰ ਕੀਤੀ ਰਿਪੋਰਟ ਨੂੰ ਆਧਾਰ ਬਣਾ ਕੇ ਇਕ-ਦੂਜੇ ਨੂੰ ਰਗੜੇ ਲਾਉਣ ਦੇ ਯਤਨ ਕੀਤੇ; ਹਾਲਾਂਕਿ ਸੱਚਾਈ ਇਹ ਸੀ ਕਿ ਇਸ ਰਿਪੋਰਟ ਵਿਚ ਦੋਹਾਂ ਧਿਰਾਂ ਦੇ ਲੀਡਰਾਂ ਵੱਲੋਂ ਹੜੱਪੀ ਜ਼ਮੀਨ ਦੇ ਵੇਰਵੇ ਬੜੇ ਵਿਸਥਾਰ ਨਾਲ ਦਿੱਤੇ ਗਏ ਹਨ, ਪਰ ਦੋਹਾਂ ਧਿਰਾਂ ਨੇ ਵਿਰੋਧੀ ਧਿਰ ਨਾਲ ਸਬੰਧਤ ਲੀਡਰਾਂ ਜਾਂ ਨੇੜਲੇ ਨੌਕਰਸ਼ਾਹਾਂ ਦੇ ਵੇਰਵੇ ਹੀ ਇਸ ਰਿਪੋਰਟ ਵਿਚੋਂ ਨਸ਼ਰ ਕੀਤੇ। ਇਸ ਰਿਪੋਰਟ ਵਿਚ ਚੰਡੀਗੜ੍ਹ ਦੇ ਆਲੇ-ਦੁਆਲੇ, ਧਨਾਢਾਂ ਵੱਲੋਂ ਹੜੱਪੀ ਗਈ ਜ਼ਮੀਨ ਬਾਰੇ ਪੁਣ-ਛਾਣ ਕੀਤੀ ਗਈ ਹੈ। ਅਜਿਹਾ ਸ਼ਾਇਦ ਪਹਿਲੀ ਵਾਰ ਹੀ ਹੋਇਆ ਹੋਵੇਗਾ ਕਿ ਇਕੋ ਰਿਪੋਰਟ ਨੂੰ ਆਧਾਰ ਬਣਾ ਕੇ ਇਉਂ ਸਿਆਸਤ ਦੀਆਂ ਭੰਬੀਰੀਆਂ ਘੁਮਾਈਆਂ ਗਈਆਂ ਹੋਣ। ਇਸ ਰਿਪੋਰਟ ਵਿਚੋਂ ਮਨ-ਮਰਜ਼ੀ ਦੇ ਹਿਸਾਬ ਨਾਲ ਤੱਥ ਲੈ ਕੇ ਇਕ-ਦੂਜੇ ਖਿਲਾਫ ਮੋਰਚਾ ਬੰਨ੍ਹਿਆ ਗਿਆ। ਇਸ ਲਿਹਾਜ਼ ਨਾਲ ਤਾਂ ਇਸ ਰਿਪੋਰਟ ਦਾ ਅਸਲ ਮਕਸਦ ਹੀ ਕਿਤੇ ਦਰਕਿਨਾਰ ਹੋ ਗਿਆ। ਇਸ ਵਾਰ ਇਹ ਕਹਾਣੀ ਸੰਸਦੀ ਸਕੱਤਰ ਐਨ.ਕੇ. ਸ਼ਰਮਾ ਵੱਲੋਂ ਸਰਕਾਰੀ ਖਜ਼ਾਨੇ ਨੂੰ ਲਾਏ ਕਰੋੜਾਂ ਦੇ ਰਗੜੇ ਬਾਰੇ ਕੀਤੇ ਖੁਲਾਸੇ ਨਾਲ ਸ਼ੁਰੂ ਹੋਈ ਸੀ। ਉਨ੍ਹਾਂ ਉਸੇ ਦਿਨ ਉਸੇ ਵਕਤ ਪ੍ਰੈਸ ਕਾਨਫਰੰਸ ਕਰ ਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੇ ਪੋਤੜੇ ਫਰੋਲ ਸੁੱਟੇ। ਗੌਲਣ ਵਾਲੀ ਗੱਲ ਇਹ ਸੀ ਕਿ ਸਾਰੀਆਂ ਧਿਰਾਂ ਨੂੰ ਇਸ ਹੇਰਾਫੇਰੀ ਬਾਰੇ ਪਹਿਲਾਂ ਹੀ ਤੱਥਾਂ ਸਹਿਤ ਪੂਰਾ ਇਲਮ ਸੀ ਪਰ ਉਦੋਂ ਤੱਕ ਖਾਮੋਸ਼ੀ ਹੀ ਧਾਰਨ ਕੀਤੀ ਗਈ ਜਦੋਂ ਤੱਕ ਹਮਲਾ ਨਹੀਂ ਹੋ ਗਿਆ। ਖੈਰ! ਇਕ ਵਾਰ ਲੱਗਿਆ ਇਹ ਪਲੀਤਾ ਹੁਣ ਬੁਝਣ ਦਾ ਨਾਂ ਨਹੀਂ ਲੈ ਰਿਹਾ। ਉਂਜ ਇਸ ਸਾਰੇ ਕਾਂਡ ਬਾਰੇ ਇਹ ਗੱਲ ਬੜੀ ਦਿਲਚਸਪ ਹੈ ਕਿ ਬਾਦਲ ਇਸ ਰਾਮ-ਰੌਲੇ ਵਿਚੋਂ ਲਾਂਭੇ-ਲਾਂਭੇ ਲੰਘ ਗਏ ਹਨ ਸਗੋਂ ਉਨ੍ਹਾਂ ਨੂੰ ਇਸ ਕਾਂਵਾਂ-ਰੌਲੀ ਦਾ ਸਿਆਸੀ ਫਾਇਦਾ ਹੀ ਹੋਇਆ ਹੈ। ਇਕ ਪਾਸੇ ਤਾਂ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਚੰਗਾ ਮਾਂਜਾ ਲੱਗ ਗਿਆ ਹੈ, ਦੂਜੇ ਪਾਸੇ ਐਨ.ਕੇ. ਸ਼ਰਮਾ ਜਿਸ ਤਰ੍ਹਾਂ ਅਕਾਲੀ ਦਲ ਵਿਚ ਤੇਜ਼ੀ ਨਾਲ ਆਪਣੇ ਖੰਭ ਫੈਲਾ ਰਿਹਾ ਸੀ, ਉਸ ਦੇ ਇਹ ਖੰਭ ਰਤਾ ਕੁ ਝੜ ਗਏ ਹਨ। ਹਾਂ! ਇਸ ਸਿਲਸਿਲੇ ਵਿਚ ਇਕ ਗੱਲ ਚੰਗੀ ਹੋਈ ਹੈ ਕਿ ਇਨ੍ਹਾਂ ਲੀਡਰਾਂ ਵੱਲੋਂ ਜ਼ਮੀਨਾਂ ਹੜੱਪਣ ਦੀਆਂ ਕਹਾਣੀਆਂ ਵੱਡੇ ਪੱਧਰ ਉਤੇ ਮੀਡੀਆ ਵਿਚ ਨਸ਼ਰ ਹੋਣੀਆਂ ਸ਼ੁਰੂ ਹੋ ਗਈਆਂ। ਹੁਣ ਨਿੱਤ ਨਵੇਂ ਖੁਲਾਸੇ ਹੋ ਰਹੇ ਹਨ ਕਿ ਕਿਸ ਲੀਡਰ ਜਾਂ ਅਫਸਰ ਨੇ ਕਿੰਨੀ ਸਰਕਾਰੀ ਜਾਂ ਸਾਂਝੀ ਜ਼ਮੀਨ ਉਤੇ ਕਬਜ਼ਾ ਕੀਤਾ ਹੋਇਆ ਹੈ ਅਤੇ ਕਿਸ ਤਰ੍ਹਾਂ ਇਹ ਕਬਜ਼ੇ ਬਰਕਰਾਰ ਰੱਖਣ ਲਈ ਜਾਂ ਤਾਂ ਮਰਜ਼ੀ ਦੇ ਅਫਸਰਾਂ ਦੀ ਹੌਸਲਾ-ਅਫਜ਼ਾਈ; ਤੇ ਜਾਂ ਫਿਰ ਛੋਟੇ ਅਫਸਰਾਂ ਦੇ ਨੱਕ ਵਿਚ ਦਮ ਕਰ ਰਹੇ ਹਨ।

ਅਸਲ ਵਿਚ ਪੰਜਾਬ ਦੀ ਸਿਆਸਤ ਵਿਚ ਪਿਛਲੇ ਕੁਝ ਸਾਲਾਂ ਤੋਂ ਜਿਸ ਤਰ੍ਹਾਂ ਜਾਇਦਾਦ ਦੇ ਵਪਾਰੀਆਂ ਦੀ ਘੁਸਪੈਠ ਹੋਈ ਹੈ, ਉਸ ਨੇ ਸਿਆਸਤ ਦਾ ਮੂੰਹ-ਮੁਹਾਂਦਰਾ ਹੀ ਬਦਲ ਦਿੱਤਾ ਹੈ। ਇਕ ਪਾਸੇ ਪੈਸੇ ਦੇ ਜ਼ੋਰ ਪ੍ਰਾਪਰਟੀ ਡੀਲਰ, ਸਿਆਸੀ ਲੀਡਰ ਬਣ ਗਏ ਹਨ ਅਤੇ ਦੂਜੇ ਪਾਸੇ ਸਿਆਸੀ ਲੀਡਰਾਂ ਨੇ ਪ੍ਰਾਪਰਟੀ ਡੀਲਰਾਂ ਵਾਲਾ ਕੰਮ ਛੇੜ ਲਿਆ ਹੈ। ਸਿਆਸੀ ਲੀਡਰਾਂ ਤਾਂ ਹੁਣ ਇਸ ਖੇਤਰ ਤੋਂ ਵੀ ਪਾਰ ਜਾ ਚੁੱਕੇ ਹਨ। ਨਤੀਜਾ ਇਹ ਨਿਕਲਿਆ ਹੈ ਕਿ ਹਰ ਕਾਰੋਬਾਰ ਉਤੇ ਸਿਆਸੀ ਲੀਡਰਾਂ ਦੀ ਮੋਹਰ-ਛਾਪ ਲੱਗਣੀ ਸ਼ੁਰੂ ਹੋ ਗਈ ਹੈ। ਅਗਾਂਹ ਇਸ ਕੰਮ ਵਿਚ ਸਰਕਾਰੀ ਅਫਸਰ ਇਨ੍ਹਾਂ ਦੀ ਹਰ ਤਰ੍ਹਾਂ ਦੀ ਮੱਦਦ ਕਰ ਰਹੇ ਹਨ। ਸੱਤਾ, ਸਿਆਸਤ, ਜਾਇਦਾਦ ਦਾ ਇਹ ਸਿਲਸਿਲਾ ਅਗਾਂਹ ਨਸ਼ਿਆਂ ਦੇ ਕਾਰੋਬਾਰ ਅਤੇ ਅਪਰਾਧ ਜਗਤ ਨਾਲ ਜਾ ਜੁੜਿਆ ਹੈ। ਇਹ ਰਿਸ਼ਤੇ ਇੰਨੇ ਪੀਡੇ ਬਣੇ ਹਨ ਕਿ ਆਮ ਆਦਮੀ ਦੀ ਵੁਕਅਤ ਹੁਣ ਕੁਝ ਵੀ ਨਹੀਂ ਰਹਿ ਗਈ। ਰੁਟੀਨ ਵਿਚ ਹੋਣ ਵਾਲਾ ਹਰ ਕੰਮ ਵੀ ਬਰਾਸਤਾ ਸਿਆਸਤ ਹੋ ਰਿਹਾ ਹੈ। ਇਸ ਤਰ੍ਹਾਂ ਦੀ ਆਪਾ-ਧਾਪੀ ਪੰਜਾਬ ਵਿਚ ਪਹਿਲੀ ਵਾਰ ਹੀ ਦੇਖਣ ਨੂੰ ਮਿਲ ਰਹੀ ਹੈ। ਹਰ ਮੋੜ ਉਤੇ ਦਲਾਲ ਡਟਿਆ ਨਜ਼ਰ ਆਉਂਦਾ ਹੈ। ਬੁਨਿਆਦੀ ਸਹੂਲਤਾਂ ਤੱਕ ਨੂੰ ਇਹ ਗ੍ਰਹਿਣ ਲੱਗ ਗਿਆ ਹੈ। ਕਿਸੇ ਹਸਪਤਾਲ, ਥਾਣੇ-ਕਚਹਿਰੀ ਜਾਂ ਕਿਸੇ ਹੋਰ ਦਫਤਰ ਵਿਚ ਆਮ ਬੰਦਾ ਇਕੱਲਿਆਂ ਪੈਰ ਪਾਉਣ ਤੋਂ ਵੀ ਭੈਅ ਖਾਣ ਲੱਗ ਪਿਆ ਹੈ। ਅਜਿਹਾ ਸਾਰਾ ਕੁਝ ਹੋਣ/ਵਾਪਰਨ ਦਾ ਸਿਰਫ ਇਕ ਹੀ ਕਾਰਨ ਹੈ ਕਿ ਪੰਜਾਬ ਦੀ ਸਿਆਸਤ ਵਿਚੋਂ ਕਣ ਵਾਲੀ ਸਿਆਸਤ ਖੁਰ ਗਈ ਹੈ। ਚਿਰਾਂ ਤੋਂ ਕਿਸੇ ਵੀ ਪਾਸਿਉਂ ਮਿਸਾਲੀ ਲੀਡਰ ਦੀ ਆਮਦ ਨਹੀਂ ਹੋਈ ਅਤੇ ਨਾ ਹੀ ਉਸ ਪੱਧਰ ਦੀ ਕੋਈ ਸਰਗਰਮੀ ਹੋਈ ਹੈ। ਸਿਆਸਤ ਦੇ ਪਿੜ ਵਿਚ ਘਰ ਬਣਾ ਕੇ ਬੈਠ ਗਈ ਇਸ ਸਿਥਲਤਾ ਨੇ ਲੋਕਾਂ ਨੂੰ ਆਪਣੇ-ਆਪ ਤੱਕ ਸੀਮਤ ਕਰ ਲਿਆ ਹੈ। ਹਰ ਗੱਲ ਅਤੇ ਵਸਤ ਪੈਸੇ ਨਾਲ ਤੁਲ ਰਹੀ ਹੈ। ਸਿਤਮਜ਼ਰੀਫੀ ਤਾਂ ਇਹ ਵੀ ਹੈ ਕਿ ਹਰ ਸਮਾਜਕ ਅਤੇ ਧਾਰਮਿਕ ਸੰਸਥਾ ਇਸ ਨਿੱਘਰੀ ਹੋਈ ਸਿਆਸਤ ਦੀ ਬਾਂਦੀ ਬਣ ਕੇ ਰਹਿ ਗਈ ਹੈ। ਨੈਤਿਕਤਾ ਤਾਂ ਮਾਨੋ ਖੰਭ ਲਾ ਕੇ ਹੀ ਉਡ ਗਈ ਹੈ। ਖੌਰੇ ਇਸੇ ਕਰ ਕੇ ਹੀ ਮੀਡੀਆ ਵਿਚ ਇਸ ਨਿੱਘਰੀ ਸਿਆਸਤ ਦੀ ਗਾਹੇ-ਬਗਾਹੇ ਹੋ ਰਹੀ ਚਰਚਾ ਦੇ ਬਾਵਜੂਦ ਕਿਤੇ ਕੋਈ ਅਸਰ ਦਿਖਾਈ ਨਹੀਂ ਦੇ ਰਿਹਾ। ਇਸੇ ਕਰ ਕੇ ਇੰਨੀ ਤਰਥਲੀ ਮਚਣ ਦੇ ਬਾਵਜੂਦ ਪਰਨਾਲਾ ਉਥੇ ਦਾ ਉਥੇ ਹੀ ਹੈ। ਰਤਾ ਕੁ ਵਧ ਕੇ ਸੱਚੀ ਗੱਲ ਕਹਿਣੀ ਹੋਵੇ ਤਾਂ ਇਹੀ ਹੈ ਕਿ ਕਦੇ-ਕਦਾਈਂ ਪਿਆ ਇਸ ਤਰ੍ਹਾਂ ਦਾ ਰੌਲਾ-ਰੱਪਾ ਲੋਕਾਂ ਦੇ ਦਿਲ-ਧਰਾਵੇ ਦਾ ਕੰਮ ਕਰ ਜਾਂਦਾ ਹੈ। ਜ਼ਾਹਿਰ ਹੈ ਕਿ ਜਾਇਦਾਦਾਂ ਦੇ ਇਸ ਕਾਰੋਬਾਰ ਵਿਚ ਪੰਜਾਬ ਦੀ ਅਸਲ ਬੌਧਿਕ ਜਾਇਦਾਦ ਨਿੱਤ ਦਿਨ ਖੂੰਢੀ ਕੀਤੀ ਜਾ ਰਹੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਹਾਲਾਤ-ਏ-ਅਮਰੀਕਾ!*

ਪੂੰਜੀ-ਪਤੀ ਜੋ ਦੁਨੀਆਂ ਦਾ ਇਕ ਨੰਬਰ, ਉਹ ਵੀ ਆ ਗਿਆ ਮੰਦੇ ਦੀ ਮਾਰ ਅੰਦਰ।
ਠਾਣੇਦਾਰੀ ਜੋ ਕਰਦਾ ਏ ਬਾਹਰ ਜਾ ਜਾ, ਪਿਆ ਤੱਕਦਾ ਸਾਹਵੇਂ ਤਕਰਾਰ ਅੰਦਰ।
ਬਿਜਨਸਮੈਨਾਂ ਦੇ ਚਿਹਰੇ 'ਤੇ ਆਈ ਜ਼ਰਦੀ, ਘਾਟਾ ਪੈ ਗਿਆ ਜਿਵੇਂ ਵਪਾਰ ਅੰਦਰ।
ਗ੍ਰਹਿਸਥ-ਗੱਡੀ ਦਾ ਚੱਕਾ ਵੀ ਜਾਮ ਹੋਇਆ, ਗੱਡਾ ਫਸਦਾ ਜਿਵੇਂ ਕੋਈ ਗਾਰ ਅੰਦਰ।
ਚਿੰਤਾ ਝਲਕਦੀ ਸਾਫ ਹੀ ਚਿਹਰਿਆਂ ਤੋਂ, ਪਤਝੜ ਪਈ ਜਿਉਂ ਹੋਵੇ ਗੁਲਜ਼ਾਰ ਅੰਦਰ।
ਸ਼ਿਅਰ ਖੁਸ਼ੀ ਦੇ ਕਵੀ ਨੂੰ ਫੁਰਨ ਕਿੱਦਾਂ, ਮੰਦਾ ਪਿਆ ਏ ਸ਼ੇਅਰ ਬਾਜ਼ਾਰ ਅੰਦਰ।

# ਸਿੱਖ ਸ਼ਨਾਖਤ ਦਾ ਮੁੱਦਾ

ਸਤੰਬਰ 2001 ਵਿਚ ਵਰਲਡ ਟਰੇਡ ਸੈਂਟਰ 'ਤੇ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਸਿੱਖਾਂ ਨੂੰ ਵੱਖਰੀ ਪਛਾਣ ਦੀ ਸਮੱਸਿਆ ਦਾ ਸਾਹਮਣਾ ਲਗਾਤਾਰ ਕਰਨਾ ਪੈ ਰਿਹਾ ਹੈ। ਸਿੱਖਾਂ 'ਤੇ ਹਮਲੇ ਵੀ ਹੋਏ ਹਨ। ਅਮਰੀਕਾ ਵਿਚ ਸਿੱਖ 130 ਸਾਲ ਪਹਿਲਾਂ ਕੈਲੇਫੋਰਨੀਆ ਦੇ ਫਾਰਮਾਂ, ਲੱਕੜ ਮਿੱਲਾਂ ਅਤੇ ਰੇਲ ਪਟੜੀ ਵਿਛਾਉਣ ਦੇ ਕੰਮਾਂ ਲਈ ਪਹੁੰਚੇ ਸਨ। ਬਰਤਾਨੀਆ ਵਿਚ ਮਹਾਰਾਜਾ ਦਲੀਪ ਸਿੰਘ ਪਹਿਲੇ ਸਿੱਖ ਵਜੋਂ 1854 ਵਿਚ ਦਾਖ਼ਲ ਹੋਏ ਸਨ ਅਤੇ 1910-11 ਵਿਚ ਪਹਿਲਾ ਗੁਰਦੁਆਰਾ ਬਣਾਇਆ ਗਿਆ ਸੀ। ਅੱਜ ਇੰਗਲੈਂਡ ਅੰਦਰ ਸਿੱਖ ਵਸੋਂ ਕਰੀਬ ਸਾਢੇ ਸੱਤ ਲੱਖ ਹੈ। ਸਿੱਖ ਬਰਤਾਨਵੀ ਫ਼ੌਜ ਦੇ ਅਫ਼ਸਰਾਂ ਅਤੇ ਸਿਪਾਹੀਆਂ ਵਜੋਂ ਪਹਿਲੀ ਤੇ ਦੂਜੀ ਸੰਸਾਰ ਜੰਗ ਸਮੇਂ ਯੂਰਪ ਦੇ ਕਈ ਦੇਸ਼ਾਂ ਬਰਤਾਨੀਆ, ਫਰਾਂਸ, ਇਟਲੀ ਤੇ ਬੈਲਜੀਅਮ ਆਦਿ ਵਿਚ ਪੁੱਜੇ

**ਇਕਬਾਲ ਸਿੰਘ ਲਾਲਪੁਰਾ**

ਸਨ। ਫਰਾਂਸ ਸਰਕਾਰ ਨੇ 2004 ਵਿਚ ਸਿਰ 'ਤੇ ਬੰਨ੍ਹੇ ਜਾਣ ਵਾਲੇ ਕੱਪੜੇ ਅਤੇ ਦਸਤਾਰ 'ਤੇ ਪਾਬੰਦੀ ਲਾ ਦਿੱਤੀ ਸੀ। ਵਿਦੇਸ਼ ਵਸਦੇ ਸਿੱਖਾਂ ਨੂੰ ਸਿਰੀ ਸਾਹਿਬ, ਕਿਰਪਾਨ ਅਤੇ ਦਸਤਾਰ ਦੇ ਮੁਕੱਦਮੇ ਅਦਾਲਤਾਂ ਤੇ ਰਾਜਸੀ ਪੱਧਰ 'ਤੇ ਲੜਨੇ ਪਏ। ਹੁਣ ਅਜਿਹੇ ਹਾਲਾਤ ਇਟਲੀ ਸਮੇਤ ਹੋਰ ਕਈ ਦੇਸ਼ਾਂ ਵਿਚ ਵੀ ਹਨ। ਅਮਰੀਕੀ ਮਹਾਂਦੀਪ ਵਿਚ ਸਿੱਖ ਵਸੋਂ 11 ਲੱਖ ਤੋਂ ਜ਼ਿਆਦਾ, ਯੂਰਪ ਵਿਚ ਲਗਪਗ 12 ਲੱਖ ਅਤੇ ਅਫਰੀਕਾ ਵਿਚ 67 ਹਜ਼ਾਰ ਤੋਂ ਜ਼ਿਆਦਾ ਹੈ। ਅਮਰੀਕਾ, ਕੈਨੇਡਾ, ਆਸਟਰੀਆ, ਡੈਨਮਾਰਕ, ਫਿਨਲੈਂਡ, ਫਰਾਂਸ, ਜਰਮਨੀ, ਹਾਲੈਂਡ, ਨਾਰਵੇ, ਇਟਲੀ, ਪੋਲੈਂਡ ਅਤੇ ਰੂਸ ਵਰਗੇ ਦੇਸ਼ਾਂ ਵਿਚ ਵਸਦੇ ਸਿੱਖਾਂ ਨੇ ਸਮਾਜਕ ਸੱਭਿਆਚਾਰ ਨੂੰ ਸੰਭਾਲਣ ਦਾ ਯਤਨ ਕੀਤਾ ਹੈ। ਸਿੱਖ ਧਰਮ ਦੁਨੀਆਂ ਦਾ ਨਵੀਨ, ਵਿਗਿਆਨਕ ਕਸਵੱਟੀ 'ਤੇ ਪੂਰਾ ਉਤਰਨ ਵਾਲਾ ਅਤੇ ਮਾਨਵਤਾ ਨੂੰ ਆਪਣੇ ਕਲਾਵੇ ਵਿਚ ਲੈਣ ਵਾਲਾ ਧਰਮ ਹੈ। ਜਿੱਥੋਂ ਤਕ ਸਿੱਖ ਫਲਸਫੇ ਅਤੇ ਇਤਿਹਾਸ ਦੀ ਗੱਲ ਹੈ, ਭਾਰਤੀ ਹੀ ਨਹੀਂ ਬਲਕਿ ਵਿਦੇਸ਼ੀ ਵਿਦਵਾਨਾਂ ਨੇ ਵੀ ਇਸ ਨੂੰ ਉਤਮ ਦੱਸਿਆ ਹੈ। 1980 ਦੇ ਨੋਬਲ ਪੁਰਸਕਾਰ ਜੇਤੂ ਬਰਟਰੈਂਡ ਰਸਲ ਲਿਖਦੇ ਹਨ ਕਿ ਤੀਜੇ ਸੰਸਾਰ ਯੁੱਧ ਜੋ ਹਾਈਡਰੋਜਨ ਬੰਬਾਂ ਤੇ ਆਟੋਮਿਕ ਹਥਿਆਰ ਨਾਲ ਲੜਿਆ ਜਾਵੇਗਾ, ਵਿਚ ਕੋਈ ਭਾਗਸ਼ਾਲੀ ਜੋ ਬਚੇਗਾ ਤਾਂ ਕੇਵਲ ਸਿੱਖ ਧਰਮ ਹੀ ਉਨ੍ਹਾਂ ਨੂੰ ਸਹੀ ਸੇਧ ਦੇਣ ਵਾਲਾ ਹੋਵੇਗਾ। ਦਰਅਸਲ, ਸਿੱਖ ਧਰਮ ਕੋਲ ਸ਼ਕਤੀ ਤਾਂ ਹੈ ਪਰ ਸਿੱਖਾਂ ਨੇ ਅਜੇ ਤਕ ਇਸ ਦੇ ਮਨੁੱਖਤਾ ਦੇ ਭਲੇ ਵਾਲੇ ਨਿਯਮ ਅਤੇ ਸਿਧਾਂਤ ਦੁਨੀਆਂ ਵਿਚ ਉਜਾਗਰ ਨਹੀਂ ਕੀਤੇ। ਸ੍ਰੀ ਗੁਰੂ ਗ੍ਰੰਥ ਸਾਹਿਬ ਕੁੱਲ ਲੋਕਾਈ ਲਈ ਪ੍ਰੇਰਨਾ ਦਾ ਸ੍ਰੋਤ ਹਨ। ਸਿੱਖ ਧਰਮ ਲੋਕਤੰਤਰ, ਬੋਲਣ ਅਤੇ ਧਰਮ ਦੀ ਆਜ਼ਾਦੀ, ਇਨਸਾਨੀ ਹੱਕਾਂ, ਔਰਤ ਤੇ ਮਰਦ ਨੂੰ ਬਰਾਬਰ ਅਧਿਕਾਰ ਦੇਣ ਅਤੇ ਧਰਮ, ਨਸਲ, ਜਾਤ, ਉੱਚ ਅਹੁਦੇ, ਰੰਗ ਤੇ ਲਿੰਗ ਦੇ ਆਧਾਰ 'ਤੇ ਭੇਦਭਾਵ ਨੂੰ ਅਮਰੀਕਾ ਦੇ ਹੋਂਦ ਵਿਚ ਆਉਣ ਤੋਂ 300 ਸਾਲ ਪਹਿਲਾਂ ਹੀ ਰੱਦ ਕਰ ਚੁੱਕਿਆ ਹੈ।

ਅਮਰੀਕਾ ਦੀ ਸਟੈਨਫੋਰਡ ਯੂਨੀਵਰਸਿਟੀ ਵੱਲੋਂ ਹਾਲ ਹੀ ਵਿਚ ਕਰਵਾਏ ਸਰਵੇਖਣ ਤੋਂ ਇਹ ਤੱਥ ਸਾਹਮਣੇ ਆਏ ਹਨ ਕਿ 70 ਫ਼ੀਸਦੀ ਅਮਰੀਕੀ, ਦਸਤਾਰਧਾਰੀ ਵਿਅਕਤੀ ਨੂੰ ਹਿੰਦੂ, ਮੁਸਲਮਾਨ ਜਾਂ ਬੋਧੀ ਮੰਨਦੇ ਹਨ, ਜਦਕਿ ਅੱਧੇ ਤੋਂ ਵੱਧ ਅਮਰੀਕੀਆਂ ਦਾ ਇਹ ਮੰਨਣਾ ਹੈ ਕਿ ਸਿੱਖ, ਇਸਲਾਮ ਧਰਮ ਦਾ ਹਿੱਸਾ ਹਨ। ਕੈਨੇਡਾ ਵਿਚ ਕਰਵਾਏ ਸਰਵੇਖਣ ਦੇ ਨਤੀਜੇ ਵੀ ਇਹੀ ਦੱਸਦੇ ਹਨ ਕਿ ਉੱਥੋਂ ਦੇ ਜ਼ਿਆਦਾਤਰ ਗੋਰੇ ਸਿੱਖਾਂ ਨੂੰ ਨਫ਼ਰਤ ਦੀ ਨਜ਼ਰ ਨਾਲ ਵੇਖਦੇ ਹਨ। ਇੰਗਲੈਂਡ ਵਿਚ ਵਸਦੇ ਸਿੱਖਾਂ ਨੇ ਵੀ ਇਸ ਗੱਲ ਦਾ ਪ੍ਰਗਟਾਵਾ ਕੀਤਾ ਕਿ ਕੁਝ ਰਾਜਸੀ ਵਿਅਕਤੀਆਂ ਤੇ ਵਿਦਵਾਨਾਂ ਨੂੰ ਛੱਡ ਕੇ ਆਮ ਬਰਤਾਨਵੀ ਨੂੰ ਸਿੱਖ ਧਰਮ ਦੀ ਵੱਖਰੀ ਤੇ ਵਿਲੱਖਣ ਪਛਾਣ ਬਾਰੇ ਕੋਈ ਜਾਣਕਾਰੀ ਨਹੀਂ ਹੈ। ਦੂਜੇ ਯੂਰਪੀ ਅਤੇ ਅਮਰੀਕੀ ਦੇਸ਼ਾਂ ਵਿਚ ਵੀ ਹਾਲਤ ਕੋਈ ਵੱਖਰੀ ਨਹੀਂ ਹੈ।

ਹਰ ਵਿਅਕਤੀ ਨੂੰ ਆਪਣਾ ਧਰਮ ਸਭ ਤੋਂ ਚੰਗਾ ਲੱਗਦਾ ਹੈ ਅਤੇ ਪ੍ਰਚਾਰਕ ਵੀ ਲੋਕਾਂ ਨੂੰ ਇਹੋ ਗੱਲ ਦੱਸਦੇ ਹਨ ਪਰ ਸਿੱਖ ਧਰਮ ਜਿਸ ਨੂੰ ਵਿਦੇਸ਼ੀ, ਦੂਜੇ ਧਰਮ ਨੂੰ ਮੰਨਣ ਵਾਲੇ, ਨੋਬਲ ਪੁਰਸਕਾਰ ਜੇਤੂ, ਖੋਜੀ ਲੇਖਕ ਵੀ ਸਰਵੋਤਮ, ਕਲਿਆਣਕਾਰੀ ਮੰਨਦੇ ਹੋਣ, ਉਸ ਬਾਰੇ ਸੰਸਾਰ ਦੇ ਬਹੁਤੇ ਦੇਸ਼ਾਂ ਵਿਚ ਵਸਦੇ ਆਮ ਨਾਗਰਿਕਾਂ ਨੂੰ ਗਿਆਨ ਨਾ ਹੋਵੇ ਤਾਂ ਇਹ ਸਿੱਖਾਂ ਲਈ ਪੜਚੋਲ ਦਾ ਵਿਸ਼ਾ ਹੈ। ਧਰਮਾਂ ਦੇ ਤੁਲਨਾਤਮਕ ਅਧਿਐਨ ਤੋਂ ਵੀ ਸਪਸ਼ਟ ਹੁੰਦਾ ਹੈ ਕਿ ਸਿੱਖ ਧਰਮ ਸਾਰੀ ਮਾਨਵਤਾ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ।

ਸਿੱਖ ਧਰਮ ਭਾਰਤੀ ਜਾਤ ਵੰਡ ਪ੍ਰਣਾਲੀ ਦਾ ਖੰਡਨ ਕਰਦਾ ਹੋਇਆ ਲੰਗਰ, ਸੰਗਤ, ਪੰਗਤ, ਸਰੋਵਰ ਤੇ ਪੂਜਾ ਸਥਾਨਾਂ ਵਿਚ ਦਾਖ਼ਲ ਹੋਣ ਦਾ ਅਧਿਕਾਰ ਹਰ ਜਾਤ ਤੇ ਧਰਮ ਨੂੰ ਮੰਨਣ ਵਾਲੇ ਲੋਕਾਂ ਨੂੰ ਦਿੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕਰਦੇ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਸ ਸਮੇਂ ਪ੍ਰਚੱਲਤ ਧਰਮਾਂ ਤੇ ਵਰਣਾਂ ਅਤੇ ਇੱਕ ਅਕਾਲ ਪੁਰਖ ਨੂੰ ਮੰਨਣ ਵਾਲੇ, ਕਰਮ ਕਾਂਡਾਂ ਦਾ ਖੰਡਨ ਕਰਨ ਵਾਲੇ ਭਗਤਾਂ ਦੀ ਬਾਣੀ ਨੂੰ ਗੁਰੂ ਸਾਹਿਬਾਨ ਦੀ ਬਾਣੀ ਦੇ ਬਰਾਬਰ ਥਾਂ ਦਿੱਤੀ। ਸਿੱਖ ਧਰਮ ਔਰਤ ਨੂੰ ਸਨਮਾਨ ਦਿੰਦਾ ਹੈ। ਗੁਰੂ ਸਾਹਿਬਾਨ ਦੇ ਹੁਕਮ ਅਨੁਸਾਰ ਸਿੱਖ ਸੰਤ ਅਤੇ ਧਾਰਮਿਕ ਆਗੂ ਦੀ ਪਛਾਣ ਸਮਾਜ 'ਤੇ ਭਾਰ ਨਾ ਹੋ ਕੇ 'ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥' ਹੈ। ਸਿੱਖ ਲਈ ਸੰਤੋਖੀ ਜੀਵਨ ਦਾ ਰਾਹ ਉੱਤਮ ਦੱਸਿਆ ਗਿਆ ਹੈ ਤੇ ਪੈਸਾ ਕਮਾਉਣਾ ਕੇਵਲ ਲੋੜ ਤੇ ਸੇਵਾ ਲਈ ਜ਼ਰੂਰੀ ਹੈ।

ਕੇਵਲ ਧਾਰਮਿਕ, ਸਮਾਜਕ ਅਤੇ ਆਰਥਿਕ ਖੇਤਰ ਹੀ ਨਹੀਂ ਬਲਕਿ ਸਾਇੰਸ ਤੇ ਮੈਡੀਕਲ ਖੇਤਰ ਅੰਦਰ ਵੀ ਗੁਰਬਾਣੀ ਦੀਆਂ ਸੇਧਾਂ ਕੁਦਰਤ ਦੀ ਵਿਸ਼ਾਲਤਾ ਤੇ ਸਿਹਤ ਦੇ ਖੇਤਰ ਵਿਚ ਖੋਜ ਦੀ ਅਗਵਾਈ ਕਰਦੀਆਂ ਹਨ। ਸਿੱਖ ਰਾਜਨੀਤੀ ਵੀ ਇਨਸਾਫ਼, ਸਵੈਮਾਣ ਅਤੇ ਭੈ-

> ***ਵਿਦੇਸ਼ਾਂ ਵਿਚ ਨਗਰ ਕੀਰਤਨ ਸਮੇਂ ਵੀ ਆਤਮਿਕ ਖਿੱਚ ਪਾਉਣ ਵਾਲੇ ਗੁਰਬਾਣੀ ਦੇ ਕੀਰਤਨ ਦੀ ਥਾਂ ਮਾਰਸ਼ਲ ਆਰਟ ਪੇਸ਼ ਕਰਨ ਨੂੰ ਪਹਿਲ ਦਿੱਤੀ ਜਾਂਦੀ ਹੈ। ਵਿਦੇਸ਼ਾਂ ਅੰਦਰ ਸਥਾਪਤ ਗੁਰੂ ਘਰ ਵੀ ਕਿਸੇ ਖੋਜ ਨੂੰ ਉਤਸ਼ਾਹਿਤ ਕਰਨ ਅਤੇ ਸਥਾਨਕ ਲੋਕਾਂ ਨਾਲ ਮਿਲਵਰਤਨ ਤੇ ਗਿਆਨ ਸਾਂਝਾ ਕਰਨ ਵੱਲ ਨਹੀਂ ਤੁਰੇ। ਭਾਰਤ ਤੋਂ ਵਿਦੇਸ਼ ਯਾਤਰਾਵਾਂ ਲਈ ਜਾਂਦੇ ਜ਼ਿਆਦਾਤਰ ਰਾਜਸੀ ਅਤੇ ਧਾਰਮਿਕ ਆਗੂ, ਬਾਬੇ, ਡੇਰੇਦਾਰ ਧਨ ਤੇ ਵੋਟਾਂ ਇਕੱਤਰ ਕਰਨ ਵੱਲ ਕੇਂਦਰਤ ਹੁੰਦੇ ਹਨ।***

ਰਹਿਤ ਸਮਾਜ ਦੀ ਸਿਰਜਣਾ ਤੇ ਦੂਜੇ ਧਰਮਾਂ ਦਾ ਸਤਿਕਾਰ ਕਰਨ ਦੇ ਆਦੇਸ਼ ਦੀ ਪਾਲਣਾ ਹੈ। ਇਸ ਲਈ ਸਿੱਖ ਗੁਰੂ ਸਾਹਿਬਾਨ ਦੂਜੇ ਧਰਮਾਂ ਦੇ ਪੂਜਾ ਸਥਾਨ ਸੰਭਾਲਦੇ ਰਹੇ ਹਨ। ਸ੍ਰੀ ਹਰਗੋਬਿੰਦਪੁਰ ਸਾਹਿਬ, ਕਪੂਰਥਲਾ ਅਤੇ ਲਾਹੌਰ ਦੀਆਂ ਮਸੀਤਾਂ ਤੇ ਹੋਰ ਮੰਦਰ ਇਸ ਦੀ ਗਵਾਹੀ ਭਰਦੇ ਹਨ। ਇਹ ਵੀ ਇਤਿਹਾਸਕ ਸੱਚ ਹੈ ਕਿ 50 ਸਾਲ ਦੇ ਸਿੱਖ ਰਾਜ ਸਮੇਂ ਕਿਸੇ ਵੀ ਵਿਅਕਤੀ ਦਾ ਧਰਮ ਪਰਿਵਰਤਨ ਡਰ ਜਾਂ ਲਾਲਚ ਨਾਲ ਨਹੀਂ ਹੋਇਆ। ਆਪਣੀ ਸੁੰਦਰ ਅਤੇ ਸੁਡੌਲ ਦਿੱਖ ਕਾਰਨ ਪਿਛਲੇ 240 ਸਾਲ ਤੋਂ ਭਾਰਤੀ ਫ਼ੌਜ ਦੇ ਨਿਯਮਾਂ ਅਨੁਸਾਰ ਗਵਰਨਰ ਜਨਰਲ, ਵਾਇਸਰਾਏ ਤੇ ਭਾਰਤ ਦੇ ਰਾਸ਼ਟਰਪਤੀ ਦੇ ਅੰਗ ਰੱਖਿਅਕ ਸਿੱਖ ਰਾਜਪੂਤ ਤੇ ਜਾਟ ਹੀ ਹੋ ਸਕਦੇ ਹਨ।

ਗੁਰੂ ਹੁਕਮ ਅਨੁਸਾਰ ਰਹਿਤ ਰੱਖਣ ਵਾਲੇ ਲੋਕਾਂ ਨਾਲ ਜੇ ਭਾਰਤ ਅੰਦਰ ਜਾਂ ਵਿਦੇਸ਼ਾਂ ਵਿਚ ਨਸਲ-ਭੇਦ ਤੇ ਘ੍ਰਿਣਾ ਕਰ ਕੇ ਹਮਲੇ ਹੋਣ ਤਾਂ ਇਹ ਡੂੰਘੀ ਚਿੰਤਾ ਦਾ ਵਿਸ਼ਾ ਹੈ। ਵਿਦੇਸ਼ਾਂ ਵਿਚ ਕਰੀਬ 100 ਸਾਲ ਤੋਂ ਜ਼ਿਆਦਾ ਸਮੇਂ ਤੋਂ ਵਸਦੇ ਸਿੱਖ ਧਰਮ ਨੂੰ ਮੰਨਣ ਵਾਲੇ ਜੇ ਆਪਣੀ ਵੱਖਰੀ ਪਛਾਣ ਨਹੀਂ ਬਣਾ ਸਕੇ ਤਾਂ ਇਹ ਹੋਰ ਵੀ ਗੰਭੀਰ ਪੜਚੋਲ ਦਾ ਵਿਸ਼ਾ ਹੈ। ਸਿੱਖ 19ਵੀਂ ਸਦੀ ਦੇ ਅੰਤ ਅਤੇ 20ਵੀਂ ਸਦੀ ਦੇ ਆਰੰਭ ਵਿਚ ਇੰਗਲੈਂਡ, ਅਮਰੀਕਾ, ਕੈਨੇਡਾ ਅਤੇ ਹੋਰ ਅਫਰੀਕੀ, ਏਸ਼ਿਆਈ ਤੇ ਯੂਰਪੀ ਦੇਸ਼ਾਂ ਵਿਚ ਫ਼ੌਜ ਦੇ ਹਿੱਸੇ ਜਾਂ ਰੋਜ਼ੀ-ਰੋਟੀ ਲਈ ਕਾਮਿਆਂ ਵਜੋਂ ਪਹੁੰਚੇ। ਆਪਣੀ ਨਵੀਂ ਪਛਾਣ ਸਥਾਪਤ ਕਰਨ ਨਾਲੋਂ ਬਹੁਤਿਆਂ ਨੇ ਸਥਾਨਕ ਪਹਿਰਾਵਾ ਅਤੇ ਸਰੀਰਕ ਬਣਤਰ ਅਪਣਾਉਣ ਲਈ ਖ਼ਾਲਸੇ ਦੀ ਪਛਾਣ ਪੰਜ ਕਕਾਰਾਂ ਨੂੰ ਤਿਲਾਂਜਲੀ ਦੇ ਦਿੱਤੀ ਅਤੇ ਆਪਣੇ ਨਾਂ ਵੀ ਉਸ ਸੱਭਿਅਤਾ ਨਾਲ ਜੋੜਨ ਲਈ 'ਟਿਮ', 'ਹਰਬ', 'ਮੋਂਟੀ', 'ਬੋਪਾਰਾ' ਆਦਿ ਰੱਖ ਲਏ। ਇਨ੍ਹਾਂ ਨੇ ਭਾਵੇਂ ਰਾਜਨੀਤੀ ਜਾਂ ਖੇਡਾਂ ਦੇ ਖੇਤਰ ਵਿਚ ਉੱਚ ਸਥਾਨ ਪ੍ਰਾਪਤ ਵੀ ਕੀਤੇ ਪਰ ਉਹ ਇੱਕ ਆਦਰਸ਼ ਸਿੱਖ ਦੀ ਦਿੱਖ ਸਥਾਪਤ ਨਹੀਂ ਕਰ ਸਕੇ।

ਆਪਣੀ ਸੱਭਿਅਤਾ ਨੂੰ ਵਿਦੇਸ਼ੀ ਪ੍ਰਭਾਵ ਤੋਂ ਬਚਾਉਣ ਲਈ ਉਨ੍ਹਾਂ ਗੁਰਦੁਆਰਿਆਂ ਦੀ ਉਸਾਰੀ ਕਰਵਾਈ ਤਾਂ ਜੋ ਉਹ ਨਵੀਂ ਪੀੜ੍ਹੀ ਨੂੰ ਆਪਣੇ ਧਰਮ ਤੇ ਵਿਰਸੇ ਨਾਲ ਜੋੜ ਸਕਣ। ਗੁਰਦੁਆਰਿਆਂ ਦੇ ਗ੍ਰੰਥੀ ਸਿੰਘ ਅਤੇ ਕੀਰਤਨੀਏ ਸਿੱਖ ਫਲਸਫੇ ਤੋਂ ਪੂਰਨ ਗਿਆਨਵਾਨ ਤੇ ਧਾਰਨੀ ਨਾ ਹੋਣ ਕਰ ਕੇ ਕੇਵਲ ਕਰਮ-ਕਾਂਡਾਂ ਤਕ ਹੀ ਸੀਮਤ ਰਹੇ। ਚੌਧਰ ਅਤੇ ਮਾਇਆ ਦੀ ਭੁੱਖ ਨੇ ਧਰਮ ਦੇ ਮੁਢਲੇ ਨਿਯਮਾਂ, ਜਾਤ-ਪਾਤ ਅਤੇ ਊਚ-ਨੀਚ ਰਹਿਤ ਸਮਾਜ ਦੀ ਸਿਰਜਣਾ ਨੂੰ ਹੀ ਤਿਲਾਂਜਲੀ ਦੇ ਦਿੱਤੀ। ਅੱਜ ਉੱਥੇ ਬਹੁਤੇ ਗੁਰਦੁਆਰੇ ਰਾਜਨੀਤੀ ਦਾ ਗੜ੍ਹ ਬਣ ਚੁੱਕੇ ਹਨ। ਸਿੱਖ ਫਲਸਫੇ ਦੀ ਖੋਜ ਅਤੇ ਇਤਿਹਾਸ ਬਾਰੇ ਉੱਥੋਂ ਦੇ ਲੋਕਾਂ ਨੂੰ ਜਾਣਕਾਰੀ ਦੇਣ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਇਤਿਹਾਸ ਦਾ ਤਰਜਮਾ ਉੱਥੋਂ ਦੀਆਂ ਭਾਸ਼ਾਵਾਂ ਵਿਚ ਕਰਵਾ ਕੇ ਨਹੀਂ ਵੰਡਿਆ ਜਾ ਸਕਿਆ।

ਵਿਦੇਸ਼ੀ ਵਸਦਾ ਭਾਈਚਾਰਾ ਆਪਣੀਆਂ ਜੜ੍ਹਾਂ ਨਾਲ ਜੁੜਿਆ ਰਹਿਣ ਲਈ ਭਾਰਤ ਵਸਦੇ ਸਿੱਖਾਂ ਲਈ ਜ਼ਿਆਦਾ ਚਿੰਤਤ ਰਹਿੰਦੇ ਹਨ ਜਿਸ ਲਈ ਉਹ ਹਮੇਸ਼ਾਂ ਆਜ਼ਾਦੀ ਤੋਂ ਪਹਿਲਾਂ ਗ਼ਦਰ ਪਾਰਟੀ, ਪੰਜਾਬੀ ਸੂਬਾ, ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਫ਼ੌਜੀ ਹਮਲੇ, ਦਿੱਲੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਧਰਨੇ-ਮੁਜ਼ਾਹਰੇ ਕਰਦੇ ਰਹੇ ਹਨ ਜਾਂ ਸਥਾਨਕ ਆਗੂਆਂ ਤੇ ਅਦਾਲਤਾਂ ਨੂੰ ਬੇਨਤੀ ਕਰ ਕੇ ਭਾਰਤ ਸਰਕਾਰ 'ਤੇ ਦਬਾਅ ਪਾਉਣ ਲਈ ਯਤਨਸ਼ੀਲ ਵੇਖੇ ਜਾਂਦੇ ਹਨ। ਇਹੀ ਕਾਰਨ ਹੈ ਕਿ ਸੰਤ ਸਿਪਾਹੀ ਕੌਮ ਦਾ ਜੁਝਾਰੂ ਪੱਖ ਹੀ ਵਿਦੇਸ਼ੀਆਂ ਦੇ ਸਨਮੁੱਖ ਹੋ ਰਿਹਾ ਹੈ। ਸੰਤ ਰੂਪ ਨੂੰ ਪ੍ਰਚਾਰਨ ਅਤੇ ਅਕਾਲ ਦੀ ਪੂਜਾ, ਸਰਬੱਤ ਦਾ ਭਲਾ, ਪ੍ਰੇਮ ਦੇ ਫਲਸਫੇ ਦਾ ਪ੍ਰਚਾਰ ਅਤੇ ਪ੍ਰਸਾਰ ਅੱਖੋਂ-ਪਰੋਖੇ ਰਿਹਾ ਹੈ।

ਵਿਦੇਸ਼ਾਂ ਵਿਚ ਨਗਰ ਕੀਰਤਨ ਸਮੇਂ ਵੀ ਆਤਮਿਕ ਖਿੱਚ ਪਾਉਣ ਵਾਲੇ ਗੁਰਬਾਣੀ ਦੇ ਕੀਰਤਨ ਦੀ ਥਾਂ ਮਾਰਸ਼ਲ ਆਰਟ ਪੇਸ਼ ਕਰਨ ਨੂੰ ਪਹਿਲ ਦਿੱਤੀ ਜਾਂਦੀ ਹੈ। ਵਿਦੇਸ਼ਾਂ ਅੰਦਰ ਸਥਾਪਤ ਗੁਰੂ ਘਰ ਵੀ ਕਿਸੇ ਖੋਜ ਨੂੰ ਉਤਸ਼ਾਹਿਤ ਕਰਨ ਅਤੇ ਸਥਾਨਕ ਲੋਕਾਂ ਨਾਲ ਮਿਲਵਰਤਨ ਤੇ ਗਿਆਨ ਸਾਂਝਾ ਕਰਨ ਵੱਲ ਨਹੀਂ ਤੁਰੇ। ਭਾਰਤ ਤੋਂ ਵਿਦੇਸ਼ ਯਾਤਰਾਵਾਂ ਲਈ ਜਾਂਦੇ ਜ਼ਿਆਦਾਤਰ ਰਾਜਸੀ ਅਤੇ ਧਾਰਮਿਕ ਆਗੂ, ਬਾਬੇ, ਡੇਰੇਦਾਰ, ਧਰਮ, ਸਮਾਜ ਤੇ ਰਾਜਨੀਤੀ ਨਾਲ ਸਬੰਧਤ ਮਸਲੇ ਉਜਾਗਰ ਕਰ ਕੇ ਧਨ ਤੇ ਵੋਟਾਂ ਇਕੱਤਰ ਕਰਨ ਵੱਲ ਕੇਂਦਰਤ ਹੁੰਦੇ ਹਨ। ਵਿਦੇਸ਼ਾਂ ਵਿਚ ਵਸਦੇ ਸਿੱਖ ਭਾਰਤ ਅੰਦਰ ਰਹਿੰਦੇ ਆਪਣੇ ਰਿਸ਼ਤੇਦਾਰਾਂ ਅਤੇ ਜਾਇਦਾਦ ਬਾਰੇ ਚਿੰਤਤ ਹੁੰਦੇ ਹਨ, ਇਸ ਲਈ ਉਹ ਰਾਜਸੀ ਆਗੂਆਂ ਤੇ ਉਨ੍ਹਾਂ 'ਤੇ ਦਬਾਅ ਪਾਉਣ ਲਈ ਆਗੂਆਂ ਤੇ ਬਾਬਿਆਂ ਨਾਲ ਨੇੜਤਾ ਬਣਾਉਣ ਲਈ ਯਤਨਸ਼ੀਲ ਹਨ।

500 ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਵਿਲੱਖਣ ਪਛਾਣ ਦੁਨੀਆਂ ਦੇ ਵੱਡੇ ਹਿੱਸੇ ਵਿਚ ਸਥਾਪਤ ਕੀਤੀ ਸੀ। ਗੁਰੂ ਸਾਹਿਬਾਨ ਤੋਂ ਬਾਅਦ ਦੇਸ਼ ਅੰਦਰ ਜ਼ਿਆਦਾ ਯਤਨ ਰਾਜਸੀ ਸ਼ਕਤੀ ਪ੍ਰਾਪਤ ਕਰਨ ਲਈ ਹੀ ਹੋਏ ਅਤੇ ਹੋ ਰਹੇ ਹਨ। ਸਿੱਖ ਧਰਮ ਦੀ ਮੂਲ ਭਾਵਨਾ ਨੂੰ ਦੇਸ਼ ਅਤੇ ਵਿਦੇਸ਼ ਅੰਦਰ ਪ੍ਰਚਾਰਨ ਦਾ ਸੰਗਠਿਤ ਉੱਦਮ ਪਿਛਲੇ 100 ਸਾਲ ਦੌਰਾਨ ਨਹੀਂ ਹੋਇਆ। ਗੁਰਦੁਆਰਾ ਪ੍ਰਬੰਧ ਲਈ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਪ੍ਰਬੰਧਕੀ ਸੰਸਥਾਵਾਂ ਨੇ ਵੀ ਖੋਜ ਤੇ ਪ੍ਰਸਾਰ ਵੱਲ ਪ੍ਰਭਾਵਸ਼ਾਲੀ ਉੱਦਮ ਅਜੇ ਤਕ ਨਹੀਂ ਚੁੱਕੇ ਹਨ। ਚਿੰਤਾ ਦਾ ਵਿਸ਼ਾ ਇਹ ਵੀ ਹੈ ਕਿ ਅਖੌਤੀ ਪ੍ਰਚਾਰਕ ਗੁਰੂ ਸਾਹਿਬਾਨ ਵੱਲੋਂ ਖੰਡਿਤ ਕਰਮ-ਕਾਂਡਾਂ ਵੱਲ ਪ੍ਰੇਰਿਤ ਕਰ ਕੇ ਸ਼ਰਧਾਲੂਆਂ ਪਾਸੋਂ ਮਾਇਆ ਦੀ ਆਸ ਰੱਖਦੇ ਹਨ। ਗੁਰਮਤਿ ਫਲਸਫੇ ਦੀ ਖੋਜ ਸਮੇਤ ਵਿਦੇਸ਼ੀ ਭਾਸ਼ਾਵਾਂ ਵਿਚ ਉਲੱਥਾ ਅਤੇ ਗਿਆਨਵਾਨ ਤੇ ਆਦਰਸ਼ ਜੀਵਨ ਵਾਲੇ ਪ੍ਰਚਾਰਕਾਂ ਨੂੰ ਅੱਗੇ ਲਿਆਉਣਾ ਸਮੇਂ ਦੀ ਵੱਡੀ ਮੰਗ ਹੈ।

# ਗਦਰ ਸ਼ਤਾਬਦੀ ਮੁਹਿੰਮ ਅਤੇ ਅਣਸੁਲਝੇ ਸਵਾਲ

ਬੂਟਾ ਸਿੰਘ
ਫੋਨ: 91-94634-74342

ਪਹਿਲੀ ਨਵੰਬਰ ਦੇ ਇਤਿਹਾਸਕ ਦਿਨ ਗ਼ਦਰ ਸ਼ਤਾਬਦੀ ਮੁਹਿੰਮ, ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸ਼ਤਾਬਦੀ ਮੇਲੇ ਦੇ ਰੂਪ ਵਿਚ ਸਿਖ਼ਰਾਂ ਛੂਹ ਕੇ ਸਮਾਪਤ ਹੋ ਗਈ। ਮੁਹਿੰਮ ਆਪਣੇ ਪਿੱਛੇ ਅਜਿਹੇ ਬਹੁਤ ਸਾਰੇ ਅਹਿਮ ਸਵਾਲ ਛੱਡ ਗਈ ਜਿਨ੍ਹਾਂ ਦੇ ਜਵਾਬਾਂ ਦੀ ਤਵੱਕੋ ਉਨ੍ਹਾਂ ਤਾਕਤਾਂ ਤੋਂ ਕੀਤੀ ਜਾਣੀ ਚਾਹੀਦੀ ਹੈ ਜੋ ਗ਼ਦਰ ਦੀ ਇਨਕਲਾਬੀ ਵਿਰਾਸਤ ਦੀਆਂ ਦਾਅਵੇਦਾਰ ਹਨ। ਗ਼ਦਰ ਸ਼ਤਾਬਦੀ ਦੀ ਇਸੇ ਲਗਾਤਾਰਤਾ 'ਚ ਅਗਲੇ ਕੁਝ ਵਰ੍ਹੇ ਮੁਲਕ ਦੀ ਜੰਗੇ-ਆਜ਼ਾਦੀ ਦੇ ਉਨ੍ਹਾਂ ਉਪਰੋਥਲੀ ਇਤਿਹਾਸਕ ਦਿਹਾੜਿਆਂ ਦੀ 100 ਸਾਲਾ ਯਾਦ ਬਣ ਕੇ ਆ ਰਹੇ ਹਨ ਜਿਨ੍ਹਾਂ ਦੀ ਇਸੇ ਤਰ੍ਹਾਂ ਹੀ ਇਨਕਲਾਬੀ ਵਿਰਾਸਤ ਦੀ ਲੜੀਵਾਰ ਗਾਥਾ ਵਿਚ ਅਹਿਮ ਜਗ੍ਹਾ ਹੈ। ਕਾਮਾਗਾਟਾ ਮਾਰੂ ਸਾਕਾ, ਫੇਰੂ ਸ਼ਹਿਰ ਦਾ ਸਾਕਾ, ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹਾਦਤ, ਸਿੰਗਾਪੁਰ ਫ਼ੌਜੀ ਬਗ਼ਾਵਤ, ਜਲ੍ਹਿਆਂਵਾਲਾ ਬਾਗ਼ ਦਾ ਸਾਕਾ ਆਦਿ। ਇਨ੍ਹਾਂ ਅਹਿਮ ਦਿਹਾੜਿਆਂ ਦੇ ਸੌ ਸਾਲਾ ਸਮਾਗਮਾਂ ਦੀਆਂ ਰਸਮੀ ਮੁਹਿੰਮਾਂ ਵੀ ਇਸੇ ਤਰਤੀਬ ਤੇ ਲਗਾਤਾਰਤਾ 'ਚ ਜਥੇਬੰਦ ਕੀਤੀਆਂ ਜਾਣਗੀਆਂ ਪਰ ਕੀ ਇਨ੍ਹਾਂ ਮੁਹਿੰਮਾਂ ਦੌਰਾਨ ਉਹ ਅਹਿਮ ਸਵਾਲ ਵਿਹਾਰਕ ਤੌਰ 'ਤੇ ਉਸੇ ਤਰ੍ਹਾਂ ਗ਼ੈਰਮੁਖ਼ਾਤਬ ਹੀ ਬਣੇ ਰਹਿਣਗੇ ਜਿਨ੍ਹਾਂ ਦੇ ਜਵਾਬ ਵਕਤ ਮੰਗ ਰਿਹਾ ਹੈ?

ਜਿਉਂ ਹੀ ਵਕਤ ਦੀ ਸੂਈ ਗ਼ਦਰ ਸ਼ਤਾਬਦੀ ਦੀ ਦਹਿਲੀਜ਼ ਵੱਲ ਵਧਣੀ ਸ਼ੁਰੂ ਹੋਈ, ਦੋ ਤਰ੍ਹਾਂ ਦੀ ਪੁਰਜ਼ੋਰ ਸਰਗਰਮੀ ਦੇਖਣ ਵਿਚ ਆਈ। ਤਵਾਰੀਖ਼ ਦੇ ਇਸ ਸ਼ਾਨਾਮੱਤੇ ਕਾਂਡ ਦੀ ਇਤਿਹਾਸਕਾਰੀ ਤੇ ਮੁੜ ਵਿਆਖਿਆ ਦੇ ਯਤਨ ਅਤੇ ਦੇਸ਼-ਵਿਦੇਸ਼ ਵਿਚ ਵੱਖ-ਵੱਖ ਰੂਪਾਂ ਵਿਚ ਗ਼ਦਰ ਸ਼ਤਾਬਦੀ ਸਮਾਗਮਾਂ ਦੀ ਲੜੀ। ਕੁਝ ਇਤਿਹਾਸਕ ਦਸਤਾਵੇਜ਼ ਪਹਿਲੀ ਵਾਰ ਛਪ ਕੇ ਸਾਹਮਣੇ ਆਏ। ਕਈ ਸ਼ਖਸੀਅਤਾਂ ਅਤੇ ਉਨ੍ਹਾਂ ਦੇ ਕਾਰਨਾਮਿਆਂ ਦੀ ਗਾਥਾ ਵਿਸਤਾਰਤ ਕਿਤਾਬੀ ਰੂਪ 'ਚ ਲਿਖੀ ਗਈ। ਇਸ ਦੌਰਾਨ 'ਗ਼ਦਰੀ ਕੌਣ ਸਨ' ਦੇ ਰੂਪ ਵਿਚ ਮੁੜ ਵਿਆਖਿਆ ਦਾ ਇਕ ਸੁਚੇਤ ਰੁਝਾਨ ਵੀ ਉੱਭਰ ਕੇ ਸਾਹਮਣੇ ਆਇਆ ਜਿਸ ਨੇ ਗ਼ਦਰ ਲਹਿਰ ਨੂੰ ਇਕ ਖ਼ਾਸ ਨਜ਼ਰੀਏ ਤਹਿਤ, ਇਕ ਖ਼ਾਸ ਮਜ਼ਹਬੀ ਪਛਾਣ ਨਾਲ ਨੱਥੀ ਕਰ ਕੇ ਇਕ ਖ਼ਾਸ ਦਾਇਰੇ ਵਿਚ ਮਹਿਦੂਦ ਕਰਨ, ਤੱਥਾਂ ਨੂੰ ਆਪਣੇ ਖ਼ਾਸ ਰਾਜਸੀ ਏਜੰਡੇ ਦੇ ਮੇਚ ਦਾ ਬਣਾ ਕੇ ਆਪਣੇ 'ਨਿਆਰੇ' ਹਿਸਾਬ ਨਾਲ ਪੇਸ਼ ਕਰਨ ਦੀ ਮੁਹਿੰਮ ਚਲਾਈ। ਇਸ ਨੂੰ ਰੱਦ ਕਰਨ ਲਈ ਦੂਜੇ ਨਜ਼ਰੀਏ ਤੋਂ ਕਈ ਸਿੱਧੀਆਂ-ਅਸਿੱਧੀਆਂ ਜਵਾਬੀ ਲਿਖਤਾਂ ਵੀ ਸਾਹਮਣੇ ਆਈਆਂ ਜਿਨ੍ਹਾਂ ਦਾ ਜ਼ੋਰ ਇਸ ਲਹਿਰ ਬਾਰੇ ਸਥਾਪਤ ਨਜ਼ਰੀਏ ਦੇ ਹੱਕ 'ਚ ਦਲੀਲਬਾਜ਼ੀ ਕਰਨ ਦਾ ਰਿਹਾ ਪਰ ਇਸ ਲਹਿਰ ਦੇ ਇਤਿਹਾਸ ਦੇ ਅਣਗੌਲੇ ਪਹਿਲੂਆਂ, ਅਣਛੋਹੀਆਂ ਪਰਤਾਂ ਅਤੇ ਅਜੇ ਤਕ ਇਤਿਹਾਸ ਦੀ ਗ਼ਰਦ ਹੇਠ ਦਬੇ ਬਹੁਤ ਸਾਰੇ ਤੱਥਾਂ ਨੂੰ ਸਾਹਮਣੇ ਲਿਆਉਣ ਦੇ ਕੰਮ ਨੂੰ ਖੋਜਕਾਰਾਂ ਨੇ ਓਨੀ ਸ਼ਿੱਦਤ ਨਾਲ ਹੱਥ ਨਹੀਂ ਪਾਇਆ ਜਿਵੇਂ ਪਾਇਆ ਜਾਣਾ ਚਾਹੀਦਾ ਸੀ, ਜਦਕਿ ਵਕਤ ਦਾ ਤਕਾਜ਼ਾ ਇਹੀ ਸੀ।

ਇਹ ਸੁਭਾਵਿਕ ਸੀ ਕਿ ਸਥਾਪਤੀ ਦੀਆਂ ਤਾਕਤਾਂ ਰਸਮੀ ਸਮਾਗਮਾਂ ਦੀ ਮੁਹਿੰਮ ਵਿਚੋਂ ਮੁਕੰਮਲ ਤੌਰ 'ਤੇ ਬਾਹਰ ਰਹਿੰਦੀਆਂ ਹਨ। ਕੇਂਦਰੀ ਹਕੂਮਤ ਨੇ ਜਨਵਰੀ 2013 ਵਿਚ ਗ਼ਦਰ ਬਾਰੇ ਡਾਕ ਟਿਕਟ ਜਾਰੀ ਕਰ ਕੇ ਪੱਲਾ ਝਾੜ ਲਿਆ। ਕੇਂਦਰੀ ਹੁਕਮਰਾਨਾਂ ਵਲੋਂ ਉਚੇਚੇ ਸ਼ਤਾਬਦੀ ਸਮਾਗਮ ਮਨਾਉਣ ਜਾਂ ਗ਼ਦਰੀਆਂ ਦੀ ਯਾਦ ਵਿਚ ਕੋਈ ਢੁੱਕਵੀਂ ਯਾਦਗਾਰ ਬਣਾਉਣ ਲਈ ਫੰਡ ਨਾ ਹੋਣ ਦਾ ਬਹਾਨਾ ਬਣਾ ਕੇ ਕੋਰਾ ਜਵਾਬ ਦੇ ਦਿੱਤਾ ਗਿਆ। ਪੰਜਾਬ ਦੇ ਹੁਕਮਰਾਨਾਂ ਨੇ ਵੀ ਕੋਈ ਦਿਲਚਸਪੀ ਨਹੀਂ ਲਈ। ਗਾਂਧੀ ਦੀ ਸਮਝੌਤਾਵਾਦੀ ਵਿਰਾਸਤ ਦਾ ਸੁਭਾਵਿਕ ਵਾਰਿਸ ਇਹ ਹੁਕਮਰਾਨ ਲਾਣਾ ਜੋ ਚਾਹੁੰਦੇ ਹਨ ਕਿ ਇਹ ਇਨਕਲਾਬੀ ਵਿਰਾਸਤ ਹਮੇਸ਼ਾ ਲਈ ਦੱਬੀ ਰਹੇ, ਇਸ ਮੁਲਕ ਦੀ ਜੰਗੇ-ਆਜ਼ਾਦੀ ਨੂੰ ਇਨਕਲਾਬੀ ਮੋੜਾ ਦੇਣ ਵਾਲੇ ਗ਼ਦਰੀ ਇਨਕਲਾਬੀਆਂ ਨੂੰ ਖਾਹ-ਮ-ਖਾਹ ਚਰਚਾ ਦਾ ਵਿਸ਼ਾ ਭਲਾ ਕਿਉਂ ਬਣਾਏਗਾ ਜਿਨ੍ਹਾਂ ਦਾ ਜਮਾਂਦਰੂ ਇਸ਼ਟ ਹੀ ਸਾਮਰਾਜਵਾਦ ਦੀ ਭਗਤੀ ਰਿਹਾ ਹੈ। ਗ਼ਦਰੀਆਂ ਦੀ ਇਨਕਲਾਬੀ ਵਿਰਾਸਤ ਨੂੰ ਆਪਣੇ ਸੌੜੇ ਰਾਜਸੀ ਏਜੰਡੇ ਅਨੁਸਾਰ ਢਾਲ ਕੇ ਪੇਸ਼ ਕਰਨ ਵਾਲੀਆਂ ਧਾਰਮਿਕ ਰਾਜਸੀ ਤਾਕਤਾਂ ਦੇਸ਼-ਵਿਦੇਸ਼ ਵਿਚ ਚੰਦ ਸਮਾਰੋਹਾਂ ਅਤੇ ਆਪਣੀਆਂ ਕਿਤਾਬਾਂ ਦੇ ਰਿਲੀਜ਼ ਸਮਾਰੋਹਾਂ ਤੋਂ ਅੱਗੇ ਨਹੀਂ ਗਈਆਂ। ਮੁੱਖ ਤੌਰ 'ਤੇ ਗ਼ਦਰ ਸ਼ਤਾਬਦੀ ਮੁਹਿੰਮ ਖੱਬੀ ਲਹਿਰ ਵਲੋਂ ਹੀ ਚਲਾਈ ਗਈ।

ਕਾਬਲੇ-ਗ਼ੌਰ ਪਹਿਲੂ ਇਹ ਵੀ ਹੈ ਕਿ ਪੰਜਾਬ (ਅਤੇ ਪਰਦੇਸ ਵਸੇ ਪੰਜਾਬੀਆਂ) ਤੋਂ ਬਿਨਾਂ ਹੋਰ ਸੂਬਿਆਂ ਵਿਚ, ਦਿੱਲੀ ਤੇ ਕੁਝ ਹੋਰ ਥਾਈਂ ਜਥੇਬੰਦ ਕੀਤੇ ਗਏ ਇਕਾ-ਦੁੱਕਾ ਉਚੇਚੇ ਸਮਾਗਮਾਂ ਨੂੰ ਛੱਡ ਕੇ, ਕੋਈ ਖ਼ਾਸ ਮੁਹਿੰਮ ਨਜ਼ਰ ਨਹੀਂ ਆਈ। ਇਸ ਦੀ ਵੱਡੀ ਵਜ੍ਹਾ ਸ਼ਾਇਦ ਇਹ ਸੀ ਕਿ ਵੱਡੀ ਗਿਣਤੀ ਗ਼ਦਰੀ, ਪੰਜਾਬੀ ਸਨ ਪਰ ਉਨ੍ਹਾਂ ਦੀ ਕਰਮਭੂਮੀ ਤਾਂ ਪੰਜਾਬ ਤਕ ਮਹਿਦੂਦ ਨਹੀਂ ਸੀ। ਉਨ੍ਹਾਂ ਦੇ ਉਦੇਸ਼ ਦਾ ਦਾਇਰਾ ਤਾਂ ਕੁਲ ਦੁਨੀਆਂ ਦੀ ਆਜ਼ਾਦੀ ਤੱਕ ਫੈਲਿਆ ਹੋਇਆ ਸੀ। ਫਿਰ ਇੰਝ ਕਿਉਂ ਹੋਇਆ? ਕੀ ਬੰਗਾਲ ਨੇ ਤਾਰਕਨਾਥ ਦਾਸ, ਰਾਸ ਬਿਹਾਰੀ ਬੋਸ ਤੇ ਸਚਿੰਦਰਨਾਥ ਸਾਨਿਆਲ ਤੇ ਉਨ੍ਹਾਂ ਦੇ ਯੁਗ ਪਲਟਾਊ ਸਾਥੀਆਂ, ਮਹਾਰਾਸ਼ਟਰ ਨੇ ਵਿਸ਼ਣੂੰ ਗਣੇਸ਼ ਪਿੰਗਲੇ ਤੇ ਪਾਂਡੂਰੰਗ ਖਾਨਖੋਜੇ ਅਤੇ ਆਂਧਰਾ ਨੇ ਦਰਸੀ ਚੈਂਚਈਆ ਦੀ ਗ਼ਦਰ ਦੌਰਾਨ ਇਤਿਹਾਸਕ ਸਿਰਮੌਰ ਭੂਮਿਕਾ ਨੂੰ ਮਨੋ ਵਿਸਾਰ ਦਿੱਤਾ ਹੈ?

ਪੰਜਾਬ ਵਿਚ ਅਤੇ ਪਰਦੇਸੀਂ ਵਸੇ ਪੰਜਾਬੀਆਂ ਵੱਲੋਂ ਜਥੇਬੰਦ ਕੀਤੇ ਸ਼ਤਾਬਦੀ ਸਮਾਗਮ ਸੱਚੀਉਂ ਹੀ ਵੱਡੀ ਮੁਹਿੰਮ ਬਣ ਕੇ ਸਾਹਮਣੇ ਆਏ। ਇੰਗਲੈਂਡ, ਅਮਰੀਕਾ, ਕੈਨੇਡਾ, ਨਿਊਜ਼ੀਲੈਂਡ ਆਦਿ ਮੁਲਕਾਂ ਵਿਚ ਪਰਵਾਸੀ ਪੰਜਾਬੀਆਂ ਨੇ ਉਚੇਚੇ ਸਮਾਗਮ ਜਥੇਬੰਦ ਕੀਤੇ। ਪੰਜਾਬ ਵਿਚ ਰਵਾਇਤੀ ਖੱਬੇ ਅਤੇ ਨਕਸਲੀ ਦੋਵਾਂ ਧਿਰਾਂ ਵਲੋਂ ਸ਼ਤਾਬਦੀ ਮੁਹਿੰਮਾਂ ਜਥੇਬੰਦ ਕੀਤੀਆਂ ਗਈਆਂ। ਬਿਨਾਂ ਸ਼ੱਕ, ਇਸ ਦੇ ਕੇਂਦਰ ਵਿਚ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਵਲੋਂ ਦਿੱਤਾ ਗ਼ਦਰ ਸ਼ਤਾਬਦੀ ਮਨਾਉਣ ਦਾ ਹੋਕਾ ਸੀ। ਇਸ ਹੋਕੇ ਦੇ ਆਲੇ-ਦੁਆਲੇ ਵਿਸ਼ਾਲ ਮੁਹਿੰਮ ਲਾਮਬੰਦ ਹੋ ਗਈ। ਤਕਰੀਬਨ ਪੂਰਾ ਸਾਲ ਗ਼ਦਰ ਸ਼ਤਾਬਦੀ ਦਾ ਪੈਗ਼ਾਮ ਸੂਬੇ ਦੇ ਪਿੰਡਾਂ, ਸ਼ਹਿਰਾਂ ਵਿਚ ਗੂੰਜਦਾ ਰਿਹਾ। ਇਸ ਮੁਹਿੰਮ ਦਾ ਖ਼ਾਸ ਹਾਸਲ ਇਹ ਵੀ ਰਿਹਾ ਕਿ ਹਜ਼ਾਰਾਂ ਗ਼ਦਰੀਆਂ ਅਤੇ ਬੱਬਰ ਅਕਾਲੀਆਂ ਦੇ ਜੱਦੀ ਪਿੰਡਾਂ ਦੇ ਬਾਸ਼ਿੰਦਿਆਂ ਦੇ ਚੇਤਿਆਂ 'ਚ ਆਪੋ-ਆਪਣੇ ਜਾਂ ਆਂਢ-ਗੁਆਂਢ ਦੇ ਪਿੰਡਾਂ ਦੇ ਸੂਰਬੀਰਾਂ ਦੀ ਯਾਦ ਸੱਜਰੀ ਹੋ ਉੱਠੀ ਜੋ ਵਕਤ ਦੀ ਗ਼ਰਦ ਦੇ ਬੋਝ ਹੇਠ ਡੂੰਘੀ ਦਫ਼ਨਾਈ ਜਾ ਚੁੱਕੀ ਸੀ। ਕੁਝ ਪਿੰਡਾਂ ਵਾਲਿਆਂ ਨੂੰ ਤਾਂ ਇਹ ਵੀ ਪਤਾ ਨਹੀਂ ਸੀ ਕਿ ਉਨ੍ਹਾਂ ਦੇ ਪਿੰਡ ਦੇ ਕੋਈ ਇਸ ਤਰ੍ਹਾਂ ਦੇ ਸੂਰਬੀਰ ਇਨਕਲਾਬੀ ਵੀ ਹੋਏ ਹਨ। ਬਿਨਾਂ ਸ਼ੱਕ ਸ਼ਤਾਬਦੀ ਮੁਹਿੰਮ ਨੇ ਗ਼ਦਰ ਦੀਆਂ ਅਮਿੱਟ ਦੇਣਾਂ ਨੂੰ ਉਭਾਰ ਕੇ ਸਾਹਮਣੇ ਲਿਆਂਦਾ।

ਉਂਝ ਪੁਰਜ਼ੋਰ ਸ਼ਤਾਬਦੀ ਮੁਹਿੰਮ ਚਲਾ ਰਹੀਆਂ ਤਾਕਤਾਂ ਦੇ ਕਾਰ-ਵਿਹਾਰ ਵਿਚੋਂ ਸਵੈ ਦੇ ਅੰਦਰ ਝਾਤ ਮਾਰਨ ਅਤੇ ਗ਼ਦਰੀਆਂ ਦੇ ਕੱਦਾਵਰ ਇਨਕਲਾਬੀ ਕਿਰਦਾਰ ਨੂੰ ਆਦਰਸ਼ ਵਜੋਂ ਲੈ ਕੇ ਦਮਨਕਾਰੀ ਸਟੇਟ ਵਿਰੁੱਧ ਅਮਲ 'ਚ ਢਾਲਣ ਦੀ ਚੇਤਨਾ ਕਿਤੇ ਨਜ਼ਰ ਨਹੀਂ ਆਈ। ਗ਼ਦਰੀ ਇਨਕਲਾਬੀਆਂ ਵਲੋਂ ਗ਼ਦਰ ਦੇ ਆਪਣੇ ਆਜ਼ਾਦ ਰਾਜਸੀ ਏਜੰਡੇ ਨੂੰ ਸਾਫ਼-ਸਾਫ਼ ਬੁਲੰਦ ਰੱਖਦੇ ਹੋਏ ਸਾਂਝੇ ਦੁਸ਼ਮਣ ਬਸਤੀਵਾਦੀ ਸਟੇਟ ਦੇ ਖ਼ਿਲਾਫ਼ ਵੰਨ-ਸੁਵੰਨੀਆਂ ਤਾਕਤਾਂ ਨੂੰ ਨਾਲ ਲੈਣ ਅਤੇ ਵਕਤ ਦੀ ਰਮਜ਼ ਪਛਾਣ ਕੇ ਦੁਸ਼ਮਣ ਉਪਰ ਸਹੀ ਟਿਕਾਣੇ 'ਤੇ ਸੱਟ ਮਾਰਨ ਦੀ ਅਸੂਲੀ ਵਿਹਾਰਕ ਪਹੁੰਚ ਅਪਣਾਈ ਸੀ। ਗ਼ਦਰੀਆਂ ਦੇ ਵਾਰਿਸਾਂ ਵਿਚ ਅਜਿਹੀ ਪਹੁੰਚ ਦੇ ਉਭਰਨ ਦੇ ਅੱਜ ਵੀ ਕੋਈ ਉਘੜਵੇਂ ਸੰਕੇਤ ਨਹੀਂ। ਮੁਤਬਾਦਲ ਇਨਕਲਾਬੀ ਸਿਆਸਤ ਪੇਸ਼ ਕਰਨ ਅਤੇ ਨਿਆਂ ਤੇ ਬਰਾਬਰੀ ਆਧਾਰਤ ਸਮਾਜ ਲਈ ਜੱਦੋਜਹਿਦ ਨੂੰ ਜਾਨਦਾਰ ਢੰਗ ਨਾਲ ਅੱਗੇ ਵਧਾਉਣ ਦਾ ਸਵਾਲ ਉਥੇ ਦਾ ਉਥੇ ਖੜ੍ਹਾ ਹੈ। ਇਸ ਦੇ ਬਾਵਜੂਦ ਕਿ ਅੰਮ੍ਰਿਤਯ ਸੇਨ ਵਰਗੇ ਸਥਾਪਤੀ ਦੇ ਗਹਿ-ਗੱਡ ਚਿੰਤਕ ਵੀ ਮੁਲਕ ਦੀਆਂ ਸਿਹਤ ਤੇ ਸਿਖਿਆ ਵਰਗੀਆਂ ਬੁਨਿਆਦੀ ਜ਼ਰੂਰਤਾਂ ਦੇ ਲਾਮਿਸਾਲ ਨਿਘਾਰ ਅਤੇ ਵਿਆਪਕ ਪਾੜੇ ਤੋਂ ਡਾਢੇ ਫ਼ਿਕਰਮੰਦ ਦਿਖਾਈ ਦੇ ਰਹੇ ਹਨ ਪਰ ਅਜਿਹੇ ਹਾਲਾਤ ਵਿਚ ਵੀ ਭਾਰਤ ਦੀਆਂ ਜ਼ਿਆਦਾਤਰ ਤਬਦੀਲੀਪਸੰਦ ਤਾਕਤਾਂ ਭਾਰਤੀ ਸਟੇਟ ਵਿਰੁੱਧ 'ਅਰਬ ਬਸੰਤ' ਜਾਂ 'ਵਾਲ ਸਟਰੀਟ ਉਪਰ ਕਬਜ਼ਾ ਕਰੋ' ਵਰਗੀ ਕਿਸੇ ਧੜੱਲੇਦਾਰ ਮੁਹਿੰਮ ਦਾ ਮੁੱਢ ਬੰਨ੍ਹਣ ਦੀ ਤਿਆਰੀ 'ਚ ਜੁੱਟੀਆਂ ਨਜ਼ਰ ਨਹੀਂ ਆ ਰਹੀਆਂ। ਗ਼ਦਰ ਸ਼ਤਾਬਦੀ ਮੁਹਿੰਮ ਚਲਾਉਣ ਵਾਲੀਆਂ ਇਨ੍ਹਾਂ ਤਾਕਤਾਂ ਵਿਚੋਂ ਕਿਸੇ ਵਲੋਂ ਭਾਰਤੀ ਸਟੇਟ ਵਿਰੁੱਧ ਗ਼ਦਰੀਆਂ ਵਰਗਾ ਪ੍ਰੋਗਰਾਮ ਨਹੀਂ ਦਿੱਤਾ ਗਿਆ।

ਕਾਰਪੋਰੇਟ ਵਿਕਾਸ ਮਾਡਲ ਦੇ ਪਹੀਏ ਅਵਾਮ ਨੂੰ ਬੇਰਹਿਮੀ ਨਾਲ ਦਰੜ ਰਹੇ ਹਨ। ਆਲਮੀ ਕਾਰਪੋਰੇਟ ਸਰਮਾਏ ਦੇ ਦਲਾਲ ਮਨਮੋਹਨ-ਚਿਦੰਬਰਮ-ਮੌਂਟੇਕ-ਸੋਨੀਆ ਗਾਂਧੀ ਦੀ 'ਕਾਰਪੋਰੇਟ ਵਜ਼ਾਰਤ' ਵਲੋਂ ਵਿੱਢੀ ਆਪਣੇ ਹੀ ਲੋਕਾਂ ਵਿਰੁੱਧ ਜੰਗ ਆਦਿਵਾਸੀ ਖੇਤਰਾਂ ਤੋਂ ਬਾਹਰ ਮਹਾਂਨਗਰਾਂ ਤੱਕ ਮਾਰ ਕਰ ਰਹੀ ਹੈ। ਇਸ ਵਿਕਾਸ ਮਾਡਲ ਦੀਆਂ ਵਧੇਰੇ ਮੂੰਹਫੱਟ ਫਾਸ਼ੀਵਾਦੀ ਨੁਮਾਇੰਦਾ ਹਿੰਦੂਤਵੀ ਤਾਕਤਾਂ ਪੂਰੇ ਮੁਲਕ ਨੂੰ ਆਪਣੀ ਲਪੇਟ ਵਿਚ ਲੈਂਦੀਆਂ ਹੋਈਆਂ ਦਨਦਨਾਉਂਦੀਆਂ ਅੱਗੇ ਵਧ ਰਹੀਆਂ ਹਨ ਪਰ ਸਥਾਪਤੀ ਦੇ ਇਸ 'ਵਿਕਾਸ' ਦੇ ਢੌਂਗ ਨੂੰ ਧੜੱਲੇ ਤੇ ਇਨਕਲਾਬੀ ਜਜ਼ਬੇ ਨਾਲ ਬੇਪਰਦ ਕਰਨ ਤੇ ਵੰਗਾਰਨ ਅਤੇ ਇਨਕਲਾਬੀ ਬਦਲਾਉ ਦੀ ਜ਼ਰੂਰਤ ਨੂੰ ਬੁਲੰਦ ਕਰਨ ਦਾ ਗ਼ਦਰੀਆਂ ਵਾਲਾ ਵਿਹਾਰਕ ਜੇਰਾ ਉਨ੍ਹਾਂ ਦੀ ਵਿਰਾਸਤ ਦੇ ਦਾਅਵੇਦਾਰਾਂ ਵਿਚ ਨਦਾਰਦ ਹੈ। ਗ਼ਦਰੀ ਆਗੂਆਂ ਨੇ ਗ਼ਦਰ ਪਾਰਟੀ ਦੇ ਮੁੱਢਲੇ ਅਸੂਲ ਸੂਤਰਬਧ ਕਰਦੇ ਵਕਤ ਪਾਸ ਕੀਤੇ ਮਤੇ ਵਿਚ ਬਸਤੀਵਾਦੀ ਰਾਜ ਦੀ ਦਮਨਕਾਰੀ ਤਾਸੀਰ ਦੀ ਸ਼ਨਾਖ਼ਤ ਕਰਦਿਆਂ ਬਿਲਕੁਲ ਸਾਫ਼-ਸਾਫ਼ ਇਹ ਫਰਜ਼ ਤੈਅ ਕੀਤਾ ਸੀ ਕਿ ਗ਼ਦਰ ਪਾਰਟੀ ਦਾ ਸਿਪਾਹੀ ਚਾਹੇ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਹੋਵੇ, ਜੇ ਉਥੇ ਆਜ਼ਾਦੀ ਦੀ ਜੰਗ ਹੁੰਦੀ ਹੈ ਤਾਂ ਉਸ ਵਿਚ ਹਿੱਸਾ ਜ਼ਰੂਰ ਲਵੇਗਾ ਅਤੇ ਹਰ ਤਰ੍ਹਾਂ ਦੀ ਗ਼ੁਲਾਮੀ ਵਿਰੁੱਧ ਲੜੇਗਾ। ਮੁਲਕ ਦੀਆਂ ਦੱਬੀ-ਕੁਚਲੀਆਂ ਕੌਮੀਅਤਾਂ ਅਤੇ ਧਾਰਮਿਕ ਘੱਟਗਿਣਤੀਆਂ ਨੂੰ ਭਾਰਤੀ ਸਟੇਟ 'ਏਕਤਾ ਤੇ ਅਖੰਡਤਾ' ਦੇ ਨਾਂ ਹੇਠ ਜ਼ਾਲਮ ਫ਼ੌਜੀ ਬੂਟਾਂ ਹੇਠ ਦਹਾਕਿਆਂ ਤੋਂ ਕੁਚਲ ਰਿਹਾ ਹੈ ਪਰ ਸਥਾਪਤੀ ਵਿਰੋਧੀ ਕਹਾਉਂਦੀਆਂ ਖੱਬੀਆਂ ਤਾਕਤਾਂ ਦਾ ਜ਼ਿਆਦਾਤਰ ਹਿੱਸਾ ਸਟੇਟ ਦੇ ਮੂਲ ਦਮਨਕਾਰੀ ਸੁਭਾਅ ਨੂੰ ਸਮਝਣ ਤੋਂ ਆਰੀ ਹੈ। ਰਵਾਇਤੀ ਖੱਬੇ ਦਹਾਕਿਆਂ ਤੋਂ ਮੁਤਬਾਦਲ ਇਨਕਲਾਬੀ ਸਿਆਸਤ ਦਾ ਏਜੰਡਾ ਛੱਡ ਕੇ ਭਾਰਤੀ ਹੁਕਮਰਾਨ ਜਮਾਤਾਂ ਦੇ ਰਾਜਸੀ ਅਜੰਡੇ ਦੇ ਵਾਹਕ ਬਣੇ ਹੋਏ ਹਨ। ਉਹ ਅਜੇ ਵੀ ਇਹ ਸਮਝਣ ਲਈ ਤਿਆਰ ਨਹੀਂ ਹਨ ਕਿ 'ਮੁਲਕ ਦੀ ਏਕਤਾ ਤੇ ਅਖੰਡਤਾ' ਦਾ ਨਾਅਰਾ ਅਤੇ ਰਾਸ਼ਟਰਵਾਦ ਦੀ ਹਾਏ-ਤੌਬਾ ਕਾਰਪੋਰੇਟ ਸਰਮਾਏਦਾਰੀ ਦੀ ਸਾਲਮ ਮੰਡੀ ਦੀ ਲੋਟੂ ਗਰਜ਼ ਦੀ ਤਰਜਮਾਨੀ ਕਰਦੇ ਹਨ ਅਤੇ ਕਾਂਗਰਸ ਮਾਰਕਾ 'ਧਰਮਨਿਰਪੱਖਤਾ' ਲੁਕਵੇਂ ਰੂਪ ਵਿਚ ਹਿੰਦੂ ਝੁਕਾਅ ਤੋਂ ਬਿਨਾਂ ਕੁਝ ਨਹੀਂ ਹੈ। ਰਵਾਇਤੀ ਖੱਬੇ ਅਜੇ ਵੀ ਇਨ੍ਹਾਂ ਦੋ ਫਹੁੜੀਆਂ ਸਹਾਰੇ ਮੁਲਕ ਦੀ ਤਕਦੀਰ ਸਥਾਪਤੀ 'ਚ ਸੁਧਾਰਾਂ ਰਾਹੀਂ ਬਦਲਣ ਦੇ ਭਰਮ ਤੋਂ ਮੁਕਤ ਹੋਣ ਲਈ ਤਿਆਰ ਨਹੀਂ ਹਨ। ਕਾਰਪੋਰੇਟ ਵਿਕਾਸ ਮਾਡਲ ਅਤੇ ਹਿੰਦੂ ਤਰਫ਼ਦਾਰੀ ਵਾਲੇ ਭਾਰਤੀ ਰਾਜ ਦੀ ਨਾੜੂਏ ਦੀ ਸਾਂਝ ਦੀ ਸਹੀ ਪਛਾਣ ਕਰਨ ਅਸਫ਼ਲ ਰਹਿਣ ਕਰ ਕੇ ਉਨ੍ਹਾਂ ਨੇ ਆਪਣੀ ਕੁਲ ਤਾਕਤ ਇਸ ਦਮਨਕਾਰੀ ਢਾਂਚੇ ਖ਼ਿਲਾਫ਼ ਸੇਧਤ ਕਰਨ ਦੀ ਥਾਂ ਇਸ ਪ੍ਰਤੀ ਨਰਮ ਗੋਸ਼ਾ ਅਖ਼ਤਿਆਰ ਕੀਤਾ ਹੋਇਆ ਹੈ ਅਤੇ ਇਸ ਵਿਰੁੱਧ ਲੜ ਰਹੀਆਂ ਤਾਕਤਾਂ ਦੇ ਗ਼ਲਤ ਰੁਝਾਨਾਂ (ਇੰਤਹਾਪਸੰਦੀ) ਦੇ ਬਹਾਨੇ ਨਾ ਸਿਰਫ਼ ਉਨ੍ਹਾਂ ਤੋਂ ਦੂਰ ਰਹਿਣ ਸਗੋਂ ਇਕ ਤਰ੍ਹਾਂ ਨਾਲ ਉਨ੍ਹਾਂ ਨੂੰ ਕੁਚਲਣ ਵਿਚ ਰਾਜ ਦਾ ਹੱਥ ਵਟਾਉਂਦੇ ਆ ਰਹੇ ਹਨ। ਖ਼ਾਸ ਕਰ ਕੇ ਸੀ.ਪੀ.ਐੱਮ. ਦੀ ਇਹ ਭੂਮਿਕਾ ਜੱਗ ਜ਼ਾਹਿਰ ਹੈ ਜਦਕਿ ਗ਼ਦਰੀ ਵਿਰਾਸਤ ਦਾ ਵਿਹਾਰਕ ਭਾਵ ਇਹ ਹੈ ਕਿ 1947 ਤੋਂ ਪਿੱਛੋਂ ਦੇ ਭਾਰਤੀ ਸਟੇਟ ਦਾ ਰੂਪ ਕੋਈ ਵੀ ਹੋਵੇ, ਇਸ ਦੀ ਮੂਲ ਫ਼ਿਤਰਤ ਨੂੰ ਸਮਝੇ ਬਗੈਰ ਅਤੇ ਇਸ ਨੂੰ ਉਲਟਾਉਣ ਲਈ ਗ਼ਦਰੀ ਇਨਕਲਾਬੀਆਂ ਵਰਗਾ ਸਪਸ਼ਟ ਯੁਗ ਪਲਟਾਊ ਨਿਸ਼ਾਨਾ ਮਿੱਥ ਕੇ ਧੜੱਲੇ ਨਾਲ ਅਵਾਮੀ ਲਹਿਰ ਉਸਾਰਨ ਦਾ ਰਾਹ ਅਖ਼ਤਿਆਰ ਕੀਤੇ ਬਗ਼ੈਰ ਦੱਬੇ-ਕੁਚਲੇ ਅਵਾਮ ਦੀ ਬੰਦ-ਖ਼ਲਾਸੀ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਗ਼ਦਰ ਵਿਰਾਸਤ ਦੀ ਦਾਅਵੇਦਾਰੀ ਦੀ ਗੱਲ ਕਰਦਿਆਂ ਰਸਮੀ ਸ਼ਰਧਾਂਜਲੀਆਂ ਬਹੁਤੇ ਮਾਇਨੇ ਨਹੀਂ ਰੱਖਦੀਆਂ। ਕਿਸੇ ਰਾਜਸੀ ਧਿਰ ਦਾ ਵਿਹਾਰਕ ਇਨਕਲਾਬੀ ਕਿਰਦਾਰ ਹੀ ਇਸ ਦੀ ਕਸਵੱਟੀ ਹੈ। ਫਿਰ ਰਵਾਇਤੀ ਖੱਬੀ ਧਿਰ ਗ਼ਦਰੀ ਇਨਕਲਾਬੀਆਂ ਦੀ ਵਾਰਿਸ ਕਿਵੇਂ ਹੈ?

ਰੈਡੀਕਲ ਖੱਬਿਆਂ ਵਿਚ ਇਹ ਭਟਕਾਅ ਨਹੀਂ ਹੈ ਪਰ ਕੁਲ ਮਿਲਾ ਕੇ ਮਾਓਵਾਦੀ ਅਗਵਾਈ ਵਾਲੀ ਆਦਿਵਾਸੀ ਲਹਿਰ ਨੂੰ ਛੱਡ ਕੇ ਰਵਾਇਤੀ ਅਤੇ ਰੈਡੀਕਲ ਖੱਬੀ ਲਹਿਰ ਅੰਦਰ ਜਾਂ ਤਾਂ ਰਾਜਸੀ ਸੁਧਾਰਵਾਦ ਭਾਰੂ ਹੈ ਜਾਂ ਆਰਥਿਕਵਾਦ। ਗ਼ਦਰੀਆਂ ਵਰਗੇ ਸਪਸ਼ਟ ਯੁਗ ਪਲਟਾਊ ਏਜੰਡੇ ਨੂੰ ਲੈ ਕੇ ਰਾਜਸੀ ਜੱਦੋਜਹਿਦ ਆਦਿਵਾਸੀ ਸੰਘਰਸ਼ਾਂ ਨੂੰ ਛੱਡ ਕੇ ਕਿਤੇ ਨਜ਼ਰ ਨਹੀਂ ਆ ਰਹੀ। ਇਹ ਅਤੇ ਅਜਿਹੇ ਹੋਰ ਸਵਾਲ ਅੱਜ ਵੀ ਅਣਸੁਲਝੇ ਪਏ ਹਨ। ਕੀ ਸ਼ਤਾਬਦੀ ਮੁਹਿੰਮਾਂ ਦਾ ਇਸ ਤਰ੍ਹਾਂ ਮਹਿਜ਼ ਰਸਮੀ ਬਣ ਕੇ ਰਹਿ ਜਾਣਾ ਜਾਇਜ਼ ਹੈ?

---

# ਗਦਰ ਸ਼ਤਾਬਦੀ ਮੇਲਾ: ਵਿਰਸੇ, ਇਤਿਹਾਸ, ਕਲਾ ਤੇ ਕਿਤਾਬਾਂ ਦਾ ਜੋੜਮੇਲ

ਦਲਜੀਤ ਅਮੀ

ਦੇਸ਼ ਭਗਤ ਯਾਦਗਾਰੀ ਹਾਲ ਜਲੰਧਰ ਵਿਚ ਗ਼ਦਰ ਸ਼ਤਾਬਦੀ ਮੇਲਾ ਇਤਿਹਾਸ, ਕਲਾ, ਕਿਤਾਬਾਂ, ਸਿਆਸਤ, ਵਿਦਵਤਾ ਅਤੇ ਸੁਹਿਰਦਤਾ ਦਾ ਮੇਲ ਹੋ ਨਿਬੜਿਆ। ਗ਼ਦਰ ਪਾਰਟੀ ਦੀ ਵਿਰਾਸਤ, ਸਭਿਆਚਾਰਕ ਪਛਾਣ ਅਤੇ ਸੋਚ ਦੀ ਨੁਮਾਇੰਦਗੀ ਮੇਲੀਆਂ ਦੀ ਵੰਨ-ਸਵੰਨਤਾ ਵਿਚੋਂ ਹੋਈ। ਪੰਜ ਦਿਨਾਂ ਦੇ ਇਸ ਮੇਲੇ ਬਾਰੇ ਲੰਮਾ ਲੇਖ ਲਿਖਿਆ ਜਾਣਾ ਚਾਹੀਦਾ ਹੈ ਪਰ ਇਸ ਸੰਖੇਪ ਵਿਚ ਕੁਝ ਫੌਰੀ ਪ੍ਰਭਾਵ ਸਾਂਝੇ ਕੀਤੇ ਜਾ ਰਹੇ ਹਨ। ਇਸ ਮੇਲੇ ਲਈ ਦੇਸ਼ ਭਗਤ ਯਾਦਗਾਰੀ ਹਾਲ ਨੂੰ ਯੁਗਾਂਤਰ ਆਸ਼ਰਮ ਦਾ ਨਾਮ ਦਿੱਤਾ ਗਿਆ। ਦਰਵਾਜ਼ੇ ਉੱਤੇ ਲੱਗੀਆਂ ਦੇਸ਼ ਭਗਤਾਂ ਦੀਆਂ ਤਸਵੀਰਾਂ ਅੰਦਰਲੇ ਮਾਹੌਲ ਦਾ ਮੁੱਢ ਬੰਨ੍ਹਦੀਆਂ ਸਨ। ਮੇਲੇ ਵਿਚ ਸ਼ਾਮਿਲ ਸੰਗਤ ਨੇ ਦੇਸ਼ ਭਗਤ ਯਾਦਗਾਰੀ ਹਾਲ ਨੂੰ ਉਛਾਲਾ ਦੇ ਦਿੱਤਾ ਜਿਸ ਨਾਲ ਮੇਲਾ ਸੜਕਾਂ ਉੱਤੇ ਵਗਣ ਲੱਗਿਆ। ਕਿਸਾਨ, ਮਜ਼ਦੂਰ, ਮੁਲਾਜ਼ਮ, ਵਿਦਿਆਰਥੀ ਅਤੇ ਭਰਾਤਰੀ ਜਥੇਬੰਦੀਆਂ ਦੇ ਨਾਲ-ਨਾਲ ਜਗਿਆਸੂਆਂ, ਸਨੇਹੀਆਂ ਅਤੇ ਹਮਦਰਦਾਂ ਨੇ ਸੜਕਾਂ ਉੱਤੇ ਗ਼ਦਰੀ ਇਨਕਲਾਬੀਆਂ ਦੀਆਂ ਤਸਵੀਰਾਂ ਅਤੇ ਝੰਡਿਆਂ ਨਾਲ ਮਾਰਚ ਕੀਤਾ।

ਯਾਦਗਾਰੀ ਹਾਲ ਅੰਦਰਲਾ ਮਾਹੌਲ ਬਾਹਰ ਆਇਆ ਅਤੇ ਸ਼ਹਿਰ ਦੇ ਰਾਹ ਮੇਲੇ ਵੱਲ ਵਗਣ ਲੱਗੇ। ਦੇਸ਼ ਭਗਤ ਯਾਦਗਾਰੀ ਦੇ ਨਾਲ ਲੱਗਦੇ ਪਾਰਕ ਮੇਲੇ ਨਾਲ ਇੱਕ ਰੂਪ ਹੋ ਗਏ। ਇਨ੍ਹਾਂ ਪਾਰਕਾਂ ਵਿਚ ਜਥੇਬੰਦੀਆਂ ਨੇ ਇਕੱਠ ਕੀਤੇ। ਛੋਟੀਆਂ-ਛੋਟੀਆਂ ਟੋਲੀਆਂ ਨੇ ਆਪਸ ਵਿਚ ਵਿਚਾਰ-ਵਟਾਂਦਰਾ ਕੀਤਾ। ਦਸਤਕ ਮੰਚ ਵਾਲਿਆਂ ਨੇ ਮੇਲੇ ਦੇ ਆਲੇ-ਦੁਆਲੇ ਦੋ ਗੀਤ ਕਈ ਵਾਰ ਗਾਏ: 'ਮਸ਼ਾਲਾਂ ਬਾਲ ਕੇ ਚੱਲਣਾ' ਅਤੇ 'ਹਮ ਮਿਹਨਤਕਸ਼ ਜਗ ਵਾਲੋਂ ਸੇ'। ਬਾਕੀ ਗੀਤ-ਸੰਗੀਤ ਟੋਲੀਆਂ ਨੇ ਕਈ ਵਾਰ ਛੋਟੇ-ਛੋਟੇ ਇਕੱਠਾਂ ਵਿਚ ਪੇਸ਼ਕਾਰੀਆਂ ਕੀਤੀਆਂ। ਕਲਾਕਾਰ ਅਤੇ ਦਰਸ਼ਕ/ਸਰੋਤੇ ਦੀ ਨੇੜਤਾ ਇਨ੍ਹਾਂ ਪੇਸ਼ਕਾਰੀਆਂ ਤੋਂ ਬਾਅਦ ਹੁੰਦੀਆਂ ਗੱਲਾਂ ਵਿਚੋਂ ਝਲਕਦੀ ਸੀ।

ਮੇਲੇ ਦੇ ਅੰਦਰ ਵਿਦਿਆਰਥੀਆਂ ਅਤੇ ਨੌਜਵਾਨਾਂ ਲਈ ਵੰਨ-ਸਵੰਨੀ ਸਰਗਰਮੀ ਮੁਕਾਬਲਿਆਂ ਦੇ ਰੂਪ ਵਿਚ ਲਗਾਤਾਰ ਚੱਲਦੀ ਰਹੀ। ਇਨ੍ਹਾਂ ਸਰਗਰਮੀਆਂ ਨਾਲ ਮੇਲਾ ਵਿਦਿਆਰਥੀਆਂ ਲਈ ਇਤਿਹਾਸ ਦਾ ਸਕੂਲ ਬਣ ਗਿਆ ਜਾਪਦਾ ਸੀ। ਦਿਲਚਸਪ ਢੰਗ ਨਾਲ ਸਮਝਾਇਆ ਗਿਆ ਇਤਿਹਾਸ ਉਨ੍ਹਾਂ ਦੀਆਂ ਯਾਦਾਂ ਦਾ ਹਿੱਸਾ ਬਣ ਗਿਆ ਹੋਵੇਗਾ ਅਤੇ ਕਈਆਂ ਦੀ ਜਗਿਆਸਾ ਉਨ੍ਹਾਂ ਨੂੰ ਹੋਰ ਜਾਣਨ ਦੇ ਰਾਹ ਤੋਰੇਗੀ। ਸਵਾਲ-ਜਵਾਬ, ਪੇਂਟਿੰਗਜ਼ ਅਤੇ ਗਾਇਨ ਮੁਕਾਬਲਿਆਂ ਵਿਚੋਂ ਇਤਿਹਾਸ ਨਾਲ ਰਿਸ਼ਤਾ ਕਾਇਮ ਕਰਨਾ ਨਵੀਂ ਪੀੜ੍ਹੀ ਨਾਲ ਸੰਜੀਦਾ ਸੰਵਾਦ ਦੀ ਸ਼ੁਰੂਆਤ ਮੰਨਿਆ ਜਾ ਸਕਦਾ ਹੈ।

ਮਹਾਂਰਾਸ਼ਟਰ ਤੋਂ 'ਰਿਪਬਲੀਕਨ ਪੈਂਥਰਜ਼ ਜਾਤੀ ਅੰਤੀਕਾ ਚਲਵਲ' ਨਾਲ ਸੱਭਿਆਚਾਰਕ ਟੋਲੀ ਪੂਰੇ ਸ਼ਤਾਬਦੀ ਮੇਲੇ ਨੂੰ ਪੇਚੀਦਾ ਪਰ ਅਹਿਮ ਸਵਾਲਾਂ ਦੇ ਸਨਮੁੱਖ ਕਰਦੀ ਜਾਪਦੀ ਸੀ। ਅੰਬੇਦਕਰ, ਜਿਉਤੀ ਬਾਫੂਲੇ, ਭਗਤ ਸਿੰਘ, ਕਰਤਾਰ ਸਰਾਭਾ ਅਤੇ ਗ਼ਦਰ ਪਾਰਟੀ ਨੂੰ ਵਡੇਰੀ ਲੜੀ ਦੀਆਂ ਕੜੀਆਂ ਵਜੋਂ ਵੇਖਦੇ ਹੋਏ ਮੌਜੂਦਾ ਦੌਰ ਦੇ ਜਾਤੀ ਵਿਤਕਰੇ, ਨਾਬਰਾਬਰੀ ਅਤੇ ਬੇਇਨਸਾਫ਼ੀ ਖ਼ਿਲਾਫ਼ ਆਵਾਜ਼ ਬੁਲੰਦ ਕਰਨਾ ਇਨ੍ਹਾਂ ਦੀ ਕਲਾ ਦਾ ਕੇਂਦਰੀ ਨੁਕਤਾ ਸੀ। ਮੇਲੇ ਦੀ ਫ਼ਿਜ਼ਾ ਵਿਚੋਂ ਫ਼ੈਜ਼ ਅਹਿਮਦ ਫ਼ੈਜ਼ ਦੀ ਸ਼ਾਇਰੀ ਨੂੰ ਮਹਿਸੂਸ ਕੀਤਾ ਜਾ ਸਕਦਾ ਸੀ। ਝੰਡੇ ਦੇ ਗੀਤ ਵਿਚ ਹਿੱਸਾ ਹੋਣ ਤੋਂ ਲੈ ਕੇ ਵੱਖ-ਵੱਖ ਟੋਲੀਆਂ ਨੇ ਫ਼ੈਜ਼ ਦੀ ਸ਼ਾਇਰੀ ਗਾਈ ਅਤੇ ਇਸ ਸ਼ਾਇਰੀ ਦੀਆਂ ਕਿਤਾਬਾਂ ਦੀ ਚੋਖੀ ਪੁੱਛ-ਪ੍ਰਤੀਤ ਹੋਈ। ਕਵੀਸ਼ਰੀ, ਗੀਤਾਂ, ਗ਼ਜ਼ਲਾਂ, ਨਾਟਕਾਂ ਅਤੇ ਤਕਰੀਰਾਂ ਦੀ ਮਿੱਸ (ਮਿਸ਼ਰਨ) ਹਰ ਤਰ੍ਹਾਂ ਦੇ ਸੁਹਜ-ਸਵਾਦ ਵਾਲੇ ਬੰਦੇ ਨੂੰ ਆਪਣੇ ਕਲਾਵੇ ਵਿਚ ਲੈਣ ਵਾਲੀ ਸੀ। ਸੈਮੀਨਾਰਾਂ ਅਤੇ ਫ਼ਿਲਮ ਦੀ ਪਰਦਾਪੇਸ਼ੀ ਵੇਲੇ ਸਰੋਤਿਆਂ/ਦਰਸ਼ਕਾਂ ਦੀ ਗਿਣਤੀ ਬਾਰੇ ਪ੍ਰਬੰਧਕਾਂ ਨੂੰ ਸੋਚਣਾ ਚਾਹੀਦਾ ਹੈ। ਸੈਮੀਨਾਰ ਵਿਚ ਸ਼ਮਸ ਉੱਲ-ਇਸਲਾਮ ਦੀ ਸ਼ਮੂਲੀਅਤ ਕਾਬਿਲ-ਏ-ਤਾਰੀਫ਼ ਸੀ। ਉਸ ਦੀ ਜਾਣਕਾਰੀ ਅਤੇ ਦਲੀਲ ਬਾਕੀ ਦੇ ਬੁਲਾਰਿਆਂ ਉੱਤੇ ਸੰਜੀਦਾ ਸਵਾਲ ਕਰਦੀ ਸੀ ਜੋ ਤਾਰੀਫ਼ਾਂ ਦੇ ਮਾਹੌਲ ਵਿਚ ਨਜ਼ਰਅੰਦਾਜ਼ ਹੁੰਦੇ ਜਾਪੇ।

ਝੰਡੇ ਦੇ ਗੀਤ ਦੀ ਪੇਸ਼ਕਾਰੀ ਵਿਚ ਇਤਿਹਾਸ, ਕਲਾ ਅਤੇ ਸਰੋਕਾਰ ਬਹੁਤ ਸੁਚੱਜੇ ਢੰਗ ਨਾਲ ਪਰੋਏ ਗਏ ਸਨ। ਇਸ ਪੇਸ਼ਕਾਰੀ ਵਿਚ ਕਲਾਕਾਰਾਂ ਦਾ ਘੇਰਾ ਦਰਸ਼ਕਾਂ ਦੇ ਅੰਦਰ ਤੱਕ ਫੈਲਿਆ ਹੋਇਆ ਸੀ। ਪੇਸ਼ਕਾਰੀ ਵਿਚ ਇਨਕਲਾਬੀ ਵਲਵਲਿਆਂ ਅਤੇ ਹਕੂਮਤੀ ਤਸ਼ੱਦਦ ਦੀਆਂ ਲਹਿਰਾਂ ਬਣਦੀਆਂ ਸਨ ਜੋ ਜਿਉਂ ਦੀਆਂ ਤਿਉਂ ਹਾਜ਼ਰ ਸੰਗਤ ਉੱਤੇ ਤਾਰੀ ਹੁੰਦੀਆਂ ਜਾਪਦੀਆਂ ਸਨ। ਸਾਮਰਾਜਵਾਦ ਤੋਂ ਲੈ ਕੇ ਮਜ਼ਦੂਰਾਂ ਦੀ ਹੋਣੀ, ਨਸ਼ਿਆਂ ਦੇ ਕਾਰੋਬਾਰ ਅਤੇ ਔਰਤ ਦੇ ਰੁਤਬੇ ਦੇ ਸਵਾਲ ਇੱਕੋ ਕੜੀ ਦਾ ਹਿੱਸਾ ਜਾਪਦੇ ਸਨ। ਇਹੋ ਮਸਲੇ ਦੂਜੀਆਂ ਪੇਸ਼ਕਾਰੀਆਂ ਅਤੇ ਬੁਲਾਰਿਆਂ ਦੀਆਂ ਤਕਰੀਰਾਂ ਦਾ ਹਿੱਸਾ ਬਣਦੇ ਰਹੇ। ਇਸ ਮੇਲੇ ਵਿਚ ਜੁੜੇ ਮੇਲੀ ਜਿੱਥੇ ਇੱਕ-ਦੂਜੇ ਦੀ ਸੁੱਖ-ਸਾਂਦ ਪੁੱਛਦੇ ਰਹੇ; ਉੱਥੇ ਇਤਿਹਾਸ, ਕਿਤਾਬਾਂ, ਕਲਾ ਅਤੇ ਸਰੋਕਾਰ ਨਾਲ ਆਪਣਾ ਜੋੜ-ਮੇਲ ਮਜ਼ਬੂਤ ਕਰਦੇ ਰਹੇ। ਗ਼ਦਰ ਸ਼ਤਾਬਦੀ ਮੇਲਾ ਇੱਕ ਤਰ੍ਹਾਂ ਭਰੋਸੇ, ਵਿਵੇਕ, ਵਿਸਾਹ ਅਤੇ ਖੁੱਲ੍ਹਦਿਲੀ ਦੀ ਨੁਮਾਇਸ਼ ਹੋ ਨਿਬੜਿਆ। ਗ਼ਦਰੀ ਬਾਬਿਆਂ ਦੀ ਵਿਰਾਸਤ ਪੂਰੇ ਸੌ ਸਾਲਾਂ ਬਾਅਦ ਆਪਣੇ ਵਿਰਸੇ, ਸੋਚ ਅਤੇ ਸਰੋਕਾਰਾਂ ਨਾਲ ਆਪਣੇ ਵਾਰਸਾਂ ਵਿਚੋਂ ਸਾਹ ਲੈਂਦੀ ਜਾਪਦੀ ਸੀ। ਗ਼ਦਰ ਪਾਰਟੀ ਦੀ ਵਿਰਾਸਤ ਵਿਚ ਵੰਨ-ਸਵੰਨਤਾ ਹੈ। ਇਸ ਲਹਿਰ ਦਾ ਘੇਰਾ ਅਤੇ ਸਰਗਰਮੀ ਇਸ ਨੂੰ ਆਲਮੀ ਮਾਹੌਲ ਨਾਲ ਜੁੜੀ ਹੋਈ ਦੱਖਣੀ ਏਸ਼ੀਆਈ ਮੁਹਿੰਮ ਵਜੋਂ ਪੇਸ਼ ਕਰਦਾ ਹੈ। ਸ਼ਤਾਬਦੀ ਮੇਲੇ ਵਿਚ ਇਹੋ ਵੰਨ-ਸਵੰਨਤਾ ਦੇਖਣ ਨੂੰ ਮਿਲੀ। ਭਾਰਤ ਦੇ ਕਈ ਸੂਬਿਆਂ ਅਤੇ ਵਿਦੇਸ਼ਾਂ ਵਿਚੋਂ ਉਚੇਚੇ ਤੌਰ ਉੱਤੇ ਮੇਲੀ ਪੁੱਜੇ ਸਨ। ਸੈਮੀਨਾਰ ਦੇ ਵਿਸ਼ੇ ਇਸੇ ਵੰਨ-ਸਵੰਨਤਾ ਦੀ ਨੁਮਾਇੰਦਗੀ ਕਰਦੇ ਸਨ। ਗ਼ਦਰ ਲਹਿਰ ਦੇ ਖ਼ਾਸੇ, ਪਰਵਾਸੀਆਂ ਦੇ ਮਸਲਿਆਂ ਅਤੇ ਔਰਤ ਦੀ ਹਾਲਤ ਬਾਰੇ ਸੈਮੀਨਾਰ ਕਰਨਾ ਗ਼ਦਰ ਦੀ ਵਿਰਾਸਤ ਨੂੰ ਸਮਕਾਲੀ ਸਰੋਕਾਰਾਂ ਨਾਲ ਜੋੜਨ ਦਾ ਉਪਰਾਲਾ ਜਾਪਦਾ ਹੈ। ਹਰ ਹਾਜ਼ਰ ਜਣੇ-ਜਣੀ ਨੂੰ ਯਾਦ ਰਹੇਗਾ ਕਿ ਕਾਮਰੇਡ ਚੈਨ ਸਿੰਘ ਚੈਨ ਨੇ ਤਕਰੀਰ ਤੋਂ ਪਹਿਲਾਂ ਕੀ ਕੀਤਾ! ਉਨ੍ਹਾਂ ਨੇ ਆਪਣੀ ਜੇਬ ਵਿਚੋਂ ਕਾਗ਼ਜ਼ ਕੱਢ ਕੇ ਸਿੱਧਾ ਕੀਤਾ ਅਤੇ ਤਕਰੀਰ ਸ਼ੁਰੂ ਕੀਤੀ। ਦੂਰੋਂ ਜਾਪਦਾ ਸੀ ਕਿ ਕਾਗ਼ਜ਼ ਉੱਤੇ ਕੁਝ ਸੰਖੇਪ ਨੁਕਤੇ ਅਤੇ ਨਾਮ ਦਰਜ ਸਨ। ਚੈਨ ਸਿੰਘ ਚੈਨ ਸਤੰਨਵੇਂ ਸਾਲ ਦੀ ਉਮਰ ਵਿਚ ਇੰਨੀ ਤਿਆਰੀ ਅਤੇ ਵਿਉਂਤਬੰਦੀ ਨਾਲ ਬੋਲਣ ਆਏ ਸਨ। ਹੁਣ ਕੋਰਾ ਕਾਗ਼ਜ਼ ਕੱਢ ਕੇ ਦੇਸ਼ ਭਗਤ ਯਾਦਗਾਰ ਹਾਲ ਦੇ ਪ੍ਰਬੰਧਕਾਂ ਨੂੰ ਇਸ ਮੇਲੇ ਦੀਆਂ ਪ੍ਰਾਪਤੀਆਂ ਅਤੇ ਸੰਭਾਵਨਾਵਾਂ ਦਾ ਸੰਜੀਦਗੀ ਨਾਲ ਲੇਖਾ-ਜੋਖਾ ਕਰਨਾ ਚਾਹੀਦਾ ਹੈ ਜੋ ਸ਼ਾਇਦ ਗ਼ਦਰੀ ਬਾਬਿਆਂ ਦੀ ਰੀਤ ਦਾ ਸਭ ਤੋਂ ਅਹਿਮ ਹਿੱਸਾ ਹੈ।

# ਮੈਂ ਨਾ ਮਾਨੂੰ ਦੀ ਮੂਰਤਿ!

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਅੱਖਾਂ, ਨੱਕ, ਕੰਨ, ਮੂੰਹ ਆਦਿ ਸਰੀਰਕ ਬਣਤਰ ਇਕੋ ਜਿਹੀ ਅਤੇ ਲਹੂ ਦਾ ਰੰਗ ਵੀ ਇੱਕੋ ਹੋਣ ਦੇ ਬਾਵਜੂਦ ਕੋਈ ਮਨੁੱਖ ਦੂਜੇ ਮਨੁੱਖ ਨਾਲ ਨਹੀਂ ਮਿਲਦਾ। ਅਨੇਕ ਭਾਂਤ ਦੇ ਵਖਰੇਵੇਂ ਇਕ ਨੂੰ ਦੂਜੇ ਮਨੁੱਖ ਨਾਲੋਂ ਨਿਖੇੜਦੇ ਹਨ। ਹਰ ਇਕ ਦਾ ਆਪੋ-ਆਪਣਾ ਸੁਭਾਅ, ਆਪੋ-ਆਪਣੀ ਫਿਤਰਤ। ਇੱਥੋਂ ਤੱਕ ਕਿ ਤੋਰ ਵੀ ਹਰ ਇਕ ਦੀ ਵੱਖੋ-ਵੱਖਰੀ। ਦੇਖਣ-ਪਾਖਣ ਨੂੰ ਸਾਡੇ ਪਿੰਡ ਦਾ 'ਸੁਆਮੀ' ਵੀ ਹੋਰ ਪਿੰਡ ਵਾਸੀ ਬੰਦਿਆਂ ਵਰਗਾ ਹੀ ਲਗਦਾ ਸੀ। ਛੇ-ਸਾਢੇ ਛੇ ਫੁੱਟ ਲੰਮਾ ਕੱਦ, ਗੋਡਿਆਂ ਤੱਕ ਲੰਮੀਆਂ ਬਾਹਾਂ, ਲਾਲ-ਲਾਲ ਅੱਖਾਂ, ਪੱਕਾ ਜਿਹਾ ਰੰਗ, ਸਿਰ 'ਤੇ ਭਗਵੀਂ ਪੱਗ, ਭਗਵਾਂ ਹੀ ਕੁੜਤਾ ਅਤੇ ਤੇੜ ਚਿੱਟੀ ਤਹਿਮਤ। ਲੰਮਾ-ਝੰਮਾ ਤੇ ਸੁਡੌਲ ਹੋਣ ਦੇ ਬਾਵਜੂਦ ਸੁਸਰੀ ਦੀ ਤੋਰ, ਉਸ ਨੂੰ ਸਾਰੇ ਪਿੰਡ ਤੋਂ ਵਖਰਿਆਉਂਦੀ ਸੀ। ਵੱਖਰੇਪਣ ਦੀ ਸਭ ਤੋਂ ਵੱਡੀ ਨਿਸ਼ਾਨੀ ਸੀ ਉਸ ਦਾ ਅੜਬਪੁਣਾ।

ਸੁਆਮੀ ਟਿੱਚਰੀ ਵੀ ਸਿਰੇ ਦਾ ਅਤੇ ਅਵੈੜੀਆਂ ਗੱਲਾਂ ਕਰਨ ਲੱਗਿਆਂ ਵੀ ਉਹ ਅੱਗਾ ਪਿੱਛਾ ਨਹੀਂ ਸੀ ਦੇਖਦਾ ਹੁੰਦਾ। ਬੇ-ਔਲਾਦ ਹੋਣ ਕਰ ਕੇ ਜਾਂ ਉਸ ਦੀ ਘਰਵਾਲੀ 'ਸੁਆਮਣ' ਲੱਤਾਂ ਤੋਂ ਅਪਾਹਜ ਹੋਣ ਕਾਰਨ ਇਹ ਸੁਆਮੀ-ਸੁਆਮਣ ਜੋੜਾ ਸਾਰੇ ਪਿੰਡ ਲਈ ਤਰਸ ਦਾ ਪਾਤਰ ਬਣਿਆ ਰਹਿੰਦਾ। ਸ਼ਾਇਦ ਇਸੇ ਕਰ ਕੇ ਹੀ ਪਿੰਡ ਦੇ ਲੋਕ ਸੁਆਮੀ ਦੀਆਂ ਪੁੱਠੀਆਂ-ਸਿੱਧੀਆਂ ਨੂੰ ਅਣਸੁਣੀਆਂ ਕਰ ਕੇ ਹੱਸ ਛੱਡਦੇ ਸਨ। ਕਿਤੇ ਪੁਰਾਣੇ ਵੇਲਿਆਂ ਦਾ ਚਾਰ ਅੱਖਰ ਪੜ੍ਹਿਆ ਹੋਣ ਕਰ ਕੇ ਪਿੰਡ ਵਿਚ ਹੁੰਦੇ ਅਖੰਡ ਪਾਠਾਂ ਦੌਰਾਨ ਉਹ ਧੂਫੀਆ ਲੱਗ ਜਾਂਦਾ। ਪ੍ਰਸ਼ਾਦਾ ਪਾਣੀ ਛਕਣ ਵੇਲੇ ਉਸ ਦੇ ਖੇਖਣ ਦੇਖਣ ਵਾਲੇ ਹੁੰਦੇ। ਕਦੇ ਦਾਲ 'ਚ ਨੁਕਸ ਕੱਢਦਾ ਤੇ ਕਦੇ ਰੋਟੀ ਕੱਚੀ ਦੱਸਦਾ। ਬਾਕੀ ਦੇ ਸਾਰੇ ਜਣੇ ਛਕ-ਛਕਾ ਕੇ ਲਾਂਭੇ ਹੋ ਜਾਂਦੇ ਪਰ ਉਹ ਆਪਣੀ ਤੋਰ ਵਾਂਗ ਹੀ ਗਿੱਲਾ ਪੀਹਣ ਪਾ ਕੇ ਬੈਠਾ ਰਹਿੰਦਾ।

ਇਕ ਵਾਰ ਹਾਲਾਤ ਕੁਛ ਐਸੇ ਬਣੇ ਕਿ ਸੁਆਮੀ ਨੂੰ ਪਿੰਡ ਦੇ ਗੁਰਦੁਆਰੇ ਦਾ 'ਭਾਈ ਸਾਹਿਬ' ਥਾਪ ਦਿੱਤਾ ਗਿਆ। ਸਵੇਰੇ ਸ਼ਾਮ ਨਿੱਤਨੇਮ ਪਤਾ ਨਹੀਂ ਕਿਵੇਂ ਕਰਦਾ ਹੋਵੇਗਾ, ਪਰ ਸੰਗਰਾਂਦ ਵਾਲੇ ਦਿਨ ਉਸ ਦੀ ਕਾਰ-ਕਰਦਗੀ ਦੇਖ ਕੇ ਸੰਗਤ ਹੱਸਣ ਲੱਗ ਪੈਂਦੀ। ਹੁਕਮਨਾਮਾ ਲੈਣ ਤੋਂ ਬਾਅਦ ਬਾਰਾਮਾਹ ਦਾ ਪਾਠ ਲੱਭਣ ਵੇਲੇ ਉਸ ਨੂੰ ਸਫਿਆਂ ਦਾ ਚੇਤਾ ਭੁੱਲ ਜਾਂਦਾ। ਮਸੀਂ ਕਿਤੇ ਜਾ ਕੇ ਉਸ ਨੂੰ ਮਾਝ ਰਾਗ ਦੇ ਸਬੰਧਤ ਅੰਗ ਲੱਭਦੇ।

ਅਖੇ ਇਕ ਆਟਾ ਢਿੱਲਾ, ਦੂਜਾ ਬਾਲਣ ਗਿੱਲਾ! ਸਾਡੇ ਪਿੰਡ ਵਾਲਿਆਂ ਨੇ ਪਤਾ ਨਹੀਂ ਉਦੋਂ ਕੀ ਰਿਵਾਜ ਬਣਾਇਆ ਹੁੰਦਾ ਸੀ; ਕਈ ਬਜ਼ੁਰਗ ਬਾਬਿਆਂ ਤੇ ਮਾਈਆਂ ਨੇ ਸੰਗਰਾਂਦ ਦੀ ਸਮਾਪਤੀ 'ਤੇ ਸੁਆਮੀ ਮੂੰਹੋਂ ਮਹੀਨੇ ਦਾ ਨਾਂ ਸੁਣਨ ਆ ਜਾਣਾ। ਪਹਿਲੇ ਸ਼ਰਧਾਲੂ ਨੂੰ ਮਹੀਨਾ 'ਸੁਣਾ ਕੇ' ਪ੍ਰਸਾਦ ਦੇਣ ਤੋਂ ਬਾਅਦ ਸੁਆਮੀ ਹਾਲੇ ਬਿੰਧੇ ਵਾਲੇ ਹੱਥ ਪੂੰਝ ਹੀ ਰਿਹਾ ਹੁੰਦਾ ਕਿ ਉਨੇ ਚਿਰ ਨੂੰ ਫਿਰ ਕਿਸੇ ਦੀ ਡੰਗੋਰੀ ਦੀ 'ਠੱਕ ਠੱਕ' ਦੀ ਆਵਾਜ਼ ਆਉਣ ਲੱਗ ਪੈਣੀ। ਇਹ ਸਿਲਸਿਲਾ ਦੁਪਹਿਰ ਤੱਕ ਚਲਦਾ ਰਹਿੰਦਾ।

ਇਕ ਵਾਰ ਰੋਹੀ ਦੀ ਰੁੱਤ ਦਾ ਜੇਠ ਮਹੀਨਾ ਮੁੱਕਿਆ ਤੇ ਨਵਾਂ ਚੜ੍ਹ ਪਿਆ। ਗੁਰਦੁਆਰੇ ਸੰਗਰਾਂਦ ਦੀ ਸਮਾਪਤੀ 'ਤੇ ਉਹੀ ਪੁਰਾਣੀ ਪਰੰਪਰਾ ਅਨੁਸਾਰ ਮਹੀਨਾ ਸੁਣਨ ਵਾਲੇ ਆਉਣੇ ਸ਼ੁਰੂ ਹੋ ਗਏ। ਸੁਆਮੀ ਕਦੇ ਮੂੰਹ 'ਤੇ ਵਾਰ-ਵਾਰ ਆਉਂਦਾ ਮੁੜ੍ਹਕਾ ਪੂੰਝਦਾ, ਕਦੇ ਪੱਖੀ ਝੱਲਦਾ ਤੇ ਕਿਸੇ ਨੂੰ ਪ੍ਰਸਾਦ ਦਿੰਦਾ...ਕਿਸੇ ਨੂੰ ਮਹੀਨਾ ਸੁਣਾਉਂਦਾ ਹੋਇਆ ਅੱਕਿਆ ਪਿਆ ਸੀ।

"ਸੁਆਮੀ ਜੀ, ਮਹੀਨਾ ਸੁਣਾ ਦਿਉ?" ਇਕ ਬਾਪੂ ਨੇ ਗੁਰੂ ਮਹਾਰਾਜ ਅੱਗੇ ਮੱਥਾ ਟੇਕ ਕੇ ਕੰਧ ਨਾਲ ਢੋ ਲਾਉਂਦਿਆਂ ਆਖਿਆ। ਖਿਝਿਆ ਸੜਿਆ ਸੁਆਮੀ ਕੌੜ ਮੱਝ ਵਾਂਗ ਬਾਪੂ ਵੱਲ ਦੇਖਦਿਆਂ ਬੋਲਿਆ, "ਵਿਚੋਂ ਸੁਣਾਵਾਂ ਕਿ ਬਾਹਰੋਂ ਈ...?"

ਉਹਦੇ ਕਹਿਣ ਦਾ ਭਾਵ ਸੀ ਕਿ ਬਾਰਾਮਾਹ ਵਿਚੋਂ ਸਬੰਧਤ ਮਹੀਨੇ ਦਾ ਸ਼ਬਦ ਪੜ੍ਹ ਕੇ ਸੁਣਾਵਾਂ ਜਾਂ ਵੈਸੇ ਹੀ ਚੜ੍ਹੇ ਮਹੀਨੇ ਦਾ ਨਾਂ ਲੈ ਦਿਆਂ? ਮੁਸ਼ਕਣੀ ਹੱਸਦਾ ਹੋਇਆ ਸ਼ਰਧਾਲੂ ਬਾਬਾ ਕਹਿੰਦਾ, "ਚੱਲ ਜਿੰਦਾਂ ਤੈਨੂੰ ਸੌਖਾ ਲਗਦੈ, ਉਵੇਂ ਹੀ ਸੁਣਾ ਦੇ ਸੁਆਮੀ ਜੀ!"

"ਹਾੜ੍ਹ ਚੜ੍ਹਿਆ।" ਸੁਆਮੀ ਮਰੀ ਜਿਹੀ 'ਵਾਜ਼ 'ਚ ਬੋਲਿਆ। ਬਾਪੂ ਨੂੰ ਥੋੜ੍ਹੇ ਉਚਾ ਸੁਣਦਾ ਸੀ। ਉਹ ਆਪਣੇ ਇਕ ਕੰਨ ਤੋਂ ਪੱਗ ਦਾ ਲੜ ਉਤਾਂਹ ਕਰਦਿਆਂ ਉਚੀ ਦੇਣੀ ਕਹਿੰਦਾ, "ਹੈਂ? ਕਿਹੜਾ?"

"ਹਾੜ੍ਹ...ਹਾੜ੍ਹ...ਹਾੜ੍ਹ...ਹਾੜ੍ਹ ਚੜ੍ਹਿਆ ਐ ਅੱਜ!"

ਅੱਗ ਬਗੂਲਾ ਹੋ ਕੇ ਸੁਆਮੀ ਇਕੋ ਸਾਹੇ ਛੇ-ਸੱਤ ਵਾਰੀ 'ਹਾੜ੍ਹ ਹਾੜ੍ਹ' ਕਰਦਿਆਂ ਬੁੜ੍ਹੇ 'ਤੇ ਵਰ੍ਹ ਪਿਆ, "ਆ ਜਾਂਦੇ ਐ ਉਠ ਕੇ ਸਿੱਖਰ ਦੁਪਹਿਰੇ ਮਹੀਨਾ ਸੁਣਨ...ਸਵੇਰੇ-ਸਵੇਰੇ ਨ੍ਹੀਂ ਮਰ ਹੁੰਦਾ ਇਨ੍ਹਾਂ ਤੋਂ!"

ਸ਼ਰਧਾਂ ਦੇ ਦਿਨੀਂ ਪਿੰਡ ਦੀ ਇਕ ਮਾਈ ਸੁਆਮੀ ਨੂੰ ਪ੍ਰਸ਼ਾਦਾ ਛਕਣ ਦੀ ਬੇਨਤੀ ਕਰਨ ਆ ਗਈ। ਉਸ ਨੇ ਹਾਲੇ 'ਸਿੱਖ ਬਿਠਾਲਣ' ਦੀ ਗੱਲ ਹੀ ਸ਼ੁਰੂ ਕੀਤੀ ਸੀ ਕਿ ਸੁਆਮੀ ਚਾਰੇ ਖੁਰ ਚੁੱਕ ਕੇ ਪੈ ਗਿਆ, "ਮੈਂ ਨ੍ਹੀਂ ਖਾਣੇ ਤੁਹਾਡੇ ਨੇਂਦੇ ਨੁੰਦੇ...ਬਿਮਾਰੀਆਂ ਦਾ ਘਰ!...ਗੁਹਾਤੀਆਂ 'ਤੇ ਚੜ੍ਹੀਆਂ ਵੇਲਾਂ ਨਾਲੋਂ ਚਾਰ ਕੁ ਤੋਰੀਆਂ ਤੋੜ ਲੈਨੀ ਆਂ...ਪਾਣੀ 'ਚ ਰਿੰਨ੍ਹ ਕੇ ਤੁਰ ਪੈਂਦੀਆਂ ਸੁਆਮੀ ਨੂੰ ਨੇਂਦਾ ਦੇਣ! ਬਾਇ-ਬਾਦੀ ਨਾਲ ਮੇਰਾ ਅੱਗੇ ਈ ਲੱਕ ਜਕੜਿਆ ਪਿਐ... ਉਪਰੋਂ ਇਹ ਹੋਰ ਬਿਮਾਰੀ ਦਾ ਸੱਦਾ ਲੈ ਕੇ ਆ ਗਈ ਆ!"

ਜਨ ਸਾਧਾਰਨ ਵਿਚ ਇਹ ਮਨੌਤ ਜਿਹੀ ਬਣੀ ਹੋਈ ਹੈ ਕਿ ਗੁਰਦੁਆਰੇ ਦੇ ਭਾਈ ਨੂੰ ਪ੍ਰਸ਼ਾਦਾ ਛਕਾਏ ਦਾ ਬਹੁਤ 'ਫਲ' ਮਿਲਦਾ ਹੈ; ਭਾਈ ਭਾਵੇਂ ਪਹਿਲਾਂ ਹੀ ਦੋ ਥਾਂਵਾਂ 'ਤੇ ਪੇਟ ਪੂਜਾ ਕਰ ਕੇ ਆਫਰਿਆ ਹੋਇਆ ਹੋਵੇ। ਇਸੇ ਸੋਚ ਅਧੀਨ ਸ਼ਰਧਾਲੂ ਮਾਤਾ ਸੁਆਮੀ ਦੀਆਂ ਮਿੰਨਤਾਂ ਕਰਨ ਲੱਗੀ, ਪਰ ਉਹ ਲੋਹੇ ਦਾ ਥਣ ਹੀ ਬਣ ਗਿਆ। ਘਰੇ ਭਾਵੇਂ ਉਸ ਨੇ ਸੁਆਮਣ ਤੋਂ ਡਰਦੇ ਨੇ ਤੋਰੀਆਂ ਨਾਲੋਂ ਵੀ ਕੋਈ ਵਾਧੂ ਬਾਇ-ਬਾਦੀ ਵਾਲੀ ਸਬਜ਼ੀ ਖਾ ਲਈ ਹੋਵੇ ਪਰ ਉਸ ਨੇ ਮਾਈ ਨੂੰ ਬਰੰਗ ਲਿਫ਼ਾਫ਼ੇ ਵਾਂਗ ਮੋੜ ਦਿੱਤਾ।

ਕਈ ਵਰ੍ਹੇ ਗੁਰਦੁਆਰੇ 'ਸੇਵਾ' ਕਰਨ ਤੋਂ ਬਾਅਦ ਉਥੋਂ ਉਸ ਦੀ ਬਰਖਾਸਤਗੀ ਵੀ ਉਹਦੇ ਬੇਹੱਦ ਰੁੱਖੇ ਸੁਭਾਅ ਕਾਰਨ ਹੀ ਹੋਈ। ਗੱਲ ਇਸ ਤਰ੍ਹਾਂ ਹੋਈ ਕਿ ਸਾਡੇ ਪਿੰਡ ਦਾ ਇਕ ਪੜ੍ਹਾਕੂ ਮੁੰਡਾ ਪਹਿਲਾਂ ਤਾਂ ਉਂਜ ਹੀ ਸਵੇਰੇ ਸ਼ਾਮ ਗੁਰਦੁਆਰੇ ਮੱਥਾ ਟੇਕਣ ਜਾਂਦਾ ਰਿਹਾ, ਹੌਲੀ-ਹੌਲੀ ਉਸ ਨੇ ਸਵੇਰੇ ਜਪੁ ਜੀ ਸਾਹਿਬ ਤੇ ਸ਼ਾਮਾਂ ਵੇਲੇ ਰਹਿਰਾਸ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ, ਪਰ ਸੰਗਰਾਂਦ ਸੁਆਮੀ ਹੀ ਮਨਾਉਂਦਾ ਰਿਹਾ। ਸੰਗਤ ਵੱਲੋਂ ਉਤਸ਼ਾਹ ਮਿਲਣ 'ਤੇ ਇਕ ਸੰਗਰਾਂਦ ਵਾਲੇ ਦਿਨ ਉਸ ਮੁੰਡੇ ਨੇ ਤਾਬਿਆ ਬੈਠੇ ਸੁਆਮੀ ਦੇ ਬਰਾਬਰ ਬਹਿ ਕੇ ਬਾਣੀ ਦੀ ਤੁਕ ਫੜ ਲਈ। ਕੌੜਾ ਜਿਹਾ ਹੋ ਕੇ ਸੁਆਮੀ ਨੇ ਮੁੰਡੇ ਵੱਲ ਦੇਖਿਆ। ਹੋਰ ਤਾਂ ਉਹ ਕੁਸ਼ ਨਾ ਕਰ ਸਕਿਆ, ਤਮਕੌੜਾ ਜਿਹਾ ਮਾਰ ਕੇ ਚੌਰ, ਮੰਜੀ ਸਾਹਿਬ ਦੇ ਥੱਲੇ ਸੁੱਟ ਕੇ ਗੁੱਸੇ ਨਾਲ ਉਠ ਕੇ ਬਾਹਰ ਚਲਾ ਗਿਆ। ਕਰੋਧ ਨਾਲ ਭਰੇ-ਫਿੱਸੇ ਨੇ ਰਵਾਇਤ ਅਨੁਸਾਰ ਬਾਹਰ ਜਾਣ ਲੱਗਿਆਂ ਗੁਰੂ ਮਹਾਰਾਜ ਨੂੰ ਨਮਸਕਾਰ ਵੀ ਨਾ ਕੀਤੀ।

ਖ਼ੈਰ! ਨਵੇਂ-ਨਵੇਂ ਪਾਠੀ ਬਣੇ ਮੁੰਡੇ ਨੇ ਬਾਰਾਮਾਹ ਤੇ ਅਨੰਦ ਸਾਹਿਬ ਦਾ ਪਾਠ ਤਾਂ ਸਹਿਜੇ-ਸਹਿਜੇ ਪੂਰਾ ਕਰ ਲਿਆ, ਪਰ ਹੁਣ ਅਰਦਾਸ ਕੌਣ ਕਰੇ? ਮੁੰਡੇ ਨੂੰ ਅਰਦਾਸ ਨਹੀਂ ਸੀ ਕਰਨੀ ਆਉਂਦੀ। ਪਿੰਡ ਦੇ ਦੋ-ਤਿੰਨ ਬੰਦੇ ਸੁਆਮੀ ਦੇ ਘਰੇ ਗਏ ਤੇ ਉਸ ਨੂੰ ਅਰਦਾਸ ਕਰਨ ਲਈ ਮਨਾਉਣ ਲੱਗੇ ਪਰ ਉਹ ਅੱਗਿਉਂ ਲੋਹਾ-ਲਾਖਾ ਹੋਇਆ ਇਹੀ ਕਹੀ ਜਾਵੇ, "ਕਰਾ ਲਉ ਛੋਕਰ-ਖੇਲੂ ਤੋਂ ਅਰਦਾਸ ਵੀ! ਮੈਂ ਨ੍ਹੀਂ ਜਾਣਾ ਹੁਣ 'ਤੁਹਾਡੇ' ਗੁਰਦੁਆਰੇ!"

ਪਿੰਡ ਵਾਲੇ ਸੱਜਣਾਂ ਨੇ ਉਸ ਨੂੰ ਪਤਿਆਉਣ ਦੀ ਬੜੀ ਵਾਹ ਲਾਈ ਪਰ ਉਹ 'ਮੈਂ ਨਾ ਮਾਨੂੰ' ਦੀ ਮੂਰਤਿ ਹੀ ਬਣ ਗਿਆ। ਹਾਰ ਕੇ ਵਿਚਾਰੇ ਮੁੰਡੇ ਨੇ ਕੰਬਦੀਆਂ ਲੱਤਾਂ ਨਾਲ ਗੁਟਕੇ ਤੋਂ ਅਰਦਾਸਾ ਸੋਧ ਕੇ ਸਮਾਪਤੀ ਕੀਤੀ।

## ਕਾਵਿ-ਜਗਤ

### ਸੂਰਜ

ਸੂਰਜ ਸਾਕ ਸਬੰਧੀ ਹੋ
ਘਰ ਸਾਡੇ ਆਵੇ
ਚਿੱਟਾ ਚਾਨਣ ਟਿੱਕਾ
ਸਾਡੇ ਮੱਥੇ ਲਾਵੇ
ਨਾਲ ਲਿਆਵੇ ਸ਼ਗਨ-ਟੋਕਰੇ
ਇੱਕ ਟੋਕਰੇ ਨਿੱਘ ਸੁਖਾਲੀ
ਇੱਕ ਅੰਦਰ ਰੁੱਤਾਂ ਦਾ ਮੇਵਾ
ਇੱਕ ਵਿਚ ਨੇਤਰ ਦ੍ਰਿਸ਼ਟੀ
ਜਾਂਦਾ ਜਾਂਦਾ ਤਲੀ ਅਸਾਡੀ
ਚੁਕ ਚਿੜੀ ਦੀ
ਫੁੱਲ ਜੰਗਲ ਦੇ
ਗਗਨ ਨੀਲੱਤਣ
ਪੀਂਘ ਕੋਈ ਸਤਰੰਗੀ,
ਰੱਖੇ ਤੇ ਮੁਸਕਾਵੇ।

ਸਾਡੇ ਅੰਦਰ ਹਉਮੈ ਉਠੇ
ਅਸਾਂ ਨਹੀਂ ਸੱਦਿਆ ਸੂਰਜ ਨੂੰ
ਅਣਸੱਦੇ ਮਹਿਮਾਨਾਂ ਵਾਂਗੂੰ
ਝੱਲੀਏ ਉਸ ਨੂੰ,
ਉਸ ਦੇ ਜਾਂਦੇ ਸਾਰ ਅਸੀਂ
ਬੂਹੇ ਢੋ ਲਈਏ
ਪਲੋ ਪਲੀ
ਪਿੰਡੇ ਠੰਢਾਂ
ਕੰਨਾਂ ਅੰਦਰ ਸੁੰਞਾਂ ਲੱਥਣ
ਅੱਖਾਂ ਅੱਗੇ ਨੇਰ੍ਹਾ ਹੋਵੇ
ਓਦੋਂ ਅੱਖਾਂ ਖੁਲ੍ਹਣ
ਕਿਸ ਦਾ ਘਰ ਇਹ ਧਰਤੀ
ਏਥੇ ਕੌਣ ਪ੍ਰਾਹੁਣਾ
ਕੌਣ ਪਿਤਾ ਹੈ
ਕੌਣ ਹੈ ਮਾਤਾ
ਕੌਣ ਉਨ੍ਹਾਂ ਦਾ ਜਇਆ!

*-ਸੁਖਪਾਲ*
*(ਕਿਤਾਬ 'ਏਸ ਜਨਮ ਨਾ ਜਨਮੇ' ਵਿਚੋਂ)*

---

### ਯਾਰਾ ਯਾਰੀਆਂ ਨਿਭਾ...

ਛੱਡ ਜਾਣਗੇ ਕੱਲੇ ਨੂੰ ਤੈਨੂੰ ਸੱਜਣਾ
ਰਹੇਂ ਜਿਨ੍ਹਾਂ ਲਈ ਤੂੰ ਸੂਲੀ ਚੜ੍ਹ ਕੇ।
ਯਾਰਾ ਯਾਰੀਆਂ ਨਿਭਾ ਜੀ ਸਦਕੇ
ਪਰ ਸੋਚ ਇਕ ਵਾਰੀ ਖੜ੍ਹ ਕੇ।

ਜਦ ਸਿਰ ਉਤੇ ਪੈਂਦੀਆਂ ਅਲਾਮਤਾਂ
ਉਦੋਂ ਮਿੱਤਰਾ ਉਏ ਕੋਈ ਨ੍ਹੀਂ ਪੁੱਛਦਾ।
ਜਿਹੜਾ ਪੱਗ-ਵੱਟ ਬੇਲੀ ਹੁੰਦਾ ਬਣਿਆ
ਉਹ ਵੀ ਕਿਸ਼ਤਾਂ ਦੇ ਵਿਚ ਢੁਕਦਾ।
ਮਾਣ ਕਰਨਾ ਕਿਸੇ 'ਤੇ ਵੱਡੀ ਭੁੱਲ ਹੈ
ਕਿੰਨਾ ਵੇਖਿਆ ਤੈਂ ਕਰ ਕਰ ਕੇ...।
ਯਾਰਾ ਯਾਰੀਆਂ ਨਿਭਾ ਜੀ ਸਦਕੇ
ਪਰ ਸੋਚ ਇਕ ਵਾਰੀ ਖੜ੍ਹ ਕੇ।

ਜ਼ੋਰ ਮਾਰਦੀ ਜਵਾਨੀ ਇਹ ਵੀ ਮੰਨਿਆਂ
ਪਰ ਹੋਸ਼ ਵੀ ਜ਼ਰੂਰੀ ਸੱਜਣਾ।
ਜਾਨ ਦੇ ਦਿਆਂਗੇ ਜਿਹੜੇ ਕਹਿਣ ਹੁੱਬ ਕੇ
ਪਹਿਲਾਂ ਉਹੀ ਪਾਉਣ ਦੂਰੀ ਸੱਜਣਾ।
ਉਡ ਜਾਂਦੀਆਂ ਮੁਹੱਬਤਾਂ ਵੀ ਗੂੜੀਆਂ
ਲੈ ਜਾਂਦੀਆਂ ਹਵਾਵਾ ਹੜ੍ਹ ਕੇ...।
ਯਾਰਾ ਯਾਰੀਆਂ ਨਿਭਾ ਜੀ ਸਦਕੇ
ਪਰ ਸੋਚ ਇਕ ਵਾਰੀ ਖੜ੍ਹ ਕੇ।

ਬਾਹਰੋਂ ਚੱਕ ਕੇ ਲਿਆਵੇ ਚੀਜ਼ਾਂ ਘਰ ਨੂੰ
ਤਾਂ ਵੀ ਕਹਿਣ ਸਾਡੀ ਕੁੜੀ ਕਮਲੀ।
'ਰਾਜ' ਘਰ ਨੂੰ ਸਿਆਣੇ ਲੋਕ ਸਭ ਨੇ
ਕਹੇ ਚੀਮਨੇ 'ਚ ਖੜ੍ਹਾ ਅਮਲੀ।
ਸਾਨੂੰ ਬੁਰੇ ਆਖ, ਦਿਲ ਸਾਡਾ ਭੁੰਨਦੇ
ਕੋਲਿਆਂ ਦੇ ਉਤੇ ਧਰ ਧਰ ਕੇ...।
ਯਾਰਾ ਯਾਰੀਆਂ ਨਿਭਾ ਜੀ ਸਦਕੇ
ਪਰ ਸੋਚ ਇਕ ਵਾਰੀ ਖੜ੍ਹ ਕੇ।

*-ਰਾਜ ਧਾਲੀਵਾਲ*

---

### ਗਜ਼ਲ

ਖਾਕਸਾਰਾਂ ਦੀ ਬਾਤ ਕਰਦੇ ਓ।
ਸ਼ੈਦ ਸ਼ਾਇਰਾਂ ਦੀ ਬਾਤ ਕਰਦੇ ਓ।
ਖਬਰਸਾਰਾਂ ਦੀ ਬਾਤ ਕਰਦੇ ਓ।
ਬੱਸ ਵਿਹਾਰਾਂ ਦੀ ਬਾਤ ਕਰਦੇ ਓ।
ਕਿਹੜੀ ਦੁਨੀਆਂ 'ਚ ਸਾਹਬ ਵਸਦੇ ਓ,
ਕਿਹੜੇ ਪਿਆਰਾਂ ਦੀ ਬਾਤ ਕਰਦੇ ਓ।
ਚੋਗ ਨੂੰ ਗਏ ਨਾ ਫਿਰ ਮੁੜੇ ਵਤਨੀਂ,
ਕੀ ਉਡਾਰਾਂ ਦੀ ਬਾਤ ਕਰਦੇ ਓ।
ਕੀ ਭਲਾ ਸਮਝਦੇ ਓ ਸਾਨੂੰ,
ਫਿਰ ਕਰਾਰਾਂ ਦੀ ਬਾਤ ਕਰਦੇ ਓ।
ਗਲ ਗਲ 'ਤੇ ਚੋਣਵੀਂ ਗਾਲੀ,
ਲਗਦੈ ਯਾਰਾਂ ਦੀ ਬਾਤ ਕਰਦੇ ਓ।
ਆਪਣੀ ਜੀਭ ਕਟਾ ਬੈਠੋਗੇ,
ਅਤਿਆਚਾਰਾਂ ਦੀ ਬਾਤ ਕਰਦੇ ਓ।
ਠੀਕ ਹੈ ਸ਼ੇਖ ਜੀ ਪਰ ਲੰਮੇ,
ਅਖਤਿਆਰਾਂ ਦੀ ਬਾਤ ਕਰਦੇ ਓ।
ਜਦ ਕੁਲਬੀਰ ਜੀ ਪੀ ਲੈਂਦੇ ਓ,
ਸਮਝਦਾਰਾਂ ਦੀ ਬਾਤ ਕਰਦੇ ਓ।

*-ਕੁਲਬੀਰ ਪੰਡਾ*

---

### ਗਜ਼ਲ

ਫਕੀਰਾਂ ਨੂੰ ਪਤਾ ਹੁੰਦਾ ਫਕੀਰਾਂ ਦਾ।
ਫਿਕਰ ਨਾ ਕਰਦੇ ਤਨ 'ਤੇ ਲੀਰਾਂ ਦਾ।
ਆਲਮ ਸੋਹਣਾ ਤੇ ਮਨੁੱਖਤਾ ਸੋਹਣੀ,
ਕਿਤੇ ਕਿਤੇ ਰੁਲਦਾ ਰੂਪ ਹੀਰਾਂ ਦਾ।
ਉਂਜ ਵੀ ਜ਼ਮਾਨੇ ਦੀ ਫਿਤਰਤ ਬਦਲੀ,
ਘਟ ਰਿਹਾ ਹੈ ਪਿਆਰ ਭੈਣਾਂ-ਵੀਰਾਂ ਦਾ।
ਲੈਣ-ਦੇਣ ਦੁਨੀਆਂ 'ਤੇ ਚੱਲੀ ਜਾਣਾ,
ਨਾਲੇ ਚੱਲੀ ਜਾਣਾ ਝਗੜਾ ਜਗੀਰਾਂ ਦਾ।
ਮੁਕੱਦਰ ਦਾ ਸਿਕੰਦਰ ਮਹਾਨ ਪਰ,
ਝਟ ਕਤਲ ਹੋ ਜਾਂਦਾ ਤਕਦੀਰਾਂ ਦਾ।
ਫਕੀਰ ਸਭ ਕੁਝ ਪਿੰਡੇ 'ਤੇ ਸਹਿੰਦੇ ਨੇ,
ਪਰ ਰਾਗ ਗਾਉਂਦੇ, ਹਵਾ ਤੇ ਨੀਰਾਂ ਦਾ।
ਇਕ ਪਾਸੇ ਮਹਿਲ, ਦੂਜੇ ਕੁੱਲੀ 'ਕਮਲ',
ਪਾੜਾ ਵਧਦਾ, ਗਰੀਬਾਂ ਤੇ ਅਮੀਰਾਂ ਦਾ।

*-ਕਮਲ ਬੰਗਾ ਸੈਕਰਾਮੈਂਟੋ*
*ਫੋਨ: 916-897-8570*

---

### ਮੇਰਾ ਭਾਰਤ ਮਹਾਨ

ਸੀਸ ਕਟਾਉਂਦੇ ਫੌਜੀ ਵੇਖੋ
ਆਣੇ ਕੱਢਦਾ ਪਾਕਿਸਤਾਨ।
ਦੇਸ਼ ਲੁੱਟ ਕੇ ਨੇਤਾ ਆਖੇ
ਜੈ ਜਵਾਨ, ਜੈ ਕਿਸਾਨ।
ਲੋਕੀਂ ਆਖਣ ਅੰਨਦਾਤਾ ਇਹ
ਮਰਦਾ ਕਰਜਾਈ ਕਿਰਸਾਨ।
ਅੰਨ ਗੁਦਾਮੀਂ ਸੜਦਾ ਵੇਖੋ,
ਭੁੱਖਾ ਮਰਦਾ ਹਿੰਦੋਸਤਾਨ।
ਅਰਬ ਕਰੋੜਾਂ ਹੇਰਾ-ਫੇਰੀ,
ਲੁਟੀਂਦਾ ਮੇਰਾ ਭਾਰਤ ਮਹਾਨ।
ਹਰ ਪਲ ਕੁੜੀ ਦੀ ਇੱਜ਼ਤ ਲੁਟਦੀ
ਕੰਮ ਭਾਲਦਾ ਨੌਜੁਆਨ।
ਯਾਰੋ ਪੱਤਰਕਾਰੋ ਦੱਸੋ,
ਇਹੋ 'ਗਿੱਲ' ਭਾਰਤ ਨਿਰਮਾਣ?

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

## ਮਾਲਵੇ ਦੀਆਂ ਬਾਤਾਂ

ਨਵਦੀਪ

### ਅਟੱਲ ਸੱਚਾਈਆਂ

ਦੋ ਜਣੇ ਬੈਠੇ ਸੀ। ਉਹ ਪੈਗੇ ਗੱਲੀਂ, ਇਕ ਆਂਹਦਾ ਪੁਲਸ ਨਾਲ ਯਾਰੀ, ਘਰੇ ਬੇਰੀ ਤੇ ਤੀਮੀਂ ਨੂੰ ਭੇਤ ਦੇਣਾ ਮਾੜਾ ਐ। ਉਹ ਕਹਿੰਦਾ, ਇਹ ਤਿੰਨੇ ਚੀਜ਼ਾਂ ਬਹੁਤ ਮਾੜੀਆਂ।

ਦੂਜੇ ਨੇ ਸੋਚਿਆ, ਆਪਾਂ ਪਰਤਿਆ ਕੇ ਦੇਖੀਏ। ਉਹਨੇ ਪੁਲਸ ਨਾਲ ਯਾਰੀ ਪਾ'ਲੀ। ਘਰੇ ਲਾ ਲੀ ਬੇਰੀ। ਜਦੋਂ ਬੇਰੀ ਵੱਡੀ ਹੋ ਰਹੀ ਤਾਂ ਉਹ ਇਕ ਦਿਨ ਖੇਤ ਜਾ ਵੜਿਆ, ਮਤੀਰਾ ਵਢਾਲਿਓਂ ਵੱਢ ਕੇ ਲੀੜੇ 'ਚ ਲਪੇਟ ਕੇ ਲੈ ਆਇਆ ਤੇ ਘਰੇ ਆ ਕੇ ਆਵਦੀ ਘਰ ਆਲੀ ਨੂੰ ਕਹਿੰਦਾ, ਐਂ ਕਰ ਕਹੀ ਲੈ ਆ। ਉਹ ਕਹਿੰਦੀ ਕੀ ਕਰਨੀ ਆ। ਉਹ ਕਹਿੰਦਾ ਅੱਜ ਮੈਂ ਖੇਤ ਬੰਦਾ ਮਾਰ'ਤਾ, ਉਹਦਾ ਸਿਰ ਵੱਢ ਕੇ ਲਿਆਂਦਾ ਉਹ ਦੱਬਣਾ ਐ।

ਉਹ ਕਹਿੰਦੀ, ਦਿਖਾ ਕਿਥੇ ਐ। ਉਹਨੇ ਮਾੜਾ ਜਿਹਾ ਲੀੜਾ ਚੱਕ ਕੇ ਲਾਲ ਜਿਹਾ ਦਿਖਾ'ਤਾ। ਉਹਨੇ ਕਹੀ ਲਿਆ'ਤੀ ਤੇ ਉਹਨੇ ਵਿਹੜੇ 'ਚ ਟੋਆ ਪੱਟ ਕੇ ਦੱਬ'ਤਾ ਤੇ ਘਰੋਂ ਬਾਹਰ ਨੂੰ ਉਠ ਗਿਆ। ਉਹਦੀ ਘਰਆਲੀ ਗੁਆਂਢਣ ਨੂੰ ਕਹਿੰਦੀ, ਭੈਣੇ ਤੈਨੂੰ ਇਕ ਗੱਲ ਦੱਸਾਂ, ਤੂੰ ਗਾਹਾਂ ਨਾ ਕਰੀਂ। ਉਹ ਕਹਿੰਦੀ, ਲੈ ਭਰਾ ਦੀ ਸਹੁੰ ਅੱਗੇ ਕਿਤੇ ਤੇਰੀ ਗੱਲ ਕਰੀ ਐ ਕਿਸੇ ਕੋਲ। ਦੇਖੀਂ ਕਿਤੇ ਗੱਲ ਕਰਦੇਂ, ਅੱਜ ਮੇਰੇ ਘਰ ਆਲੇ ਨੇ ਕੋਈ ਬੰਦਾ ਮਾਰ'ਤਾ ਤੇ ਉਹਦਾ ਸਿਰ ਵੱਢ ਕੇ ਵਿਹੜੇ 'ਚ ਲਿਆ ਕੇ ਦੱਬ'ਤਾ। ਜਿਹਦੇ ਕੋਲੇ ਉਹ ਗੱਲ ਕਰਕੇ ਆਈ ਸੀ, ਉਹ ਆਵਦੀ ਕਿਸੇ ਹੋਰ ਸਹੇਲੀ ਕੋਲੇ ਜਾ ਵੜੀ ਤੇ ਕਹਿੰਦੀ ਭੈਣੇ ਗਾਹਾਂ ਨਾ ਗੱਲ ਕਰੀਂ, ਤੈਨੂੰ ਇਕ ਗੱਲ ਦੱਸਦੀ ਆਂ। ਕਹਿੰਦੀ, ਅਖੇ ਫਲਾਣੀ ਦੇ ਮਾਲਕ ਨੇ ਕਿਸੇ ਬੰਦੇ ਦਾ ਸਿਰ ਵੱਢ ਕੇ ਘਰ ਲਿਆ ਕੇ ਦੱਬ'ਤਾ।

ਗੱਲ ਗਾਹਾਂ ਚਲਦੀ ਚਲਦੀ ਉਨ੍ਹਾਂ ਦੇ ਦੁਸ਼ਮਣਾਂ ਕੋਲ ਜਾ ਵੜੀ। ਉਨ੍ਹਾਂ ਨੇ ਭਾਈ ਪੁਲਸ ਆਲਿਆਂ ਨੂੰ ਦੱਸ'ਤਾ ਜਾ ਕੇ, ਬਈ ਫਲਾਣੇ ਨੇ ਆਏਂ ਕਰਕੇ ਬੰਦਾ ਮਾਰ ਕੇ ਉਹਦਾ ਸਿਰ ਆਵਦੇ ਵਿਹੜੇ 'ਚ ਲਿਆ ਕੇ ਦੱਬ'ਤਾ। ਪੁਲਸ ਆਲੇ ਆ ਗੇ ਤੇ ਜਦੋਂ ਪਾਇਆ ਉਨ੍ਹਾਂ ਘੇਰਾ ਤਾਂ ਉਹ ਭੱਜ ਲਿਆ ਤਾਂ ਭੱਜੇ ਜਾਂਦੇ ਦੀ ਪੱਗ ਬੇਰੀ ਦੇ ਕੰਡਿਆਂ 'ਚ ਫਸ'ਗੀ। ਉਹ ਜਦੋਂ ਨੂੰ ਪੱਗ ਲਾਹੁਣ ਲੱਗਿਆ ਤਾਂ ਪੁਲਸ ਨੇ ਆ ਕੇ ਫੜ ਲਿਆ। ਪੁਲਸ ਆਲੇ ਆਂਹਦੇ ਦੱਸ ਕਿਥੇ ਦੱਬਿਆ ਬੰਦੇ ਦਾ ਸਿਰ।

ਉਹਨੇ ਪੱਟ ਕੇ ਦਿਖਾ'ਤਾ, ਕਹਿੰਦਾ ਮੈਂ ਤਾਂ ਮਤੀਰਾ ਦੱਬਿਆ ਸੀ। ਉਹ ਕਹਿੰਦੇ ਇਹ ਕੀ ਗੱਲ ਹੋਈ। ਉਹ ਕਹਿੰਦਾ ਮੈਨੂੰ ਕਿਸੇ ਬੰਦੇ ਨੇ ਕਿਹਾ ਸੀ ਬਈ ਤੀਮੀਂ ਨੂੰ ਭੇਤ ਦੇਣਾ, ਪੁਲਸ ਨਾਲ ਯਾਰੀ, ਤੇ ਘਰੇ ਬੇਰੀ ਬਹੁਤ ਮਾੜੇ ਨੇ। ਮੈਂ ਤਾਂ ਪਰਤਿਆਵਾ ਲੈ ਕੇ ਦੇਖਿਆ ਸੀ। ਮੇਰੀ ਥੋੜੇ ਨਾਲ ਐਡੀ ਯਾਰੀ ਸੀਗੀ, ਤੁਸੀਂ ਮੈਨੂੰ ਫੇਰ ਬੀ ਫੜ ਲਿਆ, ਬਾਕੀ ਬੇਰੀ ਮੈਂ ਆਪ ਘਰੇ ਲਾਈ ਸੀ ਇਹਨੇ ਈ ਮੇਰੀ ਪੱਗ ਅੱਜ ਲਾਹ'ਤੀ। ਪੱਗ ਲਹਿਣੀ ਬਹੁਤ ਮਾੜੀ ਹੁੰਦੀ ਐ। ਘਰਆਲੀ, ਤੀਮੀਂ ਨਾਲੋਂ ਕੋਈ ਬੱਡੀ ਚੀਜ਼ ਨੀ, ਏਹਨੂੰ ਭੇਤ ਦਿੱਤਾ ਤਾਂ ਇਹਨੇ ਸਾਰੇ ਪਿੰਡ 'ਚ ਗੱਲ ਖਿਲਾਰ'ਤੀ।

## ਮਿੰਨੀ ਕਹਾਣੀ

### ਧੋਖੇਬਾਜ਼ ਚੂਹਾ

ਇੱਕ ਵਾਰ ਦੀ ਗੱਲ ਹੈ, ਇੱਕ ਬਿੱਲੀ ਨੂੰ ਬਹੁਤ ਭੁੱਖ ਲੱਗੀ ਹੋਈ ਸੀ, ਕਿਤਿਓਂ ਵੀ ਖਾਣ ਨੂੰ ਨਾ ਮਿਲਿਆ। ਅਚਾਨਕ ਉਸ ਦੀ ਨਜ਼ਰ ਇੱਕ ਮੋਟੇ-ਤਾਜ਼ੇ ਚੂਹੇ 'ਤੇ ਪਈ। ਉਸ ਨੇ ਅੱਖ ਬਚਾ ਕੇ ਚੂਹੇ ਨੂੰ ਪੰਜਿਆਂ ਵਿਚ ਦਬੋਚ ਲਿਆ। ਉਹ ਉਸ ਚੂਹੇ ਨੂੰ ਖਾਣ ਹੀ ਲੱਗੀ ਸੀ ਕਿ ਚੂਹਾ ਬੋਲ ਪਿਆ, "ਬਿੱਲੀ ਮਾਸੀ ਤੂੰ ਮੈਨੂੰ ਨਾ ਖਾ ਅਤੇ ਮੇਰੀ ਜਾਨ ਬਖ਼ਸ਼ ਦੇ, ਮੈਂ ਤੈਨੂੰ ਖਾਣ ਲਈ ਪੰਜ ਚੂਹੇ ਦੇਵਾਂਗਾ।" ਇਸ ਤਰ੍ਹਾਂ ਉਹ ਆਪਣੀ ਜਾਨ ਬਚਾਉਣ ਲਈ ਆਪਣੇ ਮਿੱਤਰ ਚੂਹਿਆਂ ਨੂੰ ਖਾਣ ਲਈ ਬਿੱਲੀ ਨੂੰ ਕਹਿਣ ਲੱਗਿਆ ਤੇ ਮਿੰਨਤਾਂ ਕਰਨ ਲੱਗਿਆ। ਉਹ ਬਿੱਲੀ ਨੂੰ ਆਪਣੇ ਦੋਸਤ ਚੂਹਿਆਂ ਕੋਲ ਲੈ ਗਿਆ ਤੇ ਬਿੱਲੀ ਨੂੰ ਕਹਿਣ ਲੱਗਾ, "ਬਿੱਲੀ ਮਾਸੀ, ਹੁਣ ਤੂੰ ਇਨ੍ਹਾਂ ਚੂਹਿਆਂ ਨੂੰ ਆਰਾਮ ਨਾਲ ਖਾ ਲੈ ਤੇ ਮੇਰੀ ਜਾਨ ਬਖ਼ਸ਼ ਦੇ।"

ਬਿੱਲੀ ਸਮਝਦਾਰ ਸੀ। ਉਸ ਨੇ ਸਮਝ ਲਿਆ ਕਿ ਇਹ ਆਪਣੇ ਦੋਸਤਾਂ ਨਾਲ ਧੋਖਾ ਕਰ ਰਿਹਾ ਹੈ। ਇਸ ਲਈ ਉਸ ਨੇ ਸੋਚਿਆ ਕਿ ਇਸ ਚੂਹੇ ਨੂੰ ਹੀ ਖਾ ਲਵਾਂ। ਇਸ ਤਰ੍ਹਾਂ ਇੱਕ ਤਾਂ ਮੇਰੀ ਭੁੱਖ ਮਿਟ ਜਾਵੇਗੀ ਤੇ ਦੂਜਾ ਇਸ ਧਰਤੀ ਤੋਂ ਇੱਕ ਧੋਖੇਬਾਜ਼ ਦੀ ਗਿਣਤੀ ਘਟ ਜਾਵੇਗੀ। ਇਹ ਸੋਚ ਕੇ ਬਿੱਲੀ ਉਸ ਚੂਹੇ 'ਤੇ ਝਪਟੀ ਤੇ ਉਸ ਨੂੰ ਖਾ ਗਈ। ਇਸ ਲਈ ਸਾਨੂੰ ਕਦੇ ਵੀ ਆਪਣੇ ਮਿੱਤਰਾਂ ਨਾਲ ਧੋਖਾ ਨਹੀਂ ਕਰਨਾ ਚਾਹੀਦਾ ਕਿਉਂਕਿ ਧੋਖੇਬਾਜ਼ ਨੂੰ ਕੋਈ ਪਸੰਦ ਨਹੀਂ ਕਰਦਾ।

*-ਗੁਰਜੀਤ ਸਿੰਘ*

# ਗੁਰਦੁਆਰਾ ਸਾਹਿਬ ਬਰੀਨ ਰੋਡ ਦੇ ਗ੍ਰੰਥੀ ਸਿੰਘ ਦੀਆਂ ਸੁਹਿਰਦ ਸੇਵਾਵਾਂ-ਸੱਚ ਅਤੇ ਸਪਸ਼ਟੀਕਰਨ

ਗੁਰਦੁਆਰਾ ਸਾਹਿਬ ਹਿਊਸਟਨ ਦੇ ਹੈਡ ਗ੍ਰੰਥੀ ਭਾਈ ਸ਼ਰਨਜੀਤ ਸਿੰਘ ਨੇ ਨਾ ਹੀ ਆਪਣੇ ਆਪ ਨੂੰ ਸ੍ਰੀ ਅਕਾਲ ਤਖਤ ਸਾਹਿਬ ਸਮਝਿਆ ਹੈ, ਨਾ ਹੀ ਸ੍ਰੀ ਅਕਾਲ ਤਖਤ ਸਾਹਿਬ ਦੇ ਕਿਸੇ ਅਧਿਕਾਰ ਦੀ ਵਰਤੋਂ ਕੀਤੀ ਹੈ ਅਤੇ ਨਾ ਹੀ ਕਿਸੇ ਗੁਰਮਤਿ ਸਿਧਾਂਤ ਦੀ ਉਲੰਘਣਾ ਕੀਤੀ ਹੈ। ਉਸ ਨੇ ਗੁਰਦੁਆਰਾ ਸਾਹਿਬ ਵਿਖੇ ਅਮਨ ਕਾਇਮ ਰੱਖਣ ਵਾਸਤੇ ਹਿਊਸਟਨ (ਟੈਕਸਾਸ) ਦੀ ਅਦਾਲਤ ਦੇ ਉਨ੍ਹਾਂ ਹੁਕਮਾਂ ਦੀ ਪਾਲਣਾ ਕੀਤੀ ਹੈ ਜੋ ਉਸ ਨੇ ਆਪ ਕਦੇ ਵੀ ਕਿਸੇ ਅਦਾਲਤ ਕੋਲੋਂ ਨਹੀਂ ਮੰਗੇ ਪਰ ਮਾਣਯੋਗ ਜੱਜ ਨੇ ਉਸ ਨੂੰ ਕਾਨੂੰਨਨ ਆਦੇਸ਼ ਨਿਭਾਉਣ ਲਈ ਕਰ ਦਿਤੇ। ਅਮਰੀਕਾ ਦੀ ਅਦਾਲਤ ਦਾ ਇਹ ਇਤਿਹਾਸਕ ਫੈਸਲਾ ਹੈ ਜਿਸ ਵਿਚ ਅਮਰੀਕਨ ਕਾਨੂੰਨ ਨੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਦੀ ਕਾਬਲੀਅਤ ਵਿਚ ਵਿਸ਼ਵਾਸ ਪ੍ਰਗਟਾ ਕੇ ਬਹੁਤ ਵੱਡਾ ਮਾਣ ਦਿਤਾ ਹੈ ਕਿ ਉਹ ਗੁਰੂਘਰ ਦੇ ਧਾਰਮਿਕ ਮਾਹੌਲ ਨੂੰ ਪੁਰ-ਅਮਨ ਰੱਖਣ ਲਈ ਫੈਸਲੇ ਲੈ ਸਕਦਾ ਹੈ। ਭਾਈ ਸ਼ਰਨਜੀਤ ਸਿੰਘ ਵੱਲੋਂ ਕੀਤੀ ਗਈ 20 ਅਕਤੂਬਰ ਦੀ ਨਿਮਨਲਿਖਤ ਲਿਖਤੀ ਬੇਨਤੀ ਇਨ੍ਹਾਂ ਤੱਥਾਂ ਨੂੰ ਬਿਲਕੁਲ ਸਪਸ਼ਟ ਕਰਦੀ ਹੈ:



"ਗੁਰਦੁਆਰਾ ਸਾਹਿਬ ਦੇ ਮਾਹੌਲ ਨੂੰ ਠੀਕ ਰੱਖਣ ਵਾਸਤੇ ਦਾਸ ਕਮੇਟੀ ਦੇ ਮੈਂਬਰਾਂ ਨੂੰ ਅਤੇ ਸੰਗਤ ਦੇ ਮੈਂਬਰਾਂ ਨੂੰ ਬੇਨਤੀ ਕਰਦਾ ਹੈ ਕਿ ਜੋ ਵੀ ਸੂਚਨਾ ਸੰਗਤ ਨਾਲ ਸਾਂਝੀ ਕਰਨੀ ਹੋਵੇ, ਉਹ ਦਾਸ ਨੂੰ ਦਿਤੀ ਜਾਵੇ ਤਾਂ ਕਿ ਦਾਸ ਉਸ ਸੂਚਨਾ ਨੂੰ ਵੀਚਾਰ ਕੇ ਸੰਗਤ ਨਾਲ ਸਾਂਝੀ ਕਰ ਸਕੇ। ਇਹ ਸਭ ਕੋਰਟ ਦੀਆਂ ਹਦਾਇਤਾਂ ਅਨੁਸਾਰ ਗੁਰੂਘਰ ਦੇ ਮਾਹੌਲ ਨੂੰ ਠੀਕ ਰੱਖਣ ਵਾਸਤੇ ਅਤੀ ਜ਼ਰੂਰੀ ਹੈ।" ਦਸਤਖਤ: ਦਾਸ (ਭਾਈ ਸ਼ਰਨਜੀਤ ਸਿੰਘ) ਹੈਡ ਗ੍ਰੰਥੀ ਗੁਰਦੁਆਰਾ ਸਾਹਿਬ ਆਫ ਹਿਊਸਟਨ।

## ਇਸ 'ਬੇਨਤੀ' ਤੋਂ ਨਿਮਨ ਲਿਖਤ ਤੱਥ ਸਪਸ਼ਟ ਰੂਪ ਵਿਚ ਉਭਰ ਕੇ ਸਾਹਮਣੇ ਆਉਂਦੇ ਹਨ:

1. ਭਾਈ ਸ਼ਰਨਜੀਤ ਸਿੰਘ ਵਲੋਂ ਇਹ ਸਨਿਮਰ ਬੇਨਤੀ ਕੇਵਲ ਗੁਰਦੁਆਰਾ ਸਾਹਿਬ ਹਿਊਸਟਨ ਦੇ ਕੀਰਤਨੀਏ ਅਤੇ ਹੈਡ ਗ੍ਰੰਥੀ ਵਜੋਂ ਹੀ ਕੀਤੀ ਗਈ ਸੀ, ਨਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਕਿਸੇ ਅਧਿਕਾਰੀ ਜਾਂ ਨੁਮਾਇੰਦੇ ਵਜੋਂ।

2. ਇਸ ਬੇਨਤੀ ਵਿਚ ਕੇਵਲ ਸੁਹਿਰਦ ਨਿਮਰ-ਭਾਵ ਦਾ ਹੀ ਪ੍ਰਗਟਾਵਾ ਹੈ, ਕਿਸੇ ਅਧਿਕਾਰ ਜਾਂ ਅਥਾਰਿਟੀ ਦਾ ਨਹੀਂ।

3. ਇਹ ਬੇਨਤੀ ਕੇਵਲ ਗੁਰਦੁਆਰਾ ਸਾਹਿਬ ਵਿਖੇ ਅਮਨ ਦਾ ਮਾਹੌਲ ਕਾਇਮ ਰੱਖਣ ਵਾਸਤੇ ਕੀਤੀ ਗਈ ਸੀ ਜੋ ਕਿ ਇਸ ਤਰ੍ਹਾਂ ਕਰਨੀ ਬਹੁਤ ਜ਼ਰੂਰੀ ਸੀ। ਇਹ ਕਿਉਂ ਜ਼ਰੂਰੀ ਸੀ, ਇਹ ਵਿਰੋਧੀ ਧਿਰਾਂ ਦੇ ਆਪ-ਹੁਦਰੇ ਕਾਰਕੁਨਾਂ ਦੀਆਂ ਬੇਹੁਰਮਤੀਆਂ ਅਤੇ ਬੌਖਲਾਹਟ ਭਰਪੂਰ ਕਾਰਵਾਈਆਂ ਨੇ ਸਾਬਤ ਕਰ ਦਿਤਾ ਹੈ ਜੋ ਕਿ ਇਸ ਤਰ੍ਹਾਂ ਕੀਤੀਆਂ ਜਾ ਰਹੀਆਂ ਹਨ:

1. ਭਾਈ ਸ਼ਰਨਜੀਤ ਸਿੰਘ ਨੂੰ ਗੁਰਦੁਆਰਾ ਸਾਹਿਬ ਦੇ ਮਾਨਯੋਗ ਗ੍ਰੰਥੀ ਸਿੰਘ ਅਤੇ ਉਚਕੋਟੀ ਦੇ ਕੀਰਤਨੀਏ ਵਜੋਂ ਨਾ ਸਤਿਕਾਰਦੇ ਹੋਏ ਉਸ ਨੂੰ ਇਕ ਦਮ ਆਪਣਾ ਦੁਸ਼ਮਣ ਅਤੇ ਵਿਰੋਧੀ ਸਮਝਣ ਲੱਗ ਜਾਣਾ।

2. ਭਾਈ ਸ਼ਰਨਜੀਤ ਸਿੰਘ ਨੂੰ ਨਾਜਾਇਜ਼ ਤਰੀਕਿਆਂ ਨਾਲ ਗੁਮਰਾਹ ਕਰਨਾ, ਡਰਾਉਣਾ, ਧਮਕਾਉਣਾ ਅਤੇ ਪ੍ਰੇਸ਼ਾਨ ਕਰਨਾ।

3. ਅਦਾਲਤ ਦੀ ਤੌਹੀਨ ਕਰਦੇ ਹੋਏ, ਇਖਲਾਕੀ ਕਦਰਾਂ-ਕੀਮਤਾਂ ਨੂੰ ਨਕਾਰਦੇ ਹੋਏ ਅਤੇ ਕਾਨੂੰਨ ਦੇ ਦਾਇਰੇ ਤੋਂ ਬਿਲਕੁਲ ਬਾਹਰ ਜਾ ਕੇ ਗੈਰ-ਕਾਨੂੰਨੀ ਤਰੀਕੇ ਨਾਲ ਭਾਈ ਸ਼ਰਨਜੀਤ ਸਿੰਘ ਨੂੰ ਸੇਵਾਮੁਕਤ ਕਰ ਦੇਣ ਦਾ ਬਹੁਤ ਹੀ ਕੋਝਾ ਅਤੇ ਗੈਰਇਖਲਾਕੀ ਯਤਨ ਕਰਨਾ।

4. ਗੁਰਦੁਆਰਾ ਸਾਹਿਬ ਵਿਖੇ ਈਰਖਾ-ਭਾਵ ਨਾਲ ਅਚਨਚੇਤ ਦਾਖਲ ਹੋ ਕੇ ਭਾਈ ਸਾਹਿਬ ਦੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੇਵਾਵਾਂ ਕਰਦੇ ਹੋਏ ਦੀਆਂ ਮਨਾਂ ਵਿਚ ਗਲਤ ਮੰਤਵਾਂ ਨਾਲ ਵੀਡੀਓ ਫਿਲਮਾਂ ਬਣਾਉਣੀਆਂ।

5. ਭਾਈ ਸਾਹਿਬ ਦੇ ਇਮੀਗ੍ਰੇਸ਼ਨ ਅਟਾਰਨੀ ਕੋਲੋਂ ਨੁਕਸਾਨ ਕਰਨ ਦੇ ਮੰਤਵ ਨਾਲ ਉਸ ਦੀ ਗ਼ੈਰ-ਕਾਨੂੰਨੀ ਤੌਰ ਉਤੇ ਇਮੀਗ੍ਰੇਸ਼ਨ ਫਾਈਲ ਅਤੇ ਰਿਕਾਰਡ ਦੀ ਮੰਗ ਕਰਨੀ।

6. ਪਰਮ ਸਨਮਾਨਯੋਗ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਹੀ ਪ੍ਰਸੰਗ ਅਤੇ ਹਕੀਤਤ ਤੋਂ ਬਾਹਰ ਜਾ ਕੇ ਬਿਲਕੁਲ ਗਲਤ ਅਤੇ ਗੁਮਰਾਹਕੁਨ ਸੂਚਨਾਵਾਂ ਦੇਣੀਆਂ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਹਾਰੇ ਨੂੰ ਘਿਨੌਣੇ ਸਿਆਸੀ ਮੰਤਵਾਂ ਲਈ ਵਰਤਣਾ।

ਸ੍ਰੀ ਅਕਾਲ ਤਖਤ ਸਾਹਿਬ ਦੇ ਪੱਤਰਾਂ ਦੀ ਅਖਬਾਰਾਂ ਵਿਚ ਬਿਲਕੁਲ ਗਲਤ ਤੱਥਾਂ ਨੂੰ ਉਭਾਰਨ ਵਾਸਤੇ ਦੁਰਵਰਤੋਂ ਕਰਨੀ।

## ਅਖਬਾਰਾਂ ਵਿਚ ਮਿਸਲੀਡਿੰਗ ਇਸ਼ਤਿਹਾਰਬਾਜ਼ੀ ਕਰਨ ਵਾਲੇ ਅਤੇ ਆਪਣੇ ਆਪ ਨੂੰ 'ਸੰਗਤਾਂ ਦੇ ਦਾਸ' ਕਹਿਣ ਵਾਲੇ ਅਸਲ ਵਿਚ ਇਹ ਕੌਣ ਲੋਕ ਹਨ:

"ਅਖੌਤੀ ਸਿੱਖ, ਅਸਲ ਵਿਚ 'ਲਾਲ-ਬਾਲ-ਪਾਲ';
ਜਿਨ੍ਹਾਂ ਦਾ ਕੇਵਲ ਅਹੁਦਿਆਂ ਨਾਲ ਹੀ ਹੈ ਪਿਆਰ"
"ਜਿਨ੍ਹਾਂ ਦੇ ਘਰਾਂ ਵਿਚ ਅਕਸਰ ਹੀ ਕਰਵਾਏ ਜਾਂਦੇ ਹਨ:
ਮੁੰਡਨ ਸੰਸਕਾਰ, ਵਾਰ ਵਾਰ, ਲਗਾਤਾਰ"
"ਇਨ੍ਹਾਂ ਦਾ ਅਸਲੀ ਸਿੱਖੀ ਅਤੇ ਗੁਰਮਤਿ ਨਾਲ ਨਹੀਂ
ਭਾਵੇਂ ਦੂਰ-ਦੂਰੇਡੇ ਦਾ ਵੀ ਕੋਈ ਸਰੋਕਾਰ"
"ਪਰ ਇਨ੍ਹਾਂ ਦਾ ਗੁਰੂਘਰਾਂ ਦੀਆਂ ਅਹੁਦੇਦਾਰੀਆਂ ਅਤੇ
ਕੁਰਸੀਆਂ ਨਾਲ ਹੈ ਬੜਾ ਹੀ ਗੂੜ੍ਹਾ ਪਿਆਰ"
"ਐਸੇ ਛੜਯੰਤਰੀਆਂ ਤੋਂ ਸੰਗਤੋ ਰਹੀਏ ਸਾਵਧਾਨ,
ਜੋ ਹੁਣ ਹਨ 'ਸਿੱਖ ਨੈਸ਼ਨਲ ਸੈਂਟਰ' ਦੇ ਵੀ ਅਹੁਦੇਦਾਰ"
"ਜਿਸ ਆਪ ਉਲਝੇ ਹੋਏ 'ਸਿੱਖ ਨੈਸ਼ਨਲ ਸੈਂਟਰ' ਦਾ ਏਜੰਡਾ ਹੈ:
ਕਰੋ ਦੂਜੇ ਗੁਰੂਘਰਾਂ ਨੂੰ ਖੱਜਲ ਖੁਆਰ"

ਇਹ ਉਹ ਲੋਕ ਹਨ ਜੋ 29 ਦਸੰਬਰ 2012 ਵਿਚ ਗੁਰਦੁਆਰਾ ਮੈਨੇਜਮੈਂਟ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਆਪ ਹੀ ਭਰਪੂਰ ਸੰਗਤ ਦੀ ਮੌਜੂਦਗੀ ਵਿਚ ਪ੍ਰਵਾਨ ਕੀਤੇ ਸਰਬਸੰਮਤੀ ਦੇ ਫੈਸਲੇ ਨੂੰ ਫਿਰ ਖੁਦ ਹੀ ਅਗਸਤ 2013 ਵਿਚ ਕੋਰਟ ਵਿਚ ਲੈ ਕੇ ਗਏ ਹਨ। ਕੋਰਟ ਵਿਚ ਆਪਣੇ ਕਮਜ਼ੋਰ ਪੱਖ ਨੂੰ ਉਭਾਰਨ ਦੇ ਗੁੱਝੇ ਮੰਤਵ ਨਾਲ ਹੁਣ ਇਹੀ ਗੁਰਮਤਿ ਸਿਧਾਂਤਾਂ ਤੋਂ ਬੇਮੁਖ ਤੇ ਮੁਨਕਰ ਅਤੇ ਬੇਅਸੂਲੇ ਲੋਕ ਸ੍ਰੀ ਅਕਾਲ ਤਖਤ ਸਾਹਿਬ ਦੀ ਦੁਹਾਈ ਦਿੰਦੇ ਹੋਏ ਸੰਗਤਾਂ ਨੂੰ ਗੁਮਰਾਹ ਕਰਨ ਅਤੇ ਆਪਣੇ ਮੂੰਹ ਛੁਪਾਉਣ ਲਈ ਉਚੀ ਉਚੀ ਕੂਕ-ਪੁਕਾਰ ਕਰ ਰਹੇ ਹਨ।

ਇਨ੍ਹਾਂ ਮਾਨਯੋਗ ਸੱਜਣਾਂ ਦੀ ਅਤੇ ਇਨ੍ਹਾਂ ਦੇ ਬੌਖਲਾਏ ਹੋਏ ਸੁਪੋਰਟਰਾਂ ਤੇ ਸਹਿਯੋਗੀਆਂ ਦੀ ਅਸਲੀਅਤ ਨੂੰ ਗੁਰਬਾਣੀ ਦਾ ਇਹ ਉਪਦੇਸ਼ ਬਹੁਤ ਚੰਗੀ ਤਰ੍ਹਾਂ ਉਜਾਗਰ ਕਰਦਾ ਹੈ:

ਸਲੋਕ ਮਃ ੧॥
ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ॥
ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ॥
ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ॥
ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ॥
ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ॥
ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ॥੧॥

ਐਸੀਆਂ ਸਭ ਕਾਰਵਾਈਆਂ ਇਕ ਬਹੁਤ ਵੱਡੀ ਸਜ਼ਿਸ਼ ਅਧੀਨ ਕੀਤੀਆਂ ਜਾ ਰਹੀਆਂ ਹਨ। ਮਿਥਿਆ ਹੋਇਆ ਮੰਤਵ ਹੈ: ਕਈ ਸਾਲਾਂ ਤੋਂ ਡਗਮਗਾ ਰਹੇ 'ਸਿੱਖ ਨੈਸ਼ਨਲ ਸੈਂਟਰ' ਨੂੰ ਚਲਾਉਣ ਵਾਸਤੇ ਹਿਊਸਟਨ ਦੇ ਹੋਰ ਸਭ ਗੁਰੂਘਰਾਂ ਨੂੰ ਬੰਦ ਕਰਵਾਉਣਾ। ਪੁਰਾਣੇ ਸਿੱਖ ਸੈਂਟਰ ਦੀ ਥਾਂ ਸ਼ਮਸ਼ਾਨਘਾਟ ਬਣਾਉਣਾ ਅਤੇ ਬਰੀਨ ਗੁਰੂਘਰ ਨੂੰ ਕਮਿਊਨਿਟੀ ਸੈਂਟਰ ਵਿਚ ਤਬਦੀਲ ਕਰਨਾ!

## ਅਪੀਲ

ਸਮੂਹ ਸੰਗਤਾਂ ਨੂੰ ਕੁਝ ਕੁ ਸਾਜ਼ਸ਼ੀ ਲੋਕਾਂ ਦੇ ਗਲਤ ਭੰਡੀ-ਪ੍ਰਚਾਰ ਤੋਂ ਸੁਚੇਤ ਰਹਿਣ ਵਾਸਤੇ ਬੇਨਤੀ ਹੈ। ਕੋਰਟ ਦੇ ਨਵੇਂ ਹੁਕਮਾਂ ਅਨੁਸਾਰ 10 ਨਵੰਬਰ 2013 ਨੂੰ ਗੁਰਦੁਆਰਾ ਸਾਹਿਬ ਹਿਊਸਟਨ ਦੇ ਸਹੀ ਮੈਂਬਰਾਂ ਦੀ ਲਿਸਟ ਦੇ ਆਧਾਰ ਉਤੇ ਕਾਨੂੰਨੀ ਤੌਰ ਉਤੇ ਇਲੈਕਸ਼ਨ ਹੋਏਗੀ ਜਿਸ ਦੇ ਅਦਾਲਤੀ ਹੁਕਮਾਂ ਤਹਿਤ ਨਿਗਰਾਨ ਭਾਈ ਸ਼ਰਨਜੀਤ ਸਿੰਘ ਹੋਣਗੇ ਜੋ ਕਿ ਗੁਰਦੁਆਰਾ ਸਾਹਿਬ ਨਾਲ ਸਬੰਧਤ ਹੋਰ ਕਿਸੇ ਵੀ ਕਾਰਜਕਾਰੀ ਮਸਲੇ ਨੂੰ ਸੁਲਝਾਉਣ ਲਈ ਕਾਨੂੰਨੀ ਤੌਰ ਉਤੇ ਯੋਗ ਅਗਵਾਈ ਕਰ ਸਕਣਗੇ।

**ਆਪ ਸਮੂਹ ਸੰਗਤਾਂ ਨੂੰ ਭਰਮ-ਭੁਲੇਖਿਆਂ ਵਿਚੋਂ ਨਿਕਲ ਕੇ ਸੱਚਾਈ ਦਾ ਸਾਥ ਦੇਣ ਵਾਸਤੇ ਸਨਿਮਰ ਬੇਨਤੀਆਂ ਹਨ।**

**ਦਾਸਰੇ:** ਗੁਰਨਾਮ ਸਿੰਘ ਸੰਧਰ, ਤਾਰਾ ਸਿੰਘ ਗਰੇਵਾਲ, ਡਾ. ਇਨਕਲਾਬੀ ਥਾਂਦੀ, ਦਲਜੀਤ ਸਿੰਘ, ਸੁਦਾਗਰ ਸਿੰਘ ਵਿਰਕ, ਬਲਜਿੰਦਰ ਸਿੰਘ, ਸੁਰਿੰਦਰ ਸਿੰਘ, ਜਰਨੈਲ ਸਿੰਘ, ਅਮਰੀਕ ਸਿੰਘ ਸਪੈਰੋ, ਮੁਖਤਿਆਰ ਸਿੰਘ-ਸੁਖਦੇਵ ਸਿੰਘ (ਬੰਬੇ ਸਵੀਟਸ), ਧਰਮ ਸਿੰਘ ਪੱਡਾ, ਮਹਿੰਦਰ ਸਿੰਘ ਮਾਨ, ਨਛੱਤਰ ਸਿੰਘ ਲੈਘਾ, ਡਾ. ਅਜਿੰਦਰ ਢੱਟ, ਬਲਬੀਰ ਸਿੰਘ, ਸੁਖਦੇਵ ਸਿੰਘ, ਦਲਜਿੰਦਰ ਸਿੰਘ ਖਹਿਰਾ, ਸੁਰਿੰਦਰਪਾਲ ਸਿੰਘ ਪੰਮਾ, ਜਗਦੇਵ ਸਿੰਘ ਖਹਿਰਾ, ਕਮਲਜੀਤ ਸਿੰਘ ਮਾਨ ਅਤੇ ਹੋਰ ਸ਼ੁਭਚਿੰਤਕ।

# ਹਾਈਕੋਰਟ ਵੱਲੋਂ ਜੋਗਿੰਦਰ ਜੈਨ ਦੀ ਚੇਅਰਮੈਨੀ ਰੱਦ

**ਚੰਡੀਗੜ੍ਹ:** ਅਕਾਲੀ-ਭਾਜਪਾ ਸਰਕਾਰ ਨੂੰ ਉਸ ਵੇਲੇ ਨਮੋਸ਼ੀ ਝੱਲਣੀ ਪਈ ਜਦੋਂ ਪੰਜਾਬ ਹਰਿਆਣਾ ਹਾਈਕੋਰਟ ਨੇ ਵਿਧਾਇਕ ਜੋਗਿੰਦਰਪਾਲ ਜੈਨ ਦੀ ਪੰਜਾਬ ਰਾਜ ਵੇਅਰਹਾਊਸ ਕਾਰਪੋਰੇਸ਼ਨ ਦੇ ਚੇਅਰਮੈਨ ਵਜੋਂ ਨਿਯੁਕਤੀ ਰੱਦ ਕਰ ਦਿੱਤੀ। ਐਡਵੋਕੇਟ ਐਚ.ਸੀ. ਅਰੋੜਾ ਵੱਲੋਂ ਦਾਇਰ ਕੀਤੀ ਪਟੀਸ਼ਨ 'ਤੇ ਅਦਾਲਤ ਨੇ ਫੈਸਲਾ ਸੁਣਾਇਆ ਕਿ ਉਨ੍ਹਾਂ ਦੀ ਨਿਯੁਕਤੀ ਦਾ ਅਮਲ ਨੇਮਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਕੇ ਜਿੰਨੀ ਕਾਹਲੀ ਨਾਲ ਪੂਰਾ ਕੀਤਾ ਗਿਆ ਹੈ, ਉਸ ਤੋਂ ਸਾਫ਼ ਜ਼ਾਹਿਰ ਹੈ ਕਿ ਇਸ ਨਿਯੁਕਤੀ ਦਾ ਨਿਗਮ ਦੇ ਹਿੱਤਾਂ ਨਾਲ ਕੋਈ ਵਾਸਤਾ ਨਹੀਂ ਸੀ।

ਪੰਜਾਬ ਦੇ ਐਡਵੋਕੇਟ ਜਨਰਲ ਨੇ ਮੰਨਿਆ ਹੈ ਕਿ ਨਿਯੁਕਤੀ ਲਈ ਯੋਗਤਾ ਤੈਅ ਕਰਨ ਸਮੇਂ ਉੱਤਰਦਾਈ (ਜੈਨ) ਦੇ ਅਪਰਾਧਕ ਪਿਛੋਕੜ ਨੂੰ ਨਹੀਂ ਵਾਚਿਆ ਗਿਆੜ ਇਸ ਸਭ ਕਾਸੇ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਨਿਯੁਕਤੀ ਕਿਸੇ ਵੀ ਤਰ੍ਹਾਂ ਵਾਜਬ ਨਹੀਂ ਠਹਿਰਾਈ ਜਾ ਸਕਦੀ। ਬੈਂਚ ਨੇ ਧਿਆਨ ਦਿਵਾਇਆ ਕਿ ਜੈਨ ਵੱਲੋਂ ਕਾਂਗਰਸ ਪਾਰਟੀ ਤੋਂ 26 ਦਸੰਬਰ, 2012 ਨੂੰ ਅਸਤੀਫਾ ਦਿੱਤਾ ਗਿਆ ਤੇ ਅਗਲੇ ਹੀ ਦਿਨ 27 ਦਸੰਬਰ, 2012 ਨੂੰ ਦਿੱਲੀ ਵਿਚ ਮੁੱਖ ਮੰਤਰੀ ਦੇ ਕੈਂਪ ਆਫਿਸ ਵਿਚ ਉਸ ਨੂੰ ਨਿਗਮ ਦਾ ਚੇਅਰਮੈਨ ਨਿਯੁਕਤ ਕਰ ਦਿੱਤਾ ਗਿਆ।

ਨਿਯੁਕਤੀ ਦੀ ਫਾਈਲ ਹੀ ਨਹੀਂ ਸਗੋਂ ਨੋਟੀਫਿਕੇਸ਼ਨ ਵੀ ਉਸੇ ਦਿਨ ਜਾਰੀ ਕਰ ਦਿੱਤਾ ਗਿਆ। ਲਿਹਾਜ਼ਾ ਉਸ ਦੀ ਨਿਯੁਕਤੀ ਕਾਨੂੰਨ ਅਨੁਸਾਰ ਫਿੱਟ ਨਹੀਂ ਬੈਠਦੀ ਜਦਕਿ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਡਾਇਰੈਕਟਰਾਂ ਵਿਚੋਂ



ਜੋਗਿੰਦਰ ਜੈਨ

ਹੀ ਕਿਸੇ ਨੂੰ ਚੇਅਰਮੈਨ ਬਣਾਇਆ ਜਾ ਸਕਦਾ ਸੀ। ਪਿਛਲੇ ਸਾਲ ਵੀ ਪੰਜਾਬ ਸਰਕਾਰ ਨੂੰ ਹਾਈ ਕੋਰਟ ਸਾਹਮਣੇ ਸ਼ਰਮਿੰਦਾ ਹੋਣਾ ਪਿਆ ਸੀ ਜਦੋਂ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਵਜੋਂ ਇਕ ਅਕਾਲੀ ਵਿਧਾਇਕ ਹਰੀਸ਼ ਰਾਏ ਢਾਂਡਾ ਦੀ ਨਿਯੁਕਤੀ ਰੱਦ ਕਰ ਦਿੱਤੀ ਗਈ ਸੀ ਤੇ ਹਾਈਕੋਰਟ ਨੇ ਆਪਣੇ ਫੈਸਲੇ ਵਿਚ ਸਰਕਾਰ ਦੇ ਤੌਰ-ਤਰੀਕਿਆਂ 'ਤੇ ਕਈ ਤਿੱਖੀਆਂ ਟਿੱਪਣੀਆਂ ਵੀ ਕੀਤੀਆਂ ਸਨ।

ਪੰਜਾਬ ਕਾਂਗਰਸ ਦੇ ਤਰਜਮਾਨ ਸੁਖਪਾਲ ਸਿੰਘ ਖਹਿਰਾ ਨੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਦਲਬਦਲੂਆਂ ਲਈ ਇਕ ਸਬਕ ਤੇ ਅਕਾਲੀ-ਭਾਜਪਾ ਸਰਕਾਰ ਦੇ ਮੂੰਹ 'ਤੇ ਚਪੇੜ ਹੈ।

# ਸੁਖਬੀਰ ਨੂੰ ਮਹਿੰਗੀ ਪਈ ਸਨਾਵਰ ਦੀ ਗ੍ਰਾਂਟ

## ਸੁਪਰੀਮ ਕੋਰਟ ਵੱਲੋਂ ਨੋਟਿਸ ਜਾਰੀ

**ਚੰਡੀਗੜ੍ਹ:** ਹਿਮਾਚਲ ਦੇ ਕਸੌਲੀ ਨੇੜੇ ਸਥਿਤ ਮਸ਼ਹੂਰ 'ਦਾ ਲਾਰੈਂਸ ਸਕੂਲ, ਸਨਾਵਰ' ਨੂੰ ਪੰਜਾਬ ਦੇ ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸਰਕਾਰੀ ਖ਼ਜ਼ਾਨੇ ਵਿਚੋਂ ਇਕ ਕਰੋੜ ਰੁਪਏ ਦੀ ਗਰਾਂਟ ਦਿੱਤੇ ਜਾਣ ਦਾ ਮੁੱਦਾ ਕਾਨੂੰਨੀ ਘੇਰੇ ਵਿਚ ਆ ਗਿਆ ਹੈ ਤੇ ਸੁਪਰੀਮ ਕੋਰਟ ਵੱਲੋਂ ਉਪ ਮੁੱਖ ਮੰਤਰੀ, ਪੰਜਾਬ ਸਰਕਾਰ ਤੇ ਉਕਤ ਸਕੂਲ ਦੇ ਪ੍ਰਿੰਸੀਪਲ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ।

ਸੁਪਰੀਮ ਕੋਰਟ ਦੇ ਜਸਟਿਸ ਆਰ.ਐਮ. ਲੋਢਾ ਤੇ ਜਸਟਿਸ ਸ਼ਿਵਕੇਤੀ ਸਿੰਘ ਵਾਲੇ ਬੈਂਚ ਵੱਲੋਂ ਇਹ ਨੋਟਿਸ ਸਾਬਕਾ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਵੱਲੋਂ ਦਾਇਰ ਕੀਤੀ ਗਈ ਸਪੈਸ਼ਲ ਲੀਵ ਪਟੀਸ਼ਨ 'ਤੇ ਜਾਰੀ ਕੀਤੇ ਗਏ ਹਨ। ਖਹਿਰਾ ਦੇ ਵਕੀਲ ਸੀਨੀਅਰ ਐਡਵੋਕੇਟ ਆਰ.ਐਸ. ਸੋਢੀ ਨੇ ਦੱਸਿਆ ਕਿ ਇਕ ਪਾਸੇ ਪੰਜਾਬ ਸਰਕਾਰ ਵਿੱਤੀ ਸੰਕਟ ਦਾ ਰੋਣਾ ਰੋ ਕੇ ਸੂਬੇ ਦੇ ਹਜ਼ਾਰਾਂ ਮੰਦੇ ਹਾਲ ਸਰਕਾਰੀ ਸਕੂਲਾਂ ਵਿਚ ਬੁਨਿਆਦੀ ਸਹੂਲਤਾਂ ਤੱਕ ਮੁਹੱਈਆ ਕਰਵਾਉਣੋਂ ਪਾਸਾ ਵੱਟ ਰਹੀ ਹੈ ਪਰ ਦੂਜੇ ਪਾਸੇ ਸੂਬੇ ਤੋਂ ਬਾਹਰਲੇ ਰਈਸ ਵਰਗ ਨਾਲ ਸਬੰਧਿਤ ਸਕੂਲ ਨੂੰ ਰਾਜ ਦੇ ਲੋਕਾਂ 'ਤੇ ਟੈਕਸ ਲਾ ਕੇ ਇਕੱਠਾ ਕੀਤਾ ਪੈਸਾ ਦੇ ਰਹੀ ਹੈ।

ਸੁਖਬੀਰ ਸਿੰਘ ਬਾਦਲ ਇਸ ਸਕੂਲ ਵਿਚ ਪੜ੍ਹਦੇ ਰਹੇ ਹਨ। ਉਨ੍ਹਾਂ ਨੇ ਇਹ ਇਕ ਕਰੋੜ ਰੁਪਏ ਦੀ ਗਰਾਂਟ ਪਿਛਲੇ ਸਾਲ ਚਾਰ ਅਕਤੂਬਰ ਨੂੰ ਸਕੂਲ ਦੇ 165ਵੇਂ ਸਥਾਪਨਾ ਸਮਾਰੋਹ ਵਿਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਦਿਆਂ ਦਿੱਤੀ ਸੀ। 2012-13 ਦੇ ਬਜਟ ਵਿਚ ਰੱਖਿਆ ਇਹ ਪੈਸਾ ਪੰਜਾਬ ਨਿਰਮਾਣ



ਪ੍ਰੋਗਰਾਮ ਤਹਿਤ ਸੂਬੇ ਵਿਚਲੀਆਂ ਨਗਰ ਕਾਸਲ ਸੜਕਾਂ, ਟਿਊਬਵੈੱਲ ਲਾਉਣ, ਪੰਜਾਬ ਦੇ ਇਤਿਹਾਸਿਕ ਪਿੰਡਾਂ ਦੇ ਵਿਕਾਸ, ਅੰਬੇਡਕਰ ਭਵਨ ਬਣਾਉਣ, ਖੇਡ ਸਟੇਡੀਅਮਾਂ ਦੇ ਨਿਰਮਾਣ, ਪਾਣੀ ਸਪਲਾਈ ਦੀਆਂ ਸਕੀਮਾਂ ਤੇ ਧਰਮਸ਼ਾਲਾਵਾਂ 'ਤੇ ਖਰਚ ਕੀਤਾ ਜਾਣਾ ਸੀ। ਇਸ ਤੋਂ ਪਹਿਲਾਂ ਖਹਿਰਾ ਨੇ ਇਹ ਪੈਸਾ ਉਕਤ ਸਕੂਲ ਨੂੰ ਦਿੱਤੇ ਜਾਣ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਜਨਹਿਤ ਪਟੀਸ਼ਨ ਦਾਇਰ ਕਰਕੇ ਚੁਣੌਤੀ ਦਿੱਤੀ ਸੀ।

ਹਾਈਕੋਰਟ ਦੇ ਤਤਕਾਲੀ ਜਸਟਿਸ ਏ.ਕੇ ਸੀਕਰੀ ਤੇ ਜਸਟਿਸ ਰਾਕੇਸ਼ ਕੁਮਾਰ ਜੈਨ ਦੇ ਬੈਂਚ ਨੇ 16 ਜਨਵਰੀ, 2013 ਨੂੰ ਇਹ ਮਾਮਲਾ ਸਰਕਾਰ ਦੇ ਵਿਧਾਨਕ ਪੱਧਰ 'ਤੇ ਵਿਚਾਰੇ ਜਾਣ ਦੀ ਗੱਲ ਕਹਿੰਦਿਆਂ ਖਹਿਰਾ ਦੀ ਪਟੀਸ਼ਨ ਖਾਰਜ ਕਰ ਦਿੱਤੀ ਸੀ। ਖਹਿਰਾ ਨੇ ਇਸ ਬਾਰੇ ਸੁਖਬੀਰ ਸਿੰਘ ਬਾਦਲ ਦੀਆਂ ਆਪਣੇ ਮੁੱਢਲੇ ਸਕੂਲ ਪ੍ਰਤੀ ਭਾਵਨਾਵਾਂ ਦੀ ਕਦਰ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਨੂੰ ਆਪਣੇ ਸਕੂਲ ਦੀ ਨਿੱਜੀ ਖਾਤੇ ਵਿਚੋਂ ਪੈਸਾ ਦੇ ਕੇ ਮਾਲੀ ਮਦਦ ਕਰਨੀ ਚਾਹੀਦੀ ਹੈ ਨਾ ਕਿ ਮੰਦੇ ਹਾਲ ਇਮਾਰਤਾਂ ਤੇ ਪਖਾਨਿਆਂ, ਪੀਣ ਯੋਗ ਪਾਣੀ ਆਦਿ ਜਿਹੀਆਂ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਪੰਜਾਬ ਦੇ ਸਰਕਾਰੀ ਸਕੂਲਾਂ ਦੀ ਅਣਦੇਖੀ ਕਰਦਿਆਂ ਲੋਕਾਂ ਦਾ ਪੈਸਾ ਸਰਕਾਰੀ ਖਾਤੇ ਵਿਚੋਂ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਤੋਂ ਤਿੰਨ ਲੱਖ ਰੁਪਏ ਤੋਂ ਵੀ ਵਧ ਦੀ ਸਾਲਾਨਾ ਫ਼ੀਸ ਲੈਣ ਵਾਲੇ ਲਾਰੈਂਸ ਸਕੂਲ, ਸਨਾਵਰ ਨੂੰ ਸਰਕਾਰੀ ਖ਼ਜ਼ਾਨੇ ਵਿਚੋਂ ਇੰਨਾ ਪੈਸਾ ਦੇ ਕੇ ਸੁਖਬੀਰ ਵੱਲੋਂ ਰਾਜ ਦੇ ਲੋਕਾਂ ਨੂੰ ਕਿਹੋ ਜਿਹਾ ਸੁਨੇਹਾ ਦਿੱਤਾ ਜਾ ਰਿਹਾ ਹੈ।

# ਪਰਮਜੀਤ ਸਰਨਾ ਵੱਲੋਂ ਕਾਂਗਰਸ ਦੀ ਹਮਾਇਤ ਦਾ ਐਲਾਨ

**ਲੁਧਿਆਣਾ:** ਦਿੱਲੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਦਿੱਲੀ ਵਿਧਾਨ ਸਭਾ ਦੀ ਚੋਣ ਵਿਚ ਦਿੱਲੀ ਅਕਾਲੀ ਦਲ ਕਾਂਗਰਸ ਦੀ ਮਦਦ ਕਰੇਗਾ ਤੇ ਖ਼ੁਦ ਕਿਸੇ ਵੀ ਸੀਟ ਤੋਂ ਉਮੀਦਵਾਰ ਖੜ੍ਹੇ ਨਹੀਂ ਕਰੇਗਾ। ਉਨ੍ਹਾਂ ਵਿਅੰਗ ਕਰਦਿਆਂ ਕਿਹਾ ਕਿ ਜਿਹੜੇ ਸਿੱਖ ਅਕਾਲੀ ਦਲ (ਬਾਦਲ) ਤੋਂ ਟਿਕਟ ਮੰਗਦੇ ਹਨ ਤੇ ਸ਼ਾਮੀਂ ਉਹ ਕਾਂਗਰਸ ਦੇ ਦਫਤਰਾਂ ਦੇ ਚੱਕਰ ਕੱਟਦੇ ਹਨ। ਹਾਲਤ ਇਹ ਹੈ ਕਿ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਲੀ ਵਿਚ ਸਿੱਧੇ ਅਕਾਲੀ ਦਲ ਨਾਲ ਖੜ੍ਹਨ ਵਾਲੇ ਉਮੀਦਵਾਰ ਹੀ ਨਹੀਂ ਲੱਭਦੇ।

ਉਨ੍ਹਾਂ ਕਿਹਾ ਕਿ ਸ. ਬਾਦਲ ਉਸ ਵੇਲੇ ਨਰਿੰਦਰ ਮੋਦੀ (ਭਾਜਪਾ) ਦੀ ਹਮਾਇਤ ਦਾ ਐਲਾਨ ਕਰ ਰਹੇ ਹਨ ਜਦੋਂ ਗੁਜਰਾਤ ਵਿਚ ਨਰਿੰਦਰ ਮੋਦੀ ਸਿੱਖ ਕਿਸਾਨਾਂ ਨੂੰ ਉਜਾੜਨ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਤਾਜ਼ਾ ਸਥਿਤੀ ਵਿਚ ਗੁਜਰਾਤ ਸਰਕਾਰ ਨੇ ਕੱਛ ਦੇ ਇਲਾਕੇ ਵਿਚ ਟਿਊਬਵੈੱਲ ਕੁਨੈਕਸ਼ਨ ਕੱਟ ਦਿੱਤੇ ਹਨ ਤੇ ਉਨ੍ਹਾਂ ਦੀਆਂ ਫਸਲਾਂ ਪਾਣੀ ਬਿਨਾਂ ਸੁੱਕ ਰਹੀਆਂ ਹਨ।

ਦਿੱਲੀ ਚੋਣ ਬਾਰੇ ਦਾਅਵਾ ਕਰਦਿਆਂ ਉਨ੍ਹਾਂ ਕਿਹਾ ਕਿ ਦਿੱਲੀ ਵਿਚ ਬਹੁਮਤ ਪ੍ਰਾਪਤ ਕਰਕੇ ਕਾਂਗਰਸ ਮੁੜ ਸੱਤਾ ਵਿਚ ਆਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਕਾਂਗਰਸ ਸਿੱਖ ਉਮੀਦਵਾਰਾਂ ਨੂੰ ਘੱਟੋ-ਘੱਟ ਸੱਤ ਸੀਟਾਂ ਉੱਤੇ ਚੋਣ ਲੜਾਏਗੀ ਜਦਕਿ ਸ. ਬਾਦਲ ਦੀ ਭਾਈਵਾਲ ਭਾਜਪਾ ਸਿੱਖਾਂ ਲਈ ਚਾਰ ਸੀਟਾਂ ਛੱਡਣ ਨੂੰ ਵੀ ਤਿਆਰ ਨਹੀਂ, ਭਾਵੇਂ ਸ. ਬਾਦਲ 16 ਸੀਟਾਂ ਲੈਣ ਦਾ ਦਾਅਵਾ ਕਰ ਰਹੇ ਹਨ।

# ਸਾਬਕਾ ਮੰਤਰੀ ਅਵਤਾਰ ਬਰਾੜ ਵੀ ਅਕਾਲੀ ਦਲ ਦੇ ਲੜ ਲੱਗਾ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਅਵਤਾਰ ਸਿੰਘ ਬਰਾੜ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਹਾਕਮ ਪਾਰਟੀ ਵਿਚ ਸ਼ਮੂਲੀਅਤ ਦਾ ਐਲਾਨ ਉਨ੍ਹਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਮੌਜੂਦਗੀ ਵਿਚ ਕੀਤਾ। ਪੰਜਾਬੀ ਗੀਤਕਾਰ ਬਾਬੂ ਸਿੰਘ ਮਾਨ ਮਰਾੜਾਂ ਵਾਲੇ ਨੇ ਵੀ ਇਸ ਮੌਕੇ ਅਕਾਲੀ ਦਲ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ।

ਸ. ਬਰਾੜ ਦੀ ਹਾਕਮ ਪਾਰਟੀ ਵਿਚ ਸ਼ਮੂਲੀਅਤ ਨਾਲ ਕਾਂਗਰਸ ਪਾਰਟੀ ਨੂੰ ਵੱਡਾ ਰਾਜਸੀ ਝਟਕਾ ਲੱਗਿਆ ਹੈ ਕਿਉਂਕਿ ਉਹ ਪਾਰਟੀ ਵਿਚ ਹੀ ਸੀਨੀਅਰ ਅਹੁਦਿਆਂ 'ਤੇ ਨਹੀਂ ਰਹੇ ਸਗੋਂ ਟਕਸਾਲੀ ਕਾਂਗਰਸੀ ਆਗੂ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਦਾ ਫ਼ਰੀਦਕੋਟ ਹਲਕੇ ਵਿਚ ਖ਼ਾਸ



ਆਧਾਰ ਮੰਨਿਆ ਜਾਂਦਾ ਹੈ। ਅਕਾਲੀ ਦਲ ਵਿਚ ਸ਼ਮੂਲੀਅਤ ਕਰਨ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵਿਚ ਪੁਰਾਣੇ ਆਗੂਆਂ ਦੀ ਕੋਈ ਪੁੱਛ-ਪ੍ਰਤੀਤ ਨਾ ਹੋਣ ਤੇ ਪਾਰਟੀ ਉਪਰ ਅਪਰਾਧੀ ਕਿਸਮ ਦੇ ਵਿਅਕਤੀਆਂ ਦਾ ਗਲਬਾ ਵਧਣ ਕਾਰਨ ਉਹ ਪਾਰਟੀ ਛੱਡਣ ਲਈ ਮਜਬੂਰ ਹੋਏ ਹਨ।

ਸ. ਬਰਾੜ ਨੇ ਕਿਹਾ ਕਿ ਕਾਂਗਰਸ ਵਿਚ ਪਾਰਟੀ ਵਰਕਰਾਂ ਦੀਆਂ ਭਾਵਨਾਵਾਂ ਨੂੰ ਕੋਈ ਨਹੀਂ ਸਮਝ ਰਿਹਾ ਤੇ ਸਾਰੀ ਪਾਰਟੀ ਨਿਰਾਸ਼ਾ ਵਿਚੋਂ ਲੰਘ ਰਹੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਪਾਰਟੀ ਲਈ ਲੰਮਾ ਸਮਾਂ ਸੇਵਾਵਾਂ ਦਿੱਤੀਆਂ ਪਰ ਹੁਣ ਸੂਬਾ ਜਾਂ ਕੇਂਦਰੀ ਲੀਡਰਸ਼ਿਪ ਭਾਵਨਾਵਾਂ ਦੀ ਕਦਰ ਨਹੀਂ ਕਰਦੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸ. ਬਰਾੜ ਦੇ ਪਾਰਟੀ ਵਿਚ ਆਉਣ 'ਤੇ ਸਵਾਗਤ ਕਰਦਿਆਂ ਕਿਹਾ ਕਿ ਸ. ਬਰਾੜ ਫਰੀਦਕੋਟ ਹੀ ਨਹੀਂ, ਸਗੋਂ ਪੰਜਾਬ ਦੇ ਕੱਦਾਵਰ ਆਗੂ ਹਨ। ਸ. ਬਾਦਲ ਨੇ ਕਿਹਾ ਕਿ ਪਾਰਟੀ ਵਿੱਚ ਉਨ੍ਹਾਂ ਨੂੰ ਬਣਦਾ ਮਾਣ-ਤਾਣ ਦਿੱਤਾ ਜਾਵੇਗਾ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਸ. ਬਰਾੜ ਦਾ ਸਵਾਗਤ ਕਰਦਿਆਂ ਕਿਹਾ ਕਿ ਕਾਂਗਰਸ ਦੇ ਖਾਤਮੇ ਦਾ ਦੌਰ ਚੱਲ ਰਿਹਾ ਹੈ।

# ਬਾਦਲ ਦਾ ਸਾਬਕਾ ਓ.ਐਸ.ਡੀ. ਹਰਦੀਪ ਭੰਵਰਾ ਵੀ ਬਰੀ

**ਮੁਹਾਲੀ:** ਇਥੋਂ ਦੀ ਵਿਸ਼ੇਸ਼ ਜ਼ਿਲ੍ਹਾ ਅਦਾਲਤ ਨੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੇਲੇ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਦਰਜ ਕੀਤੇ ਭ੍ਰਿਸ਼ਟਾਚਾਰ ਮਾਮਲੇ ਵਿਚ ਨਾਮਜ਼ਦ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਾਬਕਾ ਓ.ਐਸ.ਡੀ. ਹਰਦੀਪ ਸਿੰਘ ਭੰਵਰਾ ਤੇ ਸ੍ਰੀ ਬਾਦਲ ਦੇ ਨਜ਼ਦੀਕੀ ਰਿਸ਼ਤੇਦਾਰ ਨਿਰੋਤਮ ਸਿੰਘ ਢਿੱਲੋਂ ਸਣੇ 14 ਵਿਅਕਤੀਆਂ ਨੂੰ ਬਰੀ ਕਰ ਦਿੱਤਾ।

ਇਸ ਤੋਂ ਪਹਿਲਾਂ ਜ਼ਿਲ੍ਹਾ ਅਦਾਲਤ ਵੱਲੋਂ 29 ਅਕਤੂਬਰ, 2011 ਨੂੰ ਸ. ਭੰਵਰਾ ਨੂੰ ਬਾਦਲ ਪਰਿਵਾਰ ਖ਼ਿਲਾਫ਼ ਦਰਜ ਭ੍ਰਿਸ਼ਟਾਚਾਰ ਦੇ ਮਾਮਲੇ ਵਿਚੋਂ ਵੀ ਬਾਇੱਜ਼ਤ ਬਰੀ ਕੀਤਾ ਗਿਆ ਸੀ ਪਰ ਬਾਅਦ ਵਿਚ ਦਰਜ ਇਸ ਵੱਖਰੇ ਮਾਮਲੇ ਵਿਚ ਉਨ੍ਹਾਂ ਨੇ 25 ਜੁਲਾਈ, 2012 ਨੂੰ ਮੁਹਾਲੀ ਅਦਾਲਤ ਵਿਚ ਆਤਮ ਸਮਰਪਣ ਕੀਤਾ ਸੀ। ਉਂਜ ਉਹ ਇਸ ਕੇਸ ਵਿਚ ਇਕ ਸਾਲ ਚਾਰ ਮਹੀਨੇ ਤੇ 17 ਦਿਨ ਜੇਲ੍ਹ ਵਿਚ ਰਹੇ ਹਨ।

ਅਦਾਲਤ ਨੇ ਫੈਸਲਾ ਸੁਣਾਉਂਦੇ ਸਪਸ਼ਟ ਕੀਤਾ ਹੈ ਕਿ ਮੁਲਜ਼ਮ ਖ਼ਿਲਾਫ਼ ਇਸ ਕੇਸ ਵਿਚ ਵਿਜੀਲੈਂਸ ਵੱਲੋਂ ਲਾਏ ਦੋਸ਼ਾਂ ਬਾਰੇ ਕੋਈ ਪੁਖਤਾ ਸਬੂਤ ਸਾਹਮਣੇ ਨਹੀਂ ਆਏ ਤੇ ਨਾ ਹੀ ਵਿਜੀਲੈਂਸ ਮੁਲਜ਼ਮਾਂ ਖ਼ਿਲਾਫ਼ ਭ੍ਰਿਸ਼ਟਾਚਾਰ ਬਾਰੇ ਕੋਈ ਠੋਸ ਪੁਖਤਾ ਸਬੂਤ ਹੀ ਹਾਲੇ ਤੱਕ ਅਦਾਲਤ ਵਿਚ ਪੇਸ਼ ਕਰ ਸਕੀ ਹੈ। ਇਸ ਕੇਸ ਵਿਚ 60 ਸਰਕਾਰੀ ਗਵਾਹ ਤੇ 40 ਬਚਾਅ ਪੱਖ ਦੀਆਂ ਗਵਾਹੀਆਂ ਹੋਈਆਂ ਹਨ ਪਰ ਵਿਜੀਲੈਂਸ ਮੁਲਜ਼ਮਾਂ ਖ਼ਿਲਾਫ਼ ਠੋਸ ਸਬੂਤ ਪੇਸ਼ ਨਹੀਂ ਕਰ ਸਕੀ।

ਜ਼ਿਕਰਯੋਗ ਹੈ ਕਿ ਸ. ਭੰਵਰਾ ਤੇ ਹੋਰਾਂ ਖ਼ਿਲਾਫ਼ ਦਰਜ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਮੁੱਖ 11 ਗਵਾਹਾਂ ਨੇ ਆਪਣੇ ਬਿਆਨਾਂ ਤੋਂ ਮੁੱਕਰ ਕੇ ਭੰਵਰਾ ਸਮੇਤ 14 ਮੁਲਜ਼ਮਾਂ ਦੀ ਰਿਹਾਈ ਲਈ ਰਾਹ ਪੱਧਰਾ ਕੀਤਾ ਹੈ। ਪੰਜਾਬ ਵਿਜੀਲੈਂਸ ਬਿਊਰੋ ਦੇ ਤੱਤਕਾਲੀ ਐਸਐਸਪੀ ਸੁਰਿੰਦਰਪਾਲ ਸਿੰਘ ਵਿਰਕ ਦੇ ਬਿਆਨਾਂ 'ਤੇ ਸ. ਭੰਵਰਾ ਖ਼ਿਲਾਫ਼ 29 ਅਗਸਤ, 2002 ਨੂੰ ਵਿਜੀਲੈਂਸ ਥਾਣਾ ਫੇਜ਼-8, ਮੁਹਾਲੀ ਵਿਚ ਐਫਆਈਆਰ-22 ਦਰਜ ਕੀਤੀ ਗਈ ਸੀ। ਵਿਜੀਲੈਂਸ ਨੇ ਸਮੁੱਚੀ ਕਾਰਵਾਈ ਗੁਪਤ ਸੂਚਨਾ ਨੂੰ ਆਧਾਰ ਬਣਾ ਕੇ ਕੀਤੀ ਸੀ।

ਕੇਸ ਵਿਚ ਕੁੱਲ 99 ਗਵਾਹਾਂ ਦੇ ਬਿਆਨ ਦਰਜ ਕੀਤੇ ਗਏ ਤੇ ਸਰਕਾਰੀ ਅਤੇ ਬਚਾਅ ਪੱਖ ਵੱਲੋਂ ਗਵਾਹੀਆਂ 'ਤੇ ਬਹਿਸ ਕੀਤੀ ਗਈ।

# ਬਾਦਲ ਤੇ ਬਾਜਵਾ ਹੋਏ ਮਿਹਣੋ-ਮਿਹਣੀ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਾਂਗਰਸ ਦੇ ਪ੍ਰਦੇਸ਼ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ 'ਆਪਣਾ ਬੰਦਾ' ਕਰਾਰ ਦਿੰਦਿਆਂ ਕਿਹਾ ਕਿ ਸ. ਬਾਜਵਾ ਵਿਚ ਤਾਂ ਅਕਾਲੀ ਖ਼ੂਨ ਹੈ। ਉਸ ਦਾ ਪਿਤਾ ਸਵਰਗੀ ਸਤਨਾਮ ਸਿੰਘ ਬਾਜਵਾ ਉਨ੍ਹਾਂ ਦਾ ਮਿੱਤਰ ਹੀ ਨਹੀਂ, ਸਗੋਂ ਸ਼੍ਰੋਮਣੀ ਅਕਾਲੀ ਦਲ ਦਾ ਸੀਨੀਅਰ ਆਗੂ ਵੀ ਸੀ। ਦੂਜੇ ਪਾਸੇ ਸ. ਬਾਜਵਾ ਨੇ ਸ. ਬਾਦਲ ਵੱਲੋਂ ਕੀਤੀ ਟਿੱਪਣੀ ਉਪਰ ਤਿੱਖਾ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਖ਼ੁਦ ਸ. ਬਾਦਲ ਪਹਿਲੀ ਚੋਣ ਕਾਂਗਰਸ ਦੀ ਟਿਕਟ ਤੋਂ ਲੜ ਕੇ ਵਿਧਾਇਕ ਬਣੇ ਸਨ। ਇਸ ਲਈ ਉਨ੍ਹਾਂ ਦੇ ਅੰਦਰ ਵੀ ਕਾਂਗਰਸ ਦਾ ਖ਼ੂਨ ਹੀ ਦੌੜ ਰਿਹਾ ਹੈ।

ਸ. ਬਾਦਲ ਨੇ ਆਪਣੀ ਧੀ ਕਾਂਗਰਸ ਦੇ ਮਰਹੂਮ ਮੁੱਖ ਮੰਤਰੀ ਦੇ ਪੋਤਰੇ ਨਾਲ ਵਿਆਹੀ ਹੈ। ਉਨ੍ਹਾਂ ਆਪਣਾ ਉਪ ਮੁੱਖ ਮੰਤਰੀ ਪੁੱਤਰ ਸੁਖਬੀਰ ਸਿੰਘ ਬਾਦਲ ਵੀ ਮੁੱਢਲੇ ਕਾਂਗਰਸੀ ਮਜੀਠੀਆ ਪਰਿਵਾਰ ਵਿਚ ਹੀ ਵਿਆਹਿਆ ਹੈ। ਸ. ਬਾਦਲ ਨੂੰ ਉਨ੍ਹਾਂ ਦੇ ਸਵਰਗੀ ਪਿਤਾ ਸਤਨਾਮ ਸਿੰਘ ਬਾਜਵਾ ਦਾ ਵਿਧਾਨ ਸਭਾ ਵਿਚ ਇਸ ਸੰਦਰਭ ਵਿਚ ਜ਼ਿਕਰ ਕਰਨਾ ਸ਼ੋਭਾ ਨਹੀਂ ਦਿੰਦਾ। ਮੁੱਖ ਮੰਤਰੀ ਨੇ ਇਹ ਟਿੱਪਣੀ ਕਾਂਗਰਸ ਦੇ ਮੈਂਬਰਾਂ ਵੱਲੋਂ ਸੰਗਤ ਦਰਸ਼ਨ ਪ੍ਰੋਗਰਾਮਾਂ ਦਾ ਵਿਰੋਧ ਕਰਨ ਸਮੇਂ ਕੀਤੀ।

ਸ. ਬਾਦਲ ਨੇ ਕਿਹਾ ਕਿ ਕਾਦੀਆਂ ਵਿਧਾਨ ਸਭਾ ਹਲਕੇ ਵਿਚ ਸੰਗਤ ਦਰਸ਼ਨ ਕਰਨ 'ਤੇ ਬੀਬੀ ਚਰਨਜੀਤ ਕੌਰ ਬਾਜਵਾ ਨੇ ਧੰਨਵਾਦੀ ਖ਼ਤ ਲਿਖਿਆ। ਮੁੱਖ ਮੰਤਰੀ ਦੇ ਇਨ੍ਹਾਂ ਪ੍ਰੋਗਰਾਮਾਂ ਦੇ ਵਿਰੋਧ ਵਿਚ ਬੋਲਣ ਵਾਲੇ ਗਿੱਦੜਬਾਹਾ ਦੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਮੁਖ਼ਾਤਬ ਹੁੰਦਿਆਂ ਕਿਹਾ ਕਿ ਉਸ ਨੂੰ ਪਤਾ ਨੀ ਕੀਹਦੀ ਚੁੱਕ ਹੈ। ਉਸ ਦੀ ਪਾਰਟੀ ਦੇ ਲੀਡਰ ਤਾਂ ਇਸ ਪ੍ਰੋਗਰਾਮ ਤੋਂ ਖੁਸ਼ ਹਨ। ਉਨ੍ਹਾਂ ਤਾਂ ਪ੍ਰਤਾਪ ਸਿੰਘ ਬਾਜਵਾ ਦੇ ਪਾਰਲੀਮਾਨੀ ਹਲਕੇ ਵਿਚ ਸੰਗਤ ਦਰਸ਼ਨ ਕਰਕੇ ਸਭ ਤੋਂ ਵੱਧ ਗਰਾਂਟਾ ਵੰਡੀਆਂ ਹਨ ਪਰ ਉਨ੍ਹਾਂ ਤਾਂ ਵਿਰੋਧ ਨਹੀਂ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਸੰਗਤ ਦਰਸ਼ਨ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਤੇ ਜ਼ਮੀਨੀ ਹਕੀਕਤਾਂ ਜਾਣਨ ਦਾ ਵਧੀਆ ਜ਼ਰੀਆ ਹੈ। ਸੰਗਤ ਦਰਸ਼ਨਾਂ ਨੇ ਵੀ ਪੰਜਵੀਂ ਵਾਰੀ ਮੁੱਖ ਮੰਤਰੀ ਬਣਾਇਆ ਹੈ।

## ਸੁਖਬੀਰ ਸਿੰਘ ਬਾਦਲ ਵੀ ਸਿਆਸੀ ਪਰਿਵਾਰਵਾਦ ਦੀ ਦੇਣ: ਰਾਜ ਬੱਬਰ

**ਨਵੀਂ ਦਿੱਲੀ:** ਕਾਂਗਰਸ ਨੇ ਕਿਹਾ ਕਿ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਕਾਂਗਰਸ ਵਿਚਲਾ ਪਰਿਵਾਰਵਾਦ ਤਾਂ ਨਜ਼ਰ ਆਉਂਦਾ ਹੈ ਪਰ ਉਹ ਐਨਡੀਏ ਦੇ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਤੇ ਸ਼ਿਵ ਸੈਨਾ ਦੇ ਪਰਿਵਾਰਵਾਦ ਪ੍ਰਤੀ ਅੱਖਾਂ ਬੰਦ ਕਰੀ ਬੈਠੇ ਹਨ।

ਕਾਂਗਰਸ ਦੇ ਬੁਲਾਰੇ ਰਾਜ ਬੱਬਰ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪੁੱਤ ਸੁਖਬੀਰ ਬਾਦਲ ਤੇ ਮਰਹੂਮ ਬਾਲ ਠਾਕਰੇ ਦੇ ਪੁੱਤ ਊਧਵ ਠਾਕਰੇ ਵੀ ਸਿਆਸਤ ਵਿਚ ਪਰਿਵਾਰਵਾਦ ਦੀ ਦੇਣ ਹਨ। ਇਹੀ ਹਾਲ ਭਾਜਪਾ ਦਾ ਹਿਮਾਚਲ ਪ੍ਰਦੇਸ਼ ਤੇ ਰਾਜਸਥਾਨ ਵਿਚ ਹੈ। ਹਿਮਾਚਲ ਪ੍ਰਦੇਸ਼ ਵਿਚ ਸਾਬਕਾ ਮੁੱਖ ਮੰਤਰੀ ਪ੍ਰੇਮ ਕੁਮਾਰ ਧੂਮਲ ਦਾ ਪੁੱਤ ਅਨੁਰਾਗ ਠਾਕੁਰ ਸੰਸਦ ਮੈਂਬਰ ਤੇ ਭਾਰਤੀ ਜਨਤਾ ਯੁਵਾ ਮੋਰਚਾ ਦਾ ਪ੍ਰਧਾਨ ਹੈ। ਰਾਜਸਥਾਨ ਵਿਚ ਸਾਬਕਾ ਮੁੱਖ ਮੰਤਰੀ ਵਸੁੰਧਰੇ ਰਾਜੇ ਦਾ ਪੁੱਤ ਦੁਸ਼ਯੰਤ ਸਿੰਘ ਵੀ ਸੰਸਦ ਮੈਂਬਰ ਹੈ।

# ਪ੍ਰਿੰ. ਸਰਵਣ ਸਿੰਘ ਦੀ ਖੇਡ ਅਤੇ ਸੇਹਤ ਵਾਰਤਾ

ਪੁਸਤਕ ਪੜਚੋਲ

**ਸੰਤੋਖ ਸਿੰਘ ਮੰਡੇਰ**

ਪ੍ਰਿੰ. ਸਰਵਣ ਸਿੰਘ ਦੀ ਨਵੀਂ ਪੁਸਤਕ 'ਖੇਡ ਅਤੇ ਸੇਹਤ ਵਾਰਤਾ' ਸੰਗਮ ਪਬਲੀਕੇਸ਼ਨਜ਼ ਸਮਾਣਾ ਨੇ ਪ੍ਰਕਾਸ਼ਿਤ ਕੀਤੀ ਹੈ। ਸੋਹਣ ਸਿੰਘ 'ਸੀਤਲ' ਦੀਆਂ ਬਹੁਤੀਆਂ ਕਿਤਾਬਾਂ ਦੇ ਨਾਂ ਮੂਹਰੇ ਸੀਤਲ ਲੱਗਦਾ ਹੈ, ਸਰਵਣ ਸਿੰਘ ਦੀਆਂ ਬਹੁਤੀਆਂ ਕਿਤਾਬਾਂ ਦੇ ਨਾਂ ਖੇਡ ਨਾਲ ਸ਼ੁਰੂ ਹੁੰਦੇ ਹਨ। ਜਿਵੇਂ ਖੇਡ ਸੰਸਾਰ, ਖੇਡ ਜਗਤ ਵਿਚ ਭਾਰਤ, ਖੇਡ ਮੈਦਾਨ 'ਚੋਂ, ਖੇਡ ਜਗਤ ਦੀਆਂ ਬਾਤਾਂ, ਖੇਡ ਪਰਿਕਰਮਾ, ਖੇਡ ਦਰਸ਼ਨ, ਖੇਡ ਮੇਲੇ ਵੇਖਦਿਆਂ ਤੇ ਖੇਡਾਂ ਦੀ ਦੁਨੀਆਂ।

ਪੁਸਤਕ ਦੇ ਸਰਵਰਕ 'ਤੇ ਛਪਿਐ, "ਸ੍ਰਿਸ਼ਟੀ ਖੇਡ ਮੇਲਾ ਹੈ ਤੇ ਬ੍ਰਹਿਮੰਡ ਵਿਸ਼ਾਲ ਖੇਡ ਮੈਦਾਨ। ਧਰਤੀ, ਸੂਰਜ, ਚੰਦ, ਤਾਰੇ ਤੇ ਉਪਗ੍ਰਹਿ ਖਿਡਾਰੀ ਹਨ। ਜੀਵਨ ਖੇਡ ਹੈ! ਕੋਈ ਜਿੱਤ ਰਿਹੈ, ਕੋਈ ਹਾਰ ਰਿਹੈ। ਕਾਦਰ ਨੇ ਅਲੌਕਿਕ ਮੇਲਾ ਰਚਾ ਰੱਖਿਐ -ਬਾਜ਼ੀਗਰ ਬਾਜ਼ੀ ਪਾਈ ਸਭ ਖਲਕ ਤਮਾਸ਼ੇ ਆਈ।"

ਪੁਸਤਕ ਵਿਚ ਤੀਹ ਨਿਬੰਧ ਹਨ ਜੋ ਖੇਡਾਂ, ਖਿਡਾਰੀਆਂ, ਸਿਹਤ ਸੰਭਾਲ ਤੇ ਕਬੱਡੀ ਦੇ ਤਿੰਨ ਵਿਸ਼ਵ ਕੱਪਾਂ ਨਾਲ ਸਬੰਧਤ ਹਨ। ਪਹਿਲੇ ਲੇਖ 'ਚ ਪੰਜਾਬੀ ਖੇਡ ਪੁਸਤਕਾਂ 'ਤੇ ਝਾਤ ਪੁਆਈ ਹੈ। ਇਨ੍ਹਾਂ ਵਿਚ ਖਿਡਾਰੀਆਂ ਦੀਆਂ ਜੀਵਨੀਆਂ, ਸਵੈਜੀਵਨੀਆਂ, ਰੇਖਾ ਚਿੱਤਰ, ਕਹਾਣੀਆਂ, ਖੇਡ ਇਤਿਹਾਸ, ਖੇਡ ਮੇਲੇ, ਖੇਡ ਮਸਲੇ, ਖੇਡ ਤਬਸਰੇ, ਖੇਡ ਵੰਨਗੀਆਂ, ਖੇਡਾਂ ਦੀਆਂ ਬਾਤਾਂ, ਖੇਡਾਂ ਦੇ ਨਿਯਮ, ਖੇਡਾਂ ਦਾ ਕਾਵਿ-ਸੰਸਾਰ, ਖੋਜ ਨਿਬੰਧ, ਖੋਜ ਪ੍ਰਬੰਧ, ਖੇਡ ਚਿੰਤਨ, ਦੇਸੀ ਖੇਡਾਂ ਤੇ ਅਜੋਕੀਆਂ ਖੇਡਾਂ ਬਾਰੇ ਬਹੁਪੱਖੀ ਜਾਣਕਾਰੀ ਦੇਣ ਵਾਲੀਆਂ ਪੁਸਤਕਾਂ ਹਨ।

ਅਗਲਾ ਲੇਖ ਨਰੋਏ ਜੁੱਸੇ ਬਾਰੇ ਹੈ। ਨਰੋਆ ਜੁੱਸਾ ਸੋਹਣੇ ਲੱਗਣ, ਸ਼ਿਕਾਰ ਮਾਰਨ, ਲੜਾਈ ਲੜਨ, ਮਾਲ ਸੰਭਾਲਣ, ਖੇਤੀਬਾੜੀ ਕਰਨ ਤੇ ਖੇਡਾਂ ਖੇਡਣ ਲਈ ਵਧੇਰੇ ਕਾਮਯਾਬ ਸੀ। ਜੁੱਸੇ ਤਕੜੇ ਕਰਨ ਲਈ ਖੁਰਾਕਾਂ ਤੇ ਕਸਰਤਾਂ ਉਤੇ ਜ਼ੋਰ ਦਿੱਤਾ ਜਾਂਦਾ ਸੀ। ਪੰਜਾਬੀਆਂ ਦੀਆਂ ਖੁਰਾਕਾਂ ਵਿਚ ਦੁੱਧ-ਘਿਓ, ਅਧਰਿੜਕੇ-ਤਿਓੜਾਂ, ਮੱਖਣ-ਮਲਾਈਆਂ, ਖੋਏ-ਪੰਜੀਰੀਆਂ, ਬਦਾਮ-ਛੁਹਾਰੇ, ਸ਼ਰਬਤ ਤੇ ਯਖਣੀਆਂ ਸ਼ਾਮਲ ਸਨ। ਗੁੜ-ਸ਼ੱਕਰ, ਖੰਡ-ਘਿਓ, ਦੋੜਾਂ-ਪਰਾਉਂਠੇ ਤੇ ਸਾਗ-ਮੱਖਣ ਰੱਜ ਕੇ ਖਾਧਾ ਜਾਂਦਾ। ਬਦਾਮਾਂ ਤੇ ਮਗਜ਼ਾਂ ਦੀਆਂ ਸ਼ਰਦਾਈਆਂ ਪੀਤੀਆਂ ਜਾਂਦੀਆਂ। ਡੰਡ ਕੱਢਣੇ, ਬੈਠਕਾਂ ਮਾਰਨੀਆਂ, ਦੌੜਨਾ, ਡੱਡੂ-ਛੜੱਪੇ, ਮੂੰਗਲੀਆਂ ਫੇਰਨੀਆਂ, ਪੱਥਰ, ਵੱਟੇ, ਵੇਲਣੇ, ਅਹਿਰਨਾਂ ਤੇ ਮੁਗਦਰ ਚੁੱਕਣੇ, ਰੱਸੇ ਖਿੱਚਣੇ ਤੇ ਖੂਹ ਗੇੜਨੇ ਪੰਜਾਬੀਆਂ ਦੀਆਂ ਮੁੱਖ ਕਸਰਤਾਂ ਸਨ।

ਇਕ ਲੇਖ 'ਚ ਲੰਡਨ ਦੀਆਂ ਓਲੰਪਿਕ ਖੇਡਾਂ ਦਾ ਲੇਖਾ ਜੋਖਾ ਹੈ। 26 ਖੇਡਾਂ ਦੇ 302 ਈਵੈਂਟਾਂ 'ਚ 204 ਮੁਲਕਾਂ ਦੇ 10820 ਖਿਡਾਰੀਆਂ ਨੇ ਭਾਗ ਲਿਆ। 302 ਸੋਨੇ, 304 ਚਾਂਦੀ ਤੇ 356




ਤਾਂਬੇ ਦੇ ਤਗ਼ਮੇ ਜੇਤੂਆਂ ਦੇ ਗਲੀਂ ਪਏ। 962 ਤਗ਼ਮਿਆਂ ਵਿਚੋਂ 54 ਮੁਲਕ ਸੋਨੇ ਤੇ 85 ਮੁਲਕ ਚਾਂਦੀ ਜਾਂ ਤਾਂਬੇ ਦੇ ਤਗ਼ਮੇ ਜਿੱਤ ਸਕੇ। ਉਦਘਾਟਨੀ ਸਮਾਰੋਹ ਦੀ ਸਭ ਤੋਂ ਮਹਿੰਗੀ ਟਿਕਟ 2012 ਪੌਂਡ ਦੀ ਸੀ। 20 ਪੌਂਡ ਤੋਂ 2012 ਪੌਂਡ ਤਕ ਦੀਆਂ 80 ਲੱਖ ਟਿਕਟਾਂ ਲੱਗੀਆਂ। ਖੇਡਾਂ ਉਤੇ 9 ਅਰਬ ਪੌਂਡ ਲੱਗੇ, ਖੇਡਾਂ ਫਿਰ ਵੀ ਮੁਨਾਫ਼ੇ 'ਚ ਰਹੀਆਂ!

ਬੰਦਾ ਕਿੰਨਾ ਤੇਜ਼ ਦੌੜ ਸਕਦੈ? ਦੇ ਜਵਾਬ 'ਚ ਲਿਖਿਐ, ਉਸੈਨ ਬੋਲਟ 100 ਮੀਟਰ ਦੀ ਦੌੜ 9.58 ਸੈਕੰਡ ਵਿਚ ਲਾ ਗਿਐ। ਸਪੀਡ 43 ਕਿਲੋਮੀਟਰ ਘੰਟਾ ਬਣੀ! ਤੁਰਕੀ ਦੇ ਹਲੀਲ ਮੁਤਲੂ ਨੇ ਆਪਣੇ 56 ਕਿਲੋ ਸਰੀਰਕ ਵਜ਼ਨ ਤੋਂ ਤਿੰਨ ਗੁਣਾਂ 168 ਕਿਲੋ ਭਾਰ ਬਾਹਾਂ ਉਤੇ ਖੜ੍ਹਾ ਕਰ ਦਿੱਤਾ!

'ਤੁਰੋ ਤੇ ਤੰਦਰੁਸਤ ਰਹੋ' ਸਿਹਤਯਾਬੀ ਬਾਰੇ ਲੇਖ ਹੈ। ਜਿਥੋਂ ਤਕ ਸੁਹੱਪਣ ਦੀ ਗੱਲ ਹੈ ਸੋਹਣੇ ਸੁਡੌਲ ਜੁੱਸੇ ਪੈਰੀਂ ਤੁਰਨ ਤੇ ਕਸਰਤ ਕਰਨ ਵਾਲਿਆਂ ਦੇ ਹੁੰਦੇ ਹਨ। ਜਿਨ੍ਹਾਂ ਨੇ ਤੁਰਨ ਦੇ ਰਾਹ ਨਹੀਂ ਪੈਣਾ ਉਨ੍ਹਾਂ ਦਾ ਮਾਸ ਥਲਥਲ ਹੀ ਕਰਨਾ ਹੈ। ਬਿਊਟੀ ਪਾਰਲਰ ਵਾਲੇ ਸਿਹਲੀਆਂ ਘੜ ਦੇਣਗੇ, ਨਹੁੰ ਪਾਲਸ਼ ਲਾ ਦੇਣਗੇ, ਕਰੀਮਾਂ ਪੌਡਰਾਂ ਨਾਲ ਰੰਗ ਗੋਰਾ ਕਰ ਦੇਣਗੇ ਪਰ ਸਰੀਰ ਦਾ ਸੁਹੱਪਣ ਤਦ ਨਿਖਰੇਗਾ ਜਦ ਜੁੱਸੇ ਨੂੰ ਸਡੌਲਤਾ 'ਚ ਢਾਲਿਆ ਗਿਆ। ਸੁੰਦਰਤਾ ਮਹਿੰਗੇ ਕਪੜਿਆਂ, ਗਹਿਣਿਆਂ ਤੇ ਫੈਸ਼ਨਾਂ 'ਚ ਨਹੀਂ, ਸਰੀਰ ਦੀ ਸਡੌਲਤਾ ਵਿਚ ਹੈ।

ਇਕ ਲੇਖ 'ਚ ਲਿਖਿਐ, ਜਿਹੜਾ ਬੰਦਾ ਕਸਰਤੀ ਹੋਵੇ ਉਹਤੋਂ ਕੁਦਰਤ ਵੀ ਬਲਿਹਾਰੇ ਜਾਂਦੀ ਹੈ। ਅਜਿਹਾ ਵਿਅਕਤੀ ਬਿਮਾਰੀਆਂ-ਠਮਾਰੀਆਂ ਤੋਂ ਬਚਿਆ ਰਹਿੰਦੈ ਅਤੇ ਸੁਖੀ ਤੇ ਸੰਤੁਸ਼ਟ ਜੀਵਨ ਭੋਗਦੈ। ਸਰੀਰਕ ਕਸਰਤ ਕਰਨ ਦੀ ਜਿੰਨੀ ਜ਼ਰੂਰਤ ਇੱਕੀਵੀਂ ਸਦੀ ਵਿਚ ਹੈ ਏਨੀ ਪਹਿਲੀਆਂ ਸਦੀਆਂ 'ਚ ਨਹੀਂ ਸੀ। ਪਹਿਲਾਂ ਏਨੀਆਂ ਮਸ਼ੀਨਾਂ ਮਨੁੱਖ ਦੀ ਸੌਖ ਲਈ ਈਜਾਦ ਨਹੀਂ ਸਨ ਹੋਈਆਂ।

ਇਮਤਿਹਾਨਾਂ 'ਚ ਨਕਲ ਮਾਰਨੀ ਤੇ ਖੇਡ ਮੁਕਾਬਲਿਆਂ ਵਿਚ ਡੋਪਿੰਗ ਕਰਨੀ, ਦੋਵੇਂ ਮਿੱਠੀਆਂ ਜ਼ਹਿਰਾਂ ਹਨ। ਜੇ ਕਿਸੇ ਨਾਲ ਦੁਸ਼ਮਣੀ ਕੱਢਣੀ ਹੋਵੇ ਤਾਂ ਉਹਦੇ ਪੜ੍ਹਾਈ ਕਰਦੇ ਮੁੰਡੇ ਕੁੜੀ ਨੂੰ ਇਮਤਿਹਾਨਾਂ 'ਚ ਨਕਲ ਕਰਵਾ ਦਿਓ। ਖਿਡਾਰੀ ਹੋਵੇ ਤਾਂ ਡੋਪ 'ਤੇ ਲਾ ਦਿਓ! ਬਿਨਾਂ ਡਾਂਗ ਸੋਟੇ ਦੇ ਦੁਸ਼ਮਣ ਮਰ ਜਾਵੇਗਾ। ਪੰਜਾਬ ਦੇ ਪਾੜ੍ਹਿਆਂ ਨੂੰ ਨਕਲਾਂ ਤੇ ਖਿਡਾਰੀਆਂ ਨੂੰ ਨਸ਼ਾਵਰ ਡਰੱਗਾਂ ਲੈ ਬੈਠੀਆਂ ਹਨ!

ਹਾਕੀ ਖਿਡਾਰੀ ਬਲਬੀਰ ਸਿੰਘ, ਮੁੱਕੇਬਾਜ਼ ਮੁਹੰਮਦ ਅਲੀ, ਪਹਿਲਵਾਨ ਕਰਤਾਰ ਸਿੰਘ, ਕਬੱਡੀ ਖਿਡਾਰੀ ਹਰਜੀਤ ਬਾਜਾਖਾਨਾ ਤੇ ਅਥਲੀਟ ਅਜਮੇਰ ਸਿੰਘ ਬਾਰੇ ਵਿਸ਼ੇਸ਼ ਲੇਖ ਹਨ। ਪੰਜਾਬ 'ਚ ਖੇਡੇ ਗਏ ਤਿੰਨਾਂ ਵਿਸ਼ਵ ਕਬੱਡੀ ਕੱਪਾਂ ਦਾ ਅੰਕੜਿਆਂ ਸਹਿਤ ਲੇਖਾ ਜੋਖਾ ਹੈ। ਇਹ ਅੰਕੜੇ ਕਬੱਡੀ ਦੇ ਕੁਮੈਂਟੇਟਰਾਂ ਤੇ ਕਬੱਡੀ ਖਿਡਾਰੀਆਂ ਲਈ ਸੌਗਾਤ ਹਨ। ਦੌੜਾਂ ਲਾਉਣ ਵਾਲੇ ਬਾਬੇ, ਦੇਸੀ ਖੇਡਾਂ, ਨਿਊ ਯਾਰਕ ਤੇ ਕਲੀਵਲੈਂਡ ਦੇ ਕਬੱਡੀ ਮੇਲੇ, ਪੰਜਾਬ ਖੇਡਾਂ 'ਚ ਕਿਵੇਂ ਉਭਰੇ, ਬਲਦਾਂ ਦੇ ਸ਼ੌਕੀ, ਕਬੱਡੀ ਤੇ ਅਨੁਸ਼ਾਸਨ ਅਤੇ ਕਬੱਡੀ 'ਚ ਡਰੱਗ ਦੇ ਕੋਹੜ ਬਾਰੇ ਵੀ ਵਿਸਥਾਰ ਨਾਲ ਲਿਖਿਆ ਗਿਐ।

# ਪੰਜਾਬ 'ਚ ਬਰੇਨ ਸਟਰੋਕ ਦੇ ਮਰੀਜ਼ ਹੋਰ ਰਾਜਾਂ ਨਾਲੋਂ ਵੱਧ

**ਚੰਡੀਗੜ੍ਹ:** ਪੰਜਾਬ 'ਚ ਬਰੇਨ ਸਟਰੋਕ ਦੇ 70% ਮਰੀਜ਼ ਅੰਗਹੀਣ ਹੋ ਰਹੇ ਹਨ। ਇਨ੍ਹਾਂ ਵਿਚੋਂ ਬਹੁਤਿਆਂ ਦੀ ਦੇਖਣ ਤੇ ਸੁਣਨ ਦੀ ਸ਼ਕਤੀ ਗੁਆਚ ਰਹੀ ਹੈ। ਬਿਮਾਰੀ ਦਾ ਸੰਤਾਪ ਭੋਗਣ ਵਾਲਿਆਂ ਵਿਚ 15% 35 ਤੋਂ 40 ਸਾਲ ਦੇ ਮਰੀਜ਼ ਹਨ। ਪੀ.ਜੀ.ਆਈ ਦੇ ਇਕ ਤਾਜ਼ਾ ਅਧਿਐਨ ਮੁਤਾਬਕ ਪੰਜਾਬ ਵਿਚ ਚੰਡੀਗੜ੍ਹ, ਹਰਿਆਣਾ, ਦਿੱਲੀ ਤੇ ਹਿਮਾਚਲ ਪ੍ਰਦੇਸ਼ ਨਾਲੋਂ ਬਰੇਨ ਸਟਰਸੋਕ ਦੇ ਮਰੀਜ਼ਾਂ ਦੀ ਗਿਣਤੀ ਵੱਧ ਹੈ। ਪੀ.ਜੀ.ਆਈ ਦੀ ਐਮਰਜੰਸੀ ਵਿਚ ਇਸ ਬਿਮਾਰੀ ਦੇ ਹਰ ਰੋਜ਼ ਤਿੰਨ ਤੋਂ ਚਾਰ ਮਰੀਜ਼ ਆ ਰਹੇ ਹਨ। ਨਿਊਰੋਲੌਜੀ ਵਿਭਾਗ ਦੇ ਡਾਕਟਰਾਂ ਦਾ ਮੰਨਣਾ ਹੈ ਕਿ ਇਹ ਬਿਮਾਰੀ ਪੰਜਾਬ ਵਿਚ ਇਸੇ ਕਰਕੇ ਵੀ ਵੱਧ ਮਾਰੂ ਸਿੱਧ ਹੋ ਰਹੀ ਹੈ ਕਿ ਇਥੇ ਮੁਫ਼ਤ ਇਲਾਜ ਦੀ ਸਹੂਲਤ ਨਹੀਂ ਹੈ। ਹਰਿਆਣਾ, ਹਿਮਾਚਲ ਤੇ ਦਿੱਲੀ ਦੀਆਂ ਸਰਕਾਰਾਂ ਵੱਲੋਂ ਬਰੇਨ ਸਟਰੋਕ ਦਾ ਇਲਾਜ ਮੁਫ਼ਤ ਕੀਤਾ ਗਿਆ ਹੈ। ਡਾਕਟਰਾਂ ਨੇ ਪੰਜਾਬ ਸਰਕਾਰ ਨੂੰ ਬਰੇਨ ਸਟਰੋਕ ਦਾ ਇਲਾਜ ਮੁਫ਼ਤ ਕਰਨ ਦੀ ਅਪੀਲ ਕੀਤੀ ਹੈ। ਬਿਮਾਰੀ ਦੇ ਇਲਾਜ ਦਾ ਔਸਤ ਖ਼ਰਚਾ 60 ਹਜ਼ਾਰ ਰੁਪਏ ਹੈ। ਪੰਜਾਬ ਵਿਚ ਵੱਡੀ ਗਿਣਤੀ ਮਰੀਜ਼ ਇਲਾਜ ਦਾ ਖ਼ਰਚ ਅਦਾ ਨਾ ਕਰ ਸਕਣ ਕਾਰਨ ਹਸਪਤਾਲਾਂ ਵਿਚ ਦਾਖ਼ਲ ਹੋਣ ਤੋਂ ਟਾਲਾ ਵੱਟ ਰਹੇ ਹਨ। ਅਧਿਐਨ ਤੋਂ ਇਹ ਵੀ ਸਾਹਮਣੇ ਆਇਆ ਹੈ ਕਿ ਦਿਲ ਦਾ ਰੋਗ ਬਰੇਨ ਅਟੈਕ ਦਾ ਕਾਰਨ ਬਣਨ ਲੱਗਾ ਹੈ। ਬਰੇਨ ਸਟਰੋਕ ਦੇ 35 ਤੋਂ 40 ਫ਼ੀਸਦ ਮਰੀਜ਼ਾਂ ਨੂੰ ਦਿਲ ਦੀ ਬੀਮਾਰੀ ਨਿਕਲ ਰਹੀ ਹੈ। ਦਿਲ ਦੀਆਂ ਨਸਾਂ ਵਿਚ ਖ਼ੂਨ ਦੀ ਗਤੀ ਵਿਚ ਰੁਕਾਵਟ ਬਣਨ ਵਾਲੇ ਗਤਲੇ ਦਿਮਾਗ਼ ਤੱਕ ਵੀ ਪੁੱਜਣ ਲੱਗ ਪੈਂਦੇ ਹਨ। ਬਰੇਨ ਸਟਰੋਕ ਦੇ ਦੁਬਾਰਾ ਹੋਣ ਦੇ ਵੀ ਵਧੇਰੇ ਆਸਾਰ ਹੁੰਦੇ ਹਨ।

ਵਿਭਾਗ ਦੇ ਮੁਖੀ ਡਾ. ਐਸ. ਪ੍ਰਭਾਕਰ ਅਨੁਸਾਰ ਬਰੇਨ ਸਟਰੋਕ ਬਿਮਾਰੀ ਦਾ ਇਲਾਜ 48 ਘੰਟਿਆਂ ਦੇ ਅੰਦਰ-ਅੰਦਰ ਹੋਣਾ ਜ਼ਰੂਰੀ ਹੈ। ਇਸ ਤੋਂ ਦੇਰ ਹੋਣ ਦੀ ਸੂਰਤ ਵਿਚ ਅੰਗਾਂ ਦੇ ਜਾਣ ਦੇ ਆਸਾਰ ਵਧ ਜਾਂਦੇ ਹਨ। ਬਿਮਾਰੀ ਦਾ ਹਮਲਾ ਹੋ ਜਾਣ ਤੋਂ ਬਾਅਦ ਹਰ ਇਕ ਮਿੰਟ ਵਿਚ ਦਿਮਾਗ਼ ਦੇ 19 ਲੱਖ ਸੈੱਲ ਖ਼ਤਮ ਹੁੰਦੇ ਹਨ। ਉਨ੍ਹਾਂ ਦੱਸਿਆ ਕਿ ਇਸ ਬੀਮਾਰੀ ਦਾ ਇਲਾਜ ਮੁਢਲੀ ਸਟੇਜ 'ਤੇ ਦਵਾਈਆਂ ਨਾਲ ਸੰਭਵ ਹੈ ਤੇ ਉਸ ਤੋਂ ਬਾਅਦ ਅਪਰੇਸ਼ਨ ਦੀ ਨੌਬਤ ਆਉਂਦੀ ਹੈ। ਕਲੌਟ ਨੂੰ ਬਾਹਰ ਕੱਢਣ ਲਈ ਐਂਜੋਗ੍ਰਾਫੀ ਦੀ ਸਹੂਲਤ ਵੀ ਦਿੱਤੀ ਗਈ ਹੈ ਪਰ ਇਹ ਵਿਧੀ ਮਹਿੰਗੀ ਹੋਣ ਕਰਕੇ ਅਪਰੇਸ਼ਨ ਵਧਰੇ ਪ੍ਰਚਲਤ ਹੈ। ਔਰਤਾਂ ਨਾਲੋਂ ਪੁਰਸ਼ਾਂ ਵਿਚ ਇਹ ਬਿਮਾਰੀ ਵੱਧ ਹੈ।


Tandoori King




7220 Rockville Road, Indianapolis IN 46214
*(Intersection of Rockville Rd & Girls School Rd)*

Best North Indian Food in Indianapolis





ਤੰਦੂਰੀ ਚਿਕਨ, ਬਟਰ ਚਿਕਨ, ਸਾਗ ਪਨੀਰ, ਚਨਾ ਮਸਾਲਾ- ਇਕ ਵਾਰ ਖਾਓਗੇ, ਤੁਸੀਂ ਮੁੜ ਮੁੜ ਆਓਗੇ

Our speciality is that we use less oil for cooking and cook according to the choice of customers that they need spicy or mild.

ਟਰੱਕਾਂ ਲਈ ਵਾਧੂ ਪਾਰਕਿੰਗ ਅਤੇ ਟਰੱਕਰ ਵੀਰਾਂ ਲਈ 10% ਛੋਟ

$5 off on $26 purchase
$4 off on $21 purchase

(317) 240-8000

Customers can go online for coupens.
www.tandoorikingindy.com

Lunch Buffet
11 AM to 3:00 PM
Lunch Special $1 off
Dinner Time
Daily 5:00 PM-9:30 PM



ਘਰ, ਬਿਜਨਸ ਖਰੀਦਣਾ ਹੋਵੇ ਜਾਂ ਵੇਚਣਾ ਭਰੋਸੇਮੰਦ ਅਤੇ ਬਿਹਤਰੀਨ ਸੇਵਾਵਾਂ ਲਈ





Michigan Realty Executives, LLC

ਜਸ ਸੋਹੀ

Cell: 248-931-7694
Office: 248-458-2050
*Fax: 877-396-2709*

Jas Sohi
Broker/Owner, ABR, BPOR
Relocation Specialist,
Short Sale Expert
Multi Million $ Producer

Email: jas@michiganrealtyexecutives.com
www.michiganrealtyexecutives.com

■ Commercial ■ Residential
■ Hotels ■ Short Sale
■ Bank Owned Foreclosure

31333 Southfield Rd., Suite# 210, Beverly Hills, MI 48025



ਮਿਸ਼ੀਗਨ ਵਿਚ ਮਕਾਨ ਵੇਚਣ/ਖਰੀਦਣ ਲਈ ਭਰੋਸੇਯੋਗ ਨਾਂ

ਕਰਨ ਗਿੱਲ



Ph: (734) 612-9984

Either Buying or Selling a Home in Michigan
"Always Go with the Winner"

COLDWELL BANKER

44644 Ann Arbor Road Plymouth, MI 48170
Email: KarnGill@Hotmail.com
Website: www.KarnGill.com

# ਸਿੱਖ ਕਤਲੇਆਮ ਦੇ ਪੀੜਤਾਂ ਦੇ ਜ਼ਖਮ ਅਜੇ ਵੀ ਅੱਲੇ

## ਕਿਸੇ ਵੀ ਸਰਕਾਰ ਨੇ ਬਾਂਹ ਨਾ ਫੜੀ

**ਚੰਡੀਗੜ੍ਹ:** ਨਵੰਬਰ 1984 ਵਿਚ ਦੇਸ਼ ਦੇ ਕਈ ਹਿੱਸਿਆਂ ਵਿਚ ਹੋਈ ਸਿੱਖ ਨਸਲਕੁਸ਼ੀ ਦੇ ਪੀੜਤ ਪਰਿਵਾਰਾਂ ਦੇ ਜ਼ਖਮ ਅਜੇ ਵੀ ਅੱਲ੍ਹੇ ਹਨ ਤੇ ਉਨ੍ਹਾਂ ਵਿਚੋਂ ਦਰਦ ਰਿਸ ਰਿਹਾ ਹੈ। ਅੱਲ੍ਹੇ ਜ਼ਖਮਾਂ ਉਪਰ ਬੇਸ਼ੱਕ ਸਿੱਖ ਭਾਈਚਾਰੇ ਵੱਲੋਂ ਮਲਮ ਲਾਉਣ ਦੇ ਲੰਮਾ ਸਮਾਂ ਯਤਨ ਕੀਤੇ ਜਾਂਦੇ ਰਹੇ ਪਰ ਸਰਕਾਰੀ ਧਿਰ ਦੀ ਲਾਪ੍ਰਵਾਹੀ ਵਾਲੀ ਨੀਤੀ ਕਾਰਨ ਇਹ ਪਰਿਵਾਰ ਅੱਜ ਵੀ ਦੁਖੀ ਤੇ ਪ੍ਰੇਸ਼ਾਨ ਹਨ।

ਕੇਂਦਰ ਸਰਕਾਰ ਵੱਲੋਂ 2006 ਵਿਚ ਇਨ੍ਹਾਂ ਪੀੜਤ ਪਰਿਵਾਰਾਂ ਨੂੰ ਮੁੜ ਵਸੇਬੇ ਲਈ ਦੋ-ਦੋ ਲੱਖ ਰੁਪਏ ਦੀ ਗ੍ਰਾਂਟ ਵੀ ਜਾਰੀ ਕੀਤੀ ਗਈ ਸੀ ਪਰ ਲੱਖਾਂ ਰੁਪਏ ਦੀ ਜਾਇਦਾਦ ਲੁਟਾ ਕੇ ਤੇ ਆਪਣੇ ਸਕੇ ਸਬੰਧੀਆਂ ਨੂੰ ਹੱਥੋਂ ਗੁਆ ਕੇ ਪੰਜਾਬ ਪੁੱਜੇ ਪਰਿਵਾਰ ਇਸ ਗ੍ਰਾਂਟ ਦੀ ਰਾਸ਼ੀ ਨੂੰ ਨਾਕਾਫ਼ੀ ਕਰਾਰ ਦੇ ਰਹੇ ਹਨ। ਤੰਗੀਆਂ-ਤੁਰਸ਼ੀਆਂ ਨਾਲ ਜੂਝਦੇ ਕਈ ਪਰਿਵਾਰਾਂ ਦੇ ਜੀਅ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ ਤੇ ਕਈ ਲੋਕ ਬਿਮਾਰੀ ਨਾਲ ਲੜ ਰਹੇ ਹਨ ਪਰ ਇਸ ਦੇ ਬਾਵਜੂਦ ਸਰਕਾਰ ਵੱਲੋਂ ਸਹੂਲਤਾਂ ਨਹੀਂ ਦਿੱਤੀਆਂ ਜਾ ਰਹੀਆਂ।

ਦੰਗਾ ਪੀੜਤ ਅਜੇ ਵੀ ਦੁਖ ਨਾਲ ਭਰੇ ਹੋਏ ਹਨ ਕਿਉਂਕਿ 29 ਵਰ੍ਹੇ ਪਹਿਲਾਂ ਉਨ੍ਹਾਂ ਦੇ ਆਪਣੇ ਇਕ ਖਾਸ ਵਰਗ ਦੇ ਲੋਕਾਂ ਦੀ ਭੀੜ ਨੇ ਜਾ ਤਾਂ




ਕੋਹ ਕੋਹ ਕੇ ਮਾਰ ਦਿੱਤੇ ਸਨ ਜਾਂ ਜਿੰਦਾ ਸਾੜ ਦਿੱਤੇ ਸਨ। ਉਨ੍ਹਾਂ ਨੂੰ ਇਹ ਸਭ ਕੁਝ ਉਵੇਂ ਹੀ ਯਾਦ ਹੈ ਜਿਵੇਂ ਇਹ ਅੱਜ ਹੀ ਵਾਪਰਿਆ ਹੋਵੇ। ਦਿੱਲੀ ਤੋਂ ਉਜੜ ਕੇ ਲੁਧਿਆਣੇ ਆਈ ਬੰਤ ਸਿੰਘ ਦੀ ਪਤਨੀ ਰਜਿੰਦਰ ਕੌਰ, ਲਖਨਊ ਤੋਂ ਆਈ ਗੁਰਦੇਵ ਕੌਰ, ਗੁਰਦਿਆਲ ਕੌਰ, ਸਵਰਨ ਕੌਰ, ਜੀਤ ਕੌਰ ਸਣੇ ਤਕਰੀਬਨ ਸਾਰੀਆਂ ਹੀ ਬੀਬੀਆਂ ਨੇ ਦੰਗਾ ਪੀੜਤਾਂ ਪ੍ਰਤੀ ਸਰਕਾਰ ਦੇ ਅਵੇਸਲੇ ਰਵੱਈਏ ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਪਹਿਲਾਂ ਤਾਂ ਉਨ੍ਹਾਂ ਦੇ ਲਾਲ ਕਾਰਡ ਬੜੀ ਮੁਸ਼ਕਲ ਨਾਲ ਬਣਾਏ ਗਏ ਫਿਰ ਸਰਕਾਰੀ ਅਧਿਕਾਰੀਆਂ ਨੇ ਸਹੂਲਤਾਂ ਦੇਣ ਵੇਲੇ ਕਈ ਤਰ੍ਹਾਂ ਦੇ ਰੋੜੇ ਅਟਕਾਏ। ਹੁਣ ਅਦਾਲਤ ਵੱਲੋਂ ਉਨ੍ਹਾਂ ਨੂੰ ਮਕਾਨ ਦੇਣ ਦੇ ਹੁਕਮਾਂ ਨੂੰ ਵੀ ਲਾਗੂ ਕਰਨ ਤੋਂ ਹਿਚਕਚਾਹਟ ਦਿਖਾਈ ਜਾ ਰਹੀ ਹੈ।

ਦੰਗਾ ਪੀੜਤ ਬੀਬੀ ਹਰਬੰਸ ਕੌਰ ਨੇ ਦੱਸਿਆ ਕਿ ਸਰਕਾਰੀ ਅਧਿਕਾਰੀਆਂ ਵੱਲੋਂ ਦੰਗਾ ਪੀੜਤ ਨਾਲ ਮੰਦੇ ਸਲੂਕ ਦਾ ਇਸ ਗੱਲ ਤੋਂ ਵੀ ਪਤਾ ਲੱਗਾ ਹੈ ਕਿ ਪੜਤਾਲਾਂ ਦੇ ਨਾਂ 'ਤੇ ਉਨ੍ਹਾਂ ਦੇ ਲਾਲ ਕਾਰਡ ਰੱਦ ਕਰਨ ਤੇ ਦਿੱਤੀਆਂ ਗ੍ਰਾਂਟਾਂ ਵਾਪਸ ਲੈਣ ਲਈ ਇਹ ਕਹਿ ਕੇ ਡਰਾਇਆ ਧਮਕਾਇਆ ਜਾ ਰਿਹਾ ਹੈ ਕਿ ਉਨ੍ਹਾਂ ਦੇ ਲਾਲ ਕਾਰਡ ਜਾਅਲੀ ਹਨ, ਇਸ ਲਈ ਜਾਅਲਸਾਜ਼ੀ ਦੇ ਮੁਕੱਦਮੇ ਦਰਜ ਕੀਤੇ ਜਾਣਗੇ।

## ਸਿੱਖ ਸੰਸਥਾ ਵਲੋਂ ਪਾੜ੍ਹਿਆਂ ਨੂੰ ਵਜ਼ੀਫ਼ੇ

**ਵਾਸ਼ਿੰਗਟਨ:** ਇਥੋਂ ਸਥਿਤ ਸਿੱਖ ਹਿਊਮਨ ਡਿਵੈਲਪਮੈਂਟ ਫਾਊਂਡੇਸ਼ਨ (ਐਸ.ਐਚ.ਡੀ.ਐਫ.) ਵੱਲੋਂ ਪੰਜਾਬ ਤੇ ਭਾਰਤ ਦੇ ਹੋਰ ਉੱਤਰੀ ਰਾਜਾਂ ਵਿਚਲੀਆਂ 159 ਸੰਸਥਾਵਾਂ ਵਿਚ ਪੜ੍ਹਦੇ 508 ਜ਼ਰੂਰਤਮੰਦ ਵਿਦਿਆਰਥੀਆਂ ਨੂੰ ਇਸ ਸਾਲ ਉੱਚ ਸਿੱਖਿਆ ਲਈ ਦੋ ਲੱਖ ਡਾਲਰਾਂ ਦੀ ਸਕਾਲਰਸ਼ਿਪੀ ਦਿੱਤੀ ਜਾ ਰਹੀ ਹੈ। ਇਹ ਸਕਾਲਰਸ਼ਿਪ ਇਸ ਸਾਲ ਮੈਡੀਸਨ, ਇੰਜਨੀਅਰਿੰਗ, ਖੇਤੀਬਾੜੀ, ਨਰਸਿੰਗ ਤੇ ਸੂਚਨਾ ਤਕਨੀਕ ਦੇ ਖੇਤਰਾਂ ਵਿਚ ਦਿੱਤੀ ਗਈ ਹੈ।

ਫਾਊਂਡੇਸ਼ਨ ਦੇ ਸਕੱਤਰ ਜਨਰਲ ਗਜਿੰਦਰ ਸਿੰਘ ਅਹੂਜਾ ਨੇ ਦੱਸਿਆ ਕਿ ਇਹ ਸਕਾਲਰਸ਼ਿਪ ਲੈਣ ਵਾਲੇ ਬਹੁਤੇ ਵਿਦਿਆਰਥੀ ਗਰੀਬ ਹਨ। ਉਨ੍ਹਾਂ ਕਿਹਾ ਕਿ ਫਾਊਂਡੇਸ਼ਨ ਵੱਲੋਂ ਲੜਕੀਆਂ ਦੀ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਇਸ ਲਈ ਸਕਾਲਰਸ਼ਿਪ ਲੈਣ ਵਾਲੀਆਂ 74 ਫੀਸਦ ਲੜਕੀਆਂ ਹਨ ਤੇ ਇਨ੍ਹਾਂ ਵਿਚੋਂ 54 ਫੀਸਦ ਪੇਂਡੂ ਇਲਾਕਿਆਂ ਨਾਲ ਸਬੰਧਤ ਹਨ। ਇਸ ਫਾਊਂਡੇਸ਼ਨ ਵੱਲੋਂ ਸਾਲ 2001 ਤੋਂ ਹੁਣ ਤਕ 2880 ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੱਤੀ ਜਾ ਚੁੱਕੀ ਹੈ। ਫਾਊਂਡੇਸ਼ਨ ਦੇ ਚੇਅਰਮੈਨ ਅਮਰਜੀਤ ਸਿੰਘ ਸੋਢੀ ਨੇ ਦੱਸਿਆ ਕਿ ਉਨ੍ਹਾਂ ਦੇ ਮੋਗਾ, ਚੰਡੀਗੜ੍ਹ, ਲੁਧਿਆਣਾ, ਅੰਮ੍ਰਿਤਸਰ, ਫਰੀਦਕੋਟ ਤੇ ਦਿੱਲੀ ਵਿਚ ਸੈਂਟਰ ਹਨ।

# ਚੁਰਾਸੀ ਦੇ ਸਿੱਖ ਕਤਲੇਆਮ ਦੀ ਖੌਫਨਾਕ ਯਾਦ !

**ਬਟਾਲਾ:** ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ 31 ਅਕਤੂਬਰ, 1984 ਵਿਚ ਹੱਤਿਆ ਤੋਂ ਬਾਅਦ ਹੋਏ ਸਿੱਖ ਕਤਲੇਆਮ ਨੂੰ 23 ਸਾਲ ਬੀਤਣ ਦੇ ਬਾਵਜੂਦ ਪੀੜਤਾਂ ਦੇ ਮਨਾਂ ਵਿਚੋਂ ਦੰਗਿਆਂ ਦੀਆਂ ਖੌਫ਼ਨਾਕ ਯਾਦਾਂ ਤਾਜ਼ਾ ਹਨ। ਪਿੰਡ ਪੰਡੋਰੀ ਦਾ ਜੋਗਿੰਦਰ ਸਿੰਘ ਉਤਰ ਪ੍ਰਦੇਸ਼ ਦੇ ਗਾਜ਼ੀਆਬਾਦ ਦੇ ਰੇਲਵੇ ਪਲੇਟਫਾਰਮ 'ਤੇ ਦੰਗਾਕਾਰੀਆਂ ਦੇ ਰੋਹ ਦਾ ਸ਼ਿਕਾਰ ਬਣਿਆ।

ਉਨ੍ਹਾਂ ਕਤਲੇਆਮ ਵਿਚੋਂ ਬਚੇ ਜੋਗਿੰਦਰ ਸਿੰਘ ਨੇ ਦੱਸਿਆ ਕਿ ਗਾਜ਼ੀਆਬਾਦ ਦੇ ਰੇਲਵੇ ਪਲੇਟਫਾਰਮ 'ਤੇ ਹਿੰਸਾ 'ਤੇ ਉਤਾਰੂ ਭੀੜ ਨੇ ਉਸ ਨੂੰ ਜ਼ਖ਼ਮੀ ਕਰ ਦਿੱਤਾ ਪਰ ਉਹ ਜ਼ਖ਼ਮਾਂ ਦੀ ਪਰਵਾਹ ਨਾ ਕਰਦਿਆਂ ਕਿਸੇ ਤਰੀਕੇ ਨਾਲ ਉਥੋਂ ਭੱਜ ਨਿਕਲਿਆ ਤੇ ਉਸ ਨੇ ਹਫ਼ਤਾ ਭਰ ਕਮਾਦ ਦੇ ਖੇਤਾਂ ਵਿਚ ਭੁੱਖੇ ਪਿਆਸੇ ਬਿਤਾਇਆ। ਉਹ ਆਸਨਸੋਲ ਨੇੜੇ ਬੜਦਾਅ ਜ਼ਿਲ੍ਹੇ ਦੀ ਕੋਲਾ ਖਾਣ ਵਿਚ ਮਜ਼ਦੂਰ ਵਜੋਂ ਕੰਮ ਕਰਦਾ ਸੀ ਤੇ ਆਪਣੀ ਧੀ ਦੇ ਵਿਆਹ ਲਈ 50 ਹਜ਼ਾਰ ਰੁਪਏ ਲੈ ਕੇ ਪੰਡੋਰੀ ਆਉਣ ਲਈ 31 ਅਕਤੂਬਰ ਨੂੰ ਦੁਪਹਿਰੇ ਗੱਡੀ ਵਿਚ ਬੈਠਿਆ ਸੀ ਤੇ ਜਦੋਂ ਇਹ ਗੱਡੀ ਗਾਜ਼ੀਆਬਾਦ ਪੁੱਜੀ ਤਾਂ ਉਥੇ ਵੱਡੇ ਹਜੂਮ ਨੇ ਗੱਡੀ ਵਿਚ ਸਵਾਰ ਸਿੱਖਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ।

ਇਸ ਭੀੜ ਨੇ ਪਹਿਲਾਂ ਸਿੱਖਾਂ ਦਾ ਸਾਮਾਨ ਲੁੱਟਿਆ ਫੇਰ ਉਨ੍ਹਾਂ ਨੂੰ ਜਾਨੋਂ ਮਾਰਨ ਤੇ ਅੱਗਾਂ ਲਾਉਣ ਲੱਗ ਪਏ। ਉਨ੍ਹਾਂ ਜੋਗਿੰਦਰ ਸਿੰਘ 'ਤੇ ਵੀ ਹਮਲਾ ਕਰਕੇ ਜ਼ਖ਼ਮੀ ਕਰ ਦਿੱਤਾ ਤੇ ਉਸ ਦੇ ਕੱਪੜੇ ਵੀ ਸਾੜ ਦਿੱਤੇ ਜਿਸ ਵਿਚ ਉਸ ਦੇ ਪੈਸੇ ਵੀ ਪਏ ਸਨ। ਉਸ ਨੇ ਦੱਸਿਆ ਕਿ ਇਸੇ ਦੌਰਾਨ ਇਹ ਹਜੂਮ ਹੋਰ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਲੱਗ ਪਿਆ ਤੇ ਉਹ ਕਿਸੇ ਤਰ੍ਹਾਂ ਉਥੋਂ ਬਚ ਕੇ ਸਟੇਸ਼ਨ ਮਾਸਟਰ ਦੇ ਕਮਰੇ ਵਿਚ ਜਾ ਵੜਿਆ ਤੇ ਅੰਦਰੋਂ ਕੁੰਡੀ ਮਾਰ ਲਈ।

ਉਸ ਨੂੰ ਪਹਿਲੀ ਨਵੰਬਰ ਦੀ ਰਾਤ ਪੁਲਿਸ ਨੇ ਸਟੇਸ਼ਨ ਮਾਸਟਰ ਦੇ ਕਮਰੇ ਵਿਚੋਂ ਕੱਢਿਆ। ਉਸ ਨੇ ਇਕ ਪੁਲਿਸ ਮੁਲਾਜ਼ਮ ਵੱਲੋਂ ਉਸ ਨੂੰ ਥੋੜ੍ਹੀ ਦੂਰ ਲਿਜਾ ਕੇ ਮਾਰਨ ਦੀ ਗੱਲ ਸੁਣ ਲਈ।




ਉਸ ਨੇ ਪੁਲਿਸ ਮੁਲਾਜ਼ਮਾਂ ਨੂੰ ਤਰਲਾ ਪਾਇਆ ਕਿ ਜੇਕਰ ਉਨ੍ਹਾਂ ਨੇ ਉਸ ਨੂੰ ਮਾਰਨਾ ਹੀ ਹੈ ਤਾਂ ਮਰਨ ਤੋਂ ਪਹਿਲਾਂ ਇਕ ਵਾਰ ਪਾਣੀ ਪੀ ਲੈਣ ਦੇਣ। ਜ਼ਖ਼ਮਾਂ ਤੇ ਸਰੀਰ ਵਿਚੋਂ ਸਿੰਮਦੇ ਲਹੂ ਨੂੰ ਦੇਖ ਕੇ ਪੁਲਿਸ ਵਾਲਿਆਂ ਨੇ ਉਸ ਨੂੰ ਸਾਹਮਣੇ ਪਾਣੀ ਪੀਣ ਦਾ ਇਸ਼ਾਰਾ ਕੀਤਾ ਤਾਂ ਉਸ ਨੇ ਹਨੇਰੇ ਪਾਸੇ ਵੱਲ ਸ਼ੂਟ ਵੱਟ ਲਈ। ਪੁਲੀਸ ਵਾਲਿਆਂ ਨੇ ਥੋੜ੍ਹੀ ਦੂਰ ਤੱਕ ਉਸ ਦਾ ਪਿੱਛਾ ਕੀਤਾ ਪਰ ਫੇਰ ਉਹ ਸਿਰ 'ਤੇ ਮੌਤ ਦਾ ਡਰ ਹੋਣ ਤੇ ਗੰਭੀਰ ਜ਼ਖ਼ਮਾਂ ਦੀ ਪਰਵਾਹ ਨਾ ਕਰਦਿਆਂ ਢੋਰਾ ਜ਼ਿਲ੍ਹਾ (ਇਟਾਵਾ) ਦੇ ਕਮਾਦ ਦੇ ਸੰਘਣੇ ਖੇਤਾਂ ਵਿਚ ਵੜ ਗਿਆ ਜਿਥੇ ਉਸ ਨੇ ਭੁੱਖੇ ਪਿਆਸੇ ਨੇ ਛ ਦਿਨ ਤੇ ਰਾਤਾਂ ਗੁਜ਼ਾਰੀਆਂ।

ਕਮਾਦ ਦੇ ਖੇਤਾਂ ਵਿਚ ਭੁੱਖ ਪਿਆਸ ਲੱਗਣ 'ਤੇ ਉਹ ਗੰਨੇ ਚੂਪ ਲੈਂਦਾ ਰਿਹਾ। ਖੇਤ ਦਾ ਮਾਲਕ ਜੋ ਢੋਰਾ ਦਾ ਸਰਪੰਚ ਸੀ, ਨੇ ਉਸ ਨੂੰ ਆਪਣੇ ਖੇਤਾਂ ਵਿਚ ਛੁਪੇ ਹੋਏ ਨੂੰ ਉਦੋਂ ਦੇਖਿਆ ਜਦੋਂ ਉਹ ਗੰਨੇ ਨੂੰ ਮਿੱਲ ਵਿਚ ਲਿਜਾਣ ਲਈ ਕੱਟ ਰਿਹਾ ਸੀ। ਸਿਰ ਦੇ ਜ਼ਖ਼ਮਾਂ ਵਿਚ ਕੀੜੇ ਚੱਲਦੇ ਦੇਖ ਕੇ ਸਰਪੰਚ ਉਸ 'ਤੇ ਤਰਸ ਖਾ ਕੇ ਘਰ ਲੈ ਗਿਆ। ਪਿੰਡ ਦੇ ਲੋਕਾਂ ਵੱਲੋਂ ਫਿਰ ਹਮਲਾ ਕਰਨ 'ਤੇ ਸਰਪੰਚ ਨੇ ਉਸ ਦਾ ਬਚਾਅ ਕੀਤਾ। ਸਰਪੰਚ ਨੇ ਹਫ਼ਤਾ ਭਰ ਜੋਗਿੰਦਰ ਸਿੰਘ ਨੂੰ ਆਪਣੇ ਘਰ ਰੱਖਿਆ ਤੇ ਮਾਹੌਲ ਸ਼ਾਂਤ ਹੋਣ 'ਤੇ ਮੁਗਲ ਸਰਾਏ ਤੋਂ ਰੇਲ ਗੱਡੀ ਵਿਚ ਬਿਠਾਇਆ।

ਉਹ ਪੱਛਮੀ ਬੰਗਾਲ ਵਿਚ ਕਿਸੇ ਜਾਣ ਪਛਾਣ ਵਾਲੇ ਕੋਲ ਮਹੀਨਾ ਭਰ ਰਿਹਾ ਜਦਕਿ ਉਸ ਦੇ ਪਿੰਡ ਪੰਡੋਰੀ ਵਿਚ ਉਸ ਦੇ ਮਰਨ ਦੀਆਂ ਰਸਮਾਂ ਪੂਰੀਆਂ ਹੋ ਚੁੱਕੀਆਂ ਸਨ। ਡੇਢ ਮਹੀਨੇ ਬਾਅਦ ਆਪਣੇ ਪਿੰਡ ਪੁੱਜੇ ਜੋਗਿੰਦਰ ਸਿੰਘ ਨੂੰ ਸਭ ਜ਼ਿੰਦਾ ਦੇਖ ਕੇ ਦੰਗ ਰਹਿ ਗਏ। ਪੀੜਤ ਨੂੰ ਕਿਸੇ ਸਰਕਾਰ ਜਾਂ ਸੰਸਥਾ ਨੇ ਵੀ ਕੋਈ ਇਮਦਾਦ ਨਹੀਂ ਦਿੱਤੀ। ਜ਼ਿੰਦਗੀ ਦੇ ਆਖ਼ਰੀ ਪੜਾਅ 'ਤੇ ਪੁੱਜਿਆ ਜੋਗਿੰਦਰ ਸਿੰਘ ਅੱਜਕੱਲ੍ਹ ਘੁਮਾਣ ਵਿਖੇ ਰਿਕਸ਼ਾ ਚਲਾ ਕੇ ਆਪਣੀ ਜ਼ਿੰਦਗੀ ਕੱਟ ਰਿਹਾ ਹੈ।

## ਸਿੱਖ ਕਤਲੇਆਮ ਬਾਰੇ ਯੂ.ਐਨ. ਜਾਂਚ ਦੀ ਮੰਗ

**ਜਲੰਧਰ:** ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਤੇ ਦਲ ਖਾਲਸਾ ਦੇ ਸੱਦੇ 'ਤੇ ਵੱਡੀ ਗਿਣਤੀ ਵਿਚ ਸਿੱਖ ਸੰਗਤ ਵੱਲੋਂ ਕੱਢੇ ਇਨਸਾਫ਼ ਮਾਰਚ ਵਿਚ ਮੰਗ ਕੀਤੀ ਗਈ ਕਿ ਨਵੰਬਰ 1984 ਦੇ ਸਿੱਖ ਕਤਲੇਆਮ ਦੀ ਜਾਂਚ ਸੰਯੁਕਤ ਰਾਸ਼ਟਰ ਵੱਲੋਂ ਕਰਵਾਈ ਜਾਵੇ। ਵਿਸ਼ੇਸ਼ ਗੱਲ ਇਹ ਸੀ ਕਿ ਇਨਸਾਫ਼ ਮਾਰਚ ਵਿਚ ਵੱਡੀ ਗਿਣਤੀ ਨੌਜਵਾਨਾਂ ਦੀ ਸੀ। ਹੱਥਾਂ ਵਿਚ ਬੈਨਰ ਤੇ ਤਖ਼ਤੀਆਂ ਲੈ ਕੇ ਚੁਰਾਸੀ ਦੇ ਕਤਲੇਆਮ ਦੇ ਦੋਸ਼ੀਆਂ ਨੂੰ ਅਜੇ ਤੱਕ ਵੀ ਸਜ਼ਾਵਾਂ ਨਾ ਦਿੱਤੇ ਜਾਣ ਵਿਰੁੱਧ ਰੋਸ ਪ੍ਰਗਟ ਕਰਦਿਆਂ ਉਹ ਕਹਿ ਰਹੇ ਸਨ ਕਿ ਭਾਰਤੀ ਹੁਕਮਰਾਨ ਖ਼ੁਦ ਇਸ ਕਤਲੇਆਮ ਲਈ ਜ਼ਿੰਮੇਵਾਰ ਹਨ, ਇਸ ਕਰਕੇ ਇਨ੍ਹਾਂ ਤੋਂ ਸਜ਼ਾਵਾਂ ਦੀ ਕੋਈ ਆਸ ਵੀ ਨਹੀਂ ਕੀਤੀ ਜਾ ਸਕਦੀ।

ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਲੋਕ ਰਾਏ ਦੇ ਦਬਾਅ ਹੇਠ ਸੰਯੁਕਤ ਰਾਸ਼ਟਰ ਨੇ ਪਾਕਿਸਤਾਨ ਦੀ ਮਰਹੂਮ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੇ ਕਤਲ ਦੀ ਜਾਂਚ ਕਰਵਾਈ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਤੱਥ ਸਾਬਤ ਕਰਦਾ ਹੈ ਕਿ ਸੰਯੁਕਤ ਰਾਸ਼ਟਰ ਕੋਲ ਅਜਿਹੇ ਮਾਮਲਿਆਂ ਦੀ ਜਾਂਚ ਲਈ ਪੂਰੀ ਵਿਵਸਥਾ ਮੌਜੂਦ ਹੈ। ਮਾਰਚ ਵਿਚ ਸਿੱਖ ਨੌਜਵਾਨ ਸਜ-ਧਜ ਕੇ ਪੁੱਜੇ ਹੋਏ ਸਨ ਤੇ ਸਿੱਖ ਨੌਜਵਾਨ ਬੀਬੀਆਂ ਦੀ ਵੀ ਕਾਫ਼ੀ ਸ਼ਮੂਲੀਅਤ ਸੀ। ਮਾਰਚ ਦੇ ਅਰੰਭ ਹੋਣ ਤੋਂ ਪਹਿਲਾ ਜਥੇਬੰਦੀਆਂ ਦੇ ਵਰਕਰ ਸਥਾਨਕ ਗੁਰਦੁਆਰੇ ਵਿਚ ਇਕੱਤਰ ਹੋਏ ਤੇ ਨਫ਼ਰਤ ਤੇ ਨਸਲਕੁਸ਼ੀ ਦੀ ਰਾਜਨੀਤੀ ਦੇ ਸ਼ਿਕਾਰ ਹਜ਼ਾਰਾਂ ਬੇਦੋਸ਼ੇ ਸਿੱਖਾਂ ਨੂੰ ਸ਼ਰਧਾਜਲੀ ਦਿੱਤੀ।

ਜਥੇਬੰਦੀਆਂ ਵੱਲੋਂ ਕੱਢੇ ਗਏ ਪ੍ਰਭਾਵਸ਼ਾਲੀ 'ਅਜ਼ਾਦੀ ਮਾਰਚ' ਨੂੰ ਸੰਬੋਧਨ ਕਰਦਿਆਂ ਦਲ ਖ਼ਾਲਸਾ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਤੇ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਸੀਨੀਅਰ ਆਗੂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕਾਂਗਰਸ ਪਾਰਟੀ, ਕਾਂਗਰਸ ਸਰਕਾਰ, ਕਾਂਗਰਸ ਲੀਡਰਸ਼ਿਪ ਜੋ ਉਸ ਵੇਲੇ ਕੇਂਦਰ ਵਿਚ ਸੱਤਾ 'ਤੇ ਸਨ ਤੇ ਵਿਰੋਧੀ ਧਿਰ ਭਾਜਪਾ ਸਭ ਅੱਜ ਤੱਕ ਨਾ-ਇਨਸਾਫ਼ੀ ਤੇ ਦੋਸ਼ੀਆਂ ਨੂੰ ਕਟਹਿਰੇ ਵਿਚ ਨਾ ਲਿਆ ਸਕਣ ਦੀ ਅਯੋਗਤਾ ਲਈ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਉਸ ਵੇਲੇ ਵੀ ਕਾਂਗਰਸ ਦਾ ਰਾਜ ਸੀ ਤੇ ਅੱਜ ਵੀ ਕਾਗਰਸ ਦਾ ਰਾਜ ਹੈ। ਉਨ੍ਹਾਂ ਕਿਹਾ ਦੋਸ਼ੀਆਂ ਕੋਲੋਂ ਇਨਸਾਫ਼ ਦੀ ਉਮੀਦ ਰੱਖਣਾ ਮੂਰਖਾਨਾ ਸੋਚ ਹੋਵੇਗੀ। ਉਨ੍ਹਾਂ ਕਿਹਾ ਕਿ ਹੁਣ ਜਦੋਂ ਹੋਰ ਕੋਈ ਸੰਭਾਵਨਾ ਨਹੀਂ ਰਹੀ ਤਾ ਸਿਰਫ ਇਕੋ-ਇਕ ਆਖਰੀ ਕਿਰਨ ਵਿਸ਼ਵ ਸੰਸਥਾ ਯੂ.ਐਨ.ਓ. ਹੀ ਨਜ਼ਰ ਆਉਂਦੀ ਹੈ। ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਨਵੰਬਰ ਚੁਰਾਸੀ ਦੇ ਕਤਲੇਆਮ ਦੇ ਕਈ ਪੱਖਾਂ ਦੀ ਘੋਖ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਸਿੱਖ ਕੌਮ ਜਾਨਣਾ ਚਾਹੁੰਦੀ ਹੈ ਕਿ ਉਸ ਮੌਕੇ ਕਾਹਲੀ ਨਾਲ ਥਾਪੇ ਗਏ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਤੇ ਗ੍ਰਹਿ ਮੰਤਰੀ ਨਰਸਿਮ੍ਹਾ ਰਾਓ ਦੀ ਕੀ ਭੂਮਿਕਾ ਸੀ। ਉਨ੍ਹਾਂ ਕਿਹਾ ਕਿ ਅਜਿਹਾ ਤਾਂ ਹੀ ਸੰਭਵ ਹੈ ਜੇਕਰ ਯੂ.ਐਨ.ਓ. ਜਾਂਚ ਕਰੇ। ਉਨ੍ਹਾਂ ਕਿਹਾ ਕਿ ਉਹ ਸਿੱਖਾ ਦੇ ਸਵੈ-ਨਿਰਣੇ ਦੇ ਹੱਕ ਦੀ ਪ੍ਰਾਪਤੀ ਲਈ ਸੰਘਰਸ਼ ਨਿਰੰਤਰ ਜਾਰੀ ਰੱਖਣਗੇ। ਸਾਬਕਾ ਡੀ.ਜੀ.ਪੀ. ਸ਼ਸ਼ੀਕਾਂਤ ਵੀ ਇਨਸਾਫ਼ ਮਾਰਚ ਵਿਚ ਸ਼ਾਮਲ ਹੋਏ ਤੇ ਸਾਰਾ ਦਿਨ ਮਾਰਚ ਦੇ ਨਾਲ ਚਲਦੇ ਰਹੇ। ਉਨ੍ਹਾਂ ਕਿਹਾ ਕਿ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਦਿੱਤੇ ਜਾਣ ਦਾ ਉਨ੍ਹਾਂ ਨੂੰ ਵੀ ਡਾਹਢਾ ਦੁੱਖ ਹੈ ਤੇ ਉਹ ਪੀੜਤ ਸਿੱਖ ਭਾਈਚਾਰੇ ਨਾਲ ਇਕਮੁੱਠਤਾ ਦਾ ਪ੍ਰਗਟਾਵਾ ਕਰਨ ਆਏ ਹਨ।

## ਮੁੰਬਈ ਹਮਲਿਆਂ ਬਾਰੇ ਹੈਡਲੀ ਨੂੰ ਸੀ ਜਾਣਕਾਰੀ

**ਨਵੀਂ ਦਿੱਲੀ:** ਮੁੰਬਈ 'ਤੇ 2008 ਵਿਚ ਹੋਏ ਹਮਲਿਆਂ ਦੀ ਸਾਜ਼ਿਸ਼ ਵਿਚ ਅਹਿਮ ਭੂਮਿਕਾ ਨਿਭਾਉਣ ਵਾਲਾ ਪਾਕਿਸਤਾਨੀ-ਅਮਰੀਕੀ ਅਤਿਵਾਦੀ ਡੇਵਿਡ ਹੈਡਲੀ, ਆਪਣੇ ਸਾਬਕਾ ਸਕੂਲੀ ਸਾਥੀਆਂ ਕੋਲ ਫੜ੍ਹਾਂ ਮਾਰਿਆ ਕਰਦਾ ਸੀ ਕਿ ਇਹ ਹਮਲਾ ਕਸ਼ਮੀਰ ਤੇ ਅਫ਼ਗਾਨਿਸਤਾਨ ਵਿਚ ਹੋ ਰਹੀਆਂ ਕਾਰਵਾਈਆਂ ਦੇ ਜੁਆਬ ਵਿਚ ਹੈ। ਡੈਨਮਾਰਕ ਦੇ ਪੱਤਰਕਾਰ ਵੱਲੋਂ ਲਿਖੀ ਗਈ ਇਕ ਨਵੀਂ ਪੁਸਤਕ 'ਚ ਇਹ ਖੁਲਾਸੇ ਹੋਏ ਹਨ।

ਲਸ਼ਕਰ-ਏ-ਤੋਇਬਾ ਦੇ ਇਸ ਹਮਲੇ ਤੋਂ ਕੋਈ ਹਫਤੇ ਕੁ ਮਗਰੋਂ ਹੈਡਲੀ ਨੇ ਉਸ ਈਮੇਲ ਗਰੁੱਪ 'ਤੇ ਅਜਿਹੇ ਖੁਲਾਸੇ ਕੀਤੇ ਜਿਸ ਨੂੰ ਕੈਡਿਟ ਕਾਲਜ ਹਸਨ ਅਬਦਾਲ ਦੇ ਸਾਬਕਾ ਵਿਦਿਆਰਥੀ ਅਕਸਰ ਦੇਖਿਆ ਕਰਦੇ ਸਨ। ਇਸ ਪੋਸਟ 'ਤੇ ਹੈਡਲੀ ਨੇ ਸੰਕੇਤ ਦਿੱਤੇ ਸਨ ਕਿ ਉਸ ਨੂੰ ਇਸ ਘਟਨਾ ਦੀ ਜਾਣਕਾਰੀ ਸੀ।

ਹਮਲੇ ਤੋਂ ਹਫਤੇ ਮਗਰੋਂ 'ਅਬਦਾਲੀਅਨਜ਼ 7479' ਗਰੁੱਪ ਨੂੰ ਭੇਜੀ ਗਈ ਈਮੇਲ ਵਿਚ ਹੈਡਲੀ ਨੇ ਸਪਸ਼ਟ ਕੀਤਾ ਸੀ ਕਿ ਮੁੰਬਈ ਵਿਚ ਹੋਈ ਕਾਰਵਾਈ ਅਫ਼ਗਾਨਿਸਤਾਨ ਵਿਚ ਵਿਦੇਸ਼ੀ ਫੌਜਾਂ ਵੱਲੋਂ ਤੇ ਜੰਮੂ ਕਸ਼ਮੀਰ ਵਿਚ ਭਾਰਤ ਵੱਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਦੇ ਖਿਲਾਫ਼ ਸੀ। ਉਸ ਨੇ ਮੁੰਬਈ ਵਿਚ ਹੋਏ ਜਾਨੀ ਨੁਕਸਾਨ ਨੂੰ ਅਫ਼ਗਾਨਿਸਤਾਨ ਵਿਚ ਹੋ ਰਹੇ ਘਾਣ ਤੇ ਕਸ਼ਮੀਰ ਵਿਚ ਪਿਛਲੇ 20 ਸਾਲ ਤੋਂ ਮਾਰੇ ਗਏ 70,000 ਲੋਕਾਂ ਦੇ ਨਾਲ ਮੇਲਿਆ। 'ਅਬਦਾਲੀਅਨਜ਼' ਗਰੁਪ ਦੀਆਂ ਸਾਰੀਆਂ 9000 ਈਮੇਲਾਂ ਹੰਘਾਲਣ ਵਾਲੇ ਸੋਰੇਨਸੇਨ ਦਾ ਕਹਿਣਾ ਹੈ ਕਿ ਹੈਡਲੀ ਹਰੇਕ ਈਮੇਲ ਸੁਨੇਹੇ ਵਿਚ ਸ਼ੇਖੀਆਂ ਮਾਰਦਾ ਸੀ ਤੇ ਆਪਣੇ ਅਹੰ ਨੂੰ ਪੱਠੇ ਪਾਉਂਦਾ ਜਾਪਦਾ ਸੀ। ਇਸ ਗਰੁੱਪ ਦੀਆਂ ਈਮੇਲਾਂ ਵਿਚੋਂ 300 ਤੋਂ ਵੱਧ ਹੈਡਲੀ ਵੱਲੋਂ ਸਨ। ਮੁੰਬਈ 'ਤੇ ਹਮਲੇ ਕਰਨ ਵਾਲੇ ਕਸਾਬ ਸਣੇ 10 ਤੋਇਬਾ ਕਾਰਕੁਨਾਂ 'ਤੇ ਵੀ ਉਹ ਮਾਣ ਕਰਦਾ ਸੀ। ਉਸ ਨੇ ਮੇਲ ਵਿਚ ਲਿਖਿਆ ਕਿ 500 ਭਾਰਤੀ ਕਮਾਂਡੋਆਂ ਨੂੰ 10 ਲੜਕਿਆਂ ਨੂੰ ਕਾਬੂ ਕਰਨ ਵਿਚ ਬਹੁਤ ਜਾਨ ਮਾਰਨੀ ਪਈ।

## ਸ਼ਹੀਦਾਂ ਨੂੰ ਸ਼ਰਧਾਂਜਲੀ ਲਈ ਵਿਧਾਨ ਸਭਾ 'ਚ ਮਤਾ ਪੇਸ਼

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦਾ ਇਜਲਾਸ ਸ਼ੁਰੂ ਹੁੰਦਿਆਂ ਹੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ 1984 ਦੇ ਕਤਲੇਆਮ ਵਿਚ ਸ਼ਹੀਦ ਹੋਣ ਵਾਲੇ ਸਿੱਖਾਂ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਮਾਮਲਾ ਉਠਾਇਆ। ਉਨ੍ਹਾਂ ਕਿਹਾ ਕਿ 29 ਸਾਲ ਪਹਿਲਾਂ 1984 ਵਿਚ ਪਹਿਲੀ ਨਵੰਬਰ ਨੂੰ ਦਿੱਲੀ ਤੇ ਦੇਸ਼ ਦੇ ਕਈ ਹੋਰ ਸ਼ਹਿਰਾਂ ਵਿਚ 25,000 ਦੇ ਕਰੀਬ ਬੇਕਸੂਰ ਸਿੱਖਾਂ ਨੂੰ ਹਿੰਸਾ ਦਾ ਸ਼ਿਕਾਰ ਬਣਾਉਂਦਿਆਂ ਕਤਲ ਕਰ ਦਿੱਤਾ ਗਿਆ।

ਉਨ੍ਹਾਂ ਕਿਹਾ ਕਿ ਇਨ੍ਹਾਂ ਬੇਕਸੂਰ ਪੰਜਾਬੀਆਂ ਨੂੰ ਸਦਨ ਵੱਲੋਂ ਦੋ ਮਿੰਟ ਖੜ੍ਹੇ ਹੋ ਕੇ ਸ਼ਰਧਾਂਜਲੀ ਦਿੱਤੀ ਜਾਣੀ ਚਾਹੀਦੀ ਹੈ। ਇਸ 'ਤੇ ਵਿਰੋਧੀ ਧਿਰ ਦੇ ਆਗੂ ਸੁਨੀਲ ਜਾਖੜ ਨੇ ਕਿਹਾ ਕਿ ਜੋ ਲੋਕ ਪੰਜਾਬ ਵਿਚ ਅਤਿਵਾਦ ਦਾ ਸ਼ਿਕਾਰ ਹੋਏ ਸਨ, ਉਨ੍ਹਾਂ ਨੂੰ ਵੀ ਨਾਲ ਸ਼ਰਧਾਂਜਲੀ ਭੇਟ ਕੀਤੀ ਜਾਵੇ। ਸ. ਸੁਖਬੀਰ ਬਾਦਲ ਨੇ ਇਸ ਲਈ ਤੁਰੰਤ ਸਹਿਮਤੀ ਪ੍ਰਗਟ ਕਰ ਦਿੱਤੀ ਪਰ ਕਿਹਾ ਕਿ ਪਹਿਲੀ ਨਵੰਬਰ ਨੂੰ ਤਾਂ ਉਨ੍ਹਾਂ 25,000 ਪੰਜਾਬੀਆਂ ਨੂੰ ਹੀ ਯਾਦ ਕੀਤਾ ਜਾਣਾ ਚਾਹੀਦਾ ਹੈ ਜਿਨ੍ਹਾਂ ਨੂੰ ਇਸ ਦਿਨ ਮੌਤ ਦੇ ਘਾਟ ਉਤਾਰਿਆ ਗਿਆ। ਉਨ੍ਹਾਂ ਕਿਹਾ ਕਿ ਇਹ ਪਹਿਲਾ ਮੌਕਾ ਹੈ ਕਿ ਪਹਿਲੀ ਨਵੰਬਰ ਨੂੰ ਵਿਧਾਨ ਸਭਾ ਦਾ ਸਮਾਗਮ ਚੱਲ ਰਿਹਾ ਹੈ ਤੇ ਇਸੇ ਕਾਰਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਦੀ ਬੇਨਤੀ ਕੀਤੀ ਹੈ। ਇਸ 'ਤੇ ਕਾਂਗਰਸੀ ਮੈਂਬਰਾਂ ਵੱਲੋਂ ਸ਼ੋਰ ਸ਼ਰਾਬਾ ਸ਼ੁਰੂ ਕਰ ਦਿੱਤਾ ਗਿਆ ਪਰ ਅਕਾਲੀ-ਭਾਜਪਾ ਮੈਂਬਰਾਂ ਵੱਲੋਂ ਸਦਨ 'ਚ 2 ਮਿੰਟ ਚੁੱਪ ਧਾਰ ਕੇ 84 ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰ ਦਿੱਤੀ ਗਈ ਜਦੋਂਕਿ ਕਾਂਗਰਸ ਮੈਂਬਰ ਇਸ 'ਚ ਸ਼ਾਮਲ ਨਾ ਹੋਏ।



Listen for free:
1. Punjabi Radio USA LIVE!
2. Gurbani Radio
3. Non-Stop Punjabi Songs
4. Non-Stop Hindi Songs
ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200
PUNJABI RADIO USA
GURBANI RADIO
NON-STOP PUNJABI
NON-STOP HINDI
Contact Us
ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org
ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com
DOWNLOAD THE NEW FREE IPHONE and ANDROID APP (Search for "Punjabi Radio USA" in App store and Google Play)




KHALSA
INSURANCE AGENCY, INC.
WE NOW INSURE IN 33 STATES
LARGEST INDEPENDENT INSURANCE BROKERS
REPRESENTING OVER 100 A+ RATED COMPANIES
TAXI-CABS LIMOUSINES
COMMERCIAL AUTO
CALL TO CHECK OUR LOWEST RATES FOR
AUTO • HOME • HEALTH • LIFE
WWW.KHALSAINSURANCE.COM
LICENSED IN : Alabama • Arkansas • Arizona • California • Colorado • Connecticut • DC • Georgia • Florida • Idaho • Iowa • Indiana • Illinois • Kansas • Louisiana • Maryland • Mississippi
Michigan • Minnesota • Nevada • New Jersey • New York • New Mexico • Oregon • Ohio • Oklahoma • Pennsylvania • Texas • Utah • Virginia • Vermont • Washington • Wisconsin
3750 McKee Road, Suite A • San Jose, CA 95127 • Fax 408.493.4552
California License # 0F89805
408-272-2500 • 1-800-954-5409

# ਪਰਵਾਸੀ ਪੰਜਾਬੀਆਂ ਦਾ ਅਕਾਲੀ-ਭਾਜਪਾ ਸਰਕਾਰ ਤੋਂ ਮੋਹ-ਭੰਗ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਭਾਵੇਂ ਪਰਵਾਸੀ ਪੰਜਾਬੀਆਂ ਨੂੰ ਸੂਬੇ ਵਿਚ ਨਿਵੇਸ਼ ਕਰਨ ਲਈ ਹਰ ਲੋੜੀਂਦੀ ਸਹੂਲਤ ਦੇਣ ਦੇ ਦਾਅਵੇ ਕੀਤੇ ਜਾ ਰਹੀ ਹੈ ਪਰ ਅਫ਼ਸਰਸ਼ਾਹੀ ਦੇ ਰੁੱਖੇ ਵਤੀਰੇ ਤੇ ਮਾੜੇ ਪ੍ਰਬੰਧਾਂ ਕਾਰਨ ਪਰਵਾਸੀ ਪੰਜਾਬੀਆਂ ਨੇ ਪੂੰਜੀ ਨਿਵੇਸ਼ ਕਰਨ ਤੋਂ ਟਾਲਾ ਵੱਟ ਲਿਆ ਹੈ ਤੇ ਪਹਿਲਾਂ ਲੱਗੇ ਬਹੁਤੇ ਪ੍ਰੋਜੈਕਟ ਬੰਦ ਹੀ ਹੋ ਗਏ ਹਨ ਤੇ ਜਿਹੜੇ ਚੱਲ ਵੀ ਰਹੇ ਹਨ, ਉਨ੍ਹਾਂ ਨੂੰ ਸਮੇਟਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਪੰਜਾਬ ਸਰਕਾਰ ਲਗਾਤਾਰ ਇਹ ਦਾਅਵੇ ਕਰ ਰਹੀ ਹੈ ਕਿ ਨਵੇਂ ਪ੍ਰੋਜੈਕਟਾਂ ਦੀ ਪ੍ਰਵਾਨਗੀ ਤੇ ਉਨ੍ਹਾਂ ਨੂੰ ਲੋੜੀਂਦੀਆਂ ਸਹੂਲਤਾਂ ਹਾਸਲ ਕਰਨ ਲਈ ਸਿੰਗਲ ਵਿੰਡੋ ਪ੍ਰਣਾਲੀ ਲਾਗੂ ਕੀਤੀ ਗਈ ਹੈ ਪਰ ਅਮਲ ਵਿਚ ਅਜਿਹਾ ਕੁਝ ਵੀ ਨਹੀਂ ਹੋ ਰਿਹਾ। ਨਿਵੇਸ਼ਕਾਂ ਨੂੰ ਜ਼ਮੀਨ ਵਰਤੋਂ ਬਦਲਣ (ਸੀ.ਐਲ.ਯੂ) ਦਾ ਸਰਟੀਫਿਕੇਟ ਹਾਸਲ ਕਰਨ ਲਈ ਮਹੀਨੇ ਨਹੀਂ ਸਾਲਾਂਬੱਧੀ ਦਫਤਰਾਂ ਦੇ ਚੱਕਰ ਮਾਰਨੇ ਪੈਂਦੇ ਹਨ। ਜਲੰਧਰ-ਪਠਾਨਕੋਟ ਸੜਕ ਉਪਰ ਕੁਝ ਸਾਲ ਪਹਿਲਾਂ ਇਕ ਉਘੇ ਪਰਵਾਸੀ ਪੰਜਾਬੀ ਨੇ 50 ਕਰੋੜ ਰੁਪਏ ਦੀ ਲਾਗਤ ਨਾਲ ਇਕ ਪ੍ਰਾਹੁਣਚਾਰੀ ਵਾਲਾ ਪ੍ਰੋਜੈਕਟ ਲਾਇਆ ਸੀ।

## ਪਰਵਾਸੀਆਂ ਵੱਲੋਂ ਲਾਏ ਪ੍ਰੋਜੈਕਟ ਵਿਚਾਲੇ ਲਟਕੇ

ਉਨ੍ਹਾਂ ਵੱਲੋਂ ਸਵਾ ਸਾਲ ਪਹਿਲਾਂ ਜ਼ਮੀਨ ਵਰਤੋਂ ਬਦਲਣ ਦਾ ਸਰਟੀਫਿਕੇਟ ਹਾਸਲ ਕਰਨ ਲਈ 33 ਲੱਖ ਰੁਪਏ ਫੀਸ ਜਮ੍ਹਾਂ ਕਰਵਾ ਦਿੱਤੀ ਗਈ ਪਰ ਦਫਤਰਾਂ ਦੇ ਚੱਕਰ ਮਾਰਦਿਆਂ ਉਨ੍ਹਾਂ ਦੀਆਂ ਜੁੱਤੀਆਂ ਘਸ ਗਈਆਂ ਪਰ ਸਰਟੀਫਿਕੇਟ ਅਜੇ ਵੀ ਨਹੀਂ ਮਿਲਿਆ। ਇਹ ਸਰਟੀਫਿਕੇਟ ਤੋਂ ਬਗੈਰ ਬਿਜਲੀ ਕੁਨੈਕਸ਼ਨ ਸਮੇਤ ਹੋਰ ਕੋਈ ਸਹੂਲਤ ਨਹੀਂ ਮਿਲਦੀ। ਪ੍ਰੋਜੈਕਟ ਦੇ ਮਾਲਕ ਮੁਤਾਬਕ ਉਹ ਪਿਛਲੇ ਦੋ ਸਾਲ ਤੋਂ ਮਹਿੰਗਾ ਡੀਜ਼ਲ ਫੂਕ ਕੇ ਬਿਜਲੀ ਦਾ ਕੰਮ ਸਾਰ ਰਿਹਾ ਹੈ। ਉਹ ਆਪਣੇ ਤਜਰਬੇ ਵਿਚੋਂ ਦੱਸ ਰਿਹਾ ਸੀ ਕਿ ਪੰਜਾਬ ਅੰਦਰ ਪੂੰਜੀ ਨਿਵੇਸ਼ਕਾਂ ਲਈ ਸਰਕਾਰੀ ਪੱਧਰ 'ਤੇ ਅਨੁਕੂਲ ਵਾਤਾਵਰਨ ਨਹੀਂ, ਸਗੋਂ ਹਰ ਕੰਮ ਲਈ ਕਈ-ਕਈ ਦਫਤਰਾਂ ਦੇ ਗੇੜੇ ਕੱਢਣੇ ਪੈਂਦੇ ਹਨ ਤੇ ਅਫ਼ਸਰਸ਼ਾਹੀ ਦੀਆਂ ਬਿਨਾਂ ਵਜ੍ਹਾ ਅੜਿੱਕਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਹੁਣ ਇਨਾ ਪੈਸਾ ਲਾ ਕੇ ਪਛਤਾ ਰਿਹਾ ਹੈ।

ਜਲੰਧਰ ਛਾਉਣੀ ਨੇੜਲੇ ਪਿੰਡ ਚਾਚੋਕੀ ਵਿਚ ਕੈਨੇਡਾ ਤੇ ਅਮਰੀਕਾ ਤੋਂ ਆ ਕੇ ਕਰੋੜਾਂ ਰੁਪਏ ਦੀ ਲਾਗਤ ਨਾਲ ਦੋ ਪਰਵਾਸੀ ਪੰਜਾਬੀਆਂ ਨੇ ਵੱਡੇ ਡੇਅਰੀ ਫਾਰਮ ਖੋਲ੍ਹੇ ਸਨ ਪਰ ਸਰਕਾਰੀ ਬੇਰੁੱਖੀ ਤੇ ਅਣਦੇਖੀ ਦਾ ਸ਼ਿਕਾਰ ਹੋਏ ਇਹ ਪ੍ਰੋਜੈਕਟ ਵਲੇਟਣ ਦੀ ਤਿਆਰੀ ਵਿਚ ਹਨ। ਦੁਆਬਾ ਖੇਤਰ ਵਿਚ 1900 ਕਰੋੜ ਰੁਪਏ ਦੇ ਮੁੱਲ ਦੀ ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਨੂੰ ਚਲਾਉਣ ਲਈ ਵੀ ਦੋ ਪਰਵਾਸੀ ਪੰਜਾਬੀ ਪਰਿਵਾਰ ਅੱਗੇ ਆਏ ਸਨ। ਇਹ ਸੰਸਥਾ ਪੀ.ਜੀ.ਆਈ ਦੇ ਨਮੂਨੇ ਉਪਰ ਚਲਾਉਣ ਦਾ ਟੀਚਾ ਮਿਥਿਆ ਗਿਆ ਸੀ ਪਰ ਕਈ ਤਰ੍ਹਾਂ ਦੀਆਂ ਮਾਰਾਂ ਝੱਲਦਿਆਂ ਇਹ ਵੀ ਪੀ.ਜੀ.ਆਈ. ਦੇ ਨਮੂਨੇ ਦੀਆਂ ਸਹੂਲਤਾਂ ਦੇਣ ਦੀ ਥਾਂ ਆਮ ਜਿਹੇ ਹਸਪਤਾਲ ਵਾਲਾ ਰੁਤਬਾ ਹਾਲਤ ਕਰ ਗਿਆ ਹੈ। ਹੁਣ ਕੋਈ ਵੀ ਧਿਰ ਇਸ ਪ੍ਰੋਜੈਕਟ ਵਿਚ ਹੋਰ ਪੈਸਾ ਲਾਉਣ ਲਈ ਤਿਆਰ ਨਹੀਂ।

ਹੁਸ਼ਿਆਰਪੁਰ ਨੇੜੇ ਬਜਵਾੜਾ ਪਿੰਡ ਵਿਚ ਅਮਰੀਕਾ ਜਾ ਵਸੇ ਲਾਜਪਤ ਮੂੰਗਰ ਨੇ 11 ਏਕੜ ਜ਼ਮੀਨ ਪਲਿਓਂ ਦੇ ਕੇ ਇਕ ਵੱਡੀ ਵਿਦਿਅਕ ਸੰਸਥਾ ਚਲਾਉਣ ਦਾ ਬੀੜਾ ਚੁੱਕਿਆ ਸੀ ਪਰ 4-5 ਸਾਲ ਵਿਚ ਹੀ ਸਾਡੇ ਸਰਕਾਰੀ ਤੰਤਰ ਨਾਲ ਜੂਝਦੇ ਇਸ ਐਨ.ਆਰ.ਆਈ ਨੇ ਹਾਰ ਹੰਭ ਕੇ ਆਪਣਾ ਪ੍ਰੋਜੈਕਟ ਪੰਜਾਬ ਯੂਨੀਵਰਸਿਟੀ ਹਵਾਲੇ ਕਰਨ ਵਿਚ ਭਲਾ ਸਮਝਿਆ। ਜਲੰਧਰ ਦੇ ਬਾਹਰਵਾਰ ਕਰਤਾਰਪੁਰ ਰੋਡ ਉਪਰ ਐਨ.ਆਰ.ਆਈ ਰਣਬੀਰ ਸਿੰਘ ਨੇ ਚਮੜੇ ਦੀਆਂ ਜੁਤੀਆਂ ਬਣਾਉਣ ਦਾ ਵੱਡਾ ਪ੍ਰੋਜੈਕਟ ਲਾਇਆ ਪਰ ਹੁਣ ਇਹ ਥਾਂ ਖੰਡਰ ਬਣੀ ਪਈ ਹੈ।

ਇੰਗਲੈਂਡ ਰਹਿੰਦੇ ਇਕਬਾਲ ਸਿੰਘ ਖੈੜਾ ਨੇ ਤਕਰੀਬਨ 15 ਸਾਲ ਪਹਿਲਾਂ ਪੇਂਡੂ ਖੇਤਰ ਦੇ ਬੱਚਿਆਂ ਨੂੰ ਤਕਨੀਕੀ ਸਿੱਖਿਆ ਦੇਣ ਲਈ ਪਿੰਡਾਂ ਵਿਚ ਤਕਨੀਕੀ ਸਿੱਖਿਆ ਸਕੂਲ ਖੋਲ੍ਹਣੇ ਸ਼ੁਰੂ ਕੀਤੇ। ਦਰਜਨ ਤੋਂ ਵਧੇਰੇ ਸਕੂਲ ਉਹ ਬੇਰ ਸਾਹਿਬ ਟਰੱਸਟ (ਬੀ.ਐਸ.ਟੀ) ਦੇ ਨਾਂ ਹੇਠ ਚਲਾਉਂਦੇ ਰਹੇ। ਸਾਰਾ ਖਰਚ ਉਹ ਆਪਣੇ ਪੱਲਿਓਂ ਕਰਦੇ ਸਨ ਪਰ ਸਰਕਾਰੀ ਬੇਰੁੱਖੀ ਤੇ ਸਿੱਖਿਆ ਵਿਭਾਗ ਦੀਆਂ ਲਟਕਾਊ ਤੇ ਅਕਾਊ ਨੀਤੀਆਂ ਮੂਹਰੇ ਉਸ ਦਾ ਵੀ ਕੋਈ ਜ਼ੋਰ ਨਹੀਂ ਚੱਲਿਆ।

ਕੈਨੇਡਾ ਵਿਚ ਫੈਡਰਲ ਮੰਤਰੀ ਰਹੇ ਹਰਬ ਧਾਲੀਵਾਲ ਦੀ ਅਗਵਾਈ ਵਿਚ ਬਣੇ ਇਕ ਟਰੱਸਟ ਨੇ ਆਪਣੇ-ਆਪਣੇ ਪਿੰਡਾਂ ਨੂੰ ਮੁੱਢਲੀਆਂ ਸਹੂਲਤਾਂ ਮੁਹੱਈਆ ਕਰਨ ਦਾ ਬੀੜਾ ਚੁੱਕਿਆ। ਮਾਹਿਲਪੁਰ ਲਾਗਲੇ ਆਪਣੇ ਪਿੰਡ ਖੜੌਦੀ ਤੋਂ ਉਨ੍ਹਾਂ ਕੰਮ ਸ਼ੁਰੂ ਕੀਤਾ ਪਰ ਹਰਬ ਧਾਲੀਵਾਲ ਦਸਦੇ ਹਨ ਕਿ ਪਹਿਲੇ ਗੇੜੇ ਵਿਚ ਹੀ ਸਰਕਾਰ ਨੇ ਉਨ੍ਹਾਂ ਦੀ ਬੱਸ ਕਰਵਾ ਦਿੱਤੀ, ਅੱਗੋਂ ਅਜਿਹਾ ਕੰਮ ਕਰਨ ਦਾ ਉਹ ਜ਼ੇਰਾ ਹੀ ਨਹੀਂ ਕਰ ਸਕੇ।

1995 ਤੋਂ ਬਾਅਦ ਪਰਵਾਸੀ ਪੰਜਾਬੀਆਂ ਨੇ ਬੜੇ ਜੋਸ਼ ਨਾਲ ਪੰਜਾਬ ਵੱਲ ਵਹੀਰਾਂ ਘੱਤੀਆਂ ਸਨ। ਪਿੰਡਾਂ ਵਿਚ ਜ਼ਮੀਨਾਂ ਖਰੀਦਣ ਤੇ ਕੋਠੀਆਂ ਬਣਾਉਣ ਦਾ ਕੰਮ ਵੀ ਬੜੇ ਜ਼ੋਰਾਂ ਉਪਰ ਰਿਹਾ ਪਰ ਜਿਉਂ-ਜਿਉਂ ਇਥੋਂ ਦੀਆਂ ਤਲਖ਼ ਹਕੀਕਤਾਂ ਦਾ ਸਾਹਮਣਾ ਕਰਨਾ ਪਿਆ ਤਿਉਂ-ਤਿਉਂ ਉਨ੍ਹਾਂ ਦਾ ਪੰਜਾਬ ਅੰਦਰ ਪੂੰਜੀ ਨਿਵੇਸ਼ ਕਰਨ ਦਾ ਜੋਸ਼ ਵੀ ਮੱਠਾ ਪੈਂਦਾ ਗਿਆ। ਇਸ ਵੇਲੇ ਪ੍ਰਵਾਸੀ ਪੰਜਾਬੀਆਂ ਵੱਲੋਂ ਪੰਜਾਬ ਵਿਚ ਜ਼ਮੀਨਾਂ ਖਰੀਦਣ ਜਾਂ ਘਰ ਬਣਾਉਣ ਦਾ ਕੰਮ ਤਕਰੀਬਨ ਠੱਪ ਹੋ ਗਿਆ ਹੈ। ਇਸ ਤੋਂ ਉਲਟ ਬਹੁਤੇ ਐਨ.ਆਰ. ਆਈਜ਼ ਖਰੀਦੀਆਂ ਜ਼ਮੀਨਾਂ ਵੀ ਵੇਚ ਗਏ ਹਨ। ਪੰਜਾਬ ਅੰਦਰ ਫੈਲੇ ਮੈਰਿਜ ਪੈਲਸਾਂ ਦੇ ਕਾਰੋਬਾਰਾਂ ਵਿਚ ਵੀ ਵੱਡੀ ਗਿਣਤੀ ਵਿਚ ਪਰਵਾਸੀ ਪੰਜਾਬੀਆਂ ਦਾ ਪੈਸਾ ਲੱਗਾ ਹੈ ਪਰ ਸਰਕਾਰੀ ਨੀਤੀਆਂ ਕਾਰਨ ਚੌਪਟ ਹੋ ਰਹੇ ਇਸ ਧੰਦੇ ਵਿਚੋਂ ਵੀ ਪਰਵਾਸੀ ਪੰਜਾਬੀ ਪੈਰ ਪਿੱਛੇ ਖਿੱਚ ਰਹੇ ਹਨ ਤੇ ਬਹੁਤ ਸਾਰੇ ਮੈਰਿਜ ਪੈਲੇਸ ਵੀ ਬੰਦ ਹੋਣ ਦੇ ਰਾਹ ਪਏ ਹੋਏ ਹਨ।

# ਕੈਨੇਡਾ ਸਰਕਾਰ ਨੇ ਮਾਪਿਆਂ ਲਈ ਖੋਲ੍ਹੇ ਮੁੜ ਬੂਹੇ

**ਟੋਰਾਂਟੋ:** ਕੈਨੇਡਾ ਦਾ ਆਵਾਸ ਮਹਿਕਮਾ ਅਗਲੇ ਸਾਲ ਜਨਵਰੀ ਤੋਂ ਕੁਝ ਸ਼ਰਤਾਂ ਸਹਿਤ ਦੁਨੀਆ ਭਰ ਤੋਂ ਮਾਪਿਆਂ ਤੇ ਬਜ਼ੁਰਗਾਂ ਦੀਆਂ ਅਰਜ਼ੀਆਂ ਦੁਬਾਰਾ ਲਏਗਾ। ਸੰਸਦ ਵਿਚ ਆਵਾਸ ਬਾਰੇ ਸਾਲਾਨਾ ਰਿਪੋਰਟ ਦਿੰਦੇ ਹੋਏ ਅਵਾਸ ਮੰਤਰੀ ਕ੍ਰਿਸ ਅਲੈਗਜ਼ੈਂਦਰ ਨੇ ਕਿਹਾ ਕਿ ਆਗਾਮੀ ਸਾਲ 2,40,000 ਤੋਂ 2,65,000 ਲੋਕਾਂ ਨੂੰ 'ਪੀ.ਆਰ' ਦਿੱਤੀ ਜਾਵੇਗੀ। ਮਹਿਕਮਾ 'ਨੈਨੀਆਂ' ਦੇ ਪ੍ਰੋਗਰਾਮ ਨੂੰ ਵੀ ਤੇਜ਼ ਕਰ ਰਿਹਾ ਹੈ।

ਮੰਤਰੀ ਨੇ ਐਲਾਨ ਕੀਤਾ ਹੈ ਕਿ ਸਾਲਾਂ ਤੋਂ ਅਰਜ਼ੀਆਂ ਦੇ ਢੇਰ ਨੂੰ ਨਿਬੇੜਨ ਵਾਸਤੇ ਉਹ ਸਾਲ ਵਿਚ 5000 ਅਰਜ਼ੀਆਂ ਦੀ ਹੀ ਪ੍ਰਵਾਨਗੀ ਦੇ ਰਹੇ ਹਨ। ਇਸ ਨਵੇਂ ਪੀ.ਜੀ.ਪੀ (ਪੇਰੈਂਟਸ ਐਂਡ ਗਰੈਂਡ ਪੇਰੈਂਟਸ) ਪ੍ਰੋਗਰਾਮ ਬਾਰੇ ਵੇਰਵੇ ਕੁਝ ਹਫਤਿਆਂ ਤੱਕ ਜਨਤਕ ਕੀਤੇ ਜਾਣਗੇ। ਉਨ੍ਹਾਂ ਵੱਲੋਂ ਚਲਾਏ ਗਏ ਬਦਲਵੇਂ 'ਸੁਪਰ ਵੀਜ਼ਾ' ਪ੍ਰੋਗਰਾਮ ਨੂੰ ਹੁੰਗਾਰਾ ਮਿਲਿਆ ਹੈ ਤੇ ਹੁਣ ਤੱਕ 26 ਹਜ਼ਾਰ ਮਾਪੇ ਇਸ ਸਕੀਮ ਦਾ ਲਾਹਾ ਲੈ ਚੁੱਕੇ ਹਨ। ਸੁਪਰ ਵੀਜ਼ਾ ਤਹਿਤ ਮਾਪੇ ਦੋ ਸਾਲ ਤੱਕ ਆਪਣੇ ਬੱਚਿਆਂ ਕੋਲ ਠਹਿਰ ਸਕਦੇ ਹਨ ਤੇ ਇਸ ਦੀ 10 ਸਾਲ ਦੀ ਮਿਆਦ ਹੈ। ਪਿਛਲੇ ਸਾਲ ਤੋਂ ਚਲਾਏ ਇਸ ਨਵੇਂ 'ਫੈਮਿਲੀ ਪ੍ਰੋਗਰਾਮ' ਤਹਿਤ ਸਪਾਂਸਰ ਕਰਨ ਵਾਲੇ ਦੇ ਮੋਢਿਆਂ 'ਤੇ ਹੀ ਉਸ ਦੇ ਮਾਪਿਆਂ ਦਾ ਬੋਝ ਪੈਂਦਾ ਹੈ ਤੇ ਸੱਦੇ ਗਏ ਮਾਪਿਆਂ ਦੀ ਜ਼ਿੰਮੇਵਾਰੀ 'ਸਪਾਂਸਰ' 'ਤੇ 20 ਸਾਲ ਤੱਕ ਰਹਿੰਦੀ ਹੈ।

ਉਨ੍ਹਾਂ ਮੁਤਾਬਕ ਜੇਕਰ ਉਹ ਅਜਿਹਾ ਕਦਮ ਨਾ ਚੁੱਕਦੇ ਤਾਂ 2015 ਤੱਕ ਇਸ 'ਬੈਕਲਾਗ' ਵਿਚ ਢਾਈ ਲੱਖ ਤੋਂ ਵੱਧ ਅਰਜ਼ੀਆਂ ਜੁੜ ਜਾਣੀਆਂ ਸਨ। ਕੈਨੇਡਾ ਦੀ ਬੁੱਢੀ ਹੋ ਰਹੀ ਆਬਾਦੀ ਦਾ ਖਰਚ ਮੁਲਕ ਦੇ ਖਜ਼ਾਨੇ ਨੂੰ ਖੋਰਾ ਲਾ ਰਿਹਾ ਹੈ ਤੇ ਇਸੇ ਫ਼ਿਕਰ ਕਾਰਨ ਆਵਾਸ ਮਹਿਕਮਾ 'ਮਾਪਾ-ਪ੍ਰੋਗਰਾਮ' ਨੂੰ ਸੀਮਤ ਕਰ ਰਿਹਾ ਹੈ। ਮੁਲਕ ਵਿਚ ਕਾਮਿਆਂ ਦੀ ਲੋੜ ਪੂਰੀ ਕਰਨ ਲਈ ਅਗਲੇ ਸਾਲ 'ਆਰਥਿਕ ਆਵਾਸ' 63 ਫੀਸਦੀ ਵਧਾਇਆ ਜਾਵੇਗਾ ਤੇ ਬਾਕੀ 37 ਫੀਸਦੀ ਪਰਿਵਾਰਕ ਸ਼੍ਰੇਣੀ, ਸ਼ਰਨਾਰਥੀ ਤੇ ਜਨ-ਸੇਵੀ ਕੇਸ ਸਵੀਕਾਰੇ ਜਾਣਗੇ।

# ਪਰਵਾਸ ਸੁਧਾਰ ਬਿੱਲ ਤੋਂ ਭਾਰਤੀ ਕੰਪਨੀਆਂ ਚਿੰਤਤ

**ਵਾਸ਼ਿੰਗਟਨ:** ਅਮਰੀਕੀ ਕਾਂਗਰਸ ਦੇ ਪ੍ਰਤੀਨਿਧ ਸਦਨ ਵਿਚ ਪਰਵਾਸ ਪ੍ਰਣਾਲੀ ਦੀ ਕਾਇਆ ਕਲਪ ਕਰਨ ਲਈ ਪੇਸ਼ ਕੀਤੇ ਬਿੱਲ ਤੋਂ ਭਾਰਤੀ ਸੂਚਨਾ ਤਕਨਾਲੋਜੀ ਕੰਪਨੀਆਂ ਵਿਚ ਚਿੰਤਾ ਪੈਦਾ ਹੋ ਗਈ ਹੈ। ਸਦਨ ਵਿਚ ਡੈਮੋਕਰੇਟਿਕ ਪਾਰਟੀ ਦੀ ਨੇਤਾ ਨੈਨਸੀ ਪੇਲੋਸੀ ਵੱਲੋਂ ਪੇਸ਼ ਕੀਤੇ ਬਿੱਲ (ਐਚ ਆਰ 15) ਵਿਚ ਉਹੀ 'ਮਾਰੂ ਧਾਰਾਵਾਂ' ਸ਼ਾਮਲ ਹਨ ਜੋ ਸੈਨੇਟ ਵੱਲੋਂ ਪਾਸ ਕੀਤੇ ਬਿੱਲ ਵਿਚ ਸ਼ਾਮਲ ਸਨ।

ਇਸ ਬਿੱਲ ਨੂੰ ਅਮਰੀਕੀ ਸੰਸਦ 'ਚ ਭਾਰਤੀ ਕਾਕਸ ਦੇ ਕਈ ਮੈਂਬਰਾਂ ਦੀ ਹਮਾਇਤ ਹਾਸਲ ਹੈ। ਸਦਨ ਵਿਚ ਡੈਮੋਕਰੈਟਾਂ ਦੀ ਘੱਟ ਗਿਣਤੀ ਦੇ ਮੱਦੇਨਜ਼ਰ ਕਾਂਗਰਸ ਨਾਲ ਸਬੰਧਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਬਿੱਲ ਪਾਸ ਹੋਣ ਦੇ ਆਸਾਰ ਘੱਟ ਹਨ ਕਿਉਂਕਿ ਬੀਬੀ ਪੇਲੋਸੀ ਵੱਲੋਂ ਇਸ ਮਹੀਨੇ ਦੇ ਸ਼ੁਰੂ ਵਿਚ ਪੇਸ਼ ਕੀਤਾ ਗਿਆ ਬਿੱਲ ਉਸ ਸਿਆਸੀ ਖੇਡ ਦਾ ਹਿੱਸਾ ਮੰਨਿਆ ਜਾ ਰਿਹਾ ਹੈ ਜਿਸ ਤਹਿਤ ਪਰਵਾਸ ਸੁਧਾਰਾਂ ਦੇ ਮੁੱਦੇ 'ਤੇ ਰਿਪਬਲਿਕਨ ਪਾਰਟੀ 'ਤੇ ਦਬਾਅ ਲਾਮਬੰਦ ਕਰਨਾ ਹੈ। ਨੈਨਸੀ ਪੇਲੋਸੀ ਨੇ ਦੱਸਿਆ ਕਿ ਵਿਆਪਕ ਪਰਵਾਸ ਸੁਧਾਰ ਬਿੱਲ ਪਾਸ ਕਰਨ ਦਾ ਸਮਾਂ ਆ ਗਿਆ ਹੈ। ਇਸ ਹਫ਼ਤੇ ਸਦਨ ਦੇ ਦੋ ਰਿਪਬਲਿਕਨ ਮੈਂਬਰ ਐਚ.ਆਰ. 15 ਬਿੱਲ ਨੂੰ ਹਮਾਇਤ ਦੇਣ ਵਾਲੇ 187 ਮੈਂਬਰਾਂ ਦੇ ਨਾਲ ਆਣ ਖੜ੍ਹੇ ਹਨ। ਕੌਂਸਲ ਨੇ ਸੇਨੇਟ ਵੱਲੋਂ ਪਾਸ ਕੀਤੇ ਬਿੱਲ ਦੀਆਂ ਕਈ ਮੱਦਾਂ ਦੀ ਮੁਖਾਲਫ਼ਤ ਕੀਤੀ ਸੀ। ਮਿਸਾਲ ਦੇ ਤੌਰ 'ਤੇ ਇਸ ਵਿਚ ਦਰਜ ਸੀ ਕਿ ਅਮਰੀਕੀ ਕਾਮਿਆਂ ਦੇ ਮੁਕਾਬਲੇ ਐਚ-1ਬੀ ਕਾਮਿਆਂ ਦੀਆਂ ਤਨਖਾਹਾਂ ਵਿਚ ਕਟੌਤੀ ਨਾ ਹੋਵੇ ਅਤੇ ਮੌਜੂਦਾ ਐਚ-1ਬੀ ਪ੍ਰੋਗਰਾਮ ਤਹਿਤ ਐਚ-1ਬੀ ਵਰਕਰਾਂ ਨੂੰ ਜ਼ਿਆਦਾ ਤਨਖਾਹ ਦਿੱਤੀ ਜਾਵੇ।

ਕਿਰਤ ਵਿਭਾਗ ਮੌਜੂਦਾ ਤਨਖਾਹ ਪੱਧਰ ਚਾਰ ਤੋਂ ਘਟਾ ਕੇ ਤਿੰਨ ਕਰੇਗਾ ਤੇ ਹਰੇਕ ਪੱਧਰ ਦੀ ਪੈਮਾਇਸ਼ ਨੂੰ ਅਪਡੇਟ ਕਰੇਗਾ। ਇਸ ਤਰ੍ਹਾਂ ਐਚ-1ਬੀ ਪ੍ਰੋਗਰਾਮ ਦੀ ਵਰਤੋਂ ਕਰਨ ਵਾਲੀਆਂ ਕੰਪਨੀਆਂ ਦੀਆਂ ਲਾਗਤਾਂ ਵਧ ਜਾਣਗੀਆਂ। ਇਸ ਤੋਂ ਇਲਾਵਾ ਜਿਸ ਕੰਪਨੀ ਦੀ ਕਿਰਤ ਸ਼ਕਤੀ ਦਾ 30-50 ਫੀਸਦ ਹਿੱਸਾ ਐਚ-1ਬੀ ਜਾਂ ਐਲ-1 ਕਰਮਚਾਰੀਆਂ ਤੋਂ ਹੋਵੇਗਾ, ਉਨ੍ਹਾਂ ਨੂੰ 5000 ਡਾਲਰ ਦੀ ਵਾਧੂ ਵੀਜ਼ਾ ਅਰਜ਼ੀ ਫੀਸ ਦੇਣੀ ਪਵੇਗੀ। ਜੇ ਕੰਪਨੀ ਦੀ ਕਿਰਤ ਸ਼ਕਤੀ ਦਾ 50 ਤੋਂ 75 ਫੀਸਦ ਹਿੱਸਾ ਐਚ-1ਬੀ ਜਾਂ ਐਲ-1 ਮੁਲਾਜ਼ਮਾਂ ਦਾ ਹੋਵੇਗਾ ਤਾਂ ਉਸ ਨੂੰ ਵੀਜ਼ਾ ਅਰਜ਼ੀ ਫੀਸ ਵਜੋਂ 10000 ਡਾਲਰ ਹੋਰ ਜਮ੍ਹਾਂ ਕਰਾਉਣੇ ਪੈਣਗੇ।

# ਵਿਦਿਆਰਥੀ ਵੀਜ਼ਿਆਂ ਲਈ ਸ਼ਰਤਾਂ ਨਰਮ ਕਰੇਗਾ ਆਸਟਰੇਲੀਆ

**ਮੈਲਬਰਨ:** ਆਸਟਰੇਲੀਆ ਦੀ ਨਵੀਂ ਸਰਕਾਰ ਨੇ ਵਿਦਿਆਰਥੀ ਵੀਜ਼ੇ ਦੇਣ ਸਬੰਧੀ ਨਿਯਮਾਂ ਨੂੰ ਨਰਮ ਬਣਾਉਣ ਦੀ ਤਿਆਰੀ ਕਰ ਲਈ ਹੈ ਤੇ ਇਸ ਸਬੰਧੀ ਐਲਾਨ ਛੇਤੀ ਹੀ ਕੀਤਾ ਜਾ ਸਕਦਾ ਹੈ। ਇਹ ਕਦਮ ਵਿਦੇਸ਼ਾਂ ਤੋਂ ਹੋਰ ਵਿਦਿਆਰਥੀਆਂ ਨੂੰ ਖਿੱਚਣ ਤੇ ਦੇਸ਼ ਦੀ ਉਚੇਰੀ ਸਿੱਖਿਆ ਸਬੰਧੀ ਸਨਅਤ ਦੀ ਹਾਲਤ ਸੁਧਾਰਨ ਲਈ ਚੁੱਕਿਆ ਜਾ ਰਿਹਾ ਹੈ ਜਿਸ ਦਾ ਵੱਡੀ ਗਿਣਤੀ ਭਾਰਤੀ ਵਿਦਿਆਰਥੀਆਂ ਨੂੰ ਫਾਇਦਾ ਹੋਵੇਗਾ ਜੋ ਇਥੇ ਆ ਕੇ ਪੜ੍ਹਨ ਦੇ ਚਾਹਵਾਨ ਹਨ।

ਇਮੀਗਰੇਸ਼ਨ ਮੰਤਰੀ ਸਕੌਟ ਮੌਰੀਸਨ ਤੇ ਸਿੱਖਿਆ ਮੰਤਰੀ ਕ੍ਰਿਸਟੋਫਰ ਪਾਇਨ ਨੇ ਕਿਹਾ ਕਿ ਨਵੀਂ ਸਰਕਾਰ ਪਿਛਲੀ ਲੇਬਰ ਸਰਕਾਰ ਵੱਲੋਂ ਇਸ ਖੇਤਰ ਵਿਚ ਕੀਤੇ ਨੁਕਸਾਨ ਨੂੰ ਦਰੁਸਤ ਕਰਕੇ ਸਨਅਤ ਦੀ ਹਾਲਤ ਸੁਧਾਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਕ ਸਹੀ ਢੰਗ ਦੇ ਢਾਂਚੇ ਰਾਹੀਂ ਵਿਦਿਆਰਥੀ ਵੀਜ਼ਿਆਂ ਨੂੰ ਨਰਮ ਬਣਾ ਕੇ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਭਾਰਤ ਅਜਿਹਾ ਦੂਜਾ ਵੱਡਾ ਦੇਸ਼ ਹੈ ਜਿਥੋਂ ਸਭ ਤੋਂ ਵੱਧ ਵਿਦਿਆਰਥੀ ਆਸਟਰੇਲੀਆ ਵਿਚ ਪੜ੍ਹਨ ਜਾਂਦੇ ਹਨ ਜਿਨ੍ਹਾਂ ਨੂੰ ਇਨ੍ਹਾਂ ਕਦਮਾਂ ਦਾ ਫਾਇਦਾ ਹੋਵੇਗਾ।

RKtravel
assuring you the best
999 N. Main Street, #206
Glen Ellyn, IL 60137
Discounted fares to India on: Qatar Airways, Emirates, Air India, Etihad Airways, Lufthansa, and more
QATAR AIRWAYS القطرية
Ph: 630-858-7200

INDIAN BAZAAR ਇੰਡੀਅਨ ਬਜ਼ਾਰ
334 S. Emerson Ave., GREENWOOD, IN 46143
ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਅਤੇ ਮਿਠਾਈਆਂ ਲਈ ਮਸ਼ਹੂਰ
■ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ
■ਕੈਟਰਿੰਗ ਵੀ ਕਰਦੇ ਹਾਂ
■ਵੱਡੇ ਆਰਡਰ ਲਈ ਸਪੈਸ਼ਲ ਰੇਟ
■ਤਾਜ਼ਾ ਸਬਜ਼ੀਆਂ ਹਰ ਵੀਰਵਾਰ
ਧਾਰਮਿਕ ਪ੍ਰੋਗਰਾਮਾਂ ਲਈ 10% ਛੋਟ
ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।
ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ
ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ



Ph: 317-534-5151, 317-997-9140
ਗਾਹਕਾਂ ਅਤੇ ਸਰਪ੍ਰਸਤਾਂ ਨੂੰ
ਦੀਵਾਲੀ ਮੁਬਾਰਕ
ਦੇਸੀ ਘਿਓ ਦੀਆਂ ਜਲੇਬੀਆਂ
$2.99



ਗੁਰੂ ਨਾਨਕ ਪਾਤਸ਼ਾਹ ਦੇ ਪ੍ਰਕਾਸ਼ ਪੁਰਬ ਤੱਕ ਸਪੈਸ਼ਲ ਸੇਲ



ਆਪਣੇ ਰੂਪ ਨੂੰ ਚਾਰ ਚੰਨ ਲਾਓ
DESIGNER LEHANGAS, SUITS, SAREES, KIDS WEAR
ਡਿਜ਼ਾਈਨਰ ਲਹਿੰਗੇ, ਸੂਟ ਤੇ ਸਾੜੀਆਂ
ਬੱਚਿਆਂ ਦੀਆਂ ਪੁਸ਼ਾਕਾਂ
Gidha Bhangra Dresess On Rent
Preet BOUTIQUE
ਵਿਆਹ-ਸ਼ਾਦੀ ਦੇ ਸ਼ਗਨਾਂ ਲਈ ਕਲੀਰੇ, ਗਾਨੇ, ਸੁਰਮੇਦਾਨੀ, ਕਿਰਪਾਨ, ਕਲਗੀ, ਸਿਹਰਾ, ਚੂੜਾ, ਜਾਗੋ ਮਟਕੀ, ਪਰਾਂਦੀ ਤੇ ਹੋਰ ਸਭ ਕੁਝ ਮਿਲਦਾ ਹੈ
Call: 317-603-4018, 317-332-1387
E-mail:spkaurus@yahoo.co.in
Facebook preetboutique

# ਹਰੀ ਓਮ ਮੰਦਿਰ ਵਿਚ ਹਨੂੰਮਾਨ ਜੀ ਸਪਤਾਹਕ ਯਗ

**ਸ਼ਿਕਾਗੋ (ਬਿਊਰੋ):** ਹਰੀ ਓਮ ਮੰਦਿਰ, ਮੈਡਾਈਨਾ ਵਿਚ ਹਨੂੰਮਾਨ ਜੀ ਦੀ ਵਿਸ਼ਾਲ ਵੀਹ ਫੁੱਟ ਉਚੀ ਸਫੈਦ ਮਕਰਾਨਾ ਮਾਰਬਲ ਦੀ ਬਣੀ ਹੋਈ ਮੂਰਤੀ ਦੀ ਸਥਾਪਨਾ ਉਪਰੰਤ ਹਨੂੰਮਾਨ ਜੀ ਸਪਤਾਹਕ ਯਗ ਸ਼ਰਧਾ ਅਤੇ ਉਤਸ਼ਾਹ ਨਾਲ ਪਿਛਲੇ ਦਿਨੀਂ ਕੀਤਾ ਗਿਆ।





ਜ਼ਿਕਰਯੋਗ ਹੈ ਕਿ ਹਰੀ ਓਮ ਮੰਦਿਰ ਵਿਚ ਸਥਾਪਤ ਕੀਤੀ ਗਈ ਇਹ ਪਵਿੱਤਰ ਮੂਰਤੀ ਦੁਨੀਆਂ ਵਿਚ ਹਨੂੰਮਾਨ ਜੀ ਦੀ ਸਭ ਤੋਂ ਉਚੀ ਮੂਰਤੀ ਹੈ। ਮੰਦਿਰ ਟਰਸਟ ਦੇ ਚੇਅਰਮੈਨ ਸ੍ਰੀ ਅਯੁਧਿਆ ਸਲਵਾਨ ਅਨੁਸਾਰ ਸਮੂਹ ਸ਼ਰਧਾਲੂਆਂ ਦੀ ਪ੍ਰਾਰਥਨਾ ਅਤੇ ਦੇਵੀ ਦੇਵਤਿਆਂ ਦੇ ਆਸ਼ੀਰਵਾਦ ਨਾਲ ਇਸ ਮੂਰਤੀ ਦੀ ਸਥਾਪਨਾ ਸੰਭਵ ਹੋ ਸਕੀ ਹੈ। ਸਪਤਾਹਕ ਯਗ ਪ੍ਰਭੂ ਪ੍ਰਤੀ ਸ਼ੁਕਰਾਨਾ ਅਦਾ ਕਰਨ ਲਈ ਕੀਤਾ ਗਿਆ। ਹਵਨ ਅਤੇ ਪੂਜਾ ਸ਼ਾਸਤਰੀ ਯੋਗੇਸ਼ ਪਾਂਡੇ ਅਤੇ ਪੰਡਿਤ ਦਿਨੇਸ਼ ਕੁਮਾਰ ਵਲੋਂ ਮੰਤਰਾਂ ਦੇ ਉਚਾਰਨ ਨਾਲ ਸੰਪੂਰਨ ਹੋਇਆ। ਸੁੰਦਰਖੰਡ ਪਾਠ 1008 ਮਹਾਂ ਮੰਡਲੇਸ਼ਵਰ ਸਵਾਮੀ ਡਾ. ਰਾਮ ਕਮਲ ਦਾਸ ਵੇਦਾਂਤੀ ਅਤੇ ਸਵਾਮੀ ਅਰਜਨ ਪੁਰੀ ਵਲੋਂ ਮੰਤਰ ਉਚਾਰਨ ਅਤੇ ਪ੍ਰਵਚਨ ਕੀਤੇ ਜਾਣ ਨਾਲ ਸੰਪੂਰਨ ਹੋਇਆ।

ਲੰਘੀ ਵੀਹ ਅਕਤੂਬਰ ਨੂੰ ਯਗ ਪੂਜਾ ਦੀ ਸਮਾਪਤੀ ਮੌਕੇ ਕਲਸ਼ ਪਦ ਯਾਤਰਾ ਵਿਚ ਸ਼ਰਧਾਲੂ ਰਾਜਸਥਾਨੀ ਪਗੜੀ ਅਤੇ ਦੁਪੱਟਿਆਂ ਨਾਲ ਸਜ ਕੇ ਸ਼ਾਮਲ ਹੋਏ। ਯਾਤਰਾ ਦੇ ਅੱਗੇ ਅੱਗੇ ਨੌਜਵਾਨ ਹਰੀ ਓਮ ਮੰਦਿਰ ਦਾ ਬੈਨਰ ਲੈ ਕੇ ਚੱਲ ਰਹੇ ਸਨ। ਇਸ ਪਦ ਯਾਤਰਾ ਲਈ ਮੈਡਾਈਨਾ ਰੋਡ ਲੇਕ ਪਾਰਕ ਹਾਈ ਸਕੂਲ ਤੋਂ ਹਰੀ ਓਮ ਮੰਦਿਰ ਤੱਕ ਕੁਝ ਸਮੇਂ ਲਈ ਬੰਦ ਕਰ ਦਿੱਤੀ ਗਈ ਹੋਈ ਸੀ।

ਬੋਰਡ ਆਫ ਟਰਸਟ ਦੇ ਚੇਅਰਮੈਨ ਸ੍ਰੀ ਸਲਵਾਨ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਬਹੁਤ ਪ੍ਰਸੰਨਤਾ ਹੈ ਕਿ ਸ਼ਰਧਾਲੂ ਆਪਣੇ ਪਰਿਵਾਰਾਂ ਸਮੇਤ ਸੰਪੂਰਨ ਸ਼ਰਧਾ ਭਾਵਨਾ ਨਾਲ ਇਸ ਸਮਾਗਮ ਵਿਚ ਸ਼ਾਮਲ ਹੋਏ। ਹਰੀ ਓਮ ਮੰਦਿਰ ਪਰਿਵਾਰ ਦੀ ਇਹੋ ਪ੍ਰਭੂ ਕਿਰਪਾ ਨਾਲ ਖੂਬਸੂਰਤੀ ਹੈ।

ਸ੍ਰੀ ਸਲਵਾਨ ਨੇ ਦੱਸਿਆ ਕਿ ਹਨੂੰਮਾਨ ਜੀ ਦੀ ਮੂਰਤੀ ਦੀ ਸਥਾਪਨਾ ਦਾ ਕਾਰਜ ਉਦੋਂ ਅਰੰਭ ਹੋਇਆ ਜਦੋਂ ਕੁਝ ਸਾਲ ਪਹਿਲਾਂ ਐਗਜ਼ੈਕਟਿਵ ਬੋਰਡ ਅਤੇ ਬੋਰਡ ਆਫ ਟਰਸਟੀ ਨੇ ਉਨ੍ਹਾਂ ਨੂੰ ਮੰਦਿਰ ਦੇ ਅਹਾਤੇ ਵਿਚ ਸਥਾਪਤ ਕਰਨ ਲਈ ਹਨੂੰਮਾਨ ਜੀ ਦੀ ਸ਼ਾਨਦਾਰ ਮੂਰਤੀ ਤਲਾਸ਼ ਕਰਨ ਦੀ ਜ਼ਿੰਮੇਵਾਰੀ ਸੌਂਪੀ। ਉਨ੍ਹਾਂ ਨੂੰ ਇਸ ਮੂਰਤੀ ਦੀ ਭਾਲ ਵਿਚ ਜੈਪੁਰ ਦੇ ਕਈ ਚੱਕਰ ਲਾਉਣੇ ਪਏ ਅਤੇ ਕਈ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪਿਆ। ਜਦੋਂ ਪਹਿਲੀ ਮੂਰਤੀ ਇੰਡੀਆ ਤੋਂ ਪਹੁੰਚੀ ਤਾਂ ਇਥੇ ਪਹੁੰਚਾਏ ਜਾਣ ਦੌਰਾਨ ਖੰਡਤ ਹੋ ਚੁਕੀ ਸੀ ਪਰ ਅਖੀਰ ਪ੍ਰਭੂ ਕਿਰਪਾ ਨਾਲ ਤੀਜੇ ਯਤਨ ਰਾਹੀਂ ਇਹ ਕਾਰਜ ਸੰਪੂਰਨ ਹੋਇਆ। ਉਨ੍ਹਾਂ ਦੱਸਿਆ ਕਿ ਮੰਦਿਰ ਵਿਚ ਹਰ ਮੰਗਲਵਾਰ ਹਨੂੰਮਾਨ ਚਾਲੀਸਾ ਦਾ ਪਾਠ ਹੁੰਦਾ ਹੈ। ਹੁਣ ਜਦੋਂ ਮੂਰਤੀ ਦੀ ਸਥਾਪਨਾ ਹੋ ਚੁਕੀ ਹੈ ਤਾਂ ਇਹ ਇਕੱਲੀ ਮੂਰਤੀ ਨਹੀਂ ਰਹਿ ਗਈ ਸਗੋਂ ਸਾਖਸ਼ਾਤ ਸ਼੍ਰੋਮਣੀ ਭਗਤ ਹਨੂੰਮਾਨ ਜੀ ਮੰਦਰ ਦੇ ਹਾਤੇ ਵਿਚ ਸੁਸ਼ੋਭਿਤ ਹਨ। ਹੋਰ ਜਾਣਕਾਰੀ ਲਈ ਫੋਨ (630) 980-0900 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

*ਤਸਵੀਰਾਂ: ਏਸ਼ੀਅਨ ਮੀਡੀਆ*





## ਮੰਤਰੀਆਂ ਉਤੇ ਵੀ ਲਾਗੂ ਹੋਈ ਸਰਫਾ ਮੁਹਿੰਮ

**ਚੰਡੀਗੜ੍ਹ:** ਪੰਜਾਬ ਦੇ ਵਿੱਤ ਵਿਭਾਗ ਵੱਲੋਂ ਖਾਲੀ ਖ਼ਜ਼ਾਨੇ ਦਾ ਢਿੱਡ ਭਰਨ ਲਈ ਵਿੱਢੀ ਮੁਹਿੰਮ ਨੇ ਹੁਣ ਪੰਜਾਬ ਸਰਕਾਰ ਦੇ ਮੰਤਰੀਆਂ ਤੇ ਵਿਧਾਇਕਾਂ ਨੂੰ ਵੀ ਆਪਣੇ ਲਪੇਟੇ ਲੈ ਲਿਆ ਹੈ। ਇਸ ਮੁਹਿੰਮ ਤਹਿਤ ਵਿੱਤ ਵਿਭਾਗ ਨੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਤੋਂ ਇਲਾਵਾ ਮੰਤਰੀਆਂ, ਮੁੱਖ ਸੰਸਦੀ ਸਕੱਤਰਾਂ ਤੇ ਹੋਰ ਵੀ.ਆਈ.ਪੀਜ਼ ਦੇ ਪੁਲਿਸ ਫਲੀਟ ਲਈ 53 ਨਵੀਆਂ ਗੱਡੀਆਂ ਖਰੀਦਣ ਦੀ ਮੰਗ ਰੱਦ ਕਰ ਦਿੱਤੀ ਹੈ। ਸਰਕਾਰ ਵੱਲੋਂ ਪ੍ਰਸ਼ਾਸਕੀ ਖਰਚਿਆਂ ਵਿਚ 10 ਫੀਸਦੀ ਕਟੌਤੀ ਕਰਕੇ ਸਰਫੇ ਦੀ ਅਪਣਾਈ ਨੀਤੀ ਦਾ ਹਵਾਲਾ ਦਿੰਦਿਆਂ ਵਿੱਤ ਵਿਭਾਗ ਨੇ ਕਿਹਾ ਕਿ ਨਵੀਆਂ ਗੱਡੀਆਂ ਖਰੀਦਣ ਦੀ ਮਨਜ਼ੂਰੀ ਨਹੀਂ ਦਿੱਤੀ ਜਾ ਸਕਦੀ।

ਉਂਜ, ਪੰਜਾਬ ਦੇ ਰਾਜਪਾਲ ਲਈ 1.10 ਕਰੋੜ ਰੁਪਏ ਵਿਚ ਲਗਜ਼ਰੀ ਮਰਸਿਡੀਜ਼ ਬੈਂਜ਼ ਖਰੀਦਣ ਦੀ ਮਨਜ਼ੂਰੀ ਦੇ ਦਿੱਤੀ ਹੈ ਪਰ ਸ਼ਰਤ ਇਹ ਹੈ ਕਿ ਇਹ ਗੱਡੀ ਪੰਜਾਬ ਵਿਚੋਂ ਹੀ ਖਰੀਦਣੀ ਪਵੇਗੀ ਤੇ ਇਸ ਬਾਰੇ ਘੱਟੋ-ਘੱਟ ਸੱਤ ਕਾਰ ਡੀਲਰਾਂ ਤੋਂ ਕੁਟੇਸ਼ਨਾਂ ਮੰਗਵਾਈਆਂ ਜਾਣ। ਸੂਤਰਾਂ ਨੇ ਦੱਸਿਆ ਕਿ ਰਾਜ ਦੇ ਟ੍ਰਾਂਸਪੋਰਟ ਵਿਭਾਗ ਨੇ ਵਿੱਤ ਵਿਭਾਗ ਨੂੰ 53 ਇਨੋਵਾ ਗੱਡੀਆਂ ਖਰੀਦਣ ਲਈ ਰਕਮ ਜਾਰੀ ਕਰਨ ਦੀ ਤਜਵੀਜ਼ ਭੇਜੀ ਸਨ। ਇਨ੍ਹਾਂ ਵਿਚੋਂ ਬਹੁਤੀਆਂ ਗੱਡੀਆਂ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੇ ਕਾਫਲੇ ਵਿਚ ਵਰਤੀਆਂ ਜਾਣੀਆਂ ਸਨ।

ਬਾਕੀ ਗੱਡੀਆਂ ਕੁਝ ਹੋਰ ਮੰਤਰੀਆਂ, ਮੁੱਖ ਸੰਸਦੀ ਸਕੱਤਰਾਂ ਤੇ ਅਫਸਰਾਂ ਦੀ ਵਰਤੋਂ ਵਿਚ ਆਉਣੀਆਂ ਸਨ। ਕੁਝ ਵਿਭਾਗਾਂ ਦੀਆਂ ਸੂਬਾਈ ਅਪੀਲੀ ਅਥਾਰਿਟੀਆਂ ਨੇ ਵੀ ਆਪਣੇ ਲਈ ਐਸਐਕਸ-4 ਗੱਡੀਆਂ ਖਰੀਦਣ ਦੀ ਪ੍ਰਵਾਨਗੀ ਮੰਗੀ ਸੀ। ਇਸ ਸਾਲ ਦੇ ਬਜਟ ਵੀ ਇਹ ਤਜਵੀਜ਼ ਸ਼ਾਮਲ ਸੀ ਕਿ ਨਵੀਆਂ ਗੱਡੀਆਂ ਨਹੀਂ ਖਰੀਦੀਆਂ ਜਾਣਗੀਆਂ। ਸਾਰੇ ਵਿਭਾਗਾਂ ਨੂੰ ਨਵੀਆਂ ਗੱਡੀਆਂ ਖਰੀਦਣ ਲਈ ਰੱਖਿਆ ਵਾਧੂ ਬਜਟ ਵਾਪਸ ਕਰਨ ਲਈ ਕਿਹਾ ਗਿਆ ਸੀ। ਸੂਬਾਈ ਸਰਕਾਰ ਦੇ ਸਾਰੇ ਵਿਭਾਗਾਂ, ਡਿਵੀਜ਼ਨਲ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ, ਜ਼ਿਲ੍ਹਾ ਤੇ ਸੈਸ਼ਨ ਜੱਜਾਂ ਤੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਰਜਿਸਟਰਾਰ ਨੂੰ ਵੀ ਨਵੀਆਂ ਕਾਰਾਂ ਖਰੀਦਣ ਦੇ ਕਿਸੇ ਕੇਸ ਦੀ ਸਿਫਾਰਸ਼ ਨਾ ਕਰਨ ਲਈ ਕਿਹਾ ਗਿਆ ਸੀ।


***Happy Deepawali to all of you!***

**Want to Buy/Sell?**

*Single Home, TH, Condo, Apt, Business, Land, Motel, Investment Property*

**Call Madan Khatri 847-530-1550**



*Madan Khatri*

**www.PropertyZoo.com**

One of 10 Top Producers in 2011 & 2012 at the Prudential Office!

Interest Rates are moving up!

Buy A Home anywhere in Metro NOW !!

*A Broker who can work with you from Beginning to End, Call Now!*

Prudential at 25 Turner Ave, Elk Grove Village, IL



**Sistar Mortgage**

Minimizing Cost, Maximizing Investment

www.SistarMortgage.com



**Balbir (Bill) Grewal, Loan Officer**

*Residential & Commercial Loans*

(734) 330-8859 Mobile

(586) 802-7385 Fax

Balbir.Grewal@SistarMortgage.com

*Refinance up to 125% value of the house.

*Loans Available In Most States!*

>100% FHA Financing >Residential (Purchase & *Refinance) >Self Employed >Cash Out Refinance >Investment Property Loans >Jumbo Loans >Commercial Property With Business or Business Only





ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

www.011india.com

$25 2,500 Minutes

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ

ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।

✓ ਵਧੀਆ, ਸਾਫ਼ ਆਵਾਜ਼

✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ

✓ ਬਗੈਰ ਪਿੰਨ ਤੋਂ ਵਰਤੋ

✓ ਸਪੀਡ ਵਾਲੇ ਨੰਬਰ ਸੈਟ ਕਰੋ

Limited Time Offer. Restrictions & Additional Fees Apply.

800.914.1013 • 408.659.9400

# ਸੰਘਰਸ਼ਸ਼ੀਲ ਸ਼ਾਇਰ ਮਖ਼ਦੂਮ ਮਹੀਉੱਦੀਨ ਦਾ ਦਮ-ਖ਼ਮ

ਕਲਾ ਪਰਿਕਰਮਾ

ਮਖ਼ਦੂਮ ਮਹੀਉੱਦੀਨ (4 ਫਰਵਰੀ 1908-15 ਜਨਵਰੀ 1969) ਪਹਿਲਾ ਉਰਦੂ ਸ਼ਾਇਰ ਸੀ ਜਿਸ ਨੇ ਸੰਨ 1946 ਵਿਚ ਤਿਲੰਗਾਨਾ ਨੂੰ ਵਜੂਦ ਵਿਚ ਲਿਆਉਣ ਲਈ ਆਪਣੀ ਆਵਾਜ਼ ਬੁਲੰਦ ਕੀਤੀ। ਉਹ ਹੈਦਰਾਬਾਦ ਦਾ ਵਸਨੀਕ ਸੀ ਅਤੇ ਉਸਮਾਨੀਆ ਯੂਨੀਵਰਸਿਟੀ ਤੋਂ ਡਿਗਰੀ ਕਰ ਕੇ ਸਿਟੀ ਕਾਲਜ ਵਿਚ ਉਰਦੂ ਦਾ ਲੈਕਚਰਾਰ ਲੱਗ ਗਿਆ। ਕੁਝ ਸਾਲ ਉਸ ਨੇ ਇਸ ਕਾਲਜ ਵਿਚ ਸਰਵਿਸ ਕੀਤੀ ਅਤੇ ਆਪਣੇ ਸਮਕਾਲੀ ਸ਼ਾਇਰਾਂ ਵਿਚ ਬਹੁਤ ਮਕਬੂਲ ਹੋਇਆ ਪਰ ਉਸ ਦੇ ਮਨ ਵਿਚ ਆਪਣੇ ਹਮਵਤਨਾਂ ਦੀ ਤਕਦੀਰ ਬਦਲਣ ਦਾ ਜਜ਼ਬਾ ਬੜਾ ਪ੍ਰਚੰਡ ਤੇ ਪ੍ਰਬਲ ਸੀ। ਉਹ ਚਾਹੁੰਦਾ ਸੀ ਕਿ ਉਹ ਕਮਿਊਨਿਸਟ ਪਾਰਟੀ ਦਾ ਕੁਲ-ਵਕਤੀ ਕਾਰਕੁਨ (ਹੋਲਟਾਈਮਰ) ਬਣ ਕੇ ਕੰਮ ਕਰੇ। ਇਸ ਮਨੋਰਥ ਨਾਲ ਉਸ ਨੇ ਸੰਨ 1942 ਵਿਚ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ। ਉਦੋਂ ਡਾ.



**ਪ੍ਰੋ. ਨਰਿੰਜਨ ਤਸਨੀਮ**
**ਫੋਨ: 91-98725-55091**

ਰਾਜ ਬਹਾਦੁਰ ਗੌੜ ਜੋ ਮਾਰਕਸਿਸਟ ਸੀ ਅਤੇ ਉਰਦੂ ਸ਼ਾਇਰੀ ਦਾ ਪ੍ਰਸ਼ੰਸਕ ਤੇ ਮਦਾਹ ਸੀ, ਨੇ ਮਖ਼ਦੂਮ ਦਾ ਸਾਥ ਦਿੱਤਾ। ਬੀਵੀ-ਬੱਚਿਆਂ ਦੇ ਹੁੰਦਿਆਂ, ਉਸ ਨੇ ਨਿੱਜੀ ਖ਼ੁਸ਼ੀਆਂ ਤਿਆਗ ਦਿੱਤੀਆਂ ਅਤੇ ਆਰਥਿਕ ਔਕੜਾਂ ਨੂੰ ਸਹਾਰਦਿਆਂ ਜਨਤਾ ਦੇ ਸੁਖ ਦੀ ਭਾਲ ਵਿਚ ਨਿਕਲ ਤੁਰਿਆ। ਇੱਕ ਵਕਤ ਐਸਾ ਵੀ ਆਇਆ ਜਦੋਂ ਉਸ ਨੇ ਰੇੜ੍ਹੀ ਉੱਤੇ ਰੂਸੀ ਪੁਸਤਕਾਂ ਸਜਾ ਕੇ ਹੈਦਰਾਬਾਦ ਦੇ ਬਾਜ਼ਾਰਾਂ ਵਿਚ ਘੁੰਮਣਾ ਸ਼ੁਰੂ ਕਰ ਦਿੱਤਾ। ਉਹ ਚਾਹੁੰਦਾ ਸੀ ਕਿ ਲੋਕ ਬਹੁਤ ਛੇਤੀ ਉਸ ਦੇ ਹਮ-ਖ਼ਿਆਲ ਬਣ ਜਾਣ।

ਮਖ਼ਦੂਮ ਨੇ ਸ਼ਹਿਰ ਛੱਡ ਕੇ ਜਦੋਂ ਹੈਦਰਾਬਾਦ ਨੇੜਲੇ ਪੇਂਡੂ ਇਲਾਕਿਆਂ ਵਿਚ ਪ੍ਰਵੇਸ਼ ਕੀਤਾ ਤਾਂ ਉੱਥੋਂ ਦੇ ਕਿਸਾਨਾਂ ਦੀ ਦੁਰਦਸ਼ਾ ਦੇਖ ਕੇ ਉਸ ਦਾ ਦਿਲ ਦਹਿਲ ਗਿਆ। ਇਸ ਤੋਂ ਬਾਅਦ ਉਸ ਨੇ ਉਨ੍ਹਾਂ ਬੇਸਹਾਰਾ ਅਤੇ ਦੁਖਿਆਰੇ ਕਾਸ਼ਤਕਾਰਾਂ ਉਤੇ ਹੋਣ ਵਾਲੇ ਅੱਤਿਆਚਾਰਾਂ ਖ਼ਿਲਾਫ਼ ਮੁਹਿੰਮ ਚਲਾਈ। ਲੋਕਾਂ ਨੂੰ ਲਾਮਬੰਦ ਕੀਤਾ, ਉਨ੍ਹਾਂ ਦੀ ਅਗਵਾਈ ਕੀਤੀ ਅਤੇ ਜੇਲ੍ਹ ਜਾਣਾ ਵੀ ਕਬੂਲ ਕੀਤਾ। ਇਉਂ ਤਿਲੰਗਾਨਾ ਦੀ ਸਥਾਪਨਾ ਦੀ ਲਹਿਰ ਸ਼ੁਰੂ ਹੋ ਗਈ। ਇਹ ਗੱਲਾਂ ਸੰਨ 1946 ਦੀਆਂ ਹਨ। ਉਸ ਨੇ ਆਪਣੀ ਸ਼ਾਇਰੀ ਰਾਹੀਂ ਲੋਕਾਂ ਨੂੰ ਜਾਗਰੂਕ ਕੀਤਾ। ਪਹਿਲਾਂ ਰੋਮਾਨੀ ਗ਼ਜ਼ਲਾਂ ਅਤੇ ਨਜ਼ਮਾਂ ਉਲੀਕਣ ਵਾਲੀ ਕਲਮ ਹੌਲੀ-ਹੌਲੀ ਇਨਕਲਾਬ ਦੇ ਨਗ਼ਮੇ ਉਕਰਨ ਲੱਗ ਪਈ। ਫਿਰ ਵੀ ਉਸ ਦੇ ਅੰਦਰ ਦਾ ਸੂਖ਼ਮਭਾਵੀ ਸ਼ਾਇਰ, ਆਪਣੀ ਗੱਲ ਬੜੇ ਸਲੀਕੇ ਨਾਲ ਕਰਦਾ ਰਿਹਾ। ਤਿਲੰਗਾਨਾ ਦੇ ਅੰਦਰਲੇ ਇਲਾਕੇ ਦੀ ਕੁਦਰਤੀ ਸੁੰਦਰਤਾ ਉਸ ਨੂੰ ਕਿਸੇ ਮਾਸੂਮ ਮੁਟਿਆਰ ਵਾਂਗ ਜਾਪੀ ਜੋ ਬਹੁਤ ਸ਼ਰਮਾਕਲ ਸੀ:

ਖੇਤਾਂ ਦੀਆਂ ਵੱਟਾਂ 'ਤੇ ਲਹਿਰਾ ਕੇ ਚਲਦੀ
ਹਾਸੇ ਦੀਆਂ ਫੁੱਲਝੜੀਆਂ ਬਖੇਰਦੀ
ਸ਼ਰਮਾ ਕੇ ਆਪਣੀਆਂ ਬਾਂਹਾਂ ਵਿਚਲੇ
ਕੰਗਣਾਂ ਨਾਲ ਖੇਡਦੀਏ ਮੁਟਿਆਰੇ!
ਬੇਗਾਨਿਆਂ ਸਾਹਮਣੇ ਆਉਣ ਤੋਂ ਝਕ ਨਾ
ਗੀਤ ਗਾਉਂਦੀ ਜਾ,
ਆਪਣੀ ਸੁਰੀਲੀ ਆਵਾਜ਼ ਵਿਚ
ਤਿਲੰਗਾਨਾ ਨੱਢੀਏ ਗਾਉਂਦੀ ਜਾ
ਨਿੱਤ ਨਵੇਂ ਗੀਤ

ਉਹ ਤਿਲੰਗਾਨਾ ਖੇਤਰ ਦੀ ਸੁੰਦਰਤਾ ਦਾ ਪ੍ਰਸ਼ੰਸਕ ਸੀ ਪਰ ਉੱਥੋਂ ਦੇ ਵਸਨੀਕਾਂ ਦੀ ਬਦਹਾਲੀ ਬਾਰੇ ਫ਼ਿਕਰਮੰਦ ਸੀ। ਇਨ੍ਹਾਂ ਹਾਲਾਤ ਨਾਲ ਦੋ-ਚਾਰ ਹੁੰਦਿਆਂ ਉਸ ਨੇ ਨਜ਼ਮ 'ਇਨਕਲਾਬ' ਲਿਖੀ। ਇਸ ਨਜ਼ਮ ਨੇ ਹੈਦਰਾਬਾਦ ਵਿਚ ਹੀ ਨਹੀਂ ਸਗੋਂ ਉਰਦੂ ਜਾਣਨ ਵਾਲੇ ਹਰ ਬੰਦੇ ਨੂੰ ਪ੍ਰਭਾਵਿਤ ਕੀਤਾ। ਇਸ ਤੋਂ ਬਾਅਦ ਉਸ ਨੇ 'ਬਾਗ਼ੀ' ਨਾਂ ਦੀ ਕਵਿਤਾ ਲਿਖੀ ਜਿਸ ਦਾ ਉਸ ਵਕਤ ਦੀ ਨਿਜ਼ਾਮ ਸਰਕਾਰ ਨੇ ਨੋਟਿਸ ਲਿਆ ਅਤੇ ਇਸ ਸ਼ਾਇਰ ਵੱਲ ਆਪਣੇ ਤੇਵਰ ਬਦਲ ਲਏ; ਲੇਕਿਨ ਮਖ਼ਦੂਮ ਨੇ ਆਪਣੀਆਂ ਕਾਵਿ-ਰਚਨਾਵਾਂ ਰਾਹੀਂ ਆਪਣੇ ਵਿਚਾਰਾਂ ਨੂੰ ਤਿਲੰਗਾਨਾ ਦੇ ਲੋਕਾਂ ਤੱਕ ਪਹੁੰਚਾਉਣ ਵਿਚ ਕੋਈ ਢਿੱਲ ਨਾ ਵਰਤੀ। ਉਸ ਦੀਆਂ ਨਜ਼ਮਾਂ 'ਸੁਰਖ਼ ਸਵੇਰਾ', 'ਗੁਲ-ਏ-ਤਾਰ', 'ਬਿਸਾਸ-ਏ-ਰਕਸ' ਅਤੇ 'ਸਟਾਲਿਨ' ਬਹੁਤ ਮਕਬੂਲ ਹੋਈਆਂ। ਆਪਣੀ ਨਜ਼ਮ 'ਜੰਗ-ਏ-ਆਜ਼ਾਦੀ' ਵਿਚ ਉਹ ਸਪਸ਼ਟ ਲਫ਼ਜ਼ਾਂ ਵਿਚ ਕਹਿੰਦਾ ਹੈ:

ਦੇਖੋ, ਲਾਲ ਸਵੇਰਾ ਆ ਰਿਹਾ ਹੈ
ਇਹ ਲਾਲ ਸਵੇਰਾ ਹੈ ਆਜ਼ਾਦੀ ਦਾ
ਸੁਤੰਤਰਤਾ ਦੇ ਲਾਲ ਰਾਸ਼ਟਰੀ ਗੀਤ ਸੁਣੋ।
ਆਜ਼ਾਦੀ ਦਾ ਅਤੇ ਸੁਤੰਤਰਤਾ ਦਾ
ਦੇਖੋ, ਝੰਡਾ ਲਹਿਰਾ ਰਿਹਾ ਹੈ
ਆਜ਼ਾਦੀ ਦਾ ਅਤੇ ਸੁਤੰਤਰਤਾ ਦਾ।

ਸੰਨ 1946 ਤੋਂ 1951 ਦੌਰਾਨ ਤਿਲੰਗਾਨਾ ਲਹਿਰ ਆਪਣੇ ਸਿਖ਼ਰ 'ਤੇ ਸੀ। ਉਂਝ ਤਾਂ ਇਹ ਲਹਿਰ ਖੇਤਰੀ ਸੀ ਪਰ ਉਰਦੂ ਦੇ ਹੋਰ ਪ੍ਰਸਿੱਧ ਸ਼ਾਇਰਾਂ ਜਿਵੇਂ ਸਿਬਤੇ ਹਸਨ, ਅਖ਼ਤਰ ਹੁਸੈਨ ਰਾਏਪੁਰੀ, ਨ.ਮ. ਜੈਸੂਰੀਆ ਅਤੇ ਜ਼ਹੀਰ ਕਸ਼ਮੀਰੀ ਦੇ ਸਾਥ ਨੇ ਇਸ ਲਹਿਰ ਨੂੰ ਰਾਸ਼ਟਰੀ ਪੱਧਰ 'ਤੇ ਲੈ ਆਂਦਾ। ਨਤੀਜਾ ਇਹ ਹੋਇਆ ਕਿ ਉਰਦੂਦਾਨ ਤਬਕਾ ਪੂਰੇ ਹਿੰਦੁਸਤਾਨ ਵਿਚ ਆਉਣ ਵਾਲੇ ਇਨਕਲਾਬ ਦੇ ਸੁਪਨੇ ਲੈਣ ਲੱਗ ਪਿਆ ਅਤੇ ਉਨ੍ਹਾਂ ਨੂੰ ਇੰਝ ਲੱਗਾ ਕਿ ਤਿਲੰਗਾਨਾ ਦੇ ਵਜੂਦ ਵਿਚ ਆਉਂਦਿਆਂ ਹੀ ਪੂਰੇ ਦੇਸ਼ ਵਿਚ ਬਹੁਤ ਵੱਡੀ ਤਬਦੀਲੀ ਆਏਗੀ। ਇੱਥੋਂ ਤੱਕ ਕਿ ਉਰਦੂ ਦੇ ਪ੍ਰਸਿੱਧ ਹਾਸਰਸ ਲੇਖਕ ਮੁਜਤਬਾ ਹੁਸੈਨ ਨੇ ਮਖ਼ਦੂਮ ਦਾ ਰੇਖਾ-ਚਿੱਤਰ ਲਿਖਦੇ ਵਕਤ ਆਪਣੇ ਹੀ ਅੰਦਾਜ਼ ਵਿਚ ਟਿੱਪਣੀ ਕੀਤੀ, "ਸਾਹਿਬੋ! ਵੋਹ ਭੀ ਕਯਾ ਦਿਨ ਥੇ। ਹਰ ਸੁਬਹਿ ਬਿਸਤਰ ਸੇ ਜਾਗਤੇ ਹੀ ਆਸਮਾਨ ਪਰ ਨਜ਼ਰ ਜਾਤੀ ਥੀ ਕਿ ਕਹੀਂ 'ਸੁਰਖ਼ ਸਵੇਰਾ' ਤੋ ਨਹੀਂ ਆ ਗਿਆ... ਹਮਾਰਾ ਸੋਸ਼ਲਿਜ਼ਮ ਤੋ ਵੁਹੀ ਥਾ ਜੋ ਮਖ਼ਦੂਮ ਮਹੀਉੱਦੀਨ ਔਰ ਫ਼ੈਜ਼ ਕੀ ਸ਼ਾਇਰੀ, ਕਰਿਸ਼ਨ ਚੰਦਰ ਕੇ ਅਫ਼ਸਾਨੋਂ, ਸੱਜਾਦ ਜ਼ਹੀਰ ਔਰ ਸਰਦਾਰ ਜਾਫਰੀ ਕੀ ਤਹਿਰੀਰੋਂ ਕੇ ਵਸੀਲੇ ਸੇ ਹਮ ਤੱਕ ਪਹੁੰਚਾ ਥਾ।"

ਤਿਲੰਗਾਨਾ ਲਹਿਰ ਨੂੰ ਉਦੋਂ ਬਹੁਤ ਵੱਡਾ ਧੱਕਾ ਲੱਗਾ ਜਦੋਂ ਨਿਜ਼ਾਮ ਸਰਕਾਰ ਨੂੰ ਸੰਨ 1948 ਵਿਚ ਪੁਲਿਸ ਐਕਸ਼ਨ ਰਾਹੀਂ ਪਛਾੜ ਕੇ ਹੈਦਰਾਬਾਦ ਰਿਆਸਤ ਨੂੰ ਭਾਰਤੀ ਸੰਘ ਵਿਚ ਸ਼ਾਮਲ ਕਰ ਲਿਆ ਗਿਆ। ਇਉਂ ਰਾਸ਼ਟਰੀ ਹਿੱਤ ਤਾਂ ਪੂਰਾ ਹੋ ਗਿਆ ਪਰ ਤਿਲੰਗਾਨਾ ਦੀ ਸਥਾਪਨਾ ਲਈ ਚਲਾਈ ਗਈ ਲਹਿਰ ਹੌਲੀ-ਹੌਲੀ 1951 ਵਿਚ ਨਜ਼ਰਅੰਦਾਜ਼ ਹੋ ਗਈ। ਨਤੀਜੇ ਵਜੋਂ ਤਿਲੰਗਾਨਾ ਖੇਤਰ ਹੁਣ ਤੱਕ ਪਛੜਿਆ ਰਿਹਾ ਅਤੇ ਇਸ ਦੇ ਵਸਨੀਕ ਬਦਹਾਲੀ ਦਾ ਜੀਵਨ ਬਤੀਤ ਕਰਦੇ ਰਹੇ। ਗ਼ਰੀਬੀ, ਅਗਿਆਨਤਾ ਅਤੇ ਬੇਰੁਜ਼ਗਾਰੀ ਤੋਂ ਇਲਾਵਾ ਸਮਾਜਕ ਅਤੇ ਆਰਥਿਕ ਪਛੜੇਵਾਂ ਉਵੇਂ ਦਾ ਉਵੇਂ ਕਾਇਮ ਰਿਹਾ। ਮਖ਼ਦੂਮ ਨੇ 70 ਸਾਲ ਪਹਿਲਾਂ ਤਿਲੰਗਾਨਾ ਦੀ ਖ਼ੁਸ਼ਹਾਲੀ ਦਾ ਜਿਹੜਾ ਸੁਪਨਾ ਲਿਆ ਸੀ, ਉਸ ਦੇ ਸਾਕਾਰ ਹੋਣ ਦੀ ਸੰਭਾਵਨਾ ਹੁਣ ਪੈਦਾ ਹੋਈ ਹੈ। ਬੇਸ਼ੱਕ ਇਹ ਸਵੇਰ ਜਿਹੜੀ ਪੈਦਾ ਹੋ ਰਹੀ ਹੈ, ਲਾਲ ਸਵੇਰਾ ਨਹੀਂ ਹੈ ਪਰ ਮਖ਼ਦੂਮ ਅਤੇ ਹੋਰ ਉਰਦੂ ਸ਼ਾਇਰਾਂ ਵੱਲੋਂ ਵਜਾਏ ਤਿਲੰਗਾਨਾ ਆਜ਼ਾਦੀ ਦੇ ਬਿਗਲ ਦੀ ਪ੍ਰਤਿਧੁਨੀ ਫ਼ਿਜ਼ਾ ਵਿਚ ਅਜੇ ਵੀ ਗੂੰਜ ਰਹੀ ਹੈ। ਮਖ਼ਦੂਮ ਅਜੇ ਵੀ ਝੰਡਾਬਰਦਾਰ ਹੈ। ਉਸ ਨੂੰ ਭੁੱਲਣਾ ਸਹੀ ਨਹੀਂ। ਉਸ ਦੀ ਯਾਦ ਦਾ ਦੀਵਾ ਜਗਦਾ ਰਹਿਣਾ ਚਾਹੀਦਾ ਹੈ।



## ਰਾਤ ਭਰ

*ਆਪ ਕੀ ਯਾਦ ਆਤੀ ਰਹੀ ਰਾਤ ਭਰ।*
*ਚਾਂਦਨੀ ਦਿਲ ਦੁਖਾਤੀ ਰਹੀ ਰਾਤ ਭਰ॥*
*ਰਾਤ ਭਰ ਦਰਦ ਕੀ ਸ਼ਮਾ ਜਗਤੀ ਰਹੀ।*
*ਗ਼ਮ ਕੀ ਲੌਅ ਥਰਥਰਾਤੀ ਰਹੀ ਰਾਤ ਭਰ॥*
*ਬਾਂਸੁਰੀ ਕੀ ਸੁਰੀਲੀ ਸੁਹਾਨੀ ਸਦਾ।*
*ਯਾਦ ਬਨ ਬਨ ਕੇ ਆਤੀ ਰਹੀ ਰਾਤ ਭਰ॥*
*ਯਾਦ ਕੇ ਚਾਂਦ ਦਿਲ ਮੇ ਉਤਰਤੇ ਰਹੇ।*
*ਚਾਂਦਨੀ ਜਗਮਗਾਤੀ ਰਹੀ ਰਾਤ ਭਰ॥*
*ਕੋਈ ਦੀਵਾਨਾ ਗਲੀਓਂ ਮੇ ਫਿਰਤਾ ਰਹਾ।*
*ਕੋਈ ਆਵਾਜ਼ ਆਤੀ ਰਹੀ ਰਾਤ ਭਰ॥*
***-ਮਖ਼ਦੂਮ ਮਹੀਉੱਦੀਨ***

## ਸ਼ਾਇਰ-ਏ-ਇਨਕਲਾਬ

***ਅਦਬੀ ਅਤੇ ਸਿਆਸੀ ਹਲਕਿਆਂ ਵਿਚ ਸ਼ਾਇਰ ਮਖ਼ਦੂਮ ਮਹੀਉੱਦੀਨ 'ਸ਼ਾਇਰ-ਏ-ਇਨਕਲਾਬ' ਵਜੋਂ ਮਸ਼ਹੂਰ ਸੀ। ਉਂਝ ਉਸ ਦੀਆਂ ਗਜ਼ਲਾਂ ਵਿਚ ਮੁਹੱਬਤ ਦਾ ਜੋ ਰੰਗ ਪੇਸ਼ ਹੋਇਆ ਹੈ, ਉਸ ਦੀ ਕੋਈ ਰੀਸ ਨਹੀਂ। ਇਸੇ ਕਰ ਕੇ ਉਸ ਦੀਆਂ ਕਈ ਗਜ਼ਲਾਂ ਫਿਲਮਾਂ ਦਾ ਹਿੱਸਾ ਬਣ ਗਈਆਂ। 'ਫਿਰ ਛਿੜੀ ਬਾਤ, ਬਾਤ ਫੂਲੋਂ ਕੀ' ਮਖ਼ਦੂਮ ਦੀ ਹੀ ਰਚਨਾ ਹੈ।***



# ਆਖ ਤਸਵੀਰਾਂ ਬੋਲਦੀਆਂ

**ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 16 ਨਵੰਬਰ ਹੈ। -ਸੰਪਾਦਕ**

## ਕੈਪਸ਼ਨ ਮੁਕਾਬਲਾ-90




***ਢਿੱਡ ਦੇ ਸੇਕ ਲਈ ਬੜਾ ਸੇਕਿਆ ਮੈਂ ਜ਼ਿੰਦਗੀ ਭਰ ਸੇਕ।***
***ਦਾਣਿਆਂ ਦੀਆਂ ਬਣਾਈਆਂ ਖਿੱਲਾਂ ਲੈ ਹੌਕਿਆਂ ਦੀ ਹੇਕ।***
***ਕੰਬਦੀ ਦੇਹ ਨਾਲ ਬਣਦੀ ਨਾ ਹੁਣ ਇਹ ਛੋਲਿਆਂ ਦੀ ਦਾਲ।***
***ਫੇਰ ਵੀ ਨਿਭਾਈ ਜਾਂਦੀ ਸਲਮਾ ਸਾਥ ਕੁੱਜੇ ਦੇ ਨਾਲ।***

## ਕੈਪਸ਼ਨ ਮੁਕਾਬਲਾ-88



ਮੈਲੇ-ਕੁਚੈਲੇ, ਚਿੱਬ-ਖੜਿੱਬੇ,
ਹੱਥਾਂ ਨੇ ਇਹ ਧਰਤ ਸ਼ਿੰਗਾਰੀ।
ਖ਼ੁਦ ਤਾਂ ਰਹਿ ਗਏ ਖਾਲਮ ਖਾਲੀ,
ਕਿਰਤ ਦੀ ਕਿਸੇ ਨਾ ਬਾਤ ਵਿਚਾਰੀ।
ਖ਼ੁਸਿਆ ਲੁੱਟਿਆ ਖੋਹਣ ਦੇ ਲਈ
ਹੈ ਇਨ੍ਹਾਂ ਵਿਚ ਤਾਕਤ ਭਾਰੀ।
ਗੁਆਵਣ ਲਈ ਤਾਂ ਭੋਰਾ ਹੈ ਨੀ,
ਪਾਵਣ ਦੇ ਲਈ ਦੁਨੀਆਂ ਸਾਰੀ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਨਾ ਇਹ ਹੱਥ ਭੀਖ ਲਈ ਉਠੇ
ਤੇ ਨਾ ਉਠੇ ਕਦੀ ਸਜ਼ਾਵਾਂ ਲਈ।
ਇਹ ਹੱਥ ਜਦ ਵੀ ਉਠੇ
ਉਠੇ ਬਸ ਦੁਆਵਾਂ ਲਈ।
ਅਰਦਾਸ ਮੇਰੀ ਰੱਬ ਅੱਗੇ ਇਹੋ
ਮੇਰਾ ਇਹ ਹੱਥ ਮਜਬੂਰ
ਉਠੇ ਸਦਾ ਸੇਵਾਵਾਂ ਲਈ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8408***

---

ਮਿਹਨਤ ਤੇਰੀ ਨੂੰ ਪਿਆ ਨਾ ਬੂਰ,
ਹੋਇਆ ਮੰਗਣ ਲਈ ਮਜਬੂਰ।
ਮੌਜਾਂ ਮਾਣਨ ਸਰਮਾਏਦਾਰ,
ਝੂਰਨ ਕਿਰਤੀ ਅਤੇ ਮਜਦੂਰ।
ਉਠ ਬੁਲੰਦ ਕਰ ਹੌਸਲਾ,
ਕਾਹਨੂੰ ਰਿਹਾ ਕਿਸਮਤ ਨੂੰ ਝੂਰ।
ਮੰਗਿਆਂ ਹੱਕ ਨਾ ਮਿਲਦੇ,
ਹੋਣਾ ਪੈਣਾ ਲਾਮਬੰਦ ਜ਼ਰੂਰ।
***-ਗੁਰਦੇਵ ਸਿੰਘ ਵਿਰਦੀ, ਕੈਨੇਡਾ***
***ਫੋਨ: 226-345-7126***

---

ਮੇਰੀ ਸੋਚ ਉਡਾਰੀ ਮਾਰੇ,
ਮੁਸ਼ੱਕਤਾਂ ਸੰਗ ਪ੍ਰਣਾਏ ਹੱਥ।
ਜ਼ਿੰਦਗੀ ਭਰ ਲੋਹਾ ਕੁੱਟ ਕੁੱਟ,
ਇੰਨੇ ਸਖਤ ਬਣਾਏ ਹੱਥ।
ਪੇਟ ਦੀ ਖਾਤਰ ਭੱਠੀ ਝੋਕੀ,
ਕਿਸੇ ਮਾਂ ਜਾਏ ਸੜਵਾਏ ਹੱਥ।
ਮਿਹਨਤ ਦੀ ਖ਼ੂਬ ਲੁੱਟ ਹੋਈ ਹੈ,
ਤਾਂਹੀਓਂ ਅੱਜ ਫੈਲਾਏ ਹੱਥ।
ਸਦਾ ਕਿਰਤੀ ਦਾ ਹੱਕ ਹਲਾਲ ਹੋਵੇ,
ਸਭ ਨੂੰ ਇਹ ਸਮਝਾਏ ਹੱਥ।
***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

# ਕੁੱਤਿਆਂ ਦਾ ਦਿਮਾਗ ਇਨਸਾਨਾਂ ਵਰਗਾ



**ਲੰਡਨ:** ਕੁੱਤਿਆਂ ਦਾ ਦਿਮਾਗ ਵੀ ਇਨਸਾਨਾਂ ਵਰਗਾ ਹੁੰਦਾ ਹੈ ਜਿਸ ਦੇ ਦੋ ਹਿੱਸੇ ਹੁੰਦੇ ਹਨ ਤੇ ਉਹ ਵੱਖਰਾ-ਵੱਖਰਾ ਕੰਮ ਕਰਦੇ ਹਨ। ਇਟਲੀ ਦੇ ਖੋਜਕਰਤਾਵਾਂ ਅਨੁਸਾਰ ਕੁੱਤੇ ਆਪਣੇ ਹਮਾਇਤੀਆਂ ਤੇ ਦੁਸ਼ਮਣਾਂ ਨੂੰ ਵੱਖਰੇ ਤੌਰ 'ਤੇ ਪਛਾਣਦੇ ਹਨ ਤੇ ਆਪਣੇ ਮਾਲਕ (ਹਮਾਇਤੀ) ਨੂੰ ਦੇਖ ਕੇ ਸੱਜੇ ਪਾਸੇ ਸਿਰ ਘੁਮਾਉਂਦੇ ਹਨ ਤੇ ਕਿਸੇ ਦੁਸ਼ਮਣ ਕੁੱਤੇ ਨੂੰ ਦੇਖ ਕੇ ਖੱਬੇ ਪਾਸੇ ਸਿਰ ਘੁਮਾਉਂਦੇ ਹਨ। ਕੁੱਤੇ ਦੀ ਹਿਲਦੀ ਹੋਈ ਪੂਛ ਉਸ ਦੇ ਦਿਮਾਗ ਵਿਚ ਚੱਲ ਰਹੀ ਸਰਗਰਮੀ ਦਾ ਵੀ ਸੰਕੇਤ ਦਿੰਦੀ ਹੈ।

## ਪੰਜਾਬੀ ਗਾਇਕੀ ਦੇ ਅੰਦਰ-ਬਾਹਰ



ਐਸ. ਅਸ਼ੋਕ ਭੌਰਾ

# ਵਕਤ ਨਾਲ ਚਮਕੀਲੇ ਦੀ ਹੱਥੋਪਾਈ

ਜਿਨ੍ਹਾਂ ਨੂੰ ਰਾਹ 'ਜੀ ਆਇਆਂ ਨੂੰ' ਕਹਿਣ, ਉਨ੍ਹਾਂ ਦੇ ਪੈਰ ਸਫ਼ਰ ਕਰਦਿਆਂ ਕਦੇ ਵੀ ਨਹੀਂ ਥੱਕਦੇ; ਤੇ ਜਿਨ੍ਹਾਂ ਰਾਹਾਂ ਉਤੇ ਮੌਤ ਕੂਕਦੀ ਫਿਰੇ ਜ਼ਰਾ ਸੋਚ ਕੇ ਤਾਂ ਦੇਖ, ਉਸ ਰਾਹ ਉਤੇ ਫਰਲਾਂਗ ਤੁਰਨਾ ਵੀ ਉਨਾ ਔਖਾ ਹੁੰਦਾ ਹੈ ਜਿੰਨਾ ਸਾਹ ਦੇ ਮਰੀਜ਼ ਨੂੰ ਪਹਾੜ 'ਤੇ ਜਬਰੀ ਚੜ੍ਹਨ ਲਈ ਕਹਿ ਦੇਣਾ! ਜਿਹੜੇ ਅੱਜ ਵੀ ਦਾਅਵੇ ਕਰਦੇ ਹਨ ਕਿ ਅਸੀਂ ਚਮਕੀਲੇ ਤੇ ਅਮਰਜੋਤ ਨੂੰ ਮਾਰਿਆ, ਸੁਰਖੀ ਲਾਉਂਦੀ ਦੇ ਗੋਲੀ ਮਾਰੀ, ਛਾਤੀਆਂ ਛਲਣੀ ਕਰ ਦਿੱਤੀਆਂ...ਉਹ ਕਦੇ ਇਹ ਨਹੀਂ ਸੋਚਦੇ ਕਿ ਆਵਾਜ਼ਾਂ ਤਾਂ ਫਾਂਸੀ ਦੀ ਸਜ਼ਾ ਖ਼ਤਮ ਕਰਨ ਦੀਆਂ ਉਠ ਰਹੀਆਂ ਹਨ; ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਹੋ ਚੁੱਕੀ ਹੈ, ਉਨ੍ਹਾਂ ਨੂੰ ਮੁਆਫ਼ ਕਰਨ ਦੀਆਂ ਦਲੀਲਾਂ ਦਿੱਤੀਆਂ ਜਾ ਰਹੀਆਂ ਹਨ; ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਪਿੱਟ-ਸਿਆਪਾ ਹੋ ਰਿਹਾ ਹੈ; ਜਿਹੜਾ ਕਿਸੇ ਨੂੰ ਜ਼ਿੰਦਗੀ ਦੇ ਨਹੀਂ ਸਕਦਾ, ਉਹਨੂੰ ਜ਼ਿੰਦਗੀ ਖੋਹਣ ਦਾ ਅਧਿਕਾਰ ਭਲਾ ਕੀਹਨੇ ਦਿੱਤਾ ਹੈ? ਸਿਰਫ਼ ਚਾਰ ਗੀਤਾਂ ਨੂੰ ਇਤਰਾਜ਼ ਦਾ ਉਲਾਂਭਾ ਦੇ ਕੇ ਕਿਸੇ ਦੀ ਜ਼ਿੰਦਗੀ ਗੋਲੀਆਂ ਨਾਲ ਮੌਤ ਦਾ ਆਚਾਰ ਬਣਾ ਦੇਣੀ ਤੇ ਫਿਰ ਇਸ ਨੂੰ ਜਾਇਜ਼ ਠਹਿਰਾਉਣਾ ਉਚਿਤ ਹੋ ਸਕਦੈ? ਜਿਹੜੇ ਕਦੇ ਚਮਕੀਲੇ ਨੂੰ ਮਿਲੇ ਨਹੀਂ, ਕਦੇ ਉਹਨੂੰ ਵਿਅਕਤੀਗਤ ਤੌਰ 'ਤੇ ਵੇਖਿਆ ਨਹੀਂ, ਜਿਨ੍ਹਾਂ ਨੇ ਉਹਦੇ ਗੀਤ ਹੀ ਸੁਣੇ ਹਨ, ਉਹ ਜ਼ਰਾ ਕਲਪਨਾ ਕਰਨ ਇਸ ਕਲਾਕਾਰ ਦੀਆਂ ਇਹ ਚੰਦ ਘੜੀਆਂ, ਕਦੇ ਚਿੰਤਾ ਦੇ ਪਸੀਨੇ ਨਾਲ, ਕਦੇ ਹਉਕਿਆਂ ਦੇ ਦਰਦ ਨਾਲ, ਕਦੇ ਵਾਰ-ਵਾਰ ਸੁੱਕਦਾ ਮੂੰਹ ਗਿੱਲਾ ਕਰ ਕੇ, ਪੂਣੀ ਵਰਗਾ ਬੱਗਾ ਰੰਗ ਕਰ ਕੇ ਗੁਜ਼ਾਰਨੀਆਂ ਕਿੰਨੀਆਂ ਔਖੀਆਂ ਸਨ? ਬੁਰੇ ਵਕਤ ਨਾਲ ਹੱਥੋਪਾਈ ਕਿਸੇ ਡਰਾਕਲ ਬੰਦੇ ਲਈ ਕਿੰਨਾ ਕਠਿਨ ਹੁੰਦਾ ਹੈ? ਉਨ੍ਹਾਂ ਨੂੰ ਇਹ ਪੜ੍ਹ ਕੇ ਲੱਗੇਗਾ ਕਿ ਅਸਹਿ ਪੀੜ 'ਤੇ ਫਹੇ ਰੱਖ ਕੇ ਫੂਕਾਂ ਵਿਚਾਰੇ ਨੇ ਕਿਵੇਂ ਮਾਰੀਆਂ ਹੋਣਗੀਆਂ!

ਜਿਨ੍ਹਾਂ ਨੇ 1986 ਦੇ ਮਾਰਚ ਮਹੀਨੇ ਦਾ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਹੋਲਾ ਮਹੱਲਾ ਵੇਖਿਆ ਹੈ, ਉਹ ਜਾਣਦੇ ਹੋਣਗੇ ਕਿ ਕਿਵੇਂ ਇਕ ਮੰਚ 'ਤੇ ਖਾੜਕੂ ਮੂੰਹ ਬੰਨ੍ਹ ਕੇ ਆਉਂਦੇ, ਲਾਈਟਾਂ ਬੁਝਦੀਆਂ ਤੇ ਉਹ ਭੀੜ ਵਿਚ ਗੁੰਮ ਹੋ ਜਾਂਦੇ। ਖੁਫੀਆ ਏਜੰਸੀਆਂ ਤੇ ਪੁਲਿਸ ਦਾ ਤੰਤਰ-ਮੰਤਰ ਫੇਲ੍ਹ ਹੀ ਨਹੀਂ ਸੀ, ਲਾਚਾਰ ਤੇ ਅਸਮਰਥ ਵੀ ਸੀ ਪਰ ਇਸ ਹੋਲੇ ਮਹੱਲੇ 'ਤੇ ਇਕ ਗੀਤ ਦੇ ਬੋਲ ਜੋ ਥਾਂ-ਥਾਂ ਗੂੰਜ ਰਹੇ ਸਨ, ਹਰ ਇਕ ਨੂੰ ਚੇਤੇ ਹੋਣਗੇ, 'ਤਲਵਾਰ ਮੈਂ ਕਲਗੀਧਰ ਦੀ ਹਾਂ...ਮੈਂ ਤੀਰ ਸੱਚੀ ਸਰਕਾਰ ਦਾ ਹਾਂ' ਪਰ ਇਸ ਗੀਤ ਨੂੰ ਗਾਉਣ ਵਾਲੇ ਚਮਕੀਲੇ ਤੇ ਅਮਰਜੋਤ ਦੇ ਗਲੇ ਵਿਚ ਉਨ੍ਹੀਂ ਦਿਨੀਂ ਰੋਟੀ ਦੀਆਂ ਬੁਰਕੀਆਂ ਵੀ ਸਹਿਮ ਤੇ ਡਰ ਨਾਲ ਫੁਲਦੀਆਂ ਸਨ। ਅੱਗੇ ਚੱਲ ਕੇ ਮੈਂ ਦੱਸਾਂਗਾ ਕਿ ਜਿਹੜੀ ਮੁਲਾਕਾਤ ਦਾ ਸਾਰਅੰਸ਼ ਮੈਂ ਹਥਲੀ ਲਿਖਤ ਵਿਚ ਕੀਤਾ ਹੈ, ਉਸ ਦਾ ਜ਼ਿਕਰ ਤੇ ਪ੍ਰਸ਼ੰਸਾ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨੇ ਚਮਕੀਲੇ ਕੋਲ ਵੀ ਕੀਤਾ ਸੀ।

ਜਿਸ ਰਾਤ ਮੈਂ ਉਹਦੇ ਕੋਲ ਰਿਹਾ, ਉਸ ਦਿਨ ਉਹਨੇ ਸਾਰਾ ਭੇਤ ਖੋਲ੍ਹ ਦਿੱਤਾ ਸੀ ਕਿ ਪੰਥਕ ਕਮੇਟੀ ਤੇ ਮਾਨੋਚਾਹਲ ਨਾਲ ਮਿਲਣ ਤੇ ਭੁੱਲਾਂ-ਚੁੱਕਾਂ ਮੁਆਫ਼ ਕਰਨ ਦਾ ਪ੍ਰੋਗਰਾਮ ਤੈਅ ਹੋ ਚੁੱਕਾ ਹੈ ਤੇ ਇਸ ਕਾਰਜ ਵਿਚ ਉਹਦੀ ਮਦਦ ਬਠਿੰਡਾ ਜ਼ਿਲ੍ਹੇ ਦੇ ਇਕ ਸਿੰਘ ਨੇ ਏਲਚੀ ਬਣ ਕੇ ਕੀਤੀ ਹੈ। ਮੈਨੂੰ ਉਸ ਨੇ ਸਿਰਫ਼ ਹੌਸਲੇ ਵਜੋਂ ਤੇ ਉਹਦੇ ਸਪਸ਼ਟੀਕਰਨ ਤੇ ਤਰਲੇ ਨੂੰ ਤਸਦੀਕ ਕਰਨ ਵਜੋਂ ਨਾਲ ਚੱਲਣ ਲਈ ਕਿਹਾ ਸੀ। ਇਹ ਸਾਰਾ ਕੁਝ ਕਿਵੇਂ ਹੋਇਆ, ਇਹਦੇ ਬਾਰੇ ਹਾਲਾਂਕਿ ਮੈਨੂੰ ਬਿਲਕੁਲ ਪਤਾ ਨਹੀਂ ਸੀ, ਪਰ ਉਹਦੀ ਜ਼ਿੰਦਗੀ ਬਚਾਉਣ ਦੇ ਯਤਨ ਵਿਚ ਹਿੱਸੇਦਾਰ ਬਣਨ ਲਈ ਮੈਂ ਨਾਲ ਚੱਲਣ ਦੀ ਹਾਮੀ ਭਰ ਦਿੱਤੀ ਸੀ। ਅਗਲੇ ਦਿਨ ਮੈਂ ਉਥੋਂ ਪਰਤ ਆਇਆ।

26 ਅਪਰੈਲ 1986 ਦਾ ਦਿਨ ਸੀ। ਤੈਅਸ਼ੁਦਾ ਪ੍ਰੋਗਰਾਮ ਅਨੁਸਾਰ ਅਸੀਂ ਫਗਵਾੜੇ ਦੇ ਬੱਸ ਅੱਡੇ 'ਤੇ ਮਿਲਣਾ ਸੀ। ਮੈਂ ਤਾਂ ਵਕਤ ਸਿਰ ਪੁੱਜ ਗਿਆ ਪਰ ਉਹ ਕਰੀਬ ਸਾਢੇ ਕੁ ਅੱਠ ਵਜੇ ਪੁੱਜੇ। ਬੱਸਾਂ ਜਿਧਰੋਂ ਅੱਡੇ ਅੰਦਰ ਦਾਖਲ ਹੁੰਦੀਆਂ ਸਨ, ਉਥੇ ਮੈਂ ਠੇਕੇ ਦੇ ਸੱਜੇ ਪਾਸੇ ਖੜ੍ਹਾ ਸਾਂ। ਉਹ ਕਾਲੇ ਰੰਗ ਦੀ ਅੰਬੈਸਡਰ ਕਾਰ ਵਿਚ ਆਇਆ। ਡੱਬੀ ਵਾਲੀ ਸ਼ਰਟ ਤੇ ਕਰੀਮ ਰੰਗ ਦੀ ਪੈਂਟ ਤੇ ਸਿਰ ਉਤੇ ਕਾਲੇ ਰੰਗ ਦੀ ਉਹਨੇ ਪਗੜੀ ਬੰਨ੍ਹੀ ਹੋਈ ਸੀ। ਕਾਰ ਰੁਕੀ, ਚਮਕੀਲਾ ਤਾਂ ਹੇਠਾਂ ਨਾ ਉਤਰਿਆ ਪਰ ਉਹਦੇ ਨਾਲ ਪਿਛਲੀ ਸੀਟ 'ਤੇ ਬੈਠਾ ਸਿੰਘ ਉਤਰ ਕੇ ਅੱਗੇ ਬੈਠ ਗਿਆ ਤੇ ਉਹ ਸੀਟ ਮੇਰੇ ਹਿੱਸੇ ਆ ਗਈ। ਜਿਵੇਂ ਬੱਕਰਾ ਝਟਕਈ ਅੱਗੇ ਹਿੰਮਤ ਹਾਰ ਚੁੱਕਾ ਹੁੰਦਾ ਹੈ, ਉਹ ਇੰਨਾ ਉਦਾਸਿਆ ਤੇ ਓਦਰਿਆ ਹੋਇਆ ਸੀ, ਕਿ ਮੇਰੇ ਨਾਲ ਢਿੱਲਾ ਜਿਹਾ ਹੱਥ ਮਿਲਾ ਕੇ ਉਹ ਮੇਰੇ ਗਲ ਲੱਗ ਕੇ ਧਾਹ ਮਾਰ ਕੇ ਕਹਿਣ ਲੱਗਾ, "ਯਾਰ ਤੁਸੀਂ ਮੈਨੂੰ ਬਚਾ ਨ੍ਹੀਂ ਸਕਦੇ...ਮੈਂ ਉਨ੍ਹਾਂ ਦੇ ਕਦਮਾਂ ਵਿਚ ਸਿਰ ਰੱਖ ਦਿਆਂਗਾ ਪਰ ਕਿਤੇ ਉਹ ਅਟਵਾਲ ਵਾਂਗ ਮੇਰੇ ਗੋਲੀ ਤਾਂ ਨਹੀਂ ਮਾਰ ਦੇਣਗੇ?" ਹਾਲਾਤ ਤੇ ਉਸ ਵਕਤ ਦਾ ਤਰਜਮਾ ਇਹ ਸੀ ਕਿ ਉਹ ਦੀ ਮਾਨਸਿਕਤਾ ਦੇਖ ਕੇ ਮੇਰਾ ਗਲਾ ਖੁਸ਼ਕ ਹੋ ਗਿਆ ਪਰ ਅੱਗੇ ਬੈਠਾ ਸਿੰਘ ਬੋਲਿਆ, "ਖਾਲਸਾ ਬਖ਼ਸ਼ਣਹਾਰ ਹੁੰਦੈ, ਫਿਕਰ ਨਾ ਕਰ। ਅੱਜ ਸਭ ਕੁਝ ਠੀਕ ਹੋ ਜਾਵੇਗਾ।" ਮੈਨੂੰ ਅੰਦਾਜ਼ਾ ਤਾਂ ਸੀ ਕਿ ਉਹ ਸਿੰਘ ਕੌਣ ਹੋ ਸਕਦਾ ਹੈ ਪਰ ਚਮਕੀਲੇ ਨੇ ਸਿਰਫ਼ ਇਹੋ ਤੁਆਰਫ਼ ਕਰਾਇਆ ਸੀ ਕਿ ਇਹ ਆਪਣਾ ਹਮਦਰਦ ਮਿੱਤਰ ਹਰਜੀਤ ਸਿੰਘ ਹੈ ਬਠਿੰਡੇ ਤੋਂ।

ਉਹ 'ਅਜੀਤ' ਬੋਲ ਕੇ ਪੜ੍ਹਨ ਲੱਗ ਪਿਆ; ਉਂਜ ਉਹਨੇ ਪਹਿਲਾ ਪੰਨਾ ਮੌਤਾਂ ਨਾਲ ਭਰਿਆ ਹੋਣ ਕਾਰਨ ਪਲਟ ਦਿੱਤਾ। ਉਹ ਮਨ ਹੋਰ ਪਾਸੇ ਲਾ ਰਿਹਾ ਸੀ। ਅਖ਼ਬਾਰ ਵਿਚ ਉਹਦੀ ਦਿਲਚਸਪੀ ਨਹੀਂ ਸੀ। ਕਰਤਾਰਪੁਰ ਲੰਘ ਕੇ ਉਹਨੇ ਚੁੱਪ ਤੋੜੀ, "ਕਿੰਨਾ ਕੁ ਰਹਿ ਗਿਆ ਅੰਬਰਸਰ?" ਪਤਾ ਉਹਨੂੰ ਸੀ, ਬਾਰਡਰ 'ਤੇ ਪ੍ਰੋਗਰਾਮ ਕਰਨ ਜਾਂਦਾ ਸੀ ਪਰ ਉਸ ਦਿਨ ਉਹ ਕਲਾਕਾਰ ਜਾਂ ਗਾਇਕ ਚਮਕੀਲਾ ਨਹੀਂ ਸੀ, ਬੱਸ ਰੂਹ ਬਿਨਾਂ ਕਲਬੂਤ ਸੀ। ਰਈਆ ਲੰਘ ਕੇ ਮੈਂ ਚਾਹ ਪੀਣ ਦੀ ਇੱਛਾ ਜ਼ਾਹਿਰ ਕੀਤੀ ਤਾਂ ਗੱਡੀ ਢਾਬੇ 'ਤੇ ਰੋਕ ਲਈ ਗਈ। ਹਰਜੀਤ ਮੇਰੇ ਨਾਲ ਉਤਰਿਆ ਪਰ ਚਮਕੀਲਾ ਵਿਚ ਹੀ ਬੈਠਾ ਰਿਹਾ। ਆਂਹਦਾ, 'ਕੱਪ ਅੰਦਰ ਹੀ ਫੜਾ ਦਿਓ।' ਹਰਜੀਤ ਚਾਹ ਦਾ ਕੱਪ ਲੈ ਕੇ ਢਾਬੇ ਦੇ ਪਿਛਲੇ ਪਾਸੇ ਤੇ ਫਿਰ ਐਧਰ-ਉਧਰ ਘੁੰਮਦਾ ਰਿਹਾ। ਚਮਕੀਲੇ ਨੂੰ ਚਾਹ ਦਾ ਕੱਪ ਗੱਡੀ 'ਚ ਫੜਾ ਕੇ ਮੈਂ ਕੁਰਸੀ 'ਤੇ ਬੈਠ ਕੇ ਚਾਹ ਤਾਂ ਪੀ ਲਈ ਪਰ ਘੁੱਟ ਔਖੇ ਲੰਘੇ। ਅਸੀਂ ਅੱਗੇ ਤੁਰਨ ਲੱਗੇ ਤਾਂ ਉਹਨੇ ਚਾਹ ਦਾ ਭਰਿਆ ਕੱਪ ਮੇਰੇ ਵੱਲ ਕਰ ਦਿੱਤਾ ਕਿ ਇਹਨੂੰ ਰੱਖ ਦਿਓ।

ਤੁਰ ਰਿਹਾ ਹੋਵੇ, ਅਸੀਂ ਮਸਾਂ ਉਥੇ ਪਹੁੰਚੇ ਜਿਥੇ ਪੰਥਕ ਕਮੇਟੀ ਕੋਲ ਪੇਸ਼ੀ ਸੀ। ਚਮਕੀਲਾ ਅੱਗੇ ਹੱਥ ਜੋੜ ਫਤਿਹ ਬੁਲਾ ਕੇ ਬਹਿ ਗਿਆ ਤੇ ਅਸੀਂ ਪਿੱਛੇ। ਦੋ ਕੁ ਪਲ ਚੁੱਪ ਪਸਰੀ ਰਹੀ ਤੇ ਫਿਰ ਵੱਸਣ ਸਿੰਘ ਜ਼ਫ਼ਰਵਾਲ ਬੋਲ ਪਿਆ, "ਅੱਛਾ ਤੂੰ ਆਂ ਚਮਕੀਲਾ! ਤੈਂ ਪਾਇਐ ਜੇ ਗੰਦ! ਤੈਥੋਂ ਬੰਦਿਆਂ ਵਾਂਗ ਨ੍ਹੀਂ ਗਾ ਹੁੰਦਾ? ਇਥੇ ਕਿਵੇਂ ਆਇਐਂ?" ਉਹ ਬਹੁਤ ਕੁਝ ਇਕੋ ਸਾਹੇ ਬੋਲ ਗਿਆ। ਮੈਂ ਵੀ ਹੋਰ ਸੁੰਗੜ ਗਿਆ ਕਿ ਹੁਣ ਇਹ ਵੀ ਪੁੱਛਣਗੇ ਕਿ ਨਾਲ ਕੌਣ-ਕੌਣ ਆਇਐ?

ਇਥੇ ਵਿਚਾਰਾ ਸ਼ਬਦ ਚਮਕੀਲੇ 'ਤੇ ਪੂਰਾ ਢੁਕਵਾਂ ਲੱਗ ਰਿਹਾ ਸੀ। ਉਹਦੀਆਂ ਲੱਤਾਂ ਦੀ ਕੰਬਣੀ ਮੈਂ ਮਹਿਸੂਸ ਕਰ ਰਿਹਾ ਸਾਂ ਤੇ ਅੰਦਰੋਂ ਮੈਨੂੰ ਵੀ ਇਹ ਲੱਗਣ ਲੱਗ ਪਿਆ ਸੀ ਕਿ ਬਚਾਉਣ ਤਾਂ ਇਹਨੂੰ ਆਏ ਸਾਂ ਪਰ ਰੋੜ੍ਹ ਅੱਜ



*ਚਮਕੀਲੇ ਦੇ ਸੁਨੇਹੇ 'ਤੇ ਉਹਦੇ ਦੁੱਖ ਦੀ ਵਿਆਖਿਆ ਸੁਣਨ ਲਈ ਮੈਂ ਉਹਦੇ ਜਮਾਲਪੁਰ (ਲੁਧਿਆਣੇ) ਘਰ ਵਿਚ ਇਕ ਰਾਤ ਰਿਹਾ। ਅਮਰਜੋਤ ਨੇ ਖਾਣਾ ਤਾਂ ਬਣਾਇਆ ਪਰ ਜ਼ਿੰਦਗੀ ਦਾ ਚਿਰਾਗ ਬੁਝਦਾ ਨਜ਼ਰ ਆਉਣ ਕਰਕੇ ਚਾਅ ਤੇ ਰੀਝ ਗਾਇਬ ਸੀ। ਚਮਕੀਲੇ ਦੀ ਨਕਲੀ ਮੁਸਕਰਾਹਟ ਪੜ੍ਹ ਕੇ ਦੇਖੋ, ਜਮਾਲਪੁਰ ਦੇ ਹੀ ਇਕ ਸਟੂਡੀਓ ਵਿਚ ਉਹਨੇ ਇਹ ਕਹਿ ਕੇ ਮੇਰੇ ਨਾਲ ਫੋਟੋ ਖਿਚਵਾਈ ਸੀ, ਚੱਲ ਜਾਂਦੀ ਵਾਰ ਇਹ ਨਿਸ਼ਾਨੀ ਰੱਖ ਲਈਏ।*

"ਚਾਹ ਪੀਣੀ ਨਹੀਂ?"

"ਮੇਰਾ ਜੀਅ ਨਹੀਂ ਕਰਦਾ।" ਤੇ ਉਹਨੇ ਆਪ ਹੀ ਡੋਲ੍ਹ ਦਿੱਤੀ।

ਅੰਮ੍ਰਿਤਸਰ ਵੜਦਿਆਂ ਹੀ ਉਹਨੇ ਮੈਨੂੰ ਕਿਹਾ ਕਿ "ਕੁਝ ਦੱਸ ਤਾਂ ਦਿਓ ਉਥੇ ਕਹਿਣਾ ਕੀ ਹੈ? ਤੂੰ ਵੀ ਦੱਸ...।" ਹਰਜੀਤ ਕਹਿਣ ਦੀ ਥਾਂ ਉਹਦੇ ਮੂੰਹੋਂ ਉਹੀ ਅੱਧਾ ਕੁ ਨਾਂ ਨਿਕਲ ਗਿਆ। ਫਿਰ ਬਦਲ ਕੇ ਹਰਜੀਤ ਕਹਿਣ ਲੱਗ ਪਿਆ। ਮੇਰਾ ਸ਼ੱਕ ਯਕੀਨ 'ਚ ਤਾਂ ਬਦਲ ਗਿਆ ਸੀ, ਊਂ ਮੈਂ ਕੁਝ ਪਲ ਉਹਦੇ ਨਾਲੋਂ ਵੀ ਵੱਧ ਡਰ ਗਿਆ ਸਾਂ। ਅਸੀਂ ਕਰੀਬ ਪੌਣੇ ਕੁ ਬਾਰਾਂ ਵਜੇ ਪੁੱਜ ਗਏ ਸਾਂ। ਦਰਬਾਰ ਸਾਹਿਬ ਮੱਥਾ ਟੇਕਿਆ। ਮੈਂ ਗਿਆਰਾਂ ਦਾ ਤੇ ਉਹਨੇ ਇਕ ਸੌ ਇਕ ਦਾ ਪ੍ਰਸ਼ਾਦ ਲਿਆ ਤੇ ਗੁਰੂ ਕੀ ਗੋਲਕ ਵਿਚ ਪੰਜ ਸੌ ਇਕ ਪਾਉਣ ਲੱਗਾ ਉਹ ਕਿੰਨਾ ਚਿਰ ਗੁਰੂ ਦੇ ਚਰਨਾਂ ਵਿਚ ਸਿਰ ਧਰ ਕੇ ਲਗਭਗ ਲੰਮਾ ਵੀ ਪੈ ਗਿਆ ਸੀ। ਚਮਕੀਲੇ ਦੇ ਮੂੰਹੋਂ ਇਕ ਸਤਰ ਹੀ ਸੁਣੀ ਸੀ, "ਕੋਹੜੀਆਂ ਦੇ ਕੋਹੜ ਦੂਰ ਕਰਨ ਵਾਲੇ ਪਾਤਸ਼ਾਹ, ਬਖ਼ਸ਼ ਦੇ ਅੱਜ! ਮੇਰੇ ਫਿਕਰਾਂ ਦਾ ਕੋਹੜ ਮੁਕਾ ਦੇ।" ਹਰਜੀਤ ਮੱਥਾ ਟੇਕ ਕੇ ਸਾਨੂੰ ਇਕ ਪਾਸੇ ਬਾਹਰ ਬਿਠਾ ਕੇ ਅਗਲੀ ਕਾਰਵਾਈ ਲਈ ਚਲੇ ਗਿਆ। ਅਸੀਂ ਕਰੀਬ ਚਾਰ ਘੰਟੇ 'ਕੱਲੇ ਬੈਠੇ ਰਹੇ। ਸਮਾਂ ਬਾਰਾਂ ਵਜੇ ਮਿਲਣ ਦਾ ਸੀ। ਦੋ ਕੁ ਵਾਰ ਹਰਜੀਤ ਆ ਕੇ ਦੱਸ ਗਿਆ ਸੀ ਕਿ ਗੱਲਬਾਤ ਚੱਲ ਰਹੀ ਐ ਪਰ ਇਹ ਵਕਤ ਕੱਟਣਾ ਔਖਾ ਬਹੁਤ ਸੀ। ਗਰਮੀ ਬਹੁਤੀ ਨਹੀਂ ਸੀ ਪਰ ਆਪਣੇ ਚਿੱਟੇ ਰੁਮਾਲ ਨਾਲ ਉਹ ਵਾਰ-ਵਾਰ ਮੁੜ੍ਹਕਾ ਪੂੰਝ ਰਿਹਾ ਸੀ। ਗੱਲ ਕੋਈ ਕਰਨੇ ਨੂੰ ਤਿਆਰ ਨਹੀਂ ਸੀ। ਤਿੰਨ ਕੁ ਘੰਟੇ ਗੁਜ਼ਰਨ 'ਤੇ ਉਹਨੇ ਹੌਸਲਾ ਕਰ ਕੇ ਮੈਨੂੰ ਕਿਹਾ, "ਭੌਰੇ...ਇਕ ਗੱਲ ਕਹਾਂ?"

"ਹਾਂ।"

"ਮੈਨੂੰ ਲਗਦਾ, ਮੈਂ ਅੱਜ ਜਿਉਂਦਾ ਨਹੀਂ ਮੁੜਾਂਗਾ। ਚੱਲ ਚਲੀਏ...ਮੇਰਾ ਮਨ ਨਹੀਂ ਖੜ੍ਹਦਾ।"

ਟੁੱਟੇ ਦਿਲ ਨਾਲ ਮੈਂ ਟੁੱਟਿਆ ਦਿਲ ਜੋੜਨ ਦੀ ਕੋਸ਼ਿਸ਼ ਹੀ ਕੀਤੀ, "ਇਸ ਦਰ ਤੋਂ ਕੋਈ ਨਿਰਾਸ਼ ਨਹੀਂ ਜਾਂਦਾ, ਸਭ ਠੀਕ ਹੋ ਜਾਵੇਗਾ।"

ਇਕ-ਦੂਜੇ ਦੇ ਉਤਰੇ ਚਿਹਰੇ ਆਪੇ ਪੜ੍ਹ ਕੇ ਫਿਰ ਗੁੰਮ-ਸੁੰਮ ਹੋ ਗਏ। ਕਰੀਬ ਸਵਾ ਕੁ ਪੰਜ ਵਜੇ ਹਰਜੀਤ ਨੇ ਆ ਕੇ ਕਿਹਾ, "ਆ ਜੋ ਚਲੀਏ।"

ਜਿਵੇਂ ਲੱਤਾਂ ਤੋਂ ਬਿਨਾਂ ਕੋਈ ਘਿਸਰ ਕੇ ਸਾਰੇ ਦਿੱਤੇ ਜਾਣਗੇ। ਚਮਕੀਲਾ ਹੱਥ ਜੋੜ ਕੇ ਬਿਨਾਂ ਕੁਝ ਬੋਲਿਆਂ ਬੈਠਾ ਰਿਹਾ ਪਰ ਅਗਲੇ ਪਲ ਹਾਲਾਤ ਇਕ ਦਮ ਮੋੜ ਕੱਟ ਗਏ। ਮਾਨੋਚਾਹਲ ਨੂੰ ਮੈਂ ਪਹਿਲੀ ਵਾਰ ਦੇਖ ਰਿਹਾ ਸਾਂ ਪਰ ਆਸ ਦੇ ਉਲਟ। ਉਹ ਮੈਨੂੰ ਨਰਮ ਤੇ ਦਿਆਲੂ ਲੱਗਣ ਲੱਗਾ ਜਦੋਂ ਉਸ ਨੇ ਅਗਲਾ ਸੁਆਲ ਕੀਤਾ, "ਤਲਵਾਰ ਮੈਂ ਕਲਗੀਧਰ ਦੀ ਹਾਂ" ਗੀਤ ਤੂੰ ਗਾਇਐ? ਅਸੀਂ ਅਨੰਦਪੁਰ ਸੁਣਿਆ ਸੀ ਹੋਲੇ ਮਹੱਲੇ 'ਤੇ। ਹੋਰ ਅਸੀਂ ਤਾਂ ਕੁਝ ਨ੍ਹੀਂ ਆਪ ਸੁਣਿਆ ਤੇਰਾ, ਲੋਕ ਦੱਸਦੇ ਆ ਪਈ ਚੰਗਾ ਨ੍ਹੀਂ ਗਾ ਰਿਹਾ। ਤਲਵਾਰ ਵਰਗੇ ਗੀਤ ਗਾਇਆ ਕਰ।"

ਚਮਕੀਲੇ 'ਚ ਜਿਵੇਂ ਜਾਨ ਪੈ ਗਈ ਹੋਵੇ। ਬੋਲ ਢਿੱਡ 'ਚੋਂ ਮਸਾਂ ਨਿਕਲੇ ਜਦੋਂ ਉਸ ਨੇ ਆਪਣੀ ਕਾਪੀ ਬਾਬਾ ਮਾਨੋਚਾਹਲ ਅੱਗੇ ਕੀਤੀ, "ਜੀ ਆਹ ਵੇਖ ਲਵੋ, ਹੁਣ ਮੈਂ ਧਾਰਮਿਕ ਗੀਤ ਹੀ ਗਾਇਆ ਕਰਾਂਗਾ।"

"ਅਸੀਂ ਤਾਂ ਤੇਰੀ ਕਾਪੀ ਕੀ ਦੇਖਣੀ ਆਂ। ਤੂੰ ਗੀਤ ਗਾਉਣ ਤੋਂ ਪਹਿਲਾਂ ਆਪਣੀ ਭੈਣ ਨੂੰ ਵਿਖਾ ਲਿਆ ਕਰ। ਉਹੀ ਤੇਰਾ ਸੈਂਸਰ ਬੋਰਡ ਹੈ।"

"ਹਾਂ ਜੀ ਠੀਕ ਆ। ਅੱਗਿਉਂ ਮੈਂ ਕੋਈ ਗਲਤੀ ਨਹੀਂ ਕਰਾਂਗਾ।"

"ਪੱਕਾ?"

"ਜੀ ਬਿਲਕੁਲ।"

ਉਹਨੇ ਸਲਿੱਪ 'ਤੇ ਕੁਝ ਲਿਖਿਆ ਤੇ ਉਹ ਹਰਜੀਤ ਦੇ ਹੱਥ ਕਰ ਕੇ ਕਿਹਾ, "ਜਾਓ ਫਿਰ ਸਿੰਘਾਂ ਨੂੰ ਫਿਰ ਸ਼ਿਕਾਇਤ ਨਹੀਂ ਆਉਣੀ ਚਾਹੀਦੀ।"

ਤੇ ਉਥੋਂ ਅਸੀਂ ਫਿਰ ਇਕ ਹੋਰ ਪਾਸੇ ਚਲੇ ਗਏ। ਪੰਜ-ਸੱਤ ਮਿੰਟ ਤੁਰਦਿਆਂ ਹਰਜੀਤ ਨੇ ਚਮਕੀਲੇ ਨੂੰ ਕਿਹਾ, "ਛੱਡ ਚਿੰਤਾ। ਕਰ'ਤਾ ਬਾਬਿਆਂ ਨੇ ਮੁਆਫ਼।" ਉਹ ਜਾਣਦਾ ਹੋਵੇਗਾ ਕਿ ਸਲਿੱਪ 'ਤੇ ਕੀ ਲਿਖਿਆ ਹੈ।

ਤੇ ਅੱਗੇ ਜਿਸ ਕਮਰੇ ਵਿਚ ਅਸੀਂ ਗਏ, ਉਥੇ ਕੁਝ ਸਿੰਘ ਸਨ। ਉਨ੍ਹਾਂ ਕੋਲ ਚਮਕੀਲੇ ਦਾ ਜਿਵੇਂ ਗੰਗਾ ਦੇ ਪੰਡਿਤਾਂ ਵਾਂਗ ਪੂਰਾ ਹਿਸਾਬ-ਕਿਤਾਬ ਹੋਵੇ! ਉਹ ਹੱਸ ਪਏ, "ਬੱਲੇ ਚਮਕੀਲਿਆ! ਹੁਣ ਬਚ ਗਿਆ ਤੂੰ, ਪਹਿਲਾ ਮੌਕਾ ਨ੍ਹੀਂ ਮਿਲਿਆ ਤੇ ਅੱਜ ਖਾਲਸੇ ਦੀਆਂ ਸਰਕਾਰਾਂ ਨੇ ਬਖ਼ਸ਼'ਤਾ। ਹੁਣ ਧਿਆਨ ਨਾਲ ਗਾਵੀਂ।" ਹਰਜੀਤ ਤਾਂ ਉਥੇ ਹੀ ਰਹਿ ਗਿਆ ਤੇ ਅਸੀਂ ਪਿਛਲੇ ਪੈਰੀਂ ਪਲਾਂ-ਛਿਣਾਂ ਵਿਚ ਗੱਡੀ ਵਿਚ ਆਣ ਬੈਠੇ। ਚਮਕੀਲੇ ਦੀ ਖਲਾਸੀ ਹੋ ਗਈ ਸੀ। ਉਹਦੇ ਚਿਹਰੇ ਤੋਂ ਸਭ ਕੁਝ ਪੜ੍ਹਿਆ ਜਾ ਰਿਹਾ ਸੀ ਕਿ ਉਹ ਹੁਣ ਸਵੇਰ ਵਾਲਾ ਚਮਕੀਲਾ ਨਹੀਂ ਸੀ। ਰਾਹ ਵਿਚ ਮੈਂ ਦੋ ਕੁ ਵਾਰ ਉਹਨੂੰ ਹਰਜੀਤ ਬਾਰੇ ਪੁੱਛਣ ਦੀ ਕੋਸ਼ਿਸ਼ ਵੀ ਕੀਤੀ ਕਿ ਇਹ ਉਹ ਨਹੀਂ? ਉਹ ਖੁਸ਼ ਹੋ ਕੇ ਆਂਹਦਾ, "ਛੱਡੋ ਹੁਣ ਆਪਾਂ ਨਵੀਂ ਜ਼ਿੰਦਗੀ ਵਿਚ ਆ ਗਏ ਹਾਂ।" ਗੱਲਾਂ ਕਰਦਾ-ਕਰਦਾ ਉਹ ਸੌਂ ਗਿਆ ਜਿਵੇਂ ਕਈ ਦਿਨਾਂ ਦਾ ਉਨੀਂਦਰਾ ਹੋਵੇ। ਜਲੰਧਰ ਲੰਘ ਕੇ ਮੈਂ ਉਹਨੂੰ ਚਹੇੜੂ ਲਾਗੇ ਉਥੇ ਕੁ ਉਠਾਇਆ ਜਿਥੇ ਹੁਣ ਹਵੇਲੀ ਆ।

ਮੈਂ ਕਿਹਾ, "ਘੁੱਟ ਲਾਈਏ?"

"ਫਗਵਾੜੇ ਚੱਲ ਕੇ ਲਾਉਨੇ ਆਂ।"

ਤੇ ਅੱਡੇ ਵਿਚ ਆ ਕੇ ਅਸੀਂ ਦੋ-ਦੋ ਗਲਾਸੀਆਂ ਗੱਡੀ ਵਿਚ ਲਾ ਕੇ ਹੀ ਆਪੋ-ਆਪਣੇ ਰਾਹ ਤੁਰ ਪਏ। ਅਸਲ ਵਿਚ ਮੈਂ ਚਾਹੁੰਦਾ ਸੀ ਕਿ ਹਨੇਰਾ ਹੋਣ ਕਰ ਕੇ ਉਹ ਮੈਨੂੰ ਪਿੰਡ ਛੱਡ ਜਾਵੇ ਪਰ ਉਹ ਚਾਹੁੰਦਾ ਸੀ ਕਿ ਮੈਂ ਖੁਸ਼ੀ ਦੀ ਖਬਰ ਛੇਤੀ ਨਾਲ ਸਵੇਰ ਦੀ ਭੁੱਖੀ-ਭਾਣੀ ਬੈਠੀ ਅਮਰਜੋਤ ਨੂੰ ਦੱਸਾਂ। ਮੈਂ ਬੱਸ ਵਿਚ ਬੰਗਿਆਂ ਨੂੰ ਪਰਤਿਆ ਤੇ ਅੱਗਿਉਂ ਸਾਈਕਲ 'ਤੇ ਕਰੀਬ ਦਸ ਕੁ ਵਜੇ ਘਰ ਪੁੱਜ ਗਿਆ। ਡਰ ਬਿਲਕੁਲ ਨਹੀਂ ਲੱਗਾ ਜਿਵੇਂ ਹੋਣੀ ਆਪ ਹੀ ਬਿਆਸ ਵਿਚ ਡੁੱਬ ਗਈ ਹੋਵੇ।

30 ਸਤੰਬਰ ਵਾਲੇ ਦਿਨ ਜਦੋਂ ਪੰਥਕ ਕਮੇਟੀ ਨੇ ਗੁਰਬਚਨ ਸਿੰਘ ਮਾਨੋਚਾਹਲ ਦੀ ਅਗਵਾਈ ਹੇਠ ਦਰਬਾਰ ਸਾਹਿਬ ਤੋਂ ਸੁਤੰਤਰ ਖਾਲਿਸਤਾਨ ਦਾ ਐਲਾਨ ਕੀਤਾ ਤਾਂ ਹਾਲਾਤ ਹੋਰ ਵੀ ਬਦਲ ਗਏ।

ਇਸ ਘਟਨਾ ਤੋਂ ਤਿੰਨ ਕੁ ਮਹੀਨਿਆਂ ਤੱਕ ਸਾਡਾ ਕੋਈ ਮੇਲ ਨਾ ਹੋਇਆ। ਘਰੇ ਮੈਂ ਵੀ ਘੱਟ ਹੀ ਆਉਂਦਾ ਸੀ ਕਿਉਂਕਿ ਜਿਸ ਪਿੰਡ ਦੇ ਸਕੂਲ ਵਿਚ ਮੈਂ ਪੜ੍ਹਾਉਂਦਾ ਸੀ, ਉਹ ਅਤਿ ਸੁਰੱਖਿਅਤ ਸੀ ਤੇ ਕਈਆਂ ਨੂੰ ਤਾਂ ਪਤਾ ਵੀ ਨਹੀਂ ਹੋਣਾ ਕਿ ਖੇੜਾ ਕਲਮੋਟ ਰੋਪੜ ਜ਼ਿਲ੍ਹੇ ਵਿਚ ਪੰਜਾਬ ਦਾ ਕੋਈ ਆਖਰੀ ਪਿੰਡ ਵੀ ਹੈ।

ਇਸੇ ਸਾਲ ਅਗਸਤ-ਸਤੰਬਰ ਦੇ ਅੰਤ ਵਿਚ ਅਸੀਂ ਘੁੱਟ ਕੇ ਮਿਲੇ। ਉਹਨੇ ਇਕ ਗੱਲ ਮੈਨੂੰ ਦੱਸੀ ਕਿ "ਬਾਬਾ ਜੀ ਦੇ ਦਰਸ਼ਨ ਤਾਂ ਨਹੀਂ ਹੋਏ ਪਰ ਮੇਰਾ ਪ੍ਰੋਗਰਾਮ ਉਨ੍ਹਾਂ ਸੁਣਿਆ।"

"ਬਾਬਾ ਜੀ ਕੌਣ?"

"ਬਖ਼ਸ਼ਣਹਾਰ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਜੀ। ਬੱਸ ਕਿਤੇ ਮੇਰੀ ਸਟੇਜ ਲੱਗੀ ਹੋਈ ਸੀ। ਉਨ੍ਹਾਂ ਮੈਨੂੰ ਪੰਜ ਸੌ ਰੁਪਿਆ ਭੇਜਿਆ ਤੇ ਮੈਂ ਵਿਚ ਸੋਲਾਂ ਸੌ ਹੋਰ ਪਾ ਕੇ ਉਨ੍ਹੀਂ ਹੱਥੀਂ ਵਾਪਿਸ ਲੰਗਰ ਲਈ ਭੇਜ'ਤਾ।"

ਸੱਚ ਇਹ ਸੀ ਕਿ ਬਾਬਾ ਮਨੋਚਾਹਲ ਅਤੇ ਚਮਕੀਲੇ ਦੀ ਨੇੜਤਾ ਹੋ ਗਈ ਸੀ। ਧਾਰਮਿਕ ਕੈਸਿਟ 'ਨਾਮ ਜਪੁ ਲੈ' ਨੇ ਉਲਾਂਭਿਆਂ ਦੇ ਕਾਫ਼ੀ ਧੋਣੇ ਧੋ ਦਿੱਤੇ ਸਨ!

ਉਸ ਦਿਨ ਅਸੀਂ ਕਚਹਿਰੀਆਂ 'ਚ ਜਾ ਕੇ ਇਕ ਨਾਮੀ ਕੰਪਨੀ ਨੂੰ ਨੋਟ ਭੇਜਿਆ ਸੀ ਕਿ ਜਿਹੜੇ ਗੀਤਾਂ ਦੀ ਰਿਕਾਰਡਿੰਗ ਹੋ ਚੁੱਕੀ ਹੈ, ਉਸ ਨੂੰ ਹਾਲੇ ਸਾਲ-ਛੇ ਮਹੀਨੇ ਰਿਲੀਜ਼ ਨਾ ਕੀਤਾ ਜਾਵੇ। ਮੈਂ ਇਹ ਚਾਹੁੰਦਾ ਸੀ ਕਿ ਉਹ ਇਥੇ ਸਤਰ ਲਿਖੇ ਕਿ ਮੇਰੀ ਸਹਿਮਤੀ ਤੋਂ ਬਿਨਾਂ ਕੁਛ ਨਾ ਕੀਤਾ ਜਾਵੇ ਪਰ ਉਹ ਜਿਵੇਂ ਬਹੁਤ ਦਲੇਰ ਹੋ ਗਿਆ ਹੋਵੇ...ਅਖੇ, "ਕੋਈ ਗੱਲ ਨਹੀਂ, ਫੇਰ ਭੇਜ ਦਿਆਂਗੇ ਲਿਖ ਕੇ।"

ਇਸੇ ਆਖਰੀ ਐਲਬਮ ਵਿਚ ਸਾਰਾ ਪੁਆੜਾ ਸੀ ਜੀਹਦੇ 'ਚ ਗੀਤ ਸੀ,

ਨੰਗੇ ਮੂੰਹ...
ਬੂਹੇ ਵਿਚ ਕੇਸ ਸੁਕਾਉਂਦੀ
ਅਕਲ 'ਤੇ ਪਰਦਾ ਪੈ ਗਿਆ
ਧਾਰੀ ਬੰਨ੍ਹ ਸੁਰਮਾ ਪਾਉਂਦੀ
ਮੇਰਾ ਇਨਸਾਫ਼ ਨਹੀਂ...
ਭੁੱਲ ਗਈ ਮੈਂ ਘੁੰਡ ਕੱਢਣਾ,
ਜੇਠਾ ਵੇ ਮੁਆਫ਼ ਕਰੀਂ...।

...ਤੇ ਗੱਲ ਉਹੀ ਹੋਈ। ਕੰਪਨੀ ਨੇ ਆਪਣਾ ਵਪਾਰ ਵੇਖਿਆ ਤੇ ਰੀਲ੍ਹ ਭੇਜ'ਤੀ ਮਾਰਕਿਟ ਵਿਚ।

ਫਿਰ ਤਾਂ ਆਏਂ ਲੱਗਣ ਲੱਗ ਪਿਆ ਸੀ ਕਿ ਕਿਸ਼ਤੀ ਕਿਨਾਰੇ 'ਤੇ ਲੱਗ ਕੇ ਫਿਰ ਡੁੱਬਣ ਵਾਲੀ ਹਾਲਤ 'ਚ ਚਲੇ ਗਈ ਹੈ। ਵਕਤ ਉਹਦੇ ਨਾਲ ਫਿਰ ਵਿਟਰ ਗਿਆ ਲਗਦਾ ਸੀ।

ਕਿੰਨਾ ਕੁਝ ਮੈਂ ਸੰਕੇਤਕ ਭਾਸ਼ਾ ਵਿਚ ਕਹਿਣ ਦੀ ਕੋਸ਼ਿਸ਼ ਕੀਤੀ ਹੈ, ਫਿਰ ਵੀ ਸਮਝਣ ਵਾਲੇ ਅੰਦਾਜ਼ਾ ਲਾ ਹੀ ਲੈਣਗੇ ਕਿ ਕਿਥੇ-ਕਿਥੇ ਕੀ-ਕੀ ਹੋਇਆ ਹੋਵੇਗਾ!

**(ਚਲਦਾ)**



*ਇਹ ਫੋਟੋ ਫਗਵਾੜੇ ਸ਼ਹਿਰ ਦੀ ਹੈ ਜਦੋਂ ਉਸ ਨੇ ਆਪਣੀ ਪਹਿਲੀ ਪਤਨੀ ਗੁਰਮੇਲ ਕੌਰ ਦੀ ਸਹਿਮਤੀ ਨਾਲ ਅਮਰਜੋਤ ਨਾਲ ਆਪਣੇ ਸਾਜ਼ਿੰਦੇ ਵਿੱਕੀ ਦੇ ਘਰ ਵਿਆਹ ਦੀਆਂ ਧਾਰਮਿਕ ਤੇ ਸਮਾਜਿਕ ਰਸਮਾਂ ਪੂਰੀਆਂ ਕਰਕੇ ਅਮਰਜੋਤ ਦੀ ਮਾਂਗ 'ਚ ਸੰਧੂਰ ਭਰਿਆ ਸੀ। ਉਹਨੇ ਦੂਜੇ ਵਿਆਹ ਲਈ ਇਸਲਾਮ ਧਰਮ ਦਾ ਸਹਾਰਾ ਨਹੀਂ ਲਿਆ ਸੀ।*

# ਸਤਿ ਅਤੇ ਸਚਿਆਰਾ

## ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

ਹੁਣ ਤੱਕ ਕਈ ਵਾਰ ਇਸ ਗੱਲ ਵੱਲ ਸੰਕੇਤ ਕੀਤਾ ਜਾ ਚੁੱਕਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਮਨੁੱਖ ਸਾਹਮਣੇ ਨਿਸ਼ਾਨਾ 'ਸਚਿਆਰਾ' ਹੋਣ ਦਾ ਰੱਖਿਆ ਹੈ ਅਤੇ ਜਪੁਜੀ ਸਾਹਿਬ ਵਿਚ ਪਹਿਲਾ ਪ੍ਰਸ਼ਨ ਹੀ ਇਹ ਰੱਖਿਆ ਹੈ ਕਿ ਸਚਿਆਰਾ ਕਿਵੇਂ ਬਣਨਾ ਹੈ, 'ਕਿਵ ਸਚਿਆਰਾ ਹੋਵੀਐ' ਇਸ ਪ੍ਰਸ਼ਨ ਤੋਂ ਬਾਅਦ ਅਗਲਾ ਪ੍ਰਸ਼ਨ ਇਹ ਹੈ ਕਿ ਇਹ 'ਸਤਿ' ਅਤੇ 'ਸਚਿਆਰਾ' ਕੀ ਹੈ ਜਿਸ ਨੂੰ ਗੁਰੂ ਨਾਨਕ ਸਾਹਿਬ ਨੇ ਮਨੁੱਖ ਵਾਸਤੇ ਆਦਰਸ਼ ਮੰਨਿਆ ਹੈ। ਇਥੇ ਇਹ ਗੱਲ ਵੀ ਸ਼ਾਮਲ ਕਰ ਲੈਣੀ ਬਹੁਤ ਮਹੱਤਵਪੂਰਨ ਹੈ ਕਿ 'ਸਤਿ' ਸ਼ਬਦ ਸਰਬ-ਉਚ ਸ਼ਕਤੀ, ਅੰਤਮ ਸਤਿ ਅਰਥਾਤ ਪਰਮਾਤਮਾ ਲਈ ਵਰਤਿਆ ਗਿਆ ਹੈ, ਜੋ ਕਿ ਮਨੁੱਖ ਵਾਸਤੇ ਆਦਰਸ਼ ਹੈ। 'ਸਚਿਆਰਾ' ਸ਼ਬਦ ਉਸ ਜੀਵ-ਆਤਮਾ ਲਈ ਵਰਤਿਆ ਜਾਂਦਾ ਹੈ ਜਿਸ ਨੇ ਉਸ ਪਰਮਾਤਮਾ ਨੂੰ ਆਪਣੇ ਅੰਦਰ ਅਨੁਭਵ ਕਰ ਲਿਆ ਹੈ ਅਰਥਾਤ ਜਿਸ ਨੇ ਆਪਣੇ ਆਪ ਨੂੰ ਰੱਬੀ ਜੋਤਿ ਦਾ ਹਿੱਸਾ ਹੋਣ ਦਾ ਅਨੁਭਵ ਪ੍ਰਾਪਤ ਕਰ ਲਿਆ ਹੈ।

ਗੁਰੂ ਨਾਨਕ ਸਾਹਿਬ ਨੇ ਮਨੁੱਖ ਵਾਸਤੇ ਆਦਰਸ਼ ਪਰਮਾਤਮਾ ਦੇ ਸਤਿ-ਸਰੂਪ ਹੋਣ ਤੋਂ ਲਿਆ ਹੈ। ਇਸ ਲਈ ਸਭ ਤੋਂ ਪਹਿਲਾਂ ਉਸ ਦੇ ਸਤਿ-ਸਰੂਪ ਹੋਣ ਨੂੰ ਜਾਣਨਾ ਜ਼ਰੂਰੀ ਹੈ ਕਿ ਇਸ ਦਾ ਕੀ ਅਰਥ ਹੈ? ਇਸ ਦੀ ਵਿਆਖਿਆ ਵਿਦਵਾਨ ਆਪਣੇ ਆਪਣੇ ਨਜ਼ਰੀਏ ਤੋਂ ਕਰਦੇ ਆਏ ਹਨ ਅਤੇ ਕਰ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਹੀ ਵਾਕ ਵਿਚ ੴ ਤੋਂ ਬਾਅਦ 'ਸਤਿਨਾਮ' ਆਇਆ ਹੈ ਜਿਸ ਦਾ ਅੰਗਰੇਜ਼ੀ ਵਿਚ ਪਹਿਲਾ ਅਨੁਵਾਦ ਕਰਦਿਆਂ ਟਰੰਪ ਨੇ ਲਿਖਿਆ ਹੈ ਕਿ ਸਤਿਨਾਮ ਉਹ ਕਰਤਾਰ ਹੈ ਜੋ ਬਿਨਾ ਕਿਸੇ ਭੈ ਦੇ ਹੈ ਅਤੇ ਜਿਸ ਦਾ ਕਿਸੇ ਨਾਲ ਕੋਈ ਵੈਰ ਨਹੀਂ ਹੈ।

'ਕਿਵ ਸਚਿਆਰਾ ਹੋਵੀਐ' ਦਾ ਅਨੁਵਾਦ ਕਰਦਿਆਂ ਉਸ ਨੇ ਲਿਖਿਆ ਹੈ ਕਿ 'ਕੋਈ ਸੱਚ ਜਾਣਨ ਵਾਲਾ ਮਨੁੱਖ ਕਿਵੇਂ ਬਣੇ?' ਅਨੁਵਾਦ ਕਰਦਿਆਂ ਉਸ ਨੇ ਅੱਗੇ ਲਿਖਿਆ ਹੈ ਕਿ 'ਕਰਤਾ ਪੁਰਖ 'ਸਤਿਨਾਮ' ਅਰੰਭ ਵਿਚ ਵੀ ਸਤਿ ਸੀ, ਸਤਿ ਹੈ ਅਤੇ ਸਤਿ ਰਹੇਗਾ। ਪਰ ਉਸ ਤੋਂ ਪਿੱਛੋਂ ਹੋਏ ਇੱਕ ਹੋਰ ਵਿਦਵਾਨ ਮੈਕਾਲਿਫ ਨੇ ਉਸ ਦੇ ਕੀਤੇ ਇਨ੍ਹਾਂ ਅਰਥਾਂ ਨਾਲ ਸਹਿਮਤੀ ਪ੍ਰਗਟ ਨਹੀਂ ਕੀਤੀ। ਉਸ ਨੇ ਇਸ ਦਾ ਅਨੁਵਾਦ ਕਰਦਿਆਂ ਅਰਥ ਕੀਤਾ ਹੈ, 'ਪਰਮਾਤਮਾ ਇੱਕ ਹੈ ਜਿਸ ਦਾ ਨਾਮ ਸਤਿ ਹੈ, ਜੋ ਕਰਤਾ ਹੈ, ਜੋ ਭੈ ਅਤੇ ਵੈਰ ਤੋਂ ਰਹਿਤ ਹੈ।' ਇਸ ਤੋਂ ਅਗਲੀਆਂ ਪੰਕਤੀਆਂ ਦਾ ਅਰਥ ਕਰਦਿਆਂ ਉਸ ਨੇ ਲਿਖਿਆ ਹੈ, 'ਉਹ ਸੱਚਾ ਅਰੰਭ ਵਿਚ ਵੀ ਸੀ, ਉਹ ਸੱਚਾ ਜੁਗਾਂ ਦੇ ਅਰੰਭ ਵਿਚ ਸੀ, ਉਹ ਹੁਣ ਵੀ ਹੈ ਅਤੇ ਅਤੇ ਉਹ ਸਦਾ ਰਹੇਗਾ।' ਇਸ ਦੀ ਹੋਰ ਵਿਆਖਿਆ ਕਰਦਿਆਂ ਉਸ ਨੇ ਲਿਖਿਆ ਹੈ ਕਿ ਪਰਮਾਤਮਾ ਹਰ ਜੁਗ ਵਿਚ ਸਤਿ ਹੈ।

ਇਸ ਗੱਲ 'ਤੇ ਸ਼ੱਕ ਨਹੀਂ ਕੀਤਾ ਜਾ ਸਕਦਾ ਕਿ ਪਰਮਾਤਮਾ ਹਰ ਜੁੱਗ ਵਿਚ ਸਤਿ ਸੀ। ਮੈਕਾਲਿਫ ਇਸ ਦੀ ਤੁਲਨਾ ਇੱਕ ਯੂਨਾਨੀ ਮੰਦਰ ਤੇ ਲਿਖੇ ਵਾਕ ਨਾਲ ਕਰਦਾ ਹੈ, ਜੋ ਇਸ ਤਰ੍ਹਾਂ ਹੈ, "ਮੈਂ ਉਹ ਸਭ ਹਾਂ ਜੋ ਸੀ, ਹੈ ਅਤੇ ਹੋਵੇਗਾ।" ਇਸ ਦਾ ਅਰਥ ਇਹ ਕੱਢਿਆ ਜਾ ਸਕਦਾ ਹੈ ਕਿ ਮੈਕਾਲਿਫ ਸਤਿ ਤੋਂ ਅਰਥ ਪਰਮਾਤਮਾ ਦੀ ਹੋਂਦ ਤੋਂ ਲੈਂਦਾ ਹੈ ਅਰਥਾਤ ਜਿਸ ਦੀ ਹੋਂਦ ਸਦੀਵੀ ਹੈ, ਜੋ ਸਦਾ ਕਾਇਮ ਹੈ। ਉਸ ਦਾ ਇਹ ਯਤਨ ਸੰਸਕ੍ਰਿਤ ਵਿਚ ਸਤਿ ਦੀ ਵਰਤੋਂ ਦੇ ਅਰਥਾਂ ਨੂੰ ਸਮਝਣ ਦੀ ਸਹੀ ਕੋਸ਼ਿਸ਼ ਹੈ, ਜਿਥੋਂ ਇਹ ਸ਼ਬਦ ਆਇਆ ਹੈ। ਇਥੇ ਇਸ ਤੱਥ ਨੂੰ ਸਮਝਣ ਵੱਲ ਵੀ ਇਸ਼ਾਰਾ ਕੀਤਾ ਗਿਆ ਹੈ ਕਿ 'ਸਤਿ' ਸ਼ਬਦ ਦੀ ਵਰਤੋਂ ਕਰਕੇ ਗੁਰੂ ਸਾਹਿਬ ਕੀ ਸੰਦੇਸ਼ ਦੇਣਾ ਚਾਹੁੰਦੇ ਹਨ।

ਇਨ੍ਹਾਂ ਵਿਦਵਾਨਾਂ ਦੇ 'ਸਤਿ' ਜਾਂ 'ਸਚ' ਸ਼ਬਦ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਥਾਂਵਾਂ 'ਤੇ ਕੀਤੀ ਗਈ ਵਰਤੋਂ ਵੀ ਧਿਆਨ ਵਿਚ ਹੈ। ਇਸ ਦਾ ਇੱਕ ਅਰਥ ਹੈ, ਸੱਚ ਬੋਲਣਾ, ਦੂਸਰਾ ਹੈ, ਸੱਚ ਮਨੁੱਖ ਦੇ ਇੱਕ ਨੈਤਿਕ ਗੁਣ ਦੇ ਅਰਥਾਂ ਵਿਚ ਅਤੇ ਤੀਸਰਾ ਇਸ ਨੂੰ ਅਕਾਲ ਪੁਰਖ ਦੀ ਸਦੀਵੀ ਹੋਂਦ ਦੇ ਅਰਥਾਂ ਵਿਚ ਵੀ ਵਰਤਿਆ ਗਿਆ ਹੈ।

ਡਾ. ਗੋਪਾਲ ਸਿੰਘ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਦਿਆਂ 'ਸਚ' ਨੂੰ ਸਦੀਵੀ ਦੇ ਅਰਥਾਂ ਵਿਚ ਲਿਆ ਹੈ। ਮੋਹਨ ਸਿੰਘ ਨੇ ਸਤਿ ਦੇ ਅਰਥ 'ਸਚ-ਹੋਂਦ' ਕੀਤੇ ਹਨ। ਸੋਹਣ ਸਿੰਘ ਨੇ ਇਸ ਦੇ ਅਰਥ 'ਅਸਲੀ' ਵਜੋਂ ਕੀਤੇ ਹਨ। ਉਹ ਸਤਿ ਅਤੇ ਸਚ ਨੂੰ ਇੱਕੋ ਅਰਥਾਂ ਵਿਚ ਲੈਂਦਾ ਹੈ ਅਤੇ ਇਨ੍ਹਾਂ ਦਾ ਅਰਥ 'ਅਸਲੀ' ਕਰਦਾ ਹੈ। ਪੰਜਾਬੀ ਭਾਸ਼ਾ ਵਿਚ 'ਗੁਰੂ ਗ੍ਰੰਥ ਕੋਸ਼' ਦਾ ਲਿਖਾਰੀ ਇਸ ਨੂੰ ਸੰਸਕ੍ਰਿਤ ਦੇ ਸਤ ਤੋਂ ਆਇਆ ਮੰਨ ਕੇ ਇਸ ਦੇ ਅਰਥ 'ਹੋਣ' ਦੇ ਭਾਵ ਵਿਚ ਕਰਦਾ ਹੈ ਅਰਥਾਤ ਜਿਸ ਦੀ ਹੋਂਦ ਹੈ। ਸੋਢੀ ਤੇਜਾ ਸਿੰਘ ਇਸ ਦੇ ਅਰਥ ਕਰਦਿਆਂ ਲਿਖਦਾ ਹੈ, 'ਜੋ ਸਾਰੀਆਂ ਚੀਜ਼ਾਂ ਵਿਚ ਇੱਕ ਸਾਰ ਅਤੇ ਹਰ ਸਮੇਂ ਵਿਆਪਕ ਹੋਵੇ।'

ਸੰਸਕ੍ਰਿਤ ਭਾਸ਼ਾ ਵਿਚ 'ਸਤਵ' ਸ਼ਬਦ ਵੀ ਵਰਤਿਆ ਗਿਆ ਹੈ ਜਿਸ ਦਾ ਭਾਵ-ਅਰਥ ਹੈ-ਸ਼ਕਤੀ, ਪਕਿਆਈ, ਊਰਜਾ, ਸਾਹਸ ਅਤੇ ਸਵੈ-ਆਦੇਸ਼ ਆਦਿ। ਪੰਜਾਬੀ ਭਾਸ਼ਾ ਦਾ 'ਸਤ' ਜਿਸ ਨੂੰ 'ਸਚ' ਵੀ ਕਿਹਾ ਜਾਂਦਾ ਹੈ, ਸੰਸਕ੍ਰਿਤ ਦੇ ਸ਼ਬਦ 'ਸਤ' ਤੋਂ ਆਇਆ ਹੈ ਜਿਸ ਦਾ ਮੂਲ 'ਅਸ' ਹੈ ਅਤੇ ਇਸ ਦਾ ਅਰਥ ਹੈ 'ਹੋਣਾ', ਜਿਸ ਨੂੰ 'ਅਸਲੀ', 'ਹੋਣਾ ਚਾਹੀਦਾ ਹੈ', 'ਅਸਲੀ ਅੱਛਾ', 'ਠੀਕ' ਦੇ ਅਰਥਾਂ ਵਿਚ ਸਮਝਿਆ ਜਾਂਦਾ ਹੈ। ਇਸ ਨੂੰ 'ਬ੍ਰਹਮ' ਦੇ ਅਰਥਾਂ ਵਿਚ ਵੀ ਵਰਤਿਆ ਗਿਆ ਹੈ ਜੋ ਸਰਬ ਵਿਆਪਕ ਆਤਮਾ ਹੈ। ਸਿੱਖ ਧਰਮ ਵਿਚ ਵੀ ਇਹ ਸ਼ਬਦ ਸੰਸਕ੍ਰਿਤ ਦੇ ਸ਼ਬਦ ਸਤ ਤੋਂ ਆਇਆ ਹੈ। ਭਾਈ ਮਨੀ ਸਿੰਘ ਜੋ ਕਿ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲਿਖਾਈ ਗਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਲਿਖਾਰੀ ਵੀ ਹਨ, ਨੇ ਸਤ ਸ਼ਬਦ ਨੂੰ ਬ੍ਰਹਮ ਦੇ ਅਰਥਾਂ ਵਿਚ ਵਰਤਿਆ ਹੈ, ਜਿਸ ਦਾ ਹਵਾਲਾ ਟਰੰਪ ਨੇ ਵੀ ਦਿੱਤਾ ਹੈ। ਵੇਦਾਂਤ ਵਿਚ ਸਤ ਦੀ ਵਿਆਖਿਆ ਬਹੁਤ ਵਿਸਥਾਰ ਵਿਚ ਕੀਤੀ ਮਿਲਦੀ ਹੈ। ਵੇਦਾਂਤ ਵਿਚ ਬ੍ਰਹਮ ਜਾਂ ਸਰਬ-ਵਿਆਪਕ ਆਤਮਾ ਨੂੰ ਸਤ-ਚਿਤ-ਅਨੰਦ ਮੰਨਿਆ ਗਿਆ ਹੈ, ਜਿਸ ਦਾ ਅਰਥ ਹੈ ਕਿ ਉਸ ਦੀ ਹੋਂਦ ਹੈ, ਉਹ ਚੇਤਨ ਹੈ ਅਤੇ ਅਨੰਦਮਈ ਹੈ।

ਸਿੱਖ ਧਰਮ ਵਿਚ ਇਸ ਸਰਬ ਵਿਆਪਕ ਹੋਂਦ ਨੂੰ 'ਸਤਿਨਾਮੁ ਕਰਤਾ ਪੁਰਖੁ' ਕਿਹਾ ਗਿਆ ਹੈ ਜਿਸ ਤੋਂ ਇਸ ਦੇ ਅਰਥਾਂ ਦੀ ਸੁਤੰਤਰਤਾ ਸਥਾਪਤ ਹੋ ਜਾਂਦੀ ਹੈ। ਸਿੱਖ ਧਰਮ ਵਿਚ 'ਸਤ' ਸ਼ਬਦ ਵੇਦਾਂਤ ਨਾਲ ਸਾਂਝਾ ਹੈ ਪਰ ਸਿੱਖ ਧਰਮ ਵਿਚ ਸਤ ਨਾਲ ਨਾਮ ਲਾਇਆ ਹੈ ਜਿਸ ਦਾ ਅਰਥ ਹੈ 'ਚੇਤਨਤਾ'। ਇਸ ਨਾਲ ਅੱਗੇ 'ਕਰਤਾ' ਜੋੜਿਆ ਗਿਆ ਹੈ ਜਿਸ ਦਾ ਅਰਥ ਹੈ 'ਸਿਰਜਣਾਤਮਕ ਸ਼ਕਤੀ', 'ਪੁਰਖ' ਜਿਸ ਦਾ ਅਰਥ ਹੈ 'ਹਸਤੀ।' ਇਸ ਤਰ੍ਹਾਂ ਸਿੱਖ ਧਰਮ ਵਿਚ ਪਰਮਸਤਿ ਨੂੰ ਸਦੀਵੀ ਸਕ੍ਰਿਯ ਹੋਂਦ, ਗਤੀਸ਼ੀਲ ਸ਼ਕਤੀ ਦੇ ਰੂਪ ਵਿਚ ਪ੍ਰਵਾਨ ਕੀਤਾ ਗਿਆ ਹੈ। ਪਰਮਸਤਿ ਪ੍ਰਤੀ ਸਕ੍ਰਿਯ ਹੋਂਦ ਦੀ ਵਿਸ਼ੇਸ਼ਤਾ ਦੇ ਨਜ਼ਰੀਏ ਨੇ ਪ੍ਰਾਪਤ ਕੀਤੇ ਜਾਣ ਵਾਲੇ ਆਤਮ-ਅਨੁਭਵ ਦੇ ਆਦਰਸ਼ ਤੇ ਬੇਹੱਦ ਅਸਰ ਪਾਇਆ ਹੈ। ਗੁਰੂ ਸਾਹਿਬਾਨ ਨੇ ਭਾਵੇਂ ਬਾਣੀ ਵਿਚ ਪਰਮਸਤਿ ਦੇ ਸੰਕੇਤ ਦੇ ਰੂਪ ਵਿਚ ਹਰ ਥਾਂ 'ਤੇ ਪੂਰਾ 'ਸਤਿਨਾਮੁ ਕਰਤਾ ਪੁਰਖੁ' ਨਹੀਂ ਲਿਖਿਆ, ਆਮ ਤੌਰ 'ਤੇ ਸਤਿ ਜਾਂ ਨਾਮ ਹੀ ਲਿਖਿਆ ਹੈ। ਇਸ ਲਈ ਜੇ ਇਕੱਲਾ ਨਾਮ ਜਾਂ ਸਤਿ ਹੀ ਲਿਖਿਆ ਹੈ ਤਾਂ ਵੀ ਉਸ ਨੂੰ ਸਤਿ ਨਾਮੁ ਕਰਤਾ ਪੁਰਖੁ ਦੇ ਅਰਥਾਂ ਦੇ ਸੰਕੇਤ ਵਿਚ ਹੀ ਵਰਤਿਆ ਹੈ। ਜਿਥੇ ਸਤਿ ਦੀ ਵਰਤੋਂ ਸੱਚਾਈ ਜਾਂ ਗੁਣ ਦੇ ਅਰਥਾਂ ਵਿਚ ਕੀਤੀ ਹੈ ਉਥੇ ਇਸ ਨੂੰ ਸਪੱਸ਼ਟ ਕੀਤਾ ਹੈ।

ਸਿੱਖ ਨੈਤਿਕਤਾ ਵਿਚ ਜ਼ਰੂਰੀ ਧਿਆਨ ਦੇਣ ਯੋਗ ਨੁਕਤਾ ਪਰਮਾਤਮ-ਹੋਂਦ ਦਾ ਸਦੀਵੀ ਸਕ੍ਰਿਯ ਹੋਣਾ ਹੈ। ਇਹ ਜਗਿਆਸੂ ਵਾਸਤੇ ਬਹੁਤ ਮਹੱਤਵ ਰੱਖਦਾ ਹੈ ਕਿਉਂਕਿ ਸਿੱਖ ਧਰਮ ਅਨੁਸਾਰ ਜਿਸ ਕਿਸਮ ਦੇ ਇਸ਼ਟ ਦੀ ਮਨੁੱਖ ਅਰਾਧਨਾ ਕਰਦਾ ਹੈ, ਉਹੋ ਜਿਹਾ ਹੀ ਉਸ ਦਾ ਵਿਅਕਤੀਤਵ ਘੜਿਆ ਜਾਂਦਾ ਹੈ, 'ਜੈਸਾ ਸੇਵੈ ਤੈਸੋ ਹੋਇ॥' ਜੇ ਮਨੁੱਖ ਜੜ੍ਹ ਵਸਤਾਂ ਦੀ ਪੂਜਾ ਕਰੇਗਾ ਤਾਂ ਕੁਦਰਤੀ ਹੈ ਕਿ ਉਸ ਦਾ ਵਿਅਕਤੀਤਵ ਵੀ ਨਿਸ਼ਕ੍ਰਿਯ ਹੋਵੇਗਾ। ਇਸੇ ਸਕ੍ਰਿਯ ਹਸਤੀ ਨੂੰ ਗੁਰੂ ਨਾਨਕ ਸਾਹਿਬ ਨੇ ਨਿਰਭਉ ਅਤੇ ਨਿਰਵੈਰ ਵੀ ਕਿਹਾ ਹੈ। ਨੈਤਿਕਤਾ ਦੇ ਨਜ਼ਰੀਏ ਤੋਂ ਅਜਿਹਾ ਆਦਰਸ਼ ਪੂਰਨ ਤੌਰ 'ਤੇ ਸਹੀ ਅਤੇ ਅੱਛਾ ਹੈ, ਜਿਸ ਵੱਲ ਸਚਿਆਰ ਨੇ ਵਧਣਾ ਹੈ। ਹੁਣ ਸਚਿਆਰ ਦੇ ਅਰਥਾਂ ਦੀ ਛਾਣਬੀਣ ਕੀਤੀ ਜਾਵੇਗੀ ਕਿ ਗੁਰੂ ਸਾਹਿਬ ਨੇ ਇਸ ਨੂੰ ਕਿਨ੍ਹਾਂ ਅਰਥਾਂ ਵਿਚ ਵਰਤਿਆ ਹੈ।

'ਸਚਿਆਰ' ਆਦਰਸ਼ਕ ਮਨੁੱਖ ਹੈ, ਉਹ ਆਦਰਸ਼ ਹੈ ਜਿਸ ਦਾ ਮਨੁੱਖ ਨੇ ਅਨੁਭਵ ਕਰਨਾ ਹੈ, ਅਰਥਾਤ 'ਸਚਿਆਰ' ਉਹ ਹੈ ਜੋ ਗੁਰੂ ਸਾਹਿਬ ਨੇ ਮਨੁੱਖ ਸਾਹਮਣੇ ਇੱਕ ਆਦਰਸ਼ ਰੱਖਿਆ ਹੈ ਕਿ ਉਸ ਨੇ ਇਹ ਬਣਨਾ ਹੈ। ਇਹ ਉਹ ਹੈ ਜਿਸ ਨੇ ਸਤਿ ਜਾਂ ਸੱਚ ਨੂੰ ਪੂਰੀ ਤਰ੍ਹਾਂ ਆਤਮਸਾਤ ਕਰ ਲਿਆ ਹੈ। ਇਥੇ ਇੱਕ ਗੱਲ ਹੋਰ ਧਿਆਨ ਦੇਣ ਯੋਗ ਹੈ ਕਿ ਆਤਮ ਅਰਥਾਤ ਮਨੁੱਖ ਨੇ ਉਸ ਕੋਲੋਂ ਗਿਆਨ ਦੀ ਰੋਸ਼ਨੀ ਲੈਣੀ ਹੈ ਜਿਸ ਨੇ 'ਸਚਿਆਰ' ਹੋਣ ਦਾ ਅਨੁਭਵ ਕਰ ਲਿਆ ਹੈ, ਜਿਸ ਨੇ ਇਹ ਪ੍ਰਾਪਤੀ ਕਰ ਲਈ ਹੈ। ਇਸੇ ਲਈ ਅਨੁਭਵ ਕਰਨ ਵਾਲੇ ਰਸਤੇ 'ਤੇ ਤੁਰਨ ਵਾਲੇ ਨੂੰ 'ਸਿੱਖ' ਕਿਹਾ ਹੈ ਅਰਥਾਤ ਜੋ ਇਸ ਰਸਤੇ 'ਤੇ ਚੱਲ ਪਿਆ ਹੈ ਉਹ ਸਿੱਖ ਹੈ ਅਤੇ ਅਜਿਹੇ ਕਰਮ ਕਰਨ ਦੀ ਕੋਸ਼ਿਸ਼ ਕਰਦਾ ਹੈ ਜੋ ਇਸ ਆਦਰਸ਼ ਦੀ ਪ੍ਰਾਪਤੀ ਲਈ ਉਸ ਨੂੰ ਸਹਾਈ ਹੋਣ। ਇਹ ਰੋਸ਼ਨੀ ਉਸ ਨੂੰ ਗੁਰੂ ਪਾਸੋਂ ਪ੍ਰਾਪਤ ਹੋਣੀ ਹੈ। ਗੁਰੂ ਉਸ ਦਾ ਰਾਹ-ਦਰਸਾਵਾ ਹੈ ਕਿਉਂਕਿ ਗੁਰੂ ਨੇ 'ਸਚਿਆਰ' ਪਦ ਦੀ ਪ੍ਰਾਪਤੀ ਕਰ ਲਈ ਹੈ, ਉਸ ਨੇ ਆਪਣੇ ਜੋਤਿ-ਸਰੂਪ ਹੋਣ ਦਾ ਅਨੁਭਵ ਕਰ ਲਿਆ ਹੈ। (ਸਾਧਾਂ-ਸੰਤਾਂ ਨੂੰ ਆਮ ਹੀ 'ਮਹਾਂ-ਪੁਰਸ਼' ਕਹਿ ਕੇ ਸੱਦਿਆ ਜਾਂਦਾ ਹੈ ਅਤੇ ਉਨ੍ਹਾਂ ਤੋਂ ਨਾਮ ਲਿਆ ਜਾਂਦਾ ਹੈ। ਇਹ ਮਨਮਤਿ ਹੈ। ਉਹ ਗੁਰੂ ਨਹੀਂ ਹੋ ਸਕਦੇ। ਇਹ ਉਨ੍ਹਾਂ ਦੇ ਰੋਜ਼ ਦਿਹਾੜੇ ਦੇ ਜੀਵਨ ਢੰਗ ਤੋਂ ਵੀ ਸਪੱਸ਼ਟ ਦਿਖਾਈ ਦਿੰਦਾ ਹੈ। ਉਹ ਆਮ ਮਨੁੱਖ ਹਨ ਜੋ ਆਪਣਾ ਵਪਾਰ ਚਲਾ ਰਹੇ ਹਨ। ਉਨ੍ਹਾਂ ਨੇ ਕੋਈ ਸਚਿਆਰ ਪਦ ਪ੍ਰਾਪਤ ਨਹੀਂ ਕੀਤਾ। ਉਹ ਤਾਂ 'ਰੋਟੀਆਂ ਕਾਰਨ ਪੂਰੇ ਤਾਲਿ' ਵਾਲੇ ਧਾਰਮਿਕ ਵਿਅਕਤੀ ਹਨ)

ਸਿੱਖ ਲਈ ਅਸਲੀ ਉਦਾਹਰਨ ਗੁਰੂ ਵਿਅਕਤੀ ਹੀ ਹਨ ਜਿਨ੍ਹਾਂ ਦੀ ਬਾਣੀ ਅਤੇ ਜੀਵਨ ਤੋਂ ਅਗਵਾਈ ਲੈਣ ਦੀ ਜ਼ਰੂਰਤ ਹੈ। ਗੁਰੂ ਸਾਹਿਬਾਨ ਹੀ ਅਜਿਹੀਆਂ ਹਸਤੀਆਂ ਹਨ ਜਿਨ੍ਹਾਂ ਨੇ ਪਰਮਾਤਮ-ਅਨੁਭਵ ਸਹੀ ਅਰਥਾਂ ਵਿਚ ਕੀਤਾ ਹੈ। ਰਾਹ ਦਿਖਾਉਣ ਦੀ ਅਧਿਕਾਰ-ਸ਼ਕਤੀ ਉਨ੍ਹਾਂ ਦੇ ਸਰੀਰ ਕਾਰਨ ਨਹੀਂ ਸਗੋਂ ਗੁਰੂ ਸਾਹਿਬਾਨ ਦੇ ਅਧਿਆਤਮਕ ਅਨੁਭਵ ਕਾਰਨ ਹੈ। ਇਸੇ ਲਈ ਉਨ੍ਹਾਂ ਨੇ ਆਪਣੇ ਸਰੀਰ-ਰੂਪ ਨਾਲੋਂ ਆਪਣੀ ਬਾਣੀ ਨੂੰ, ਸ਼ਬਦ ਨੂੰ ਮਹੱਤਵ ਦਿੱਤਾ ਹੈ। ਗੁਰੂ ਰਾਮਦਾਸ ਨੇ ਫੁਰਮਾਇਆ ਹੈ ਕਿ ਗੁਰੂ ਦੀ ਬਾਣੀ ਸਿੱਖ ਦਾ ਗੁਰੂ ਹੈ, ਗੁਰੂ ਬਾਣੀ ਵਿਚ ਮੌਜੂਦ ਹੈ। ਬਾਣੀ ਹੀ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਹੈ, ਜਿਸ ਨੂੰ ਸਿੱਖ ਹਿਰਦੇ ਵਿਚ ਸੰਭਾਲ ਕੇ ਰੱਖਦਾ ਹੈ। ਗੁਰੂ ਬਾਣੀ ਉਚਾਰਦਾ ਹੈ, ਸੇਵਕ ਉਸ ਬਾਣੀ ਉਤੇ ਸ਼ਰਧਾ ਲਿਆਉਂਦਾ ਹੈ। ਗੁਰੂ ਉਸ ਸਿੱਖ ਨੂੰ ਯਕੀਨੀ ਤੌਰ 'ਤੇ ਸੰਸਾਰ-ਸਾਗਰ ਤੋਂ ਪਾਰ ਲੰਘਾ ਦਿੰਦਾ ਹੈ,

ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ
ਪਰਤਖਿ ਗੁਰੂ ਨਿਸਤਾਰੇ॥5॥
(ਪੰਨਾ 982)

ਇਸ ਅਗਵਾਈ ਦੇ ਨਾਲ ਹੀ ਸਤਿ ਦਾ ਸਿਧਾਂਤ ਵੀ ਇਸ ਅਨੁਭਵ ਵੱਲ ਸਾਨੂੰ ਕੁਝ ਬਹੁ-ਪਤਾ ਦਿੰਦਾ ਹੈ। ਪਹਿਲੀ ਉਦਾਹਰਣ ਇਹ ਹੈ ਕਿ ਸੱਚ ਨੂੰ ਆਤਮ ਦੀ ਏਕਤਾ ਦੀ ਲੋੜ ਹੈ। ਇਸੇ ਦਾ ਪ੍ਰਗਟਾਵਾ ਗੁਰੂ ਰਾਮਦਾਸ ਨੇ ਮਾਰੂ ਸੋਹਿਲੇ ਵਿਚ ਕਰਦਿਆਂ ਕਿਹਾ ਹੈ ਕਿ ਗੁਰਮੁਖ ਅਰਥਾਤ ਗੁਰੂ ਦੇ ਰਸਤੇ 'ਤੇ ਚੱਲਣ ਵਾਲੇ ਮਨੁੱਖ ਅੰਦਰ ਕਰਤਾ ਪੁਰਖ ਆਪ ਆ ਵੱਸਦਾ ਹੈ ਅਤੇ ਉਹ ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ, ਉਹ ਉਸ ਸਦੀਵੀ ਹੋਂਦ ਵਿਚ ਲੀਨ ਰਹਿੰਦਾ ਹੈ,

ਸਚਾ ਆਪਿ ਸਵਾਰਣਹਾਰਾ॥
ਅਵਰ ਨ ਸੂਝਸਿ ਬੀਜੀ ਕਾਰਾ॥
ਗੁਰਮੁਖਿ ਸਚੁ ਵਸੈ ਘਟ ਅੰਤਰਿ
ਸਹਜੇ ਸਚਿ ਸਮਾਈ ਹੇ॥1॥
(ਪੰਨਾ 1069)

ਦੂਸਰੇ, ਪਰਮਸਤਿ ਦੀ ਸਦੀਵੀ ਸਕ੍ਰਿਅਤਾ ਦੀ ਧਾਰਨਾ ਸਾਨੂੰ ਇਹ ਨੁਕਤਾ ਧਿਆਨ ਗੋਚਰ ਕਰਾਉਂਦੀ ਹੈ ਕਿ ਆਤਮ ਜਾਂ ਜਗਿਆਸੂ ਨੇ ਅਜਿਹੇ ਅਮਲ ਚੁਣਨੇ ਹਨ ਜਿਹੜੇ ਉਸ ਦੇ ਆਤਮਕ ਵਿਕਾਸ ਵਿਚ ਸਹਾਈ ਹੋਣ ਅਤੇ ਸਮਾਜਿਕ ਰਿਸ਼ਤਿਆਂ ਵਿਚ ਸਤਿ ਜਾਂ ਸਚਿ ਨੇ ਬਰਾਬਰੀ, ਲੁੱਟ-ਖਸੁੱਟ ਰਹਿਤ, ਪ੍ਰੇਮ, ਪਰਉਪਕਾਰ ਅਤੇ ਏਕਤਾ ਦਾ ਸਿਧਾਂਤ ਬਣਨਾ ਹੈ। ਇਥੇ ਇਸ ਦਾ ਅਰਥ ਇਹ ਬਣਦਾ ਹੈ ਕਿ ਸਚਿਆਰ ਬਣਨ ਦੇ ਪੰਧ 'ਤੇ ਚੱਲਣ ਵਾਲੇ ਵਿਅਕਤੀ ਲਈ ਸੱਚ ਦਾ ਸਿਧਾਂਤ ਹੈ, ਮਨੁੱਖੀ ਭਾਈਚਾਰੇ ਦੀ ਬਰਾਬਰੀ, ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਖਸੁੱਟ ਦਾ ਮਨਫ਼ੀ ਹੋਣਾ, ਆਪਸੀ ਪ੍ਰੇਮ, ਦੂਸਰਿਆਂ ਦਾ ਭਲਾ ਕਰਨਾ ਅਤੇ ਮਨੁੱਖੀ ਭਾਈਚਾਰੇ ਦੀ ਏਕਤਾ ਹੈ। ਸਭ ਤੋਂ ਵੱਧ ਮਹੱਤਵਪੂਰਨ ਏਕਤਾ ਹੈ। ਜੇ ਸਾਰੇ ਮਨੁੱਖ ਉਸ ਇੱਕ ਪਰਮਾਤਮ-ਜੋਤਿ ਦੇ ਪ੍ਰਕਾਸ਼ਨ ਦਾ ਅੰਸ਼ ਹਨ ਅਤੇ ਸਾਰਿਆਂ ਵਿਚ ਉਹੀ ਜੋਤਿ ਵਿਆਪਕ ਹੈ ਤਾਂ ਫਿਰ ਜੀਵ ਵਾਸਤੇ ਇਹ ਇੱਕੋ ਇੱਕ ਨੈਤਿਕ ਮਾਰਗ ਹੈ ਜਿਸ 'ਤੇ ਚੱਲ ਕੇ ਉਸ ਨੇ ਆਪਣੇ ਸਰੋਤ ਦਾ ਅਨੁਭਵ ਕਰਨਾ ਹੈ। ਇਹ ਕਿਸੇ ਰਹੱਸਵਾਦੀ ਮਾਰਗ 'ਤੇ ਚੱਲ ਕੇ ਨਹੀਂ ਹੋਣਾ, ਸਗੋਂ ਆਪਣੇ ਅਮਲਾਂ ਰਾਹੀਂ ਪ੍ਰਾਪਤ ਹੋਣਾ ਹੈ।

ਪਰਮਾਤਮਾ ਜਾਂ ਪਰਮਸਤਿ ਨੂੰ ਕਰਤਾਪੁਰਖ ਦੇ ਰੂਪ ਵਿਚ ਆਦਰਸ਼ ਦੱਸਣ ਦਾ ਮਕਸਦ ਇਹੀ ਹੈ ਕਿ ਸਚਿਆਰ ਬਣਨ ਦੀ ਅਵਸਥਾ ਲਗਾਤਾਰ ਸਾਰਥਕ ਅਮਲਾਂ ਰਾਹੀਂ ਹੀ ਅਨੁਭਵ ਕੀਤੀ ਜਾ ਸਕਣੀ ਹੈ ਅਤੇ ਇਹ ਅਮਲ ਬੇਰੋਕ ਦੂਸਰਿਆਂ ਦੇ ਭਲੇ ਵਾਲੇ ਕਰਮ ਕਰਨਾ ਹੈ। ਉਹ ਜੀਵ ਜਿਹੜਾ ਵੱਖ ਵੱਖ ਮਨੋਵੇਗਾਂ/ਭਾਵਨਾਵਾਂ ਵਿਚ ਵੰਡਿਆ ਹੋਇਆ ਹੈ, ਸਮਾਜਿਕ ਜਿੰਮੇਵਾਰੀਆਂ ਤੋਂ ਭੱਜਦਾ ਹੈ, ਮਨੁੱਖਤਾ ਦੇ ਵਿਕਾਸ ਦੀ ਸੁਹਿਰਦਤਾ ਤੋਂ ਕਿਨਾਰਾ ਕਰਦਾ ਹੈ, ਆਪਣੇ ਆਪ ਨੂੰ ਸਚਿਆਰਾ ਨਹੀਂ ਅਖਵਾ ਸਕਦਾ ਭਾਵੇਂ ਉਹ ਇਹ ਦਾਅਵਾ ਲੱਖ ਕਰੇ ਕਿ ਉਸ ਨੇ ਸਚਿਆਰ ਪਦ ਦਾ ਅਨੁਭਵ ਕਰ ਲਿਆ ਹੈ। ਸਾਰੀ ਰਹਿਤ ਜਾਂ ਅਨੁਸ਼ਾਸਨ ਦਾ ਆਦਰਸ਼ ਉਸ ਪਰਮਾਤਮਾ ਨੂੰ ਹਰ ਇੱਕ ਵਿਚ ਵਸਦਾ ਮੰਨਣਾ ਹੈ ਅਤੇ ਇਸ ਵਿਆਪਕਤਾ ਨੂੰ ਹੌਲੀ ਹੌਲੀ ਆਪਣੀ ਚੇਤਨਤਾ ਨੂੰ ਵਿਸ਼ਾਲ ਬਣਾ ਕੇ ਹੀ ਨਹੀਂ ਬਲਕਿ ਇਸ ਨੂੰ ਆਪਣੇ ਅਮਲਾਂ ਵਿਚੋਂ ਪ੍ਰਗਟ ਕਰਕੇ, ਆਪਣੇ ਅਮਲਾਂ ਵਿਚ ਤਬਦੀਲ ਕਰਕੇ ਦੱਸਣਾ ਹੈ। ਇਸੇ ਨੂੰ ਸਮਝਾਉਂਦਿਆਂ ਗੁਰੂ ਨਾਨਕ ਸਾਹਿਬ ਨੇ ਕਿਹਾ ਹੈ ਕਿ ਸੱਚ ਸਭ ਤੋਂ ਉਤੇ ਹੈ ਪਰ ਸੱਚ ਤੋਂ ਵੀ ਉਪਰ ਸੱਚੇ ਅਮਲ ਹਨ,

ਮਨ ਹਠ ਬੁਧੀ ਕੇਤੀਆ
ਕੇਤੇ ਬੇਦ ਬੀਚਾਰ॥
ਕੇਤੇ ਬੰਧਨ ਜੀਅ ਕੇ
ਗੁਰਮੁਖਿ ਮੋਖ ਦੁਆਰੁ॥
ਸਚਹੁ ਓਰੈ ਸਭੁ ਕੋ
ਉਪਰਿ ਸਚੁ ਆਚਾਰੁ॥5॥

# ਮਿਰਤਕ ਕਉ ਪਾਇਓ ਤਨਿ ਸਾਸਾ

## ਗੁਰਬਾਣੀ ਗਿਆਨ

**ਸੋਰਠਿ ਮਹਲਾ ੫**

ਮਿਰਤਕ ਕਉ ਪਾਇਓ ਤਨਿ ਸਾਸਾ
ਬਿਛੁਰਤ ਆਨਿ ਮਿਲਾਇਆ॥
ਪਸੂ ਪਰੇਤ ਮੁਗਧ ਭਏ ਸ੍ਰੋਤੇ
ਹਰਿ ਨਾਮਾ ਮੁਖਿ ਗਾਇਆ॥੧॥
ਪੂਰੇ ਗੁਰ ਕੀ ਦੇਖੁ ਵਡਾਈ॥
ਤਾ ਕੀ ਕੀਮਤਿ ਕਹਣੁ ਨ ਜਾਈ॥ਰਹਾਉ॥
ਦੂਖ ਸੋਗ ਕਾ ਢਾਹਿਓ ਡੇਰਾ
ਅਨਦ ਮੰਗਲ ਬਿਸਰਾਮਾ॥
ਮਨ ਬਾਂਛਤ ਫਲ ਮਿਲੇ ਅਚਿੰਤਾ
ਪੂਰਨ ਹੋਏ ਕਾਮਾ॥੨॥
ਈਹਾ ਸੁਖੁ ਆਗੈ ਮੁਖ ਊਜਲ
ਮਿਟਿ ਗਏ ਆਵਣ ਜਾਣੇ॥
ਨਿਰਭਉ ਭਏ ਹਿਰਦੈ ਨਾਮੁ ਵਸਿਆ
ਅਪੁਨੇ ਸਤਿਗੁਰ ਕੈ ਮਨਿ ਭਾਣੇ॥੩॥
ਊਠਤ ਬੈਠਤ ਹਰਿ ਗੁਣ ਗਾਵੈ
ਦੂਖੁ ਦਰਦੁ ਭ੍ਰਮੁ ਭਾਗਾ॥
ਕਹੁ ਨਾਨਕ ਤਾ ਕੇ ਪੂਰ ਕਰੰਮਾ
ਜਾ ਕਾ ਗੁਰ ਚਰਨੀ ਮਨੁ ਲਾਗਾ॥੪॥

ਗੁਰੂ ਅਰਜਨ ਪਾਤਸ਼ਾਹ ਆਖਦੇ ਹਨ- ਮਿਰਤਕ ਕਉ ਪਾਇਓ ਤਨਿ ਸਾਸਾ, ਭਾਵ ਹੇ ਭਾਈ! ਗੁਰੂ ਤਾਂ ਮਰੇ ਹੋਏ ਜੀਵ ਦੇ ਅੰਦਰ ਵੀ ਸਵਾਸ ਪਾ ਦਿੰਦਾ ਹੈ; ਬਿਛੁਰਤ ਆਨਿ ਮਿਲਾਇਆ, ਭਾਵ ਪਰਮਾਤਮਾ ਨਾਲੋਂ ਵਿਛੜੇ ਹੋਏ ਜੀਵ ਨੂੰ ਫਿਰ ਪਰਮਾਤਮਾ ਨਾਲ ਮਿਲਾ ਭੀ ਦਿੰਦਾ ਹੈ; ਪਸੂ ਪਰੇਤ ਮੁਗਧ ਭਏ ਸ੍ਰੋਤੇ, ਭਾਵ ਹੇ ਭਾਈ! ਪਸ਼ੂ ਤੇ ਪ੍ਰੇਤ ਬਿਰਤੀ ਵਾਲੇ ਅਤੇ ਮੂਰਖ ਜੀਵ ਭੀ ਗੁਰੂ ਦੀ ਮਿਹਰ ਸਦਕਾ ਪ੍ਰਭ ਜੀ ਦਾ ਨਾਮ ਸੁਣਨ ਵਾਲੇ ਸ੍ਰੋਤੇ ਬਣ ਜਾਂਦੇ ਹਨ ਅਤੇ ਮੂੰਹ ਨਾਲ ਪ੍ਰਭੂ ਦੇ ਨਾਮ ਦਾ ਗਾਇਨ ਕਰਨ ਲੱਗ ਪੈਂਦੇ ਹਨ।

ਪੂਰੇ ਗੁਰ ਕੀ ਦੇਖੁ ਵਡਾਈ॥
ਤਾ ਕੀ ਕੀਮਤਿ ਕਹਣੁ ਨ ਜਾਈ॥ਰਹਾਉ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸ਼ਬਦ ਰਾਹੀਂ ਪ੍ਰਭੂ ਕ੍ਰਿਪਾ ਦੀ ਉਸਤਤਿ ਕਰਦੇ ਆਖਦੇ ਹਨ- ਹੇ ਜਗਤ ਦੇ ਲੋਕੋ! ਪੂਰੇ ਗੁਰ ਕੀ ਦੇਖੁ ਵਡਾਈ, ਭਾਵ ਹੇ ਭਾਈ! ਪੂਰੇ ਗੁਰੂ ਦੀ ਆਤਮਿਕ ਉਚਾਈ ਅਸਚਰਜਾਂ ਭਰੀ ਹੈ ਅਤੇ ਉਹ ਵਡਿਆਈ ਕਹਿਣ ਤੋਂ ਪਰੇ ਹੈ; ਤਾ ਕੀ ਕੀਮਤਿ ਕਹਣੁ ਨ ਜਾਈ, ਹੇ ਭਾਈ! ਗੁਰੂ ਦੀ ਵਡਿਆਈ ਦਾ, ਗੁਰੂ ਦੀਆਂ ਬਖ਼ਸ਼ਿਸ਼ਾਂ ਦਾ ਕਦੀ ਵੀ ਕੋਈ ਮੁੱਲ ਨਹੀਂ ਪਾਇਆ ਜਾ ਸਕਦਾ। ਗੁਰੂ ਮਹਾਨ ਹੈ ਅਤੇ ਗੁਰੂ ਹੀ ਸਾਨੂੰ ਉਸ ਮਿਹਰਬਾਨ ਪ੍ਰਭ ਜੀ ਨਾਲ ਮਿਲਾਉਣ ਵਾਲਾ ਹੈ।

ਦੂਖ ਸੋਗ ਕਾ ਢਾਹਿਓ ਡੇਰਾ
ਅਨਦ ਮੰਗਲ ਬਿਸਰਾਮਾ॥
ਮਨ ਬਾਂਛਤ ਫਲ ਮਿਲੇ ਅਚਿੰਤਾ
ਪੂਰਨ ਹੋਏ ਕਾਮਾ॥੨॥

ਹੁਣ ਗੁਰਦੇਵ ਪਿਤਾ ਆਖਦੇ ਹਨ, ਦੂਖ ਸੋਗ ਕਾ ਢਾਹਿਓ ਡੇਰਾ, ਜਿਹੜਾ ਵੀ ਜੀਵ ਪੂਰੇ ਗੁਰੂ ਦੀ ਸ਼ਰਨ ਵਿਚ ਜਾਂਦਾ ਹੈ, ਫਿਰ ਗੁਰੂ ਉਸ ਨੂੰ ਨਾਮ ਸਿਮਰਨ ਦੇ ਕੇ ਉਹਦੇ ਅੰਦਰੋਂ ਦੁੱਖਾਂ ਅਤੇ ਗਮਾਂ ਦਾ ਡੇਰਾ ਹੀ ਢਾਹ ਸੁੱਟਦਾ ਹੈ; ਅਨਦ ਮੰਗਲ ਬਿਸਰਾਮਾ, ਭਾਵ ਫਿਰ ਉਸ ਜੀਵ ਦੇ ਅੰਦਰ ਅਨੰਦ ਅਤੇ ਖੁਸ਼ੀਆਂ ਦੇ ਟਿਕਾਣੇ ਬਣ ਜਾਂਦੇ ਹਨ; ਮਨ ਬਾਂਛਤ ਫਲ ਮਿਲੇ ਅਚਿੰਤਾ, ਫਿਰ ਉਸ ਜੀਵ ਨੂੰ ਅਚਾਨਕ ਹੀ ਮਨ ਚਾਹੇ ਫਲ ਮਿਲ ਜਾਂਦੇ ਹਨ ਅਤੇ ਗੁਰੂ ਕ੍ਰਿਪਾ ਸਦਕਾ ਸਾਰੇ ਕੰਮ ਵੀ ਪੂਰੇ ਹੋ ਜਾਂਦੇ ਹਨ।

ਈਹਾ ਸੁਖੁ ਆਗੈ ਮੁਖ ਊਜਲ
ਮਿਟਿ ਗਏ ਆਵਣ ਜਾਣੇ॥
ਨਿਰਭਉ ਭਏ ਹਿਰਦੈ ਨਾਮੁ ਵਸਿਆ
ਅਪੁਨੇ ਸਤਿਗੁਰ ਕੈ ਮਨਿ ਭਾਣੇ॥੩॥

ਗੁਰਦੇਵ ਜੀ ਆਖਦੇ ਹਨ- ਈਹਾ ਸੁਖੁ ਆਗੈ ਮੁਖ ਉਜਲ, ਭਾਵ ਹੇ ਭਾਈ! ਜੋ ਜੀਵ ਆਪਣੇ ਗੁਰੂ ਦੇ ਹੁਕਮ ਮੁਤਾਬਕ ਚਲਦੇ ਹਨ, ਉਨ੍ਹਾਂ ਨੂੰ ਇਸ ਜਗਤ ਵਿਚ ਸੁੱਖ ਮਿਲਦਾ ਹੈ ਅਤੇ ਅੱਗੇ ਪ੍ਰਲੋਕ ਵਿਚ ਉਹ ਮੁੱਖ ਉਜਲੇ ਲੈ ਕੇ ਜਾਂਦੇ ਹਨ; ਨਿਰਭਉ ਭਏ ਹਿਰਦੈ ਨਾਮੁ ਵਸਿਆ, ਹੇ ਭਾਈ! ਜਿਨ੍ਹਾਂ ਦੇ ਅੰਦਰ ਪ੍ਰਭੂ ਦਾ ਨਾਮ ਵਸ ਜਾਂਦਾ ਹੈ, ਉਹ ਨਿਰਭਉ ਯਾਨਿ ਭੈਅ-ਰਹਿਤ ਹੋ ਜਾਂਦੇ ਹਨ, ਉਨ੍ਹਾਂ ਨੂੰ ਕੋਈ ਵੀ ਡਰ ਨਹੀਂ ਪੋਹਦਾ, ਉਨ੍ਹਾਂ ਦੇ ਜਨਮ-ਮਰਨ ਦੇ ਗੇੜ ਭੀ ਮੁੱਕ ਜਾਂਦੇ ਹਨ। ਉਹ ਜੀਵ ਹੀ ਪ੍ਰਭੂ ਕ੍ਰਿਪਾ ਦੇ ਪਾਤਰ ਬਣਦੇ ਹਨ ਜੋ ਗੁਰੂ ਦੇ ਮਨ ਨੂੰ ਭਾ ਗਏ।

ਊਠਤ ਬੈਠਤ ਹਰਿ ਗੁਣ ਗਾਵੈ
ਦੂਖੁ ਦਰਦੁ ਭ੍ਰਮੁ ਭਾਗਾ॥
ਕਹੁ ਨਾਨਕ ਤਾ ਕੇ ਪੂਰ ਕਰੰਮਾ
ਜਾ ਕਾ ਗੁਰ ਚਰਨੀ ਮਨੁ ਲਾਗਾ॥੪॥

ਊਠਤ ਬੈਠਤ ਹਰਿ ਗੁਣ ਗਾਵੈ, ਭਾਵ ਹੇ ਭਾਈ! ਜਿਸ ਦੇ ਅੰਦਰ ਗੁਰੂ ਕ੍ਰਿਪਾ ਸਦਕਾ ਪ੍ਰਭੂ ਦਾ ਪ੍ਰੇਮ ਬਣ ਗਿਆ, ਉਹ ਜੀਵ ਉਠਦਾ-ਬੈਠਦਾ ਮਿਹਰਬਾਨ ਪ੍ਰਭੂ ਦੇ ਗੀਤ ਗਾਉਂਦਾ ਰਹਿੰਦਾ ਹੈ; ਦੂਖੁ ਦਰਦੁ ਭ੍ਰਮੁ ਭਾਗਾ, ਹੇ ਭਾਈ! ਫਿਰ ਉਸ ਜੀਵ ਦੇ ਅੰਦਰੋਂ ਸਾਰੇ ਹੀ ਦੁੱਖ, ਪੀੜਾ ਅਤੇ ਭਟਕਣਾ ਮੁੱਕ ਜਾਂਦੇ ਹਨ; ਕਹੁ ਨਾਨਕ ਤਾ ਕੇ ਪੂਰ ਕਰੰਮਾ, ਇਹ ਨਾਨਕ ਆਖਦਾ ਹੈ- ਉਸ ਜੀਵ ਦੇ ਸਾਰੇ ਹੀ ਕੰਮ ਪੂਰੇ ਹੋ ਜਾਂਦੇ ਹਨ; ਜਾ ਕਾ ਗੁਰ ਚਰਨੀ ਮਨੁ ਲਾਗਾ, ਜਿਸ ਦਾ ਗੁਰੂ ਚਰਨਾਂ ਨਾਲ ਮਨ ਲਗ ਗਿਆ, ਉਹ ਜੀਵ ਤਾਂ ਵੱਡਿਆਂ ਭਾਗਾਂ ਵਾਲਾ ਹੈ।

ਆਓ! ਦੇਹਧਾਰੀ ਬਾਬਿਆਂ ਨੂੰ ਤਜ ਕੇ ਗੁਰ ਸ਼ਬਦ ਵਿਚਾਰ ਨਾਲ ਜੁੜੀਏ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਬੇਬੇ ਜੀ

***ਮਾਂ ਤੇ ਔਲਾਦ ਦਾ ਰਿਸ਼ਤਾ ਨਾ ਸਿਰਫ ਇਨਸਾਨਾਂ ਵਿਚ ਹੀ ਅਟੁਟ ਹੈ ਸਗੋਂ ਪਸ਼ੂ-ਪੰਛੀਆਂ ਅਤੇ ਜਾਨਵਰਾਂ ਵਿਚ ਵੀ। ਜਾਨਵਰਾਂ ਵਿਚ ਵੀ ਮਾਂ ਆਪਣੇ ਬੱਚਿਆਂ ਦੀ ਖਾਤਰ ਆਪਣੀ ਜਾਨ ਤੱਕ ਵਾਰ ਦਿੰਦੀ ਹੈ। ਇਨਸਾਨ ਤਾਂ ਫਿਰ ਕੁਦਰਤ ਦਾ ਸਮਝਦਾਰ ਜੀਅ ਹੈ। ਇਹ ਵੀ ਸੱਚ ਹੈ ਕਿ ਬਹੁਤੀ ਵਾਰ ਮਾਂ ਦਾ ਵਿਗੋਚਾ ਮਾਂ ਦੇ ਇਸ ਜਹਾਨੋਂ ਤੁਰ ਜਾਣ ਪਿਛੋਂ ਬਹੁਤ ਜ਼ਿਆਦਾ ਚੁਭਦਾ ਹੈ। ਪ੍ਰੋ. ਹਰਪਾਲ ਸਿੰਘ ਪੰਨੂ ਦੀਆਂ ਲਿਖਤਾਂ ਪਾਠਕ ਅਕਸਰ ਇਨ੍ਹਾਂ ਕਾਲਮਾਂ ਵਿਚ ਪੜ੍ਹਦੇ ਰਹਿੰਦੇ ਹਨ। ਇਸ ਲੇਖ ਲੜੀ ਵਿਚ ਉਨ੍ਹਾਂ ਆਪਣੀ ਮਾਂ ਨਾਲ ਜੁੜੀਆਂ ਯਾਦਾਂ ਦਾ ਬਿਆਨ ਲਫਜ਼ਾਂ ਵਿਚ ਉਕਰਿਆ ਹੈ। ਇਹ ਕੇਵਲ ਪ੍ਰੋ. ਪੰਨੂ ਦੀ ਆਪਣੀ ਮਾਂ ਪ੍ਰਤੀ ਹੀ ਸ਼ਰਧਾਂਜਲੀ ਨਹੀਂ ਸਗੋਂ ਸਾਡੇ ਜਿਹੇ ਬਹੁਤ ਉਨ੍ਹਾਂ ਲੋਕਾਂ ਦੀ ਵੀ ਆਪਣੀ ਮਾਂ ਨੂੰ ਸ਼ਰਧਾਂਜਲੀ ਹੈ ਜਿਨ੍ਹਾਂ ਦੀਆਂ ਮਾਂਵਾਂ ਇਸ ਜਹਾਨ 'ਤੇ ਨਹੀਂ ਰਹੀਆਂ। ਪ੍ਰੋ. ਪੰਨੂ ਨੇ ਨਾ ਸਿਰਫ ਆਪਣੀ ਮਾਂ ਨੂੰ ਹੀ ਚੇਤੇ ਕੀਤਾ ਹੈ ਸਗੋਂ ਪੁਰਾਣੇ ਵੇਲਿਆਂ ਦੇ ਸਮਾਜਿਕ ਰਿਸ਼ਤਿਆਂ ਦਾ ਚਿਤਰਣ ਵੀ ਇਸ ਲੇਖ ਲੜੀ ਵਿਚ ਕੀਤਾ ਹੈ। -ਸੰਪਾਦਕ***

(ਇਕ ਆਦਮੀ ਦੇ ਮਨ ਵਿਚ ਦੁਨੀਆਂ ਦੀ ਤਸਵੀਰ ਬਣਾਉਣ ਦਾ ਫੁਰਨਾ ਫੁਰਿਆ। ਵਰ੍ਹਿਆਂ ਦੀ ਮਿਹਨਤ ਕਰਕੇ ਉਸ ਨੇ ਰਾਜਧਾਨੀਆਂ ਬਣਾਈਆਂ, ਹਕੂਮਤਾਂ ਦਿਖਾਈਆਂ, ਪਹਾੜ, ਸਮੁੰਦਰ, ਬੰਦਰਗਾਹਾਂ, ਜਹਾਜ਼, ਮੱਛੀਆਂ, ਤਾਰੇ, ਘੋੜੇ ਅਤੇ ਲੋਕ ਅਨੇਕ ਰੰਗਾਂ ਹੁਨਰਾਂ ਨਾਲ ਚਿੱਤਰੇ। ਮਰਨ ਤੋਂ ਥੋੜ੍ਹਾ ਸਮਾਂ ਪਹਿਲਾਂ ਉਸ ਨੇ ਧਿਆਨ ਮਾਰਿਆ ਤਾਂ ਦੇਖਿਆ ਕਿ ਦੁਨੀਆਂ ਦੀ ਥਾਂਵੇਂ ਇਸ ਵਿਚੋਂ ਚਿੱਤਰਕਾਰ ਦੇ ਆਪਣੇ ਨੈਣ ਨਕਸ਼ ਦਿਸਣ ਲੱਗੇ ਹਨ-ਜਾਰਜ ਲੂਈ ਬੋਰਖੇਜ਼)

ਛੇਵੀਂ ਜਮਾਤ ਵਿਚ ਸਾਂ ਮੈਂ ਉਦੋਂ। ਅਸੀਂ ਸਭ ਭੈਣ ਭਰਾ ਸਵੇਰ ਸਾਰ ਸਕੂਲ ਜਾਣ ਤੋਂ ਪਹਿਲਾਂ ਚੁੱਲ੍ਹੇ ਦੇ ਆਲੇ ਦੁਆਲੇ ਘੇਰਾ ਪਾਈ ਬੈਠੇ ਸਾਂ। ਕੁੱਤਾ ਅਤੇ ਬਿੱਲਾ ਪੂਰੀ ਠਾਠ ਨਾਲ ਸਾਡੇ ਵਾਂਗ ਸਾਡੇ ਵਿਚਕਾਰ ਜਮ ਕੇ ਬੈਠੇ ਸਨ। ਬੇਬੇ ਨੇ ਰੋਟੀ ਤਵੇ ਤੇ ਪਾਈ ਤਾਂ ਪੂਰਬ ਵਲੋਂ ਘੋੜਾ ਹਿਣਕਣ ਦੀ ਆਵਾਜ਼ ਸੁਣੀ ਤੇ ਅੱਖ ਦੇ ਪਲਕਾਰੇ ਵਿਚ ਮਾਮਾ ਜੀ ਆ ਗਏ। ਮਾਮਾ ਜੀ ਨਿਹੰਗ ਸਿੰਘ ਹਨ। ਨਾਨਕੇ, ਹਰਿਆਣੇ ਵਿਚ ਹਨ। ਬੇਬੇ ਨੂੰ ਮਾਮਾ ਜੀ ਨੇ ਮੱਥਾ ਟੇਕਿਆ। ਅਸੀਸਾਂ ਦੇ ਕੇ ਕਹਿਣ ਲੱਗੀ, "ਤਵੇ ਉਪਰ ਜਦੋਂ ਪਹਿਲੀ ਰੋਟੀ ਪਾਈ ਤਾਂ ਤੂੰ ਯਾਦ ਆਇਆ। ਤੁਰਤ ਤੂੰ ਸਾਹਮਣੇ ਆ ਗਿਆ। ਤੂੰ ਵੱਡਾ ਬਾਬਾ ਤਾਂ ਨਹੀਂ ਕਿਤੇ?"

**ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਮਾਮਾ ਜੀ ਬੋਲੇ, "ਨਾ ਬੇਬੇ ਨਾ। ਉਸ ਵਰਗਾ ਉਹੀ ਸੀ। ਪਹਿਲਾਂ ਕਦੀ ਉਸ ਵਰਗਾ ਨਾ ਕੋਈ ਹੋਇਆ ਨਾ ਬਾਦ ਵਿਚ। ਪਰ ਇਹ ਸੱਚ ਹੈ ਕਿ ਹਰ ਭੈਣ ਬੇਬੇ ਨਾਨਕੀ ਹੋਇਆ ਕਰਦੀ ਹੈ।"

ਇਹ ਲਿਖਤ ਕਿਥੋਂ ਸ਼ੁਰੂ ਕਰਾਂ, ਪਤਾ ਨਹੀਂ ਲੱਗ ਰਿਹਾ ਸੀ ਕਿਉਂਕਿ ਘਟਨਾਵਾਂ ਤਿੱਖੇ ਵੇਗ ਵਿਚ ਉਘੜ-ਦੁਘੜੀਆਂ ਆ ਜਾ ਰਹੀਆਂ ਸਨ। ਸੋ ਗੁਰੂ ਮਹਾਰਾਜ ਦੇ ਨਾਮ ਦਾ ਮੰਗਲਾਚਰਣ ਠੀਕ ਰਹੇਗਾ। ਸੰਭਵ ਹੈ ਬਾਬਾ ਜੀ ਨੂੰ ਯਾਦ ਕਰਨ ਉਪਰੰਤ ਇਸ ਲੇਖ ਦੇ ਨੈਣ-ਨਕਸ਼ ਕੁਝ ਠੀਕ ਹੋ ਜਾਣ। ਥਾਟ ਠੀਕ ਬਣੇ, ਅਲਾਪ ਸਹੀ ਹੋਵੇ ਤਾਂ ਗਾਇਨ ਠੀਕ ਨਿਭ ਜਾਂਦਾ ਹੈ ਅਕਸਰ।

ਬਾਪੂ ਦੇ ਨਾਨਕੇ ਵੀ ਹਰਿਆਣਾ ਵਿਚ ਹਨ। ਅੰਮਾ ਨੇ 90 ਸਾਲ ਦੀ ਉਮਰ ਭੋਗੀ ਅਤੇ ਗਰੀਬੀ ਦੇ ਬਾਵਜੂਦ ਸੰਸਾਰ ਤੋਂ ਸੁਖੀ ਵਿਦਾ ਹੋਈ। ਜਦੋਂ ਨਾਨਕਿਆਂ ਤੋਂ ਕੋਈ ਮਿਲਣ ਗਿਲਣ ਆਉਂਦਾ ਤਾਂ ਬੇਬੇ ਉਸ ਨਾਲ ਹਰਿਆਣਵੀ ਵਿਚ ਗੱਲਾਂ ਕਰਦੀ। ਸਾਡੇ ਨਾਲ ਸਾਡੀ ਇਧਰ ਦੀ ਬੋਲੀ ਬੋਲਦੀ। ਅੰਮਾ ਨੇ ਕੁਲ ਉਮਰ ਇਕ ਵੀ ਵਾਕ ਪੰਜਾਬੀ ਦਾ ਨਹੀਂ ਬੋਲਿਆ। ਉਹ ਗੋਦ ਵਿਚ ਬਿਠਾ ਕੇ ਸਾਰੀਆਂ ਲੋਕ ਕਹਾਣੀਆਂ ਹਰਿਆਣਵੀ ਵਿਚ ਸੁਣਾਉਂਦੀ ਹੋਈ ਕਦੀ ਆਖ ਦਿੰਦੀ, "ਥਾਰੀ ਮਾਂ ਕੀ ਏਕ ਬਾਤ ਚੰਗੀ ਨੀ। ਬੋਲੀ ਨੀ ਇਨਸਾਨ ਕੋ ਛੋੜਨੀ ਚਾਹੀਏ ਆਪਣੀ। ਚੰਗੀ ਐ ਥਾਰੀ ਮਾਂ, ਪਰ ਜੌਣਸਾ ਅਪਣੀ ਬੋਲੀ ਛੋੜ ਦੇ ਅਹੁ ਬੇਤਬਾਰਾ ਹੋਇਆ ਕਰੈ। ਬੇਤਬਾਰੇ ਬੰਦੇ ਕਾ ਚੰਗਪਣਾ ਕੇ ਕਾਮ?"

ਦੋ ਢਾਈ ਸਾਲ ਦੀ ਉਮਰ ਤੱਕ ਦਾ ਆਪਣਾ ਬਚਪਨ ਮੈਨੂੰ ਯਾਦ ਹੈ। ਸਿਰ ਉਪਰ ਘੜਾ ਚੁੱਕੀ ਉਹ ਖੂਹੀ ਉਪਰ ਪਾਣੀ ਭਰਨ ਜਾਂਦੀ ਤਾਂ ਹਰ ਗੇੜ ਮੈਂ ਉਸ ਦੇ ਕਮੀਜ਼ ਦੀ ਕੰਨੀ ਫੜੀ ਨਾਲ ਨਾਲ ਜਾਂਦਾ। ਕਈ ਵਾਰ ਲੱਤਾਂ ਵਿਚ ਉਲਝ ਕੇ ਡਿਗਦਾ ਤੇ ਬੇਬੇ ਡਿਗਣੋਂ ਮਸਾਂ ਬਚਦੀ। ਝਿੜਕਾਂ ਤਾਂ ਆਮ ਪੈਂਦੀਆਂ, ਕਦੀ ਕਦਾਈਂ ਇਕ ਅੱਧ ਥੱਪੜ ਵੀ ਰਸੀਦ ਹੋ ਜਾਂਦਾ। ਫਿਰ ਵੀ ਨਾ ਹਟਦਾ।

ਬਿਲਕੁਲ ਇਸੇ ਤਰ੍ਹਾਂ ਮੇਰੇ ਨਾਲ ਕੁੱਤਾ ਅਤੇ ਬਿੱਲਾ ਕਰਦੇ। ਜਦੋਂ ਬਿੱਲੇ ਨੂੰ ਭੁੱਖ ਲਗਦੀ ਤਾਂ ਉਹ ਮਿਆਊਂ ਮਿਆਊਂ ਕਰਦਾ ਲੱਤਾਂ ਵਿਚ ਵੱਜ ਕੇ ਰੋਕਣ ਦਾ ਯਤਨ ਕਰਦਾ। ਕਈ ਵਾਰ ਠੁੱਡਾ ਵੱਜ ਜਾਂਦਾ ਤਾਂ ਚੀਕਦਾ। ਪਰ ਫਿਰ ਖਾਣ ਲਈ ਕੁਝ ਦੇਣ ਦੀ ਥਾਂ ਮੈਂ ਗੋਦੀ ਬਿਠਾ ਕੇ ਪਲੋਸਣ ਲਗਦਾ। ਉਹ ਸੌਂ ਜਾਂਦਾ ਤੇ ਘੁਰਾੜੇ ਮਾਰਨ ਲੱਗਦਾ। ਅਸੀਂ ਬੜੇ ਹਸਦੇ ਕਿ ਦੇਖੋ ਕਿੰਨੇ ਆਰਾਮ ਨਾਲ ਇਹ ਜਾਨਵਰ ਮੂਰਖ ਬਣ ਜਾਂਦੇ ਹਨ। ਰਤਾ ਪਲੋਸੋ, ਨਾ ਭੁੱਖ ਯਾਦ ਨਾ ਪਿਆਸ। ਇਹ ਹੁਣ ਪਤਾ ਲਗਦਾ ਹੈ ਕਿ ਪਿਆਰ ਦੇ ਸਾਹਮਣੇ ਜਾਨਵਰ ਤਾਂ ਕੀ, ਬੰਦਾ ਵੀ ਮੂਰਖ ਬਣ ਜਾਂਦਾ ਹੈ। ਭੁੱਖ ਤਰੇਹ ਦੀ ਗੱਲ ਛੱਡੋ ਪਿਆਰ ਕਰਨ ਵਾਲੇ ਭੁੱਲ ਜਾਂਦੇ ਹਨ ਜਿਉਣਾ ਚੰਗੀ ਗੱਲ ਹੈ ਕਿ ਮਰ ਜਾਣਾ ਠੀਕ ਰਹੇਗਾ।

ਗੁਰੂ ਗੋਬਿੰਦ ਸਿੰਘ ਜੀ ਨੇ ਪਿਆਰ ਨਾਲ ਬਾਬਾ ਬੰਦਾ ਸਿੰਘ ਦੇ ਸਿਰ ਉਤੇ ਹੱਥ ਰੱਖ ਦਿੱਤਾ, ਉਹ ਆਪਣੀ ਸਾਰੀ ਤਪੱਸਿਆ, ਸਾਰਾ ਗਿਆਨ ਗੁਆ ਬੈਠਾ ਤੇ ਮੁਰੀਦ ਹੋ ਗਿਆ। ਦੁਨੀਆਂ ਤੋਂ ਹਟ ਕੇ ਜੰਗਲ ਵਿਚ ਬੈਠੇ ਇਸ ਹਠੀ ਤਪੱਸਵੀ ਨੂੰ ਗੁਰੂ ਬਾਬੇ ਨੇ ਕਿਸੇ ਹੋਰ ਕੰਮ ਲਾ ਦਿੱਤਾ, ਜਿਸ ਬਾਰੇ ਉਸ ਨੇ ਕਦੀ ਨਹੀਂ ਸੋਚਿਆ ਸੀ। ਇਕ ਵਾਰ ਨਹੀਂ ਬਾਬਾ ਬੰਦਾ ਸਿੰਘ ਲੱਖ ਵਾਰ ਗੁਰੂ ਦੇ ਨਾਮ ਤੋਂ ਸ਼ਹੀਦ ਹੋਣ ਲਈ ਤਿਆਰ ਹੋ ਗਿਆ।

ਬੇਬੇ ਬਾਰੇ ਥੋੜੀਆਂ ਕੁ ਗੱਲਾਂ ਕਰਨੀਆਂ ਹਨ ਪਾਠਕ ਜੀ, ਵਿਚ ਵਿਚਾਲੇ ਕੁਝ ਹੋਰ ਗੱਲਾਂ ਵੀ ਤੁਰਦੀਆਂ ਰਹਿਣਗੀਆਂ ਨਾਲ ਨਾਲ। ਪੇਂਟਿੰਗ ਨਾਲੋਂ ਲਿਖਤ ਦਾ ਇਹੀ ਵੱਡਾ ਫਰਕ ਹੈ। ਇਕੋ ਨਜ਼ਰ ਵਿਚ ਪੇਂਟਿੰਗ ਸਾਰੀ ਦੀ ਸਾਰੀ ਨਿਗਾਹਾਂ ਦੀ ਪਕੜ ਵਿਚ ਆ ਜਾਂਦੀ ਹੈ ਸੰਪੂਰਨ। ਲਿਖਤ ਦਾ ਮਹਿਲ ਇਕ ਇਕ ਇੱਟ ਦੀ ਚਿਣਾਈ ਨਾਲ ਉਸਰਦਾ ਸਹਿਜ ਨਾਲ ਦਿਸੇਗਾ।

ਚਾਰ ਕੁ ਸਾਲ ਦਾ ਮੇਰਾ ਬੇਟਾ ਬੇਬੇ ਦੀ ਗੋਦ ਵਿਚ ਬੈਠਾ ਪੁੱਛਣ ਲੱਗਾ, "ਬੇਬੇ ਜੀ ਮੈਨੂੰ ਪਤਾ ਲੱਗਾ ਹੈ ਪਿੰਡ ਵਿਚ ਤੁਸੀਂ ਜਾਨਵਰ ਪਾਲੇ ਹੋਏ ਸਨ। ਦਸਿਓ ਕਿਹੜੇ ਕਿਹੜੇ ਸਨ?" ਬੇਬੇ ਨੇ ਕਿਹਾ "ਕੱਟਰੂ ਵੱਛਰੂ ਤਾਂ ਸਾਰਿਆਂ ਘਰਾਂ ਵਿਚ ਹੀ ਹੁੰਦੇ ਹਨ ਪਰ ਮੈਂ ਮੁਰਗੇ ਮੁਰਗੀਆਂ ਪਾਲਦੀ। ਖਰਗੋਸ਼ ਹੁੰਦੇ। ਕੁੱਤਾ ਤੇ ਬਿੱਲਾ ਹੁੰਦੇ। ਇਹ ਜਾਨਵਰ ਬਹੁਤ ਭਲੇ ਸਨ। ਆਖਾ ਮੰਨਦੇ। ਤੂੰ ਮੇਰਾ ਕਮਾਲ ਦੇਖ ਪੁੱਤਰ, ਤੇਰੇ ਪਾਪਾ ਵਰਗੇ ਖਤਰਨਾਕ ਜਾਨਵਰ ਵੀ ਪਾਲੇ ਨੇ ਮੈਂ।"

ਪਿੰਡੋਂ ਇਕ ਵਾਰ ਜਦੋਂ ਪਟਿਆਲੇ ਆਈ, ਬੇਟੇ ਦਾ ਜਨਮ ਦਿਨ ਮਨਾ ਰਹੇ ਸਾਂ। ਦੋਸਤ ਬੜੇ ਖਿਡੌਣੇ ਲੈ ਕੇ ਆਏ। ਇੰਨੇ ਕਿ ਢੇਰ ਲੱਗ ਗਿਆ। ਬੇਬੇ ਨੇ ਕਿਹਾ-ਏਨੇ ਖਿਡੌਣਿਆਂ ਦਾ ਕੀ ਕਰੂਗਾ ਮੁੰਡਾ ਤੇਰਾ? ਮੈਂ ਕਿਹਾ-ਬੇਬੇ ਇਹ ਬੜੇ ਕੰਮ ਦੇ ਖਿਡੌਣੇ ਨੇ। ਦਿਮਾਗ ਤਿੱਖਾ ਕਰਨ ਵਾਲੇ। ਅਕਲ ਤੇਜ਼ ਕਰਨ ਵਾਸਤੇ ਬਣਾਏ ਨੇ ਸਾਇੰਸਦਾਨਾਂ ਨੇ ਇਹ। ਬੇਬੇ ਬੋਲੀ-ਤੂੰ ਜਦੋਂ ਨਿੱਕਾ ਜਿਹਾ ਸੀ ਤਾਂ ਮੈਂ ਦਰਵਾਜ਼ੇ ਦੇ ਹੇਠਲੇ ਪਾਸੇ ਲੱਗਿਆ ਹੋਇਆ ਸੰਗਲੀ ਵਾਲਾ ਕੁੰਡਾ ਤੇਰੇ ਹੱਥ ਵਿਚ ਫੜਾ ਦਿਆ ਕਰਦੀ। ਤੂੰ ਉਹਨੂੰ ਛਣਕਾ-ਛਣਕਾ ਕੇ ਵੱਡਾ ਹੋ ਗਿਆ। ਫੇਰ ਤੈਨੂੰ ਤਾਂ ਇਸ ਦਾ ਮਤਲਬ ਭੋਰਾ ਅਕਲ ਨਹੀਂ ਆਈ। ਚਮਚਾ-ਕੌਲੀ ਜਾਂ ਵਿਚਾਰਾ ਸੰਗਲੀ ਵਾਲਾ ਕੁੰਡਾ ਕਿਥੇ ਦੇ ਸਕਦਾ ਹੈ ਅਕਲ?

ਘਰ ਵਿਚ ਅੰਤਾਂ ਦੀ ਗਰੀਬੀ ਸੀ। ਕਰਜ਼ਾ ਕਦੀ ਉਤਰਿਆ ਨਹੀਂ ਸੀ। ਫੀਸ ਇੱਕ ਰੁਪਿਆ ਮਹੀਨਾ ਹੁੰਦੀ ਤੇ ਚੰਦਾ ਦਸ ਪੈਸੇ। ਇਕ ਰੁਪਿਆ ਮਾਸਟਰ ਜੀ ਮਾਫ ਕਰ ਦਿੰਦੇ ਤਾਂ ਦਸੀ ਮਾਫ ਕਰਾਉਣ ਲਈ ਨਵੀਂ ਅਰਜ਼ੀ ਦੇ ਦਿੰਦਾ। ਮਾਸਟਰ ਜੀ ਆਖਦੇ ਕਿ ਚੰਦਾ ਨਹੀਂ ਮਾਫ ਹੋਇਆ ਕਰਦਾ। ਮੇਰੇ ਵਰਗੇ ਪੰਜ ਚਾਰ ਹੋਰ ਵੀ ਹੁੰਦੇ ਸਨ ਕਲਾਸ ਵਿਚ। ਅਸੀਂ ਇਸ ਗੱਲੋਂ ਬੜਾ ਹਸਦੇ ਕਿ ਮਾਸਟਰ ਇਕ ਰੁਪਈਆ ਆਰਾਮ ਨਾਲ ਮਾਫ ਕਰ ਦਿੰਦਾ ਹੈ ਤੇ ਦਸੀ ਮਾਫ ਕਰਦਿਆਂ ਰੋਂਦਾ ਹੈ। ਪੜ੍ਹਨ ਵਿਚ ਚੰਗਾ ਹੋਣ ਕਰਕੇ ਮਾਸਟਰ ਆਪਣੇ ਕੋਲੋਂ ਵੀ ਦਸੀ ਦੇ ਦਿਆ ਕਰਦੇ ਸਨ ਕਦੀ ਕਦੀ। ਸਾਲ 1966 ਵਿਚ ਅੱਠਵੀਂ ਜਮਾਤ ਦੀ ਮੈਰਿਟ ਲਿਸਟ ਵਿਚ ਆ ਗਿਆ ਤਾਂ ਅੱਠ ਰੁਪਏ ਮਹੀਨਾ ਵਜੀਫਾ ਲੱਗਾ। ਸਾਲ ਬਾਦ 96 ਰੁਪਏ ਮਿਲੇ ਤਾਂ ਮਾਂ ਦੀ ਹਥੇਲੀ ਤੇ ਧਰ ਦਿੱਤੇ। ਬਦਲੇ ਵਿਚ ਲੱਖਾਂ ਦੀਆਂ ਅਸੀਸਾਂ ਮਿਲੀਆਂ। ਇਨ੍ਹਾਂ ਪੈਸਿਆਂ ਦਾ ਕੀ ਕਰੀਏ? ਘਰ ਵਿਚ ਸੰਦੂਕ ਨਹੀਂ ਸੀ। ਸਾਰਾ ਸਾਲ ਰਜ਼ਾਈਆਂ ਗਦੈਲਿਆਂ ਉਪਰ ਮਿੱਟੀ ਘੱਟਾ ਪੈਂਦਾ ਰਹਿੰਦਾ। ਅੱਸੀ ਰੁਪਏ ਦੀ ਪੇਟੀ ਸਮਾਣੇ ਤੋਂ ਲਿਆਂਦੀ ਤੇ 16 ਰੁਪਈਆਂ ਦੇ ਲੱਡੂ ਗਵਾਂਢੀਆਂ ਵਿਚ ਵੰਡੇ ਤੇ ਖੁਦ ਵੀ ਗੁਲਛਰੇ ਉਡਾਏ। ਇਹ ਪੇਟੀ ਅਜੇ ਤਕ ਟੁੱਟੀ ਨਹੀਂ, ਗਲੀ ਨਹੀਂ।

ਵੱਡਾ ਭਰਾ ਹਵਾਈ ਫੌਜ ਵਿਚ ਭਰਤੀ ਹੋ ਗਿਆ ਤਾਂ ਬੇਬੇ ਬਹੁਤ ਰੋਈ। ਹਟਦੀ ਹੀ ਨਹੀਂ ਸੀ। ਦਿਨ ਦੇਖਦੀ ਨਾ ਰਾਤ। ਬੜਾ ਸਮਝਾਉਂਦੇ। ਆਖਦੀ, ਕੋਈ ਵਸ ਵਿਚ ਹੈ ਮੇਰੇ? ਰੋਣ ਨੂੰ ਕਿਸੇ ਦਾ ਜੀ ਕਰਿਆ ਕਰਦੈ? ਨਹੀਂ ਰੁਕਿਆ ਜਾਂਦਾ, ਕੀ ਕਰਾਂ? ਦੋ ਤਿੰਨ ਮਹੀਨੇ ਇਸੇ ਤਰ੍ਹਾਂ ਬੀਤ ਗਏ। ਸਾਡੇ ਪੰਨੂਆਂ ਦੇ ਭਾਈਚਾਰੇ ਵਿਚ ਦੇਰ ਪਹਿਲਾਂ ਜੀਤ ਚਾਚਾ ਭਰਤੀ ਹੋਇਆ ਸੀ। ਮਾਂ ਤਾਂ ਚਾਚਿਆਂ ਦੀ ਦੇਰ ਪਹਿਲਾਂ ਮਰ ਗਈ ਹੋਈ ਸੀ। ਬੱਚੇ ਬਾਬਾ ਜੀ ਨੇ ਪਾਲੇ। ਵੱਡੇ ਜੀਤ ਸਿੰਘ ਨੂੰ ਫੌਜ ਵਿਚ ਭਰਤੀ ਕਰਵਾ ਦਿੱਤਾ ਗਿਆ। ਅਸੀਂ ਸੋਚਿਆ ਬੇਬੇ ਨੂੰ ਬਾਬੇ ਕੋਲ ਲੈ ਚੱਲੀਏ ਤੇ ਜਾ ਕੇ ਪੁੱਛੀਏ ਕਿ ਉਨ੍ਹਾਂ ਦਾ ਜੀ ਕਿੰਨੇ ਮਹੀਨਿਆਂ ਬਾਦ ਦਿਲ ਲੱਗ ਗਿਆ ਸੀ। ਮੈਂ ਬੇਬੇ ਨਾਲ ਚਲਾ ਗਿਆ। ਬਾਬਾ ਜੀ ਘਰ ਸਨ। ਮੱਥਾ ਟੇਕ ਕੇ ਬੈਠ ਗਏ। ਗੱਲਾਂ ਤੁਰੀਆਂ ਤਾਂ ਬੇਬੇ ਨੇ ਪੁੱਛਿਆ, "ਬਾਬਾ ਜੀ ਗੁਰਦਿਆਲ ਸੂੰ ਦੇ ਫੌਜ ਵਿਚ ਜਾਣ ਪਿਛੋਂ ਮੇਰਾ ਦਿਲ ਨੀ ਲੱਗਦਾ। ਜਦੋਂ ਆਪਣਾ ਜੀਤ ਭਰਤੀ ਹੋ ਕੇ ਗਿਆ ਸੀ ਤਾਂ ਥੋਡਾ ਜੀਅ ਕਿੰਨੀ ਦੇਰ ਬਾਅਦ ਲੱਗਿਆ ਸੀ?" ਬਾਬਾ ਜੀ ਨੇ ਗੱਲ ਸੁਣੀ ਤਾਂ ਰੱਸਾ ਵੱਟਦੇ ਵੱਟਦੇ ਤੁਰੰਤ ਰੋਣ ਲੱਗ ਪਏ-ਮੇਰਾ ਤਾਂ ਹੁਣ ਤਕ ਜੀਅ ਨਹੀਂ ਲੱਗਦਾ ਭਾਈ। ਗਿਆਰਾਂ ਸਾਲ ਹੋ ਗਏ ਨੇ ਜੀਤ ਨੂੰ ਭਰਤੀ ਹੋਇਆਂ, ਹੁਣ ਤੱਕ ਉਹੀ ਹਾਲ ਹੈ।"

ਬੇਬੇ ਘਰ ਆ ਕੇ ਚੁਪ ਕਰਕੇ ਬੈਠ ਗਈ ਤਾਂ ਅਸੀਂ ਬੜਾ ਹੱਸੇ। ਹੋਰ ਕਰਵਾ ਲਉ ਵੱਡੇ ਹਕੀਮ ਕੋਲੋਂ ਇਲਾਜ। ਲੈ ਆਏ ਜਲੇਬੀਆਂ ਉਥੋਂ।


ਬੇਬੇ ਰਾਏ ਕੌਰ

ਬਲਦ ਆਫਰ ਕੇ ਮਰ ਗਿਆ ਤਾਂ ਕਲਵਾਣੂ ਪਿੰਡ ਦੇ ਬਾਣੀਏ ਚੂਹੜ ਮੱਲ ਤੋਂ ਚਾਰ ਸੌ ਰੁਪਿਆਂ ਦਾ ਗੋਰਾ ਬਲਦ ਖਰੀਦਿਆ। ਛਿਮਾਹੀ ਬਾਦ ਉਹ ਵਿਆਜ ਦੀ ਵਸੂਲੀ ਕਰਨ ਘੋੜੀ ਉਪਰ ਸਵਾਰ ਹੋ ਕੇ ਆਇਆ ਕਰਦਾ ਸੀ। ਦੋ ਲੱਠਮਾਰ ਉਸ ਦੇ ਪਿਛੇ ਪਿਛੇ ਹੁੰਦੇ। ਇਕ ਬੰਦੇ ਦੇ ਹੱਥ ਵਿਚ ਬਰਛਾ ਹੁੰਦਾ। ਚੂਹੜ ਮੱਲ ਪਹਿਲਾਂ ਪੈਸੇ ਮੰਗਦਾ, ਜਦੋਂ ਉਤਰ ਮਿਲਦਾ ਕਿ ਹਨ ਨਹੀਂ, ਤਾਂ ਉਹ ਆਪਣੇ ਬੰਦਿਆਂ ਨੂੰ ਅੰਦਰ ਵੜਨ ਦਾ ਇਸ਼ਾਰਾ ਕਰਦਾ। ਜਿਹੜੇ ਦਸ ਬਾਰਾਂ ਮਣ ਦਾਣੇ ਆਪਣੇ ਖਾਣ ਲਈ ਰੱਖੇ ਹੁੰਦੇ ਉਹ ਚੁੱਕ ਲਿਜਾਂਦਾ। ਸ਼ਰਾਬ ਕੱਢਣ ਵਾਲਿਆਂ ਦੇ ਘਰ ਜਿਵੇਂ ਪੁਲੀਸ ਖੂੰਜਿਆਂ ਵਿਚ ਬਰਛੇ ਗੱਡ ਗੱਡ ਕੇ ਦੇਖਦੀ ਹੈ ਕਿ ਕਿਤੇ ਸ਼ਰਾਬ ਦੱਬੀ ਪਈ ਹੋਵੇਗੀ ਸ਼ਾਇਦ ਕਿਧਰੇ, ਇਵੇਂ ਕਿਤੇ ਮੱਟਾਂ ਵਿਚ ਪਾ ਕੇ ਦਾਣੇ ਲੁਕੋ ਨਾ ਰੱਖੇ ਹੋਣ, ਉਹ ਬਰਛੇ ਗਡ ਗਡ ਤਲਾਸ਼ੀ ਲੈਂਦੇ। ਇਕ ਵਾਰੀ ਦੋ ਮਣ ਦਾਣੇ ਇਸ ਕਰਕੇ ਬਚੇ ਕਿਉਂਕਿ ਬੇਬੇ ਨੇ ਦੋ ਥੈਲੇ ਤੂੜੀ ਵਿਚ ਦੱਬ ਰੱਖੇ ਸਨ। ਖੁਸ਼ ਹੋ ਕੇ ਕਹਿਣ ਲੱਗੀ-ਹੁਣ ਸਬਜ਼ੀਆਂ ਬੀਜ ਦਿਆਂਗੇ। ਦੋ ਮਹੀਨੇ ਇਹ ਦਾਣੇ ਚੱਲ ਜਾਣਗੇ ਦੋ ਮਹੀਨਿਆਂ ਵਿਚ ਸਬਜ਼ੀ ਹੋ ਜਾਊ। ਬਸ ਫਿਰ ਵਾਰੇ ਕੇ ਨਿਆਰੇ। ਤੱਕੜੀ ਤਾਂ ਘਰ ਵਿਚ ਸੀ ਵੱਟੇ ਨਹੀਂ ਸਨ। ਸਿੱਧਾ ਜਿਹਾ ਹਿਸਾਬ ਹੁੰਦਾ। ਨਾ ਸਬਜੀ ਵੇਚਣ ਵਾਲਿਆਂ ਕੋਲ ਪੈਸੇ ਹੁੰਦੇ, ਨਾ ਖਰੀਦਣ ਵਾਲਿਆਂ ਕੋਲ। ਗਾਹਕ ਦਾਣੇ ਲੈ ਕੇ ਆਉਂਦੇ। ਕਰੇਲੇ ਇਕ ਵਾਰ ਦਾਣੇ ਦੋ ਵਾਰ ਲੈਂਦੇ। ਦਾਣੇ ਇਕ ਵਾਰ ਕੱਦੂ ਦੋ ਵਾਰ ਦਿੰਦੇ। ਬਾਕੀ ਸਬਜ਼ੀਆਂ ਦਾਣਿਆਂ ਦੇ ਬਰਾਬਰ।

ਮੈਨੂੰ ਪੁਲੀਸ ਨੇ ਕਈ ਵਾਰ ਗ੍ਰਿਫਤਾਰ ਕੀਤਾ ਹੈ। ਦਰਬਾਰ ਸਾਹਿਬ ਉਪਰ ਹਮਲਾ ਹੋਇਆ ਤਦ ਫੌਜ ਆ ਗਈ ਸੀ ਫੜ੍ਹਨ, ਅੱਧੀ ਰਾਤ। ਚਾਰੇ ਪਾਸੇ ਸਰਚ ਲਾਈਟਾਂ। ਗਵਾਂਢੀਆਂ ਦੀਆਂ ਛੱਤਾਂ ਉਪਰ ਪੁਜੀਸ਼ਨਾਂ ਲਈ ਬੈਠੇ ਫੌਜੀ, ਬਖਤਰਬੰਦ ਗੱਡੀਆਂ, ਇਹ ਸਭ ਦੇਖ ਕੇ ਮੈਂ ਹੈਰਾਨ ਹੋ ਗਿਆ। ਮੈਂ ਦਿਲ ਵਿਚ ਸੋਚਿਆ-ਜਿੰਡਾ ਵੱਡਾ ਖੱਬੀਖਾਨ ਤੇ ਖੂੰਖਾਰ ਇਹ ਮੈਨੂੰ ਸਮਝ ਰਹੇ ਹਨ, ਚੰਗਾ ਹੁੰਦਾ ਜੇ ਮੈਂ ਉਹੋ ਜਿਹਾ ਹੀ ਹੁੰਦਾ ਅਸਲ ਵਿਚ ਵੀ। ਉਦੋਂ ਵੀ ਭੋਰਾ ਡਰ ਨਹੀਂ ਲੱਗਾ ਮੈਨੂੰ। ਜਦੋਂ ਕਦੀ ਚੂਹੜ ਮੱਲ ਦੇ ਰੇਡ ਯਾਦ ਆ ਜਾਂਦੇ ਹਨ, ਮੈਨੂੰ ਕਾਂਬਾ ਛਿੜ ਜਾਂਦਾ ਹੈ। ਕਦੀ ਕਦਾਈਂ ਮੈਂ ਆਪਣੇ ਆਪ ਨੂੰ ਸਵਾਲ ਵੀ ਕੀਤਾ ਕਿ ਅਜਿਹਾ ਕਿਉਂ ਹੁੰਦਾ ਹੈ? ਇਕ ਦਿਨ ਮਾਂ ਨੂੰ ਪੁੱਛਿਆ-ਆਪਾਂ ਗੁਰੂ ਦਸ਼ਮੇਸ਼ ਪਿਤਾ ਦੇ ਸਿੰਘ, ਇਕ ਬਾਣੀਏਂ ਤੋਂ ਕਿਉਂ ਡਰ ਜਾਂਦੇ ਸਾਂ? ਉਤਰ, "ਬਾਣੀਏ ਤੋਂ ਕੌਣ ਡਰਦਾ ਹੈ? ਅਸੀਂ ਤਾਂ ਪੁੱਤਰ ਸੱਪ ਸ਼ੀਂਹ ਤੋਂ ਨਹੀਂ ਡਰਦੇ। ਬਾਣੀਏ ਤੋਂ ਨਹੀਂ, ਕੰਗਾਲੀ ਤੋਂ ਡਰਦੇ ਸਾਂ। ਸੰਸਾਰ ਵਿਚ ਗਰੀਬੀ ਤੋਂ ਵਧੀਕ ਡਰਾਉਣਾ ਨਾ ਕੋਈ ਜਾਨਵਰ ਹੈ ਨਾ ਕੋਈ ਹਥਿਆਰ। ਦੁਸ਼ਮਣ ਦੇ ਘਰ ਵੀ ਦਾਣਿਆਂ ਤੋਂ ਖਾਲੀ ਨਾ ਹੋਣ ਹੇ ਮਹਾਰਾਜ।"

ਜਦੋਂ ਉਹ ਘਰ ਵਿਚ ਹੁੰਦੀ ਤਾਂ ਦਿਨ ਰਾਤ ਤਿਉਹਾਰ ਵਰਗੇ ਹੁੰਦੇ। ਪੜ੍ਹਦੇ, ਖੇਡਦੇ, ਡੰਗਰ ਚਾਰਦੇ, ਖੇਤੀ ਵਿਚ ਹੱਥ ਵਟਾਉਂਦੇ, ਬਾਂਦਰ ਵਾਂਗ ਦਰਖਤਾਂ 'ਤੇ ਚੜ੍ਹਦੇ-ਉਤਰਦੇ ਛਾਲਾਂ ਮਾਰਦੇ। ਨਹਿਰ ਵਿਚ ਛਾਲ-ਫਿਰ ਤੱਤੇ ਰੇਤ ਵਿਚ ਲੇਟਣੀ-ਫਿਰ ਨਹਿਰ ਵਿਚ ਛਾਲ। ਸੱਟ ਫੇਟ ਬਿਮਾਰੀ ਨੇੜੇ ਤੇੜੇ ਨਹੀਂ ਸੀ। ਜਿਉਂਦਾ ਜਾਗਦਾ ਪੂਰਾ ਸਜਗ ਘਰ ਹੁੰਦਾ। ਜਦੋਂ ਮਾਂ ਕਦੀ ਰਿਸ਼ਤੇਦਾਰੀ ਵਿਚ ਗਈ ਦੋ ਚਾਰ ਦਿਨ ਨਾ ਆਉਂਦੀ ਤਾਂ ਅਸੀਂ ਚੁਪ ਚਾਪ ਗੁੰਮ ਸੁੰਮ ਜਿਹੇ ਫਿਰਦੇ ਰਹਿੰਦੇ ਇਧਰ ਉਧਰ। ਆਪਸ ਵਿਚ ਗੱਲ ਕਰਨੀ ਵੀ ਚੰਗੀ ਨਾ ਲੱਗਦੀ। ਬਾਪੂ ਦਾ ਸੁਭਾਉ ਸਖ਼ਤ ਸੀ, ਪਰ ਉਹ ਖਿਆਲ ਰਖਦਾ ਕਿ ਜਦੋਂ ਇਨ੍ਹਾਂ ਦੀ ਮਾਂ ਘਰ ਨਾ ਹੋਵੇ ਤਾਂ ਬੱਚੇ ਝਿੜਕਣੇ ਨਹੀਂ ਕਿਉਂਕਿ ਫਿਰ ਰੋਣੋ ਨਹੀਂ ਹਟਣਗੇ। ਜਦੋਂ ਕਦੀ ਵੇਲੇ ਸਿਰ ਸਾਡੇ ਲਈ ਨਵੇਂ ਕੱਪੜੇ ਨਾ ਖਰੀਦ ਸਕਦੀ ਜਾਂ ਵੇਲੇ ਸਿਰ ਕਿਤਾਬਾਂ ਕਾਪੀਆਂ ਵਾਸਤੇ ਪੈਸੇ ਨਾ ਹੁੰਦੇ ਤਾਂ ਉਹ ਉਦੋਂ ਰੋਂਦੀ ਜਦੋਂ ਅਸੀਂ ਸਕੂਲ ਚਲੇ ਜਾਂਦੇ। ਇਹੋ ਜਿਹੇ ਮੌਕਿਆਂ 'ਤੇ ਉਹ ਨਾਨਕੇ ਜਾ ਪੁਜਦੀ। ਮਾਮੇ ਚੰਗੇ ਵਾਹੀਕਾਰ ਸਨ ਤੇ ਦੋਵਾਂ ਕੋਲ ਪੰਜਾਹ ਏਕੜ ਜ਼ਮੀਨ ਸੀ। ਉਥੋਂ ਕਦੀ ਖਾਲੀ ਮੁੜਨ ਦਾ ਸਵਾਲ ਹੀ ਨਹੀਂ ਸੀ। ਦੁੱਧੋਂ ਹਟੀ ਮੱਝ ਗਾਂ ਲੈ ਜਾਂਦੇ ਤੇ ਤਾਜੀ ਸੂਈ ਮੱਝ ਛੱਡ ਜਾਂਦੇ। ਘਿਉ ਦਿੰਦੇ। ਖੋਇਆ ਦਿੰਦੇ, ਘੋੜੀ ਉਪਰ ਝੂਟੇ ਦਿੰਦੇ। ਹੋਰ ਸੁਰਗ ਕਿਹੋ ਜਿਹਾ ਹੋਇਆ ਕਰਦਾ ਹੈ?

ਪੜ੍ਹਨ ਨੂੰ ਮੈਂ ਚੰਗਾ ਨਿਕਲਿਆ। ਪੰਜਵੀਂ, ਅੱਠਵੀਂ, ਦਸਵੀਂ ਵਿਚੋਂ ਬਹੁਤ ਵਧੀਆ ਨੰਬਰ ਲਏ। ਪਿੰਡ ਵਿਚ ਅਤੇ ਰਿਸ਼ਤੇਦਾਰਾਂ ਵਿਚ ਬੱਲੇ ਬੱਲੇ ਹੋਈ। ਵੱਡਾ ਭਰਾ ਗੁਰਦਿਆਲ ਸਿੰਘ ਜੋ ਮੇਰੇ ਤੋਂ ਦੱਸ ਸਾਲ ਵੱਡਾ ਸੀ, ਬੜਾ ਮਿਹਨਤੀ ਅਤੇ ਤੇਜ਼ ਤਰਾਰ ਦਿਮਾਗ ਵਾਲਾ ਸੀ ਪਰ ਘਰ ਦੀਆਂ ਤੰਗੀਆਂ ਕਰਕੇ ਕਾਲਜ ਜਾਣ ਦੀ ਥਾਂ ਭਰਤੀ ਹੋ ਗਿਆ, ਅੱਸੀ ਰੁਪਏ ਮਹੀਨਾ ਤਨਖਾਹ ਉਪਰ। ਉਥੇ ਉਸ ਨੇ ਅੰਗਰੇਜ਼ੀ ਦੀ ਐਮ.ਏ. ਕੀਤੀ ਤੇ ਉਹਦੀ ਲਿਖਤ ਅਤੇ ਬੋਲਚਾਲ ਦੀ ਅੰਗਰੇਜ਼ੀ ਤੋਂ ਮੇਰੀ ਯੂਨੀਵਰਸਿਟੀ ਦੇ ਪ੍ਰੋਫੈਸਰ ਪ੍ਰਭਾਵਿਤ ਹੁੰਦੇ।

ਦਸਵੀਂ ਦੇ ਰਿਜ਼ਲਟ ਤੋਂ ਬਾਦ ਬਾਪੂ ਨਾਲ ਗੱਲ ਕੀਤੀ ਕਿ ਕਾਲਜ ਵਿਚ ਦਾਖਲ ਕਰਵਾਉ। ਬਾਪੂ ਜੀ ਬੋਲੇ, "ਘਰ ਵਿਚ ਕੋਈ ਪਸ਼ੂ ਹੈ, ਦੱਸ ਉਹ ਵੇਚ ਦਿੰਦਾ ਹਾਂ। ਤੇਰੀ ਬੇਬੇ ਕੋਲ ਕੋਈ ਟੂਮ ਹੈ ਤਾਂ ਉਹ ਵੇਚ ਦੇ। ਬਾਣੀਆਂ ਹੋਰ ਕਰਜ਼ਾ ਦੇਣ ਤੋਂ ਇਨਕਾਰੀ ਹੈ। ਇਕ ਮੈਂ ਬਚਿਆ ਹਾਂ। ਮੈਨੂੰ ਵੇਚ ਦੇ। ਮੇਰੀ ਇੱਛਾ ਹੈ ਕਿ ਤੂੰ ਪੜ੍ਹੇਂ, ਅਫਸਰ ਬਣੇਂ, ਬਣ ਸਕਦਾ ਹੈਂ ਤੂੰ, ਮੈਨੂੰ ਸੀਰੀ ਰਲਾ ਦੇ ਕਿਸੇ ਨਾਲ, ਮੈਂ ਤਿਆਰ ਆਂ।" ਇਹੋ ਜਿਹੀ ਗੱਲ ਮੈਨੂੰ ਬਹੁਤ ਛੇਤੀ ਸਮਝ ਆ ਜਾਂਦੀ ਹੈ। ਮੈਂ ਸੋਚਿਆ ਬਾਪੂ ਦੀਆਂ ਗੱਲਾਂ ਵਿਚ ਵਕਤ ਨਸ਼ਟ ਕਰਨ ਦੀ ਥਾਂ ਨਾਨਕੇ ਚਲਦੇ ਹਾਂ। ਮਾਂ ਨੇ ਤੋਰਦਿਆਂ ਕਿਹਾ-ਅਕਲ ਨਾਲ ਹਲੀਮੀ ਨਾਲ ਗੱਲ ਕਰੀਂ, ਤੇਰੀ ਮਾਮੀ ਚੰਗੀ ਹੈ ਬੜੀ। ਉਹਦੇ ਨਾਲ ਅੱਡ ਗੱਲ ਕਰੀਂ ਮਾਮੇ ਨਾਲ ਅੱਡ। ਜਾਹ ਗੁਰੂ ਰਾਖਾ।

ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਨਾਨਕੇ ਨਾਨਾ-ਨਾਨੀ ਨਾਲ ਹੁੰਦੇ ਹਨ। ਮੇਰੇ ਨਾਨਾ-ਨਾਨੀ ਚਰੋਕਣੇ ਤੁਰ ਗਏ ਹੋਏ ਸਨ। ਮਾਮੇ ਤੇ ਮਾਮੀਆਂ ਫਰਿਸ਼ਤਿਆਂ, ਪਰੀਆਂ ਵਰਗੇ ਲੋਕ ਸਨ। ਜਦੋਂ ਜਾ ਕੇ ਦੱਸਿਆ ਕਿ ਦਸਵੀਂ ਵਿਚੋਂ ਬਹੁਤ ਨੰਬਰ ਲੈ ਕੇ ਪਾਸ ਹੋਇਆ ਹਾਂ ਤਾਂ ਬੜੀਆਂ ਅਸੀਸਾਂ ਮਿਲੀਆਂ। ਖਾਣ-ਪੀਣ ਲਈ ਬੜਾ ਕੁੱਝ ਬਣਾ ਧਰਿਆ। ਵਡੇ ਮਾਮਾ ਜੀ ਨਾਲ ਛੱਤ ਉਪਰ ਸੌਣ ਵਾਸਤੇ ਚਲੇ ਗਏ ਜਿਥੇ ਤਿੰਨ ਚਾਰ ਮੰਜੀਆਂ ਵਿਛਾਈਆਂ ਗਈਆਂ ਸਨ। ਮੈਂ ਕਾਲਜ ਵਿਚ ਪੜ੍ਹਨ ਜਾਣ ਦੀ ਗੱਲ ਤੋਰ ਕੇ ਪੈਸੇ ਮੰਗੇ। ਮਾਮਾ ਜੀ ਬੋਲੇ, "ਕਿਥੇ ਪੈਸੇ ਭਾਣਜੇ। ਘਰ ਵਿਚ ਦੋ ਰੁਪਈਏ ਵੀ ਨਹੀਂ ਤੂੰ ਦੋ ਸੌ ਮੰਗਦਾ ਹੈਂ।" ਮੈਂ ਕਿਹਾ, "ਮੇਰੇ ਬਾਪੂ ਨੂੰ ਉਧਾਰ ਨਹੀਂ ਮਿਲਦੇ। ਤੁਹਾਨੂੰ ਉਧਾਰ ਤਾਂ ਮਿਲ ਜਾਣਗੇ। ਬਾਣੀਏ ਤੋਂ ਲਿਆ ਕੇ ਦੇ ਦਿਉ।"

ਮਾਮਾ ਜੀ ਨੇ ਕਿਹਾ, "ਫਸਲ ਦੀ ਨਾ ਇਹ ਰੁੱਤ ਨਾ ਉਹ ਰੁੱਤ (ਭਾਵ ਨਾ ਬੀਜਣ ਦੀ ਰੁੱਤ ਨਾ ਵੱਢਣ ਦੀ; ਇਨ੍ਹਾਂ ਦੋ ਵੇਲਿਆਂ ਤੇ ਬਾਣੀਆਂ ਪੈਸੇ ਦਿਆ ਕਰਦਾ ਹੈ), ਹੁਣ ਉਧਾਰ ਵੀ ਨਹੀਂ ਮਿਲਣੇ।" ਮੈਨੂੰ ਗੁੱਸਾ ਆ ਗਿਆ, ਮੈਂ ਕਿਹਾ, "ਮੈਂ ਜੂਆ ਖੇਡਣ ਵਾਸਤੇ ਪੈਸੇ ਮੰਗਣ ਨਹੀਂ ਆਇਆ, ਨਾ ਸ਼ਰਾਬਾਂ ਪੀਣ ਲਈ ਮੱਦਦ ਮੰਗਦਾ ਹਾਂ। ਬਹੁਤ ਨੇਕ ਤੇ ਵੱਡਾ ਕੰਮ ਕਰਨ ਦਾ ਫੈਸਲਾ ਕੀਤਾ ਹੈ ਮੈਂ। ਏਸ ਚੰਗੇ ਕੰਮ ਕਰਨ ਵਾਸਤੇ ਜੇ ਪੈਸੇ ਨਹੀਂ ਦੇਣੇ ਤਾਂ ਇਹ ਦਸ ਮਾਮਾ ਆਪਣੀ ਭੈਣ ਗਰੀਬ ਜੱਟ ਨੂੰ ਕਿਉਂ ਵਿਆਹੀ ਸੀ?"

ਮਾਮਾ ਜੀ ਰੋਣ ਲੱਗ ਗਏ, "ਭਾਣਜੇ ਜਿਹੜੀ ਗੱਲ ਦਾ ਪਤਾ ਨਾ ਹੋਵੇ ਉਹ ਛੇੜਿਆ ਨਹੀਂ ਕਰਦੇ। ਤੂੰ ਸਿਆਣਾ ਹੈਂ, ਮੈਂ ਤਾਂ ਕੋਰਾ ਅਨਪੜ੍ਹ ਹਾਂ। ਤੇਰੀ ਬੇਬੇ ਤੇ ਮਾਸੀ ਵੱਡੀਆਂ ਹਨ। ਅਸੀਂ ਦੋਵੇਂ ਭਰਾ ਛੋਟੇ ਹਾਂ। ਤੇਰਾ ਨਾਨਾ ਵੱਡੀ

*(ਬਾਕੀ ਸਫਾ 26 'ਤੇ)*

## ਗਦਰੀ ਬਾਬੇ ਕੌਣ ਸਨ?-3

ਭਾਰਤੀ ਆਜ਼ਾਦੀ ਦੇ ਇਤਿਹਾਸ ਦੇ ਮਿਸਾਲੀ ਘੋਲ 'ਗਦਰ ਲਹਿਰ' ਦਾ ਸ਼ਤਾਬਦੀ ਵਰ੍ਹਾ ਚੱਲ ਰਿਹਾ ਹੈ। 20ਵੀਂ ਸਦੀ ਦੇ ਅਰੰਭ ਵਿਚ ਇਨ੍ਹਾਂ ਗਦਰੀਆਂ ਨੇ ਬਰਤਾਨਵੀ ਹਕੂਮਤ ਨੂੰ ਹੱਥਾਂ-ਪੈਰਾਂ ਦੀ ਪਾ ਦਿੱਤੀ ਸੀ। ਇਨ੍ਹਾਂ ਗਦਰੀਆਂ ਦੀ ਚਰਚਾ ਗਾਹੇ-ਬਗਾਹੇ ਹੁੰਦੀ ਰਹੀ ਹੈ ਅਤੇ ਸੰਜੀਦਾ ਜੁਝਾਰੂ ਲੋਕ ਉਨ੍ਹਾਂ ਦੀ ਵਿਰਾਸਤ ਨੂੰ ਅਗਾਂਹ ਤੋਰਨ ਦੇ ਆਹਰ ਵਿਚ ਵੀ ਲੱਗੇ ਰਹੇ ਹਨ। ਹੁਣ ਸ਼ਤਾਬਦੀ ਮੌਕੇ ਗਦਰੀਆਂ ਵੱਲੋਂ ਕੌਮੀ ਕਾਜ ਵਿਚ ਪਾਏ ਯੋਗਦਾਨ ਬਾਰੇ ਚਰਚਾ ਇਕ ਵਾਰ ਫਿਰ ਭਰਪੂਰ ਰੂਪ ਵਿਚ ਛਿੜੀ ਹੈ ਪਰ ਕੁਝ ਵਿਦਵਾਨ ਗਦਰ ਲਹਿਰ ਨੂੰ ਮਹਿਜ਼ ਸਿੱਖਾਂ ਤੱਕ ਸੀਮਤ ਕਰ ਰਹੇ ਹਨ। ਇਸ ਨੁਕਤਾ-ਨਿਗ੍ਹਾ ਤੋਂ ਕਹਾਣੀਕਾਰ ਵਰਿਆਮ ਸਿੰਘ ਸੰਧੂ ਦਾ ਲੰਮਾ ਲੇਖ ਪਹਿਲਾਂ ਪਾਠਕਾਂ ਦੀ ਨਜ਼ਰ ਕੀਤਾ ਜਾ ਚੁੱਕਾ ਹੈ। ਹੁਣ ਅਸੀਂ ਡਾ. ਸਰਬਜੀਤ ਸਿੰਘ ਦੀ ਲੇਖ ਲੜੀ ਛਾਪ ਰਹੇ ਹਾਂ। ਪਿਛਲੀਆਂ ਲੜੀਆਂ ਵਿਚ ਉਨ੍ਹਾਂ ਨੇ .ਗਦਰੀਆਂ ਦੇ ਸਿਰੜ ਤੇ ਸਿਦਕ ਦੀਆਂ ਜੜ੍ਹਾਂ ਬਾਰੇ ਗੱਲਾਂ ਕੀਤੀਆਂ ਸਨ। ਐਤਕੀਂ ਧਰਮ ਬਾਰੇ ਪੱਖ ਛੋਹੇ ਹਨ। ਇਸ ਬਾਰੇ ਆਏ ਵਿਚਾਰਾਂ ਨੂੰ ਪਰਚੇ ਵਿਚ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ

# ਬਾਬਾ ਭਕਨਾ ਤੇ ਭਾਈ ਰਣਧੀਰ ਸਿੰਘ ਬਾਰੇ ਸੱਚੋ-ਸੱਚ

ਸੁਆਲ ਉਠਦਾ ਹੈ ਕਿ ਲੇਖਕ ਅਜਮੇਰ ਸਿੰਘ ਸਾਧਾਰਨ ਪਾਠਕ ਲਈ ਲਿਖੀ ਗਈ ਆਪਣੀ ਇਸ ਪੁਸਤਕ (ਗਦਰੀ ਬਾਬੇ ਕੌਣ ਸਨ) ਵਿਚ ਹਿੰਦੂ-ਸਿੱਖ ਦੀ ਵੰਡ ਕਿਉਂ ਖੜ੍ਹੀ ਕਰਦਾ ਹੈ? ਇਸ ਦਾ ਵਿਸਥਾਰ ਸਹਿਤ ਜਵਾਬ ਉਸ ਦੀਆਂ ਪਹਿਲੀਆਂ ਤਿੰਨ ਪੁਸਤਕਾਂ ਵਿਚ ਸ਼ਾਮਲ ਹੈ। ਇਨ੍ਹਾਂ ਤਿੰਨਾਂ ਪੁਸਤਕਾਂ ਬਾਰੇ ਲੰਮਾ-ਚੌੜਾ ਸੰਵਾਦ ਅਖਬਾਰ ਪੰਜਾਬ ਟਾਈਮਜ਼ ਵਿਚ ਛਪ ਚੁਕਾ ਹੈ (ਇਹ ਸਾਰਾ ਸੰਵਾਦ ਅਮੋਲਕ ਸਿੰਘ ਅਤੇ ਗੁਰਦਿਆਲ ਬੱਲ ਦੁਆਰਾ ਸੰਪਾਦਤ ਪੁਸਤਕ 'ਸਿੱਖ ਕੌਮ: ਹਸਤੀ ਤੇ ਹੋਣੀ' ਵਿਚ ਦਰਜ ਹੈ)। ਉਸ ਸਾਰੇ ਸੰਵਾਦ ਵਿਚੋਂ ਲੇਖਕ (ਅਜਮੇਰ ਸਿੰਘ) ਗ਼ੈਰ-ਹਾਜ਼ਿਰ ਰਹਿੰਦਾ



**ਡਾ. ਸਰਬਜੀਤ ਸਿੰਘ**
**ਫੋਨ: 91-98155-74144**

ਹੈ। ਕਿਧਰੇ ਵੀ ਉਸ ਨੇ ਆਪਣੇ ਕੀਤੇ ਸਿੱਖ ਵਿਸ਼ਲੇਸ਼ਣ ਦਾ ਨਾ ਤਾਂ ਜਵਾਬ ਦਿੱਤਾ ਹੈ ਅਤੇ ਨਾ ਹੀ ਸਪਸ਼ਟੀਕਰਨ। ਪੰਜਾਬ ਟਾਈਮਜ਼ ਵਿਚ ਚੱਲੇ ਇਸ ਸੰਵਾਦ ਦੌਰਾਨ ਅਜਮੇਰ ਸਿੰਘ ਨੂੰ ਥਾਂ-ਪੁਰ-ਥਾਂ ਅਨੇਕ ਸੁਆਲ ਕੀਤੇ ਗਏ ਪਰ ਉਸ ਨੇ ਕਿਧਰੇ ਵੀ ਸੰਵਾਦ ਨਹੀਂ ਰਚਾਇਆ। ਇਹ ਆਪਣੇ ਆਪ ਵਿਚ ਹੀ ਬਹੁਤ ਵੱਡਾ ਸੁਆਲ ਹੈ ਕਿ ਲੇਖਕ ਦੀ ਲਿਖਤ ਬਾਰੇ ਸੁਆਲ ਉਠਣ ਤੇ ਉਹ ਮੌਨ ਧਾਰ ਲਵੇ ਤੇ ਕੋਈ ਜਵਾਬ ਹੀ ਨਾ ਦੇਵੇ। ਇਥੋਂ ਲੇਖਕ ਦੀ ਸ਼ਖ਼ਸੀਅਤ ਬਾਰੇ ਅਨੇਕਾਂ ਸੰਦੇਹ ਪੈਦਾ ਹੋ ਜਾਂਦੇ ਹਨ।

ਉਸ ਸੰਵਾਦ ਵਿਚ ਸ਼ਾਮਲ ਸਿੱਖ ਵਿਦਵਾਨ ਡਾ. ਬਲਕਾਰ ਸਿੰਘ ਨੇ ਲੇਖਕ ਨੂੰ ਸੁਆਲ ਕੀਤਾ ਸੀ। ਉਹ ਸੁਆਲ ਅਜਮੇਰ ਸਿੰਘ ਦੀ ਇਸ ਪੁਸਤਕ 'ਗ਼ਦਰੀ ਬਾਬੇ ਕੌਣ ਸਨ?' ਬਾਰੇ ਵੀ ਸਾਰਥਕ ਹੈ। ਸਵਾਲ ਸੀ; "ਜੇ ਅਜਮੇਰ ਸਿੰਘ ਸਿੱਖਾਂ ਵਾਸਤੇ ਲਿਖ ਰਿਹਾ ਹੈ ਤਾਂ ਇਹ ਤਾਂ ਦੱਸਣਾ ਹੀ ਪਵੇਗਾ ਕਿ ਕਿਹੜੇ ਸਿੱਖਾਂ ਵਾਸਤੇ ਕੀ ਲਿਖ ਰਿਹਾ ਹੈ? ਜਿਹੜੀ ਨਫ਼ਰਤ ਲੇਖਕ ਬੀਜ ਰਿਹਾ ਹੈ, ਇਸ ਨੂੰ ਪਾਲਣਾ ਕਿਸ ਨੇ ਹੈ, ਵੱਢਣਾ ਕਿਸ ਨੇ ਹੈ ਅਤੇ ਵੇਚਣਾ ਕਿਸ ਨੂੰ ਹੈ? ਲੇਖਕ ਦੀਆਂ ਪੁਸਤਕਾਂ ਜਿਹੋ ਜਿਹੇ ਸਵਾਲ ਪੈਦਾ ਕਰਦੀਆਂ ਹਨ, ਉਨ੍ਹਾਂ ਦੇ ਉਤਰ ਪੁਸਤਕਾਂ ਵਿਚੋਂ ਨਹੀਂ ਮਿਲਦੇ। ਬਸ ਇਕ ਹੀ ਨਿਰਦੇਸ਼ ਮਿਲਦਾ ਹੈ ਕਿ ਮਰੋ ਜਾਂ ਮਾਰ ਦਿਉ? ਇਸ ਯੁੱਗ ਵਿਚ ਤਾਂ ਕੀ, ਕਿਸੇ ਵੀ ਸਮੇਂ ਇਹੋ ਜਿਹੀ ਉਲਾਰ ਸੋਚ ਦਾ ਸਿੱਖ ਧਰਮ ਨੇ ਸਮਰਥਨ ਨਹੀਂ ਕੀਤਾ।" (ਅਮੋਲਕ ਸਿੰਘ ਤੇ ਗੁਰਦਿਆਲ ਬੱਲ ਦੀ ਸੰਪਾਦਤ ਪੁਸਤਕ 'ਸਿੱਖ ਕੌਮ: ਹਸਤੀ ਤੇ ਹੋਣੀ', ਸਫਾ 335)। ਇਉਂ ਅਜਮੇਰ ਸਿੰਘ ਦੀ ਉਲਾਰ ਸੋਚ ਗ਼ਦਰ ਲਹਿਰ ਬਾਰੇ ਹੀ ਨਹੀਂ ਸਗੋਂ ਸਿੱਖੀ ਸਬੰਧੀ ਜਿਹੜੀਆਂ ਤਿੰਨ ਪੁਸਤਕਾਂ ਲਿਖੀਆਂ ਹਨ, ਉਨ੍ਹਾਂ ਵਿਚ ਵੀ ਉਹ ਉਲਾਰ, ਤੱਥ ਰਹਿਤ ਅਤੇ ਪ੍ਰਸੰਗ ਵਿਹੂਣੇ ਪ੍ਰਵਚਨ ਵਿਚ ਮਗਨ ਹੈ। ਸਿੱਖ ਸਿਧਾਂਤਾਂ ਸਬੰਧੀ ਕੱਟੜ ਸੂਝ ਵਾਲੇ ਨਹੀਂ ਸਗੋਂ ਵਿਵੇਕੀ ਸੂਝ ਰੱਖਣ ਵਾਲੇ ਹਲਕਿਆਂ ਨੇ ਉਸ ਨੂੰ ਰੱਦ ਕੀਤਾ ਹੈ। ਗ਼ਦਰ ਲਹਿਰ ਬਾਰੇ ਕੀਤਾ ਗਿਆ ਵਿਸ਼ਲੇਸ਼ਣ ਵੀ ਦੋਸ਼ ਮੁਕਤ ਨਹੀਂ ਹੈ।

ਲੇਖਕ ਆਪਣੀ ਪੁਸਤਕ ਵਿਚ ਗ਼ਦਰੀ ਬਾਬਿਆਂ ਦੇ ਧਾਰਮਿਕ ਵਿਸ਼ਵਾਸਾਂ ਦੀ ਲੰਮੀ-ਚੌੜੀ ਵਿਆਖਿਆ ਕਰਦਾ ਹੈ। ਬਾਬਾ ਸੋਹਣ ਸਿੰਘ ਭਕਨਾ ਦੀ ਸਵੈ-ਜੀਵਨੀ 'ਮੇਰੀ ਰਾਮ ਕਹਾਣੀ' ਨੂੰ ਜਿਵੇਂ ਪ੍ਰਸੰਗ ਵਿਹੂਣਾ ਵਰਤਿਆ ਗਿਆ ਹੈ, ਉਹ ਬੌਧਿਕ ਅਨਾਚਾਰ ਹੈ। ਲੇਖਕ ਬਾਬਾ ਭਕਨੇ ਦੇ ਹਵਾਲੇ ਨਾਲ ਕਹਿੰਦਾ ਹੈ, "ਅੰਮ੍ਰਿਤਸਰ ਸਟੇਸ਼ਨ ਪੁਰ ਅਮਰੀਕਾ ਨੂੰ ਜਾਣ ਵਾਲੇ ਅਸੀਂ ਪੰਜ ਸਿੰਘ ਵੱਖਰੇ-ਵੱਖਰੇ ਪਿੰਡਾਂ ਤੋਂ ਆ ਕੇ ਇਕੱਠੇ ਹੋਏ ਤਾਂ ਇਸ ਤੋਂ ਪਤਾ ਚੱਲਦਾ ਹੈ ਕਿ ਉਨ੍ਹਾਂ ਅੰਦਰ ਆਪਣੀ ਸਿੱਖ ਪਛਾਣ ਦਾ ਅਹਿਸਾਸ ਕਿੰਨਾ ਕੁਦਰਤੀ ਤੇ ਡੂੰਘਾ ਸੀ। ਇਹ ਸੱਚਾਈ ਸਾਰੇ ਬਾਬਿਆਂ ਦੀਆਂ ਲਿਖਤਾਂ 'ਚੋਂ ਪ੍ਰਗਟ ਹੁੰਦੀ ਹੈ।" (ਅਜਮੇਰ ਸਿੰਘ, ਗ਼ਦਰੀ ਬਾਬੇ ਕੌਣ ਸਨ? ਸਫਾ 117) ਬਾਬਾ ਭਕਨਾ ਦੀ ਸਹਿਜ ਭਾ ਕਹੀ ਗੱਲ ਕੁਦਰਤੀ ਅਤੇ ਡੂੰਘੇ ਅਹਿਸਾਸ ਵਾਲੀ ਹੋ ਗਈ ਪਰ ਜਿਨ੍ਹਾਂ ਉਦੇਸ਼ਾਂ ਦੀ ਖ਼ਾਤਰ ਆਪਣੀਆਂ ਜ਼ਿੰਦਗੀਆਂ ਕਾਲੇ ਪਾਣੀਆਂ ਵਿਚ ਰੋਲ ਦਿੱਤੀਆਂ, ਉਨ੍ਹਾਂ ਪ੍ਰਤੀ ਦ੍ਰਿਸ਼ਟੀ 'ਘੋਖਵੀਂ ਅਤੇ ਸੋਖਵੀਂ" ਹੋਵੇ! ਕਿਉਂ? ਕਿਉਂ ਹੋਵੇ? ਇਸ ਲਈ ਕਿਉਂਕਿ ਉਨ੍ਹਾਂ ਉਦੇਸ਼ਾਂ ਕਰ ਕੇ ਗ਼ਦਰੀ ਬਾਬੇ ਸਿੱਖ ਨਹੀਂ ਬਣਦੇ। ਇਥੇ ਮਹੱਤਵਪੂਰਨ ਮਸਲਾ ਸਿੱਖ ਅਕੀਦੇ ਅਤੇ ਸਿੱਖ ਦ੍ਰਿਸ਼ਟੀ ਦਾ ਹੈ। ਸਿੱਖ ਅਕੀਦਾ ਅਧਿਆਤਮਕ ਖੇਤਰ ਨਾਲ ਸਬੰਧਤ ਹੈ ਅਤੇ ਸਿੱਖ ਦ੍ਰਿਸ਼ਟੀ ਜੀਵਨ ਵਿਹਾਰ ਨਾਲ। ਕੁਝ ਗ਼ਦਰੀ (ਸਾਰੇ ਨਹੀਂ) ਨਿਰਸੰਦੇਹ ਸਿੱਖ ਅਕੀਦੇ ਵਾਲੇ ਸਨ ਪਰ ਸਿੱਖ ਅਕੀਦੇ ਕਰ ਕੇ ਉਨ੍ਹਾਂ ਨੂੰ ਇਸ ਮਸਲੇ ਨਾਲ ਸਬੰਧਤ ਕਰ ਦੇਣਾ ਕਿ ਉਨ੍ਹਾਂ ਗ਼ਦਰ ਲਹਿਰ ਅੰਦਰ ਸਿੱਖੀ ਦੀ ਲੜਾਈ ਲੜੀ ਹੋਵੇ, ਅਜਿਹਾ ਕੋਈ ਪ੍ਰਮਾਣ ਨਹੀਂ ਮਿਲਦਾ। ਜੇਲ੍ਹਾਂ ਅੰਦਰ ਵੀ ਇਹ ਸਿੱਖ ਅਕੀਦਾ ਉਨ੍ਹਾਂ ਦਾ ਨਿੱਜੀ ਮਸਲਾ ਰਹਿੰਦਾ ਹੈ। ਇਸ ਸਬੰਧੀ ਬਾਬਾ ਭਕਨਾ ਦਾ ਆਪਣਾ ਬਿਆਨ ਪੜ੍ਹੋ, "ਉਸ ਸਮੇਂ ਤੱਕ ਸਰਕਾਰ ਨੇ ਕੈਦੀਆਂ ਦੇ ਧਾਰਮਿਕ ਹੱਕਾਂ ਦੀ ਰਾਖੀ ਦੀ ਜ਼ਿੰਮੇਵਾਰੀ ਲੈ ਲਈ ਸੀ ਅਤੇ ਸਿੱਖਾਂ ਨੂੰ ਪਗੜੀਆਂ ਤੇ ਕੱਛੇ ਮਿਲ ਗਏ ਸਨ, ਪਰ ਬੰਬਈ ਸੂਬੇ ਵਿਚ ਸਿੱਖਾਂ ਦੀ ਧਾਰਮਿਕ ਰਹਿਤ ਬਾਰੇ ਜੇਲ੍ਹ ਅਧਿਕਾਰੀਆਂ ਨੂੰ ਕੋਈ ਇਲਮ ਨਹੀਂ ਸੀ। ਉਹ ਸਿੱਖਾਂ ਨੂੰ ਵੀ ਟੋਪੀਆਂ ਹੀ ਦਿੰਦੇ ਸਨ। ਜਦੋਂ ਅਸੀਂ ਜੇਲ੍ਹ ਵਿਚ ਪਹੁੰਚੇ ਤਾਂ ਸਾਡੀਆਂ ਪੱਗਾਂ ਤੇ ਕੱਛੇ ਜ਼ਬਰਦਸਤੀ ਉਤਰਵਾ ਦਿੱਤੇ। ਮੈਂ ਜੇਲ੍ਹ ਸੁਪਰਡੈਂਟ ਕੋਲ ਸ਼ਿਕਾਇਤ ਕੀਤੀ। ਉਸ ਨੇ ਜਵਾਬ ਦਿੱਤਾ ਕਿ ਸਾਨੂੰ ਸਰਕਾਰ ਵੱਲੋਂ ਅਜਿਹਾ ਕੋਈ ਹੁਕਮ ਨਹੀਂ ਹੈ ਕਿ ਤੁਹਾਨੂੰ ਟੋਪੀਆਂ ਤੇ ਜੇਲ੍ਹ ਦੇ ਹੋਰ ਕੱਪੜੇ ਪਹਿਨਣ ਤੋਂ ਛੋਟ ਹੈ। ਮੈਂ ਉਸ ਨੂੰ ਕਿਹਾ ਕਿ ਇਸ ਦਾ ਨਤੀਜਾ ਭੁੱਖ ਹੜਤਾਲ 'ਚ ਨਿਕਲੇਗਾ। ਉਸ ਨੇ ਕਿਹਾ ਕਿ ਮੈਂ ਆਈ.ਜੀ. ਨੂੰ ਪੁੱਛ ਲੈਂਦਾ ਹਾਂ। ਬਾਅਦ 'ਚ ਉਸ ਨੇ ਕਿਹਾ ਕਿ ਆਈ.ਜੀ. ਕਹਿੰਦੇ ਹਨ ਕਿ ਤੁਹਾਨੂੰ ਟੋਪੀਆਂ ਦਿੱਤੀਆਂ ਜਾਣ। ਸੋ ਮੈਂ ਆਪਣੇ ਧਾਰਮਿਕ ਹੱਕ ਲਈ ਹੜਤਾਲ ਕਰ ਦਿੱਤੀ। ਮੇਰੇ ਤੋਂ ਬਾਅਦ ਵੀ ਜਿਹੜੇ ਲੋਕ ਆਏ, ਉਨ੍ਹਾਂ ਨਾਲ ਵੀ ਇਹੀ ਸਲੂਕ ਕੀਤਾ ਗਿਆ ਅਤੇ ਉਹ ਵੀ ਭੁੱਖ ਹੜਤਾਲ ਵਿਚ ਸ਼ਾਮਲ ਹੁੰਦੇ ਗਏ। ਅਸੀਂ ਕੁੱਲ ਮਿਲਾ ਕੇ 15 ਆਦਮੀ ਹੋ ਗਏ ਜਿਨ੍ਹਾਂ ਵਿਚ ਪਰਮਾਨੰਦ ਝਾਂਸੀ ਅਤੇ ਹਿਰਦੇ ਰਾਮ ਵੀ ਸ਼ਾਮਲ ਸੀ। ਅਸੀਂ ਉਨ੍ਹਾਂ ਨੂੰ ਬਥੇਰਾ ਕਿਹਾ ਕਿ ਇਹ ਸਾਡਾ ਮਜ਼ਹਬੀ ਮਾਮਲਾ ਹੈ, ਤੁਸੀਂ ਤਕਲੀਫ਼ ਨਾ ਕਰੋ ਪਰ ਦੇਸ਼ ਭਗਤਾਂ ਨੇ ਪਿੱਛੇ ਰਹਿਣਾ ਗਵਾਰਾ ਨਾ ਕੀਤਾ।" (ਗ਼ਦਰ ਲਹਿਰ ਦੀ ਕਹਾਣੀ: ਗ਼ਦਰੀ ਬਾਬਿਆਂ ਦੀ ਜ਼ੁਬਾਨੀ, ਸਫਾ 45-46)

ਇਥੇ ਇਹ ਯਾਦ ਰਹਿਣਾ ਚਾਹੀਦਾ ਹੈ ਕਿ 1922 ਵਿਚ ਜਦ ਸੁੰਦਰ ਸਿੰਘ ਮਜੀਠੀਆ ਪੰਜਾਬ ਦੇ ਮਾਲ ਮੰਤਰੀ ਬਣੇ ਤਾਂ ਉਹ ਜੇਲ੍ਹਾਂ ਦੇ ਇੰਚਾਰਜ ਵੀ ਸਨ। ਉਨ੍ਹਾਂ ਨੇ ਸਿੱਖਾਂ ਨੂੰ ਜੇਲ੍ਹਾਂ ਵਿਚ ਟੋਪੀਆਂ ਦੀ ਥਾਵੇਂ ਪੱਗਾਂ ਦੇਣ ਦਾ ਹੁਕਮ ਦੇ ਕੇ ਇਸ ਮਸਲੇ ਦਾ ਹੱਲ ਕੀਤਾ ਸੀ। ਗ਼ਦਰੀ ਬਾਬਿਆਂ ਨੇ ਇਸ ਹੱਕ ਅਧੀਨ ਹੀ ਦਸਤਾਰਾਂ ਅਤੇ ਕਛਹਿਰਿਆਂ ਦੀ ਲੜਾਈ ਲੜੀ ਸੀ ਪਰ ਇਸ ਲੜਾਈ ਨਾਲ ਗ਼ਦਰ ਲਹਿਰ, ਸਿੱਖ ਲਹਿਰ ਨਹੀਂ ਬਣ ਜਾਂਦੀ ਜਿਵੇਂ ਬਾਬਾ ਭਕਨਾ ਭਾਈ ਪਰਮਾਨੰਦ ਝਾਂਸੀ ਅਤੇ ਹਿਰਦੇ ਰਾਮ ਨੂੰ ਸਪਸ਼ਟ ਕਹਿੰਦੇ ਹਨ ਕਿ 'ਇਹ ਸਾਡਾ ਮਜ਼ਹਬੀ ਮਾਮਲਾ ਹੈ।' ਇਉਂ ਮਜ਼ਹਬੀ ਮਾਮਲਾ ਜੇਲ੍ਹਾਂ ਅੰਦਰ ਵੀ ਗ਼ਦਰ ਲਹਿਰ ਦੇ ਵਿਧਾਨ ਅਨੁਸਾਰ ਨਿੱਜੀ ਮਸਲਾ ਹੀ ਰਹਿੰਦਾ ਹੈ। ਭਾਈ ਪਰਮਾਨੰਦ ਝਾਂਸੀ ਅਤੇ ਹਿਰਦੇ ਰਾਮ ਜਿਸ ਭਾਵਨਾ ਨਾਲ ਭੁੱਖ ਹੜਤਾਲ ਵਿਚ ਸ਼ਾਮਲ ਹੁੰਦੇ ਹਨ, ਉਨ੍ਹਾਂ ਦਾ ਮਕਸਦ ਸਪਸ਼ਟ ਦਿਖਾਈ ਦਿੰਦਾ ਹੈ ਜਦੋਂ ਕਿ ਲੇਖਕ ਅਨੁਸਾਰ ਇਹ ਦੋਵੇਂ ਹਿੰਦੂ ਹਨ। ਇਸ ਤੱਥ ਨੂੰ ਹੀ ਬਾਬਾ ਸੋਹਣ ਸਿੰਘ ਭਕਨਾ ਆਪਣੀ ਸਵੈ ਜੀਵਨੀ 'ਜੀਵਨ ਸੰਗਰਾਮ' ਵਿਚ ਸਪਸ਼ਟ ਕਰਦਿਆਂ ਕਹਿੰਦੇ ਹਨ, "ਉਹ ਧਾਰਮਿਕ ਸਵਾਲ ਨੂੰ ਵੀ ਏਕਤਾ ਦੇ ਪੱਖ ਤੋਂ ਵੇਖਦੇ ਸਨ, ਫਿਰਕਾਪ੍ਰਸਤੀ ਦੀ ਨਿਗ੍ਹਾ ਨਾਲ ਨਹੀਂ।" ਸੋ, ਉਪਰੋਕਤ ਚਰਚਾ ਤੋਂ ਕਿਸੇ ਕਿਸਮ ਦਾ ਭੁਲੇਖਾ ਨਹੀਂ ਰਹਿੰਦਾ ਕਿ ਗ਼ਦਰੀ ਬਾਬਿਆਂ ਦੇ ਸਿੱਖ ਅਕੀਦੇ ਗ਼ਦਰ ਲਹਿਰ ਵਿਚ ਨਾ ਤਾਂ ਰੁਕਾਵਟ ਬਣਦੇ ਹਨ ਅਤੇ ਨਾ ਹੀ ਗ਼ਦਰੀ ਬਾਬੇ ਇਨ੍ਹਾਂ ਸਿੱਖ ਅਕੀਦਿਆਂ ਨੂੰ ਗ਼ਦਰ ਲਹਿਰ ਦੀ ਵਿਚਾਰਧਾਰਕ ਦ੍ਰਿਸ਼ਟੀ ਬਣਨ ਦਿੰਦੇ ਹਨ।

ਲੇਖਕ ਦਾ ਵਾਰ-ਵਾਰ ਜ਼ੋਰ ਬਾਬਾ ਸੋਹਣ ਸਿੰਘ ਭਕਨਾ ਨੂੰ ਇਹ ਸਿੱਧ ਕਰਨ ਦਾ ਹੈ ਕਿ ਉਸ ਦਾ ਸਿੱਖ ਧਰਮ ਵਿਚ ਅਟੁੱਟ ਵਿਸ਼ਵਾਸ ਸੀ ਅਤੇ ਇਸੇ ਕਰ ਕੇ ਗ਼ਦਰ ਲਹਿਰ ਨੂੰ ਸਿੱਖੀ ਵਿਸ਼ਵਾਸ ਤੋਂ ਮੁਕਤ ਕਰ ਕੇ ਨਹੀਂ ਪੜ੍ਹਿਆ ਜਾ ਸਕਦਾ ਪਰ ਤੱਥ ਵਾਰ-ਵਾਰ ਲੇਖਕ ਦੀਆਂ ਇਨ੍ਹਾਂ ਧਾਰਨਾਵਾਂ ਦਾ ਨਿਖੇਧ ਕਰਦੇ ਹਨ। ਡਾ. ਸ਼ਿਵ ਕੁਮਾਰ ਗੁਪਤਾ ਆਪਣੀ ਪੁਸਤਕ 'ਬਾਬਾ ਸੋਹਣ ਸਿੰਘ ਭਕਨਾ: ਜੀਵਨ ਤੇ ਵਿਚਾਰਧਾਰਾ' ਵਿਚ ਲਿਖਦੇ ਹਨ , "ਜਦ ਬਾਬਾ ਜੀ ਦੀ ਪਤਨੀ ਸਵਰਗਵਾਸ ਹੋਏ, ਉਨ੍ਹਾਂ ਨੇ ਆਪਣੇ ਅਕੀਦੇ ਅਨੁਸਾਰ ਉਨ੍ਹਾਂ ਦੀ ਦੇਹ ਠਿਕਾਣੇ ਲਾਈ। ਬਾਬਾ ਜੀ ਦਾ ਅਕੀਦਾ ਸੀ ਕਿ 'ਮ੍ਰਿਤਕ ਸਰੀਰ ਨੂੰ ਪਰਲੋਕ ਵਿਚ ਕੁਝ ਵੀ ਨਹੀਂ ਪਹੁੰਚ ਸਕਦਾ।' ਇਸ ਲਈ ਉਨ੍ਹਾਂ ਨੇ ਆਪਣੀ ਪਤਨੀ ਦਾ 'ਅੰਗੀਠਾ ਪਾਣੀ ਵਿਚ ਪਰਵਾਹ ਦਿੱਤਾ ਅਤੇ ਕੋਈ ਪਾਠ, ਭੋਗ, ਕਿਰਿਆ-ਕਰਮ ਕੁਝ ਨਹੀਂ ਕੀਤਾ।' ਬਾਬਾ ਜੀ ਨੇ ਆਪਣੇ ਸ਼ਰਧਾਲੂਆਂ ਨੂੰ ਕਿਹਾ ਕਿ, 'ਮੇਰੇ ਫੁੱਲ ਵੀ ਕਿਧਰੇ ਤੀਰਥਾਂ-ਸ਼ੀਰਥਾਂ 'ਤੇ ਲੈ ਕੇ ਨਾ ਤੁਰੇ ਰਹਿਣਾ। ਜਿੱਥੇ ਮੈਨੂੰ ਸਾੜੋ, ਉਥੇ ਹੀ ਦੱਬ ਦੇਣਾ।' ਇਹੋ ਖ਼ਾਹਿਸ਼ ਉਨ੍ਹਾਂ ਦੀ ਵਸੀਅਤ ਵਿਚ ਸੀ। ਉਨ੍ਹਾਂ ਦੇ ਸ਼ਰਧਾਲੂਆਂ ਨੇ ਵੀ ਇਵੇਂ ਕੀਤਾ। ਉਨ੍ਹਾਂ ਦਾ ਸਸਕਾਰ ਗ਼ਦਰ ਪਾਰਟੀ ਦੀ ਯਾਦਗਾਰ ਅੱਗੇ ਹੋਇਆ। ਉਥੇ ਹੀ ਫੁੱਲ ਦੱਬ ਦਿਤੇ।" (ਡਾ. ਸ਼ਿਵ ਕੁਮਾਰ ਗੁਪਤਾ, ਬਾਬਾ ਸੋਹਣ ਸਿੰਘ ਭਕਨਾ: ਜੀਵਨ ਤੇ ਵਿਚਾਰਧਾਰਾ, ਸਫਾ 134)

ਸਵਾਲ ਕੀਤਾ ਜਾ ਸਕਦਾ ਹੈ ਕਿ ਜਿਸ ਸ਼ਖ਼ਸੀਅਤ ਦੀ ਦ੍ਰਿਸ਼ਟੀ ਸਿੱਖੀ ਦੇ ਅਟੁੱਟ ਵਿਸ਼ਵਾਸ ਨਾਲ ਬੱਝੀ ਹੋਵੇ, ਕੀ ਉਹ ਆਪਣੀ ਅੰਤਮ ਕਿਰਿਆ ਅਜਿਹੇ ਨਾਸਤਿਕ ਵਿਹਾਰ ਨਾਲ ਕਰਦਾ ਹੈ? ਇਸ ਤੱਥ ਤੋਂ ਸਪਸ਼ਟ ਹੈ ਕਿ ਗ਼ਦਰੀ ਬਾਬੇ ਧਰਮ ਨੂੰ ਨਿੱਜ ਦਾ ਮਸਲਾ ਸਵੀਕਾਰ ਕਰਦੇ ਸਨ। ਲੇਖਕ ਜਿਸ ਤੱਥ 'ਸਿੰਘ ਹੋਣ ਦਾ ਅਹਿਸਾਸ ਕੁਦਰਤੀ ਅਤੇ ਡੂੰਘਾ' ਦੱਸਦਾ ਹੈ, ਉਸ ਤੱਥ ਦੀ ਇਨ੍ਹਾਂ ਤੱਥਾਂ ਸਾਹਮਣੇ ਫਿਰ ਕੀ ਅਹਿਮੀਅਤ ਰਹਿ ਜਾਂਦੀ ਹੈ?

ਬਾਬਾ ਭਕਨਾ ਦੀ ਦ੍ਰਿਸ਼ਟੀ ਕੀ ਹੈ? ਬਾਬਾ ਭਕਨਾ ਦੀ ਧਰਮ ਬਾਰੇ ਦ੍ਰਿਸ਼ਟੀ ਕੀ ਹੈ? ਇਨ੍ਹਾਂ ਪਹਿਲੂਆਂ ਬਾਰੇ ਵਿਸਥਾਰ ਸਹਿਤ ਜਾਣਕਾਰੀ 'ਮੇਰੀ ਰਾਮ ਕਹਾਣੀ' ਵਿਚ ਤਾਂ ਹੈ ਹੀ ਪਰ ਬਾਬਾ ਭਕਨਾ ਦੁਆਰਾ ਰਚਿਤ ਪੈਂਫਲਿਟ ਦੁੱਖ, ਗਰੀਬੀ ਅਤੇ ਜੀਵਨ ਕਰਤਵ ਵਿਸ਼ੇਸ਼ ਤੌਰ 'ਤੇ ਪੜ੍ਹਨ ਵਾਲੇ ਹਨ। ਬਾਬਾ ਭਕਨਾ ਲਈ ਧਰਮ ਕੀ ਹੈ? ਇਸ ਬਾਰੇ ਚਰਚਾ ਕਰਨ ਦੀ ਜ਼ਰੂਰਤ ਤਾਂ ਹੈ, ਕਿਉਂਕਿ ਲੇਖਕ ਬਾਬਾ ਭਕਨਾ ਦੀਆਂ ਟੂਕਾਂ ਨੂੰ ਪ੍ਰਸੰਗ ਵਿਹੂਣੀਆਂ ਵਰਤ ਕੇ ਜ਼ਿਦ ਕਰਦਾ ਹੈ ਕਿ ਬਾਬਾ ਭਕਨਾ (ਬਾਕੀ ਗ਼ਦਰੀ ਵੀ) ਸ਼ੁੱਧ ਰੂਪ ਵਿਚ ਸਜਿਆ-ਧਜਿਆ ਧਾਰਮਿਕ ਮਰਜੀਵੜਾ ਸੀ। ਬਾਬਾ ਭਕਨਾ ਆਪਣੀ ਸਵੈ-ਜੀਵਨੀ 'ਮੇਰੀ ਰਾਮ ਕਹਾਣੀ' ਵਿਚ ਕਹਿੰਦੇ ਹਨ (ਜਿਸ ਨੂੰ ਤੋੜ-ਮਰੋੜ ਕੇ ਰਾਜਵਿੰਦਰ ਸਿੰਘ ਰਾਹੀ ਨੇ ਇਸੇ ਪੁਸਤਕ ਦੀ ਸੰਪਾਦਕੀ ਵਿਚ ਵੀ ਵਰਤਿਆ ਹੈ- ਸੋਹਣ ਸਿੰਘ ਭਕਨਾ, ਮੇਰੀ ਰਾਮ ਕਹਾਣੀ, ਸਫਾ 16): "ਪਾਠਕਾਂ ਨੂੰ ਇਹ ਗੱਲ ਦੱਸ ਦੇਣੀ ਵੀ ਮੇਰੀ ਜਾਚੇ ਜ਼ਰੂਰੀ ਹੈ ਕਿ ਮੈਨੂੰ ਕਿਸੇ ਖ਼ਾਸ ਫਿਰਕੇ ਜਾਂ ਮਜ਼ਹਬ ਦਾ ਕੋਈ ਖ਼ਾਸ ਲਿਹਾਜ਼ ਨਹੀਂ। ਮੈਂ ਖਾਲਸ ਹਿੰਦੁਸਤਾਨੀ ਤੇ ਹਿੰਦੀ ਕੌਮ ਦਾ ਸੇਵਕ ਹਾਂ ਅਤੇ ਸਾਰੀਆਂ ਮਜ਼ਹਬੀ ਧੜੇਬੰਦੀਆਂ ਤੋਂ ਨਿਰਲੇਪ ਹਾਂ। ਮੇਰੇ ਇਸ ਕਥਨ ਦਾ ਇਹ ਭਾਵ ਨਹੀਂ ਹੈ ਕਿ ਮੈਨੂੰ ਧਰਮ ਨਾਲ ਕੋਈ ਪਿਆਰ ਨਹੀਂ ਹੈ। ਮੈਂ ਸੱਚੇ ਧਰਮ ਨੂੰ ਮੰਨਦਾ ਹਾਂ ਜੋ ਦੁਨੀਆ ਦੇ ਹਰ ਮਨੁੱਖ (ਇਸਤਰੀ-ਮਰਦ) ਲਈ ਜ਼ਰੂਰੀ ਹੈ। ਮੈਂ ਧਰਮ ਦੇ ਅਰਥ ਸਦਾਚਾਰ ਵਿਚ ਲੈਂਦਾ ਹਾਂ ਜੋ ਮਨੁੱਖ ਨੂੰ ਆਜ਼ਾਦੀ ਤੇ ਬਰਾਬਰੀ ਸਿਖਾਉਂਦਾ ਹੈ। ਧਰਮੀ ਜਾਂ ਸਦਾਚਾਰੀ ਮਨੁੱਖ ਦੀ ਇਹੋ ਪਛਾਣ ਹੈ ਕਿ ਉਹ ਸਾਰੀ ਮਨੁੱਖ ਜਾਤੀ ਨੂੰ ਆਜ਼ਾਦ ਤੇ ਸਮਾਨ ਦੇਖਣਾ ਚਾਹੁੰਦਾ ਹੈ ਅਤੇ ਸਾਰੀ ਖ਼ਲਕਤ ਨਾਲ ਸੱਚਾ ਪਰੇਮ ਕਰਦਾ ਏ। ... ਸੱਚਾ ਧਰਮੀ ਤੇ ਨੀਤੀਵੇਤਾ ਸਦਾ ਫਿਰਕੇਬੰਦੀਆਂ ਤੋਂ ਉਚਾ ਹੁੰਦਾ ਏ। ਉਹ ਸਾਰੀ ਮਨੁੱਖ ਜਾਤੀ ਨੂੰ ਇਕੋ ਭਾਈਚਾਰੇ ਦੀ ਲੜੀ ਵਿਚ ਪਰੋਣਾ ਚਾਹੁੰਦਾ ਹੈ ਜਿਸ ਤੋਂ ਸੰਸਾਰ ਵਿਚ ਅਨੰਦ ਤੇ ਸ਼ਾਂਤੀ ਦਾ ਰਾਜ ਹੋਵੇ। ਜਿਹੜੇ ਬੇਲੀ ਧਰਮੀ ਜਾਂ ਨੀਤੀਗਯ ਅਖਵਾ ਕੇ ਵੀ ਫਿਰਕੇਬੰਦੀਆਂ ਤੇ ਧੜੇਬੰਦੀਆਂ ਦੇ ਹਾਮੀ ਹਨ, ਅਸਲ ਵਿਚ ਨਾ ਉਹ ਸੱਚੇ ਧਰਮੀ ਹਨ ਤੇ ਨਾ ਹੀ ਰਾਜਨੀਤੀਵੇਤਾ। ਅਜਿਹੇ ਲੋਕਾਂ ਨੂੰ ਧਰਮੀ ਜਾਂ ਨੀਤੀਵੇਤਾ ਕਹਿਣਾ ਹੀ ਗਲਤ ਹੈ। ਅਸਲ ਵਿਚ ਇਹ ਲੋਕ ਗੁਲਾਮੀ ਦੇ ਹਾਮੀ ਹੁੰਦੇ ਹਨ ਜੋ ਆਪਣੇ ਪਸ਼ੂ ਬਲ ਨਾਲ ਹੋਰਨਾਂ ਨੂੰ ਗੁਲਾਮ ਬਣਾਉਣਾ ਚਾਹੁੰਦੇ ਹਨ। ਇਨ੍ਹਾਂ ਲੋਕਾਂ ਦੀ ਕਿਰਪਾ ਨਾਲ ਹੀ ਮਨੁੱਖ ਜਾਤੀ ਦਾ ਬਹੁਤ ਵੱਡਾ ਹਿੱਸਾ ਗੁਲਾਮੀ ਤੇ ਕੁੰਭੀ ਨਰਕ ਵਿਚ ਸੜ ਰਿਹਾ ਹੈ।" (ਸੋਹਣ ਸਿੰਘ ਭਕਨਾ, ਮੇਰੀ ਰਾਮ ਕਹਾਣੀ, ਸਫਾ 24)

ਬਾਬਾ ਭਕਨਾ ਦਾ ਥੀਸਿਜ਼ ਧਰਮ ਬਾਰੇ ਇਹ ਹੈ ਕਿ ਉਹ ਧਰਮ ਨੂੰ ਸਦਾਚਾਰ ਨਾਲ ਸਬੰਧਤ ਕਰਦਾ ਹੈ ਅਤੇ ਕਿਧਰੇ ਵੀ ਇਹ ਨਹੀਂ ਕਹਿੰਦਾ ਕਿ ਇਹ ਸਿੱਖ ਧਰਮ ਸਿਖਾਉਂਦਾ ਹੈ। ਇਹੀ ਤਾਂ ਸਿੱਖ ਧਰਮ ਅਤੇ ਸਿਧਾਂਤ ਦੀ ਵਡਿਆਈ ਹੈ ਕਿ ਉਸ ਵਿਚ 'ਸਰਬੱਤ ਦੇ ਭਲੇ' ਦਾ ਸੰਕਲਪ ਹੈ ਪਰ ਲੇਖਕ ਸਰਬੱਤ ਦੇ ਭਲੇ ਦੇ ਸੰਕਲਪ ਨੂੰ ਘਟਾ ਕੇ 'ਸਿੱਖਾਂ ਦੇ ਭਲੇ' ਤੱਕ ਘਟਾ ਦਿੰਦਾ ਹੈ ਜਿਹੜਾ ਗੁਰਮਤਿ ਸਿਧਾਂਤਾਂ ਦਾ ਹੀ ਵਿਰੋਧੀ ਹੈ। ਬਾਬਾ ਭਕਨਾ ਦਾ ਧਰਮ ਦਾ ਸੰਕਲਪ ਕਿਸੇ ਵਿਸ਼ੇਸ਼ ਜਾਤੀ ਸਮੂਹ ਦੇ ਧਰਮ ਦਾ ਸੰਕਲਪ ਨਹੀਂ ਹੈ, ਸਗੋਂ ਉਸ ਲਈ ਧਰਮ ਸਦਾਚਾਰਕ ਗੁਣਾਂ ਵਾਲਾ ਸਦਵਿਹਾਰੀ ਦ੍ਰਿਸ਼ਟੀਕੋਣ ਹੈ। ਇਸ ਦ੍ਰਿਸ਼ਟੀਕੋਣ ਦੀ ਖਿੱਚ-ਧੂਹ ਕਰ ਕੇ ਇਸ ਨੂੰ ਸ਼ੁੱਧ ਰੂਪ ਵਿਚ ਗੁਰਬਾਣੀ ਜਾਂ ਸਿੱਖ ਸਿਧਾਂਤ ਨਾਲ ਨੱਥੀ ਕਰਨਾ ਸਰਾਸਰ ਬਾਬਾ ਭਕਨਾ ਨਾਲ ਜ਼ਿਆਦਤੀ ਹੈ। ਧਰਮ ਦੇ ਉਦੈ ਹੋਣ ਤੋਂ ਪਹਿਲਾਂ ਮਨੁੱਖ ਲਈ ਹਰ ਸਰਗਰਮੀ ਹੀ ਧਾਰਮਿਕ ਸੀ, ਧਾਰਮਿਕ ਵਿਸ਼ਵਾਸ ਦਾ ਮਸਲਾ ਤਾਂ ਬਹੁਤ ਬਾਅਦ ਦੀ ਗੱਲ ਹੈ।

"ਉਘੇ ਵਿਗਿਆਨੀ ਚਾਰਲਸ ਡਾਰਬਨ ਦਾ ਮੱਤ ਹੈ ਕਿ ਜਦੋਂ ਸਾਧਨਾ 'ਤੇ ਕਾਬਜ਼, ਨਿਗੂਣੀ ਜਿਹੀ ਘੱਟ-ਗਿਣਤੀ ਦੇ ਹਿੱਤਾਂ ਦੀ ਰਾਖੀ ਲਈ ਕਾਨੂੰਨ ਅਤੇ ਰਾਜਨੀਤੀ ਹੋਂਦ ਵਿਚ ਆਏ, ਤਾਂ

***(ਬਾਕੀ ਅਗਲੇ ਸਫੇ 'ਤੇ)***

***ਮੈਨੂੰ ਕਿਸੇ ਖ਼ਾਸ ਫਿਰਕੇ ਜਾਂ ਮਜ਼ਹਬ ਦਾ ਕੋਈ ਖ਼ਾਸ ਲਿਹਾਜ਼ ਨਹੀਂ। ਮੈਂ ਖਾਲਸ ਹਿੰਦੁਸਤਾਨੀ ਤੇ ਹਿੰਦੀ ਕੌਮ ਦਾ ਸੇਵਕ ਹਾਂ ਅਤੇ ਸਾਰੀਆਂ ਮਜ਼ਹਬੀ ਧੜੇਬੰਦੀਆਂ ਤੋਂ ਨਿਰਲੇਪ ਹਾਂ। ਮੇਰੇ ਇਸ ਕਥਨ ਦਾ ਇਹ ਭਾਵ ਨਹੀਂ ਹੈ ਕਿ ਮੈਨੂੰ ਧਰਮ ਨਾਲ ਕੋਈ ਪਿਆਰ ਨਹੀਂ ਹੈ। ਮੈਂ ਸੱਚੇ ਧਰਮ ਨੂੰ ਮੰਨਦਾ ਹਾਂ ਜੋ ਦੁਨੀਆ ਦੇ ਹਰ ਮਨੁੱਖ (ਇਸਤਰੀ) ਮਰਦ ਲਈ ਜ਼ਰੂਰੀ ਹੈ। ਮੈਂ ਧਰਮ ਦੇ ਅਰਥ ਸਦਾਚਾਰ ਵਿਚ ਲੈਂਦਾ ਹਾਂ ਜੋ ਮਨੁੱਖ ਨੂੰ ਆਜ਼ਾਦੀ ਤੇ ਬਰਬਾਦੀ ਸਿਖਾਉਂਦਾ ਹੈ। ਧਰਮੀ ਜਾਂ ਸਦਾਚਾਰੀ ਮਨੁੱਖ ਦੀ ਇਹੋ ਪਛਾਣ ਹੈ ਕਿ ਉਹ ਸਾਰੀ ਮਨੁੱਖ ਜਾਤੀ ਨੂੰ ਆਜ਼ਾਦ ਤੇ ਸਮਾਨ ਦੇਖਣਾ ਚਾਹੁੰਦਾ ਹੈ ਅਤੇ ਸਾਰੀ ਖ਼ਲਕਤ ਨਾਲ ਸੱਚਾ ਪਰੇਮ ਕਰਦਾ ਏ। ... ਸੱਚਾ ਧਰਮੀ ਤੇ ਨੀਤੀਵੇਤਾ ਸਦਾ ਫਿਰਕੇਬੰਦੀਆਂ ਤੋਂ ਉਚਾ ਹੁੰਦਾ ਏ। ਉਹ ਸਾਰੀ ਮਨੁੱਖ ਜਾਤੀ ਨੂੰ ਇਕੋ ਭਾਈਚਾਰੇ ਦੀ ਲੜੀ ਵਿਚ ਪਰੋਣਾ ਚਾਹੁੰਦਾ ਹੈ ਜਿਸ ਤੋਂ ਸੰਸਾਰ ਵਿਚ ਆਨੰਦ ਤੇ ਸ਼ਾਂਤੀ ਦਾ ਰਾਜ ਹੋਵੇ। ਜਿਹੜੇ ਬੇਲੀ ਧਰਮੀ ਜਾਂ ਨੀਤੀਗਯ ਅਖਵਾ ਕੇ ਵੀ ਫਿਰਕੇਬੰਦੀਆਂ ਤੇ ਧੜੇਬੰਦੀਆਂ ਦੇ ਹਾਮੀ ਹਨ, ਅਸਲ ਵਿਚ ਨਾ ਉਹ ਸੱਚੇ ਧਰਮੀ ਹਨ ਤੇ ਨਾ ਹੀ ਰਾਜਨੀਤੀਵੇਤਾ। ਅਜਿਹੇ ਲੋਕਾਂ ਨੂੰ ਧਰਮੀ ਜਾਂ ਨੀਤੀਵੇਤਾ ਕਹਿਣਾ ਹੀ ਗਲਤ ਹੈ। ਅਸਲ ਵਿਚ ਇਹ ਲੋਕ ਗੁਲਾਮੀ ਦੇ ਹਾਮੀ ਹੁੰਦੇ ਹਨ ਜੋ ਆਪਣੇ ਪਸ਼ੂ ਬਲ ਨਾਲ ਹੋਰਨਾਂ ਨੂੰ ਗੁਲਾਮ ਬਣਾਉਣਾ ਚਾਹੁੰਦੇ ਹਨ। ਇਨ੍ਹਾਂ ਲੋਕਾਂ ਦੀ ਕਿਰਪਾ ਨਾਲ ਹੀ ਮਨੁੱਖ ਜਾਤੀ ਦਾ ਬਹੁਤ ਵੱਡਾ ਹਿੱਸਾ ਗੁਲਾਮੀ ਤੇ ਕੁੰਭੀ ਨਰਕ ਵਿਚ ਸੜ ਰਿਹਾ ਹੈ।"***



ਧਰਮ ਹੋਂਦ ਵਿਚ ਆਇਆ; ਭਾਵ ਧਰਮ ਆਪਣੀ ਖ਼ਸਲਤ ਤੋਂ ਹੀ ਕਾਨੂੰਨ ਅਤੇ ਰਾਜਨੀਤੀ ਦਾ ਪ੍ਰਤੀਕਰਮ ਹੈ। ਕੁਝ ਹੋਰ ਵਿਦਵਾਨ ਇਸ ਨੂੰ ਉਨ੍ਹਾਂ ਸਮਿਆਂ ਤੱਕ ਪਿੱਛੇ ਲਿਜਾਉਂਦੇ ਹਨ, ਜਦੋਂ ਮਾਨਵ ਸਿਰਫ਼ ਕੁਦਰਤ ਨਾਲ ਜੂਝ ਰਿਹਾ ਸੀ ਅਤੇ ਧਰਮ ਨੇ ਉਸ ਦੀ ਅਗਵਾਈ ਕੀਤੀ। ਸਭਿਅਤਾਵਾਂ ਦੇ ਪ੍ਰਸਿੱਧ ਖੋਜੀ ਆਰਨਲਡ ਟੋਇਨਬੀ ਦਾ ਨਿਰਣਾ ਹੈ ਕਿ ਆਦਿ ਕਾਲ ਵਿਚ ਮਾਨਵ ਦੇ ਸਮਾਜਕ ਜੀਵਨ ਦੀਆਂ ਸਾਰੀਆਂ ਸਰਗਰਮੀਆਂ ਸਮਾਜਕ, ਆਰਥਿਕ ਅਤੇ ਸਭਿਆਚਾਰਕ, ਜੰਗੀ ਅਤੇ ਰਾਜਨੀਤਕ ਆਦਿ ਸਭ ਕਾਰਵਾਈਆਂ ਧਾਰਮਿਕ ਕਾਰਵਾਈਆਂ ਹੀ ਹੁੰਦੀਆਂ ਸਨ ਪਰ ਧਾਰਮਿਕ ਵਿਸ਼ਵਾਸਾਂ ਵਰਗੀ ਕਿਸੇ ਚੀਜ਼ ਦੀ ਹੋਂਦ ਨਹੀਂ ਸੀ, ਸਿਰਫ਼ ਸਰਗਰਮੀਆਂ ਹੀ ਧਰਮ ਸਨ। ਇਨਸਾਨ ਜੇ ਅਨਾਜ ਨਾ ਉਗਾਉਣ ਨੂੰ ਧਾਰਮਿਕ ਕਾਰਵਾਈ ਵਜੋਂ ਨਾ ਲੈਂਦਾ ਤਾਂ ਅਨਾਜ ਪੈਦਾ ਕਰਨ ਦੀ ਕ੍ਰਾਂਤੀ ਕਦੇ ਨਾ ਆਉਂਦੀ। ਨਤੀਜੇ ਵਜੋਂ ਸਭਿਆਚਾਰ ਕਦੇ ਵੀ ਸਭਿਅਤਾ ਦਾ ਰੂਪ ਧਾਰਨ ਨਾ ਕਰਦਾ।" (ਸਤਨਾਮ ਚਾਨਾ, ਸਿੱਖ ਫ਼ਲਸਫ਼ੇ ਦਾ ਰਾਜਨੀਤਕ ਏਜੰਡਾ ਤੇ ਪੰਜਾਬ ਕਮਿਊਨ, ਸਫਾ 28)

ਸੋ, ਬਾਬਾ ਭਕਨਾ ਲਈ ਧਰਮ ਦੇ ਅਰਥ ਅਜਿਹੀ ਸਦਾਚਾਰਕ ਸਰਗਰਮੀ ਦੇ ਹਨ। ਇਸੇ ਕਰ ਕੇ ਉਹ ਕਿਧਰੇ ਵੀ ਕਿਸੇ ਵੀ ਵਿਸ਼ੇਸ਼ ਦਿੱਖ ਵਾਲੇ ਧਰਮ ਦਾ ਨਾ ਜ਼ਿਕਰ ਕਰਦਾ ਹੈ ਅਤੇ ਨਾ ਹੀ ਉਸ ਦੀ ਵਿਆਖਿਆ ਵਿਚ ਪੈਂਦਾ ਹੈ। ਇਸ ਕਰ ਕੇ ਬਾਬਾ ਭਕਨਾ ਦੇ ਲਫ਼ਜ਼ਾਂ ਨੂੰ ਆਪਣੀ ਜੱਦ ਵਿਚ ਕਰਨ ਤੋਂ ਪਹਿਲਾਂ ਉਸ ਦੇ ਸਮੁੱਚੇ ਭਾਵ-ਅਰਥ, ਦ੍ਰਿਸ਼ਟੀ, ਜੀਵਨ ਵਿਹਾਰ, ਜੀਵਨ ਸੰਘਰਸ਼ ਦਾ ਸਮੁਚਾ ਗਿਆਨ ਬਹੁਤ ਜ਼ਰੂਰੀ ਹੈ। ਪ੍ਰਸੰਗ ਵਿਹੂਣੇ ਕਥਨਾਂ ਅਤੇ ਟੂਕਾਂ ਦੀ ਮਨ ਭਾਵੀ ਵਿਆਖਿਆ ਨਾ ਤਾਂ ਬਾਬਾ ਭਕਨਾ ਨੂੰ ਹੀ ਅਤੇ ਨਾ ਹੀ ਗ਼ਦਰੀਆਂ ਨੂੰ ਉਨ੍ਹਾਂ ਦੇ ਵਿਚਾਰਧਾਰਕ ਸੰਕਲਪ ਧਰਮ ਨਿਰਪੱਖਤਾ ਤੋਂ ਤੋੜ ਸਕਦੀ ਹੈ। ਬਾਬਾ ਭਕਨਾ ਜੋ ਜ਼ਿੰਦਗੀ ਭਰ ਕ੍ਰਾਂਤੀਕਾਰੀ ਰਿਹਾ, ਜੇ ਉਹ ਧਰਮ ਨਿਰਪੱਖ ਵਿਚਾਰਧਾਰਾ ਦਾ ਨਾ ਹੁੰਦਾ ਤਾਂ ਉਹ ਆਪਣੀ ਮ੍ਰਿਤੂ (20 ਦਸੰਬਰ 1968) ਤੋਂ ਪਹਿਲਾਂ 27 ਨਵੰਬਰ, 1968 ਨੂੰ ਅਜਿਹਾ ਬਿਆਨ ਕਦੇ ਨਾ ਦਿੰਦਾ; ਇਹ ਬਿਆਨ ਬਹੁਤ ਧਿਆਨ ਦੀ ਮੰਗ ਕਰਦਾ ਹੈ, "ਮੈਂ ਦੇਸ਼, ਕੌਮ ਤੇ ਮਨੁੱਖ ਜਾਤੀ ਦਾ ਧੰਨਵਾਦੀ ਹਾਂ। ਮੇਰਾ ਸਾਰਾ ਜੀਵਨ ਉਨ੍ਹਾਂ ਦੀ ਸੇਵਾ ਵਿਚ ਲੰਘਿਆ ਹੈ। ਅਰੰਭ ਵਿਚ ਮੈਂ ਕੌਮੀ ਜਜ਼ਬੇ ਤੋਂ ਸਰਸ਼ਾਰ ਹੋ ਕੇ ਦੇਸ਼ ਦੀ ਆਜ਼ਾਦੀ ਲਈ ਜੁਟਿਆ ਸਾਂ। ਇਸ ਦੇ ਲਈ ਮੈਨੂੰ ਨਾਮਧਾਰੀ ਤਹਿਰੀਕ ਤੇ ਕਾਂਗਰਸ ਤੋਂ ਬੜੀ ਪ੍ਰੇਰਨਾ ਮਿਲੀ ਸੀ। ਉਮਰ ਕੈਦ ਹੋਣ ਉਤੇ ਮੈਂ ਜੇਲ੍ਹ ਦੇ ਅੰਦਰ ਹੀ ਰੂਸੀ ਇਨਕਲਾਬ ਬਾਰੇ ਜਾਣਕਾਰੀ ਹਾਸਲ ਕੀਤੀ। ਸੋਵੀਅਤ ਇਨਕਲਾਬ ਨੇ ਮੇਰੇ ਉਤੇ ਡੂੰਘਾ ਪ੍ਰਭਾਵ ਪਾਇਆ ਤੇ ਮੇਰੇ ਖਿਆਲਾਂ ਵਿਚ ਅਹਿਮ ਤਬਦੀਲੀ ਲਿਆਂਦੀ। ਰੂਸੀ ਇਨਕਲਾਬ ਦੇ ਪ੍ਰਭਾਵ ਹੇਠਾਂ ਮੈਂ ਪੂਰਨ ਤੌਰ 'ਤੇ ਕੌਮਾਂਤਰੀ ਵਿਚਾਰਧਾਰਾ ਅਪਨਾ ਲਈ। ਇਸ ਦੇ ਲਈ ਮੈਂ ਉਨ੍ਹਾਂ ਸਾਥੀਆਂ ਦਾ ਬਹੁਤ ਮਸ਼ਕੂਰ ਹਾਂ ਜਿਨ੍ਹਾਂ ਨੇ ਸਟੱਡੀ ਸਰਕਲਾਂ ਤੇ ਬਹਿਸ ਮੁਬਾਹਿਸਿਆਂ ਰਾਹੀਂ ਮੈਨੂੰ ਮਾਰਕਸਵਾਦ ਤੋਂ ਜਾਣੂ ਕਰਵਾਇਆ ਤੇ ਇਸ ਨਾਲ ਲੈਸ ਕਰਨ ਦੀ ਕੋਸ਼ਿਸ਼ ਕੀਤੀ। ਮੈਨੂੰ ਗਾਂਧੀਵਾਦ ਨਾਲ ਸਖ਼ਤ ਵਿਰੋਧ ਹੈ ਕਿਉਂਕਿ ਇਹ ਦੇਸ਼ ਦੇ ਮਸਲਿਆਂ ਨੂੰ ਹੱਲ ਨਹੀਂ ਕਰ ਸਕਿਆ ਹੈ।... ਇਸ ਸਾਰੇ ਕੰਮ ਵਿਚ ਮੈਨੂੰ ਕਮਿਊਨਿਸਟ ਪਾਰਟੀ ਤੋਂ ਬੜੀ ਮੱਦਦ ਮਿਲੀ ਤੇ ਮੈਂ ਹਮੇਸ਼ਾ ਇਸ ਨੂੰ ਇੱਜ਼ਤ ਦੀ ਨਿਗ੍ਹਾ ਨਾਲ ਦੇਖਿਆ ਹੈ। ਮੈਨੂੰ ਦੁੱਖ ਹੈ ਕਿ ਅੱਜ ਕੌਮਾਂਤਰੀ ਕਮਿਊਨਿਸਟ ਲਹਿਰ ਵਿਚ ਇਖ਼ਤਲਾਫ਼ਾਤ ਹਨ। ਮੇਰੀ ਖ਼ਾਹਸ਼ ਹੈ ਕਿ ਇਹ ਵਿਰੋਧ ਖ਼ਤਮ ਹੋਣ ਤਾਂ ਜੋ ਸਰਮਾਏਦਾਰੀ ਦਾ ਖ਼ਾਤਮਾ ਬੜਾ ਨੇੜੇ ਹੋ ਸਕੇ। ਕਮਿਊਨਿਸਟ ਤਹਿਰੀਕ ਦੇ ਅੰਦਰੂਨੀ ਵਿਰੋਧਾਂ ਨੇ ਸਰਮਾਏਦਾਰੀ ਦੀ ਉਮਰ ਨੂੰ ਕੁਝ ਚਿਰ ਹੋਰ ਵਧਾ ਦਿੱਤਾ ਹੈ।" (ਸੋਹਣ ਸਿੰਘ ਜੋਸ਼, ਇਕ ਇਨਕਲਾਬ ਇਕ ਜੀਵਨੀ, ਸਫਾ 75-76)

ਜੇ ਲੇਖਕ ਅਜਮੇਰ ਸਿੰਘ ਇਸ ਬਿਆਨ ਨੂੰ ਧਿਆਨ ਨਾਲ ਪੜ੍ਹੇ ਤਾਂ ਉਹ ਬਾਬਾ ਭਕਨਾ ਨੂੰ ਨਾਮਧਾਰੀ ਲਹਿਰ ਤੋਂ ਪ੍ਰਭਾਵਿਤ ਅਤੇ ਪ੍ਰੇਰਿਤ ਹੋਇਆ ਕਹੇ ਤਾਂ ਵੀ ਗੱਲ ਸਮਝ ਆ ਸਕਦੀ ਹੈ। ਉਪਰੋਕਤ ਬਿਆਨ ਦੇ ਤੱਥਾਂ ਤੋਂ ਬਾਬਾ ਭਕਨਾ ਦੀ ਸ਼ਖ਼ਸੀਅਤ ਅਤੇ ਵਿਚਾਰਧਾਰਾ ਦਾ ਜੋ ਪਤਾ ਲਗਦਾ ਹੈ, ਉਸ ਵਿਚ ਕਿਤੇ ਵੀ ਸਿੱਖ ਹੋਣ ਦੀ ਰੈਲ ਦਿਖਾਈ ਨਹੀਂ ਦਿੰਦੀ।

ਤੱਥਾਂ ਨੂੰ ਪ੍ਰਸੰਗ ਨਾਲੋਂ ਤੋੜਨ ਕਰ ਕੇ ਹੀ ਬਾਬਾ ਭਕਨਾ ਦੀ ਤਲਖ਼ੀ ਜੋ ਭਾਈ ਪਰਮਾਨੰਦ ਲਾਹੌਰ ਵੱਲ ਹੈ, ਉਸ ਦੇ ਵੀ ਲੇਖਕ ਨੇ ਅਨਰਥ ਕਰ ਦਿੱਤੇ ਹਨ। ਬਾਬਾ ਭਕਨਾ ਭਾਈ ਪਰਮਾਨੰਦ ਲਾਹੌਰ ਦੀ ਪੁਸਤਕ 'ਕੌਮੀ ਸੰਘਟਨ' ਦੇ ਆਧਾਰ ਉਤੇ ਟਿੱਪਣੀ ਕਰਦੇ ਹਨ। ਉਂਜ ਭਾਈ ਪਰਮਾਨੰਦ ਗ਼ਦਰੀ ਨਹੀਂ ਸੀ, ਲਾਲਾ ਹਰਦਿਆਲ ਦੇ ਨੇੜੇ ਸੀ ਤੇ ਗ਼ਦਰੀਆਂ ਦਾ ਹਮਦਰਦ ਸੀ। ਉਸ ਦੀ ਸਵੈ-ਜੀਵਨੀ 'ਆਪ ਬੀਤੀ' ਵਿਚੋਂ ਕਰਤਾਰ ਸਿੰਘ ਸਰਾਭੇ ਬਾਰੇ ਕਈ ਦਿਲਚਸਪ ਟਿੱਪਣੀਆਂ ਜ਼ਰੂਰ ਮਿਲਦੀਆਂ ਹਨ। ਭਾਈ ਪਰਮਾਨੰਦ ਦੀ ਜੋ ਟਿੱਪਣੀ ਸੀ, ਉਸ ਉਪਰ ਤਲਖ਼ ਹੋ ਕੇ ਗ਼ਦਰ ਲਹਿਰ 'ਚ ਸ਼ਾਮਲ ਹਿੰਦੂ, ਸਿੱਖਾਂ, ਮੁਸਲਮਾਨਾਂ ਉਪਰ ਭਾਈ ਪਰਮਾਨੰਦ ਨੂੰ ਜੋ ਜਵਾਬ ਦਿੰਦੇ ਹਨ, ਉਹ ਕਿਸੇ ਵੀ ਤਰ੍ਹਾਂ ਨਾ ਤਾਂ ਧਰਮ ਨੂੰ ਉਚਿਆਉਣ ਲਈ ਹੈ ਅਤੇ ਨਾ ਹੀ ਕਿਸੇ ਧਰਮ ਨੂੰ ਨੀਵਾਂ ਦਿਖਾਉਣ ਲਈ ਹੈ। ਉਹ ਤਲਖ਼ੀ ਭਾਈ ਪਰਮਾਨੰਦ ਦੇ ਫਿਰਕਾਪ੍ਰਸਤ ਵਿਚਾਰਾਂ ਨੂੰ ਰੱਦ ਕਰਨ ਵਾਲੀ ਹੈ। ਉਸ ਟਿੱਪਣੀ ਵਿਚ ਹੀ ਬਾਬਾ ਭਕਨਾ ਤੱਤ ਸਾਰ ਰੂਪ ਵਿਚ ਆਪਣੀ ਦ੍ਰਿਸ਼ਟੀ ਪੇਸ਼ ਕਰਦੇ ਹਨ, "ਅਫ਼ਸੋਸ ਹੈ, ਐਹੋ ਜਿਹੇ ਆਦਮੀਆਂ ਦੇ ਅੰਤਸ਼ਕਰਨ ਪੁਰ ਜੋ ਗ਼ਦਾਰਾਂ ਦੇ ਮਸਲੇ ਨੂੰ ਲੈ ਕੇ ਆਪਣਾ ਉਲੂ ਸਿੱਧਾ ਕਰਨ ਲਈ ਦੇਸ਼ ਭਗਤਾਂ ਵਿਚ ਫੁੱਟ ਦਾ ਵਿਹੁਲਾ ਬੀਜ ਬੀਜਦੇ ਨੇ। ਅਸੀਂ ਕਹਿੰਦੇ ਹਾਂ: ਗ਼ੱਦਾਰ ਨਾ ਹਿੰਦੂ ਹੈ ਨਾ ਮੁਸਲਮਾਨ, ਉਹ ਨਾ ਸਿੱਖ ਹੈ ਤੇ ਨਾ ਈਸਾਈ ਨਾ ਮਨੁੱਖ। ਉਹ ਗ਼ੱਦਾਰ ਹੈ ਜੋ ਕੁੱਤੇ ਨਾਲੋਂ ਵੀ ਭੈੜਾ ਤੇ ਮਨੁੱਖਪੁਣੇ ਤੋਂ ਹਜ਼ਾਰਾਂ ਕੋਹਾਂ ਦੂਰ ਹੈ। ਐਹੋ ਜਿਹੇ ਲੋਕਾਂ ਨੂੰ ਨੁੰਮਣੇ ਬਣਾ ਕੇ ਕਿਸੇ ਕੌਮ ਨੂੰ ਬਦਨਾਮ ਕਰਨਾ ਜਾਂ ਕਿਸੇ ਕੌਮ ਦੀ ਸਲਾਹੁਤਾ ਕਰਨੀ, ਇਹ ਦੋਵੇਂ ਹੀ ਇਨਸਾਨੀਅਤ ਤੋਂ ਸੱਖਣੇ ਜਤਨ ਹਨ।" (ਸੋਹਨ ਸਿੰਘ ਭਕਨਾ, ਮੇਰੀ ਰਾਮ ਕਹਾਣੀ, ਪੰਨਾ-143)

ਇਸ ਟਿੱਪਣੀ ਵਿਚ ਵੀ ਬਾਬਾ ਭਕਨਾ ਕਿਹੜੀ ਸਿੱਖੀ ਦੇ ਸਿਧਾਂਤਾ ਉਪਰ ਖੜ੍ਹਾ ਧਰਮ ਯੁੱਧ ਕਰ ਰਿਹਾ ਹੈ? ਲੇਖਕ ਜਿੱਥੇ ਵੀ ਸਿੱਖ, ਕੌਮ, ਗੁਰੂ ਸਾਹਿਬਾਨ ਜਾਂ ਸਿੱਖ ਧਰਮ ਨਾਲ ਸਬੰਧਤ ਸ਼ਬਦ ਆ ਜਾਂਦਾ ਹੈ, ਉਸ ਸ਼ਬਦ ਦੇ ਪ੍ਰਸੰਗ ਨੂੰ ਵਿਛੁੰਨ ਕੇ ਉਸ ਨੂੰ ਸਿੱਖ ਹੋਣ ਦੇ ਸੰਕਲਪ ਨਾਲ ਨਰੜ ਦਿੰਦਾ ਹੈ। ਜੇ ਗ਼ਦਰ ਲਹਿਰ ਦਾ ਅਜਿਹਾ ਪ੍ਰਸੰਗ ਵਿਹੂਣਾ ਵਿਸ਼ਲੇਸ਼ਣ ਕਰਨਾ ਹੈ ਤਾਂ ਗ਼ਦਰ ਲਹਿਰ ਵਿਚੋਂ ਇਕ ਨਹੀਂ ਅਨੇਕਾਂ ਵੇਰਵੇ ਅਜਿਹੇ ਮਿਲਦੇ ਹਨ ਜਿਹੜੇ ਕਮਿਊਨਿਸਟ ਵਿਚਾਰਧਾਰਾ ਦੇ ਬਹੁਤ ਨੇੜੇ ਹਨ। ਉਨ੍ਹਾਂ ਨੂੰ ਪ੍ਰਸੰਗ ਤੋਂ ਤੋੜ ਕੇ ਗ਼ਦਰ ਲਹਿਰ ਨੂੰ 1913-14 ਤੋਂ ਹੀ ਕਮਿਊਨਿਸਟ ਲਹਿਰ ਵਜੋਂ ਸਥਾਪਤ ਕੀਤਾ ਜਾ ਸਕਦਾ ਹੈ ਪਰ ਇਹ ਗ਼ਦਰ ਲਹਿਰ ਨਾਲ ਇਤਿਹਾਸਕ ਨਿਆਂ ਨਹੀਂ ਹੋਵੇਗਾ।

ਮਿਸਾਲ ਵਜੋਂ ਇਕ ਹਵਾਲੇ ਵਿਚੋਂ ਗੁਜ਼ਰਦੇ ਹਾਂ। ਕੈਨੇਡਾ ਵਿਚ ਸੇਠ ਹੁਸੈਨ ਰਹੀਮ (ਛਗਨ ਖਰਾਜ ਵਰਮਾ) ਹੁਰਾਂ ਦੀ ਬਣਾਈ ਯੂਨਾਈਟਿਡ ਲੀਗ ਦੇ ਸਬੰਧ ਵਿਚ ਸੋਹਣ ਸਿੰਘ ਪੂਨੀ ਚਰਚਾ ਕਰਦਾ ਹੈ, "ਖਾਲਸਾ ਦੀਵਾਨ ਸੁਸਾਇਟੀ ਅਤੇ ਯੂਨਾਈਟਿਡ ਲੀਗ ਦੇ ਬਹੁਤ ਸਾਰੇ ਜਲਸੇ ਇਕੱਠੇ ਹੁੰਦੇ ਸਨ। ਇਨ੍ਹਾਂ ਜਲਸਿਆਂ ਵਿਚ ਗੋਰੇ ਸੋਸ਼ਲਿਸਟ ਵੀ ਆ ਕੇ ਬੋਲਦੇ ਸਨ। ਇਨ੍ਹਾਂ ਜਲਸਿਆਂ ਵਿਚ ਲਾਲ ਝੰਡਾ ਝੁਲਾਇਆ ਜਾਂਦਾ ਸੀ।" (ਸੋਹਣ ਸਿੰਘ ਪੂਨੀ, ਕੈਨੇਡਾ ਦੇ ਗ਼ਦਰੀ ਯੋਧੇ, ਸਫਾ 62)

ਲਾਲ ਝੰਡਾ ਰਾਜਨੀਤਕ ਤੌਰ 'ਤੇ ਕਮਿਊਨਿਸਟ ਪਾਰਟੀ ਦਾ ਝੰਡਾ ਹੈ। ਬਿਨਾਂ ਸ਼ੱਕ ਯੂਨਾਈਟਿਡ ਲੀਗ ਦੀਆਂ ਇਕੱਤਰਤਾਵਾਂ ਵਿਚ ਕੈਨੇਡੀਅਨ ਸੋਸ਼ਲਿਸਟਾਂ ਦਾ ਯੋਗਦਾਨ ਸੀ। ਇਨ੍ਹਾਂ ਸੋਸ਼ਲਿਸਟਾਂ ਦੇ ਕਰ ਕੇ ਹੀ ਕਾਮਾਗਾਟਾ ਮਾਰੂ ਜਹਾਜ਼ ਦਾ ਕੇਸ ਲੜਨ ਵਾਲਾ ਗੋਰਾ ਵਕੀਲ ਐਡਵਰਡ ਬਰਡ ਸੀ ਜਿਸ ਨੇ ਨਸਲਵਾਦੀਆਂ ਦੀਆਂ ਧਮਕੀਆਂ ਦੇ ਵਿਰੁੱਧ ਜਾ ਕੇ ਕੇਸ ਲੜਿਆ ਸੀ। ਇਹ ਗੋਰਾ ਬਾਅਦ ਵਿਚ ਕਮਿਊਨਿਸਟ ਪਾਰਟੀ ਦਾ ਸਰਕਰਦਾ ਮੈਂਬਰ ਬਣਿਆ। ਜੇ ਅਜਿਹੇ ਹਵਾਲਿਆਂ ਨੂੰ ਲੈ ਕੇ ਕੋਈ ਕਮਿਊਨਿਸਟ ਇਹ ਜ਼ਿਦ ਕਰੇ ਕਿ ਯੂਨਾਈਟਿਡ ਲੀਗ, ਕਮਿਊਨਿਸਟ ਲਹਿਰ ਦਾ ਆਗਾਜ਼ ਸੀ, ਇਹ ਇਤਿਹਾਸਕ ਅਨਿਆਂ ਹੈ। ਅਜਿਹੇ ਤੱਥ ਅਤੇ ਤੱਤ ਕਿਸੇ ਲਹਿਰ ਦਾ ਅੰਤਿਮ ਨਿਰਣਾ ਕਰਨ ਵਾਲੇ ਫ਼ੈਸਲਾਕੁਨ ਤੱਥ ਅਤੇ ਤੱਤ ਨਹੀਂ ਹੁੰਦੇ। ਇਤਿਹਾਸ, ਇਤਿਹਾਸਕਾਰ ਕੋਲੋਂ ਮੰਗ ਕਰਦਾ ਹੈ ਕਿ ਤੱਥਾਂ ਅਤੇ ਤੱਤਾਂ ਨੂੰ ਠੀਕ ਪ੍ਰਸੰਗ ਵਿਚ ਰੱਖ ਕੇ ਉਨ੍ਹਾਂ ਦੀ ਵਿਆਖਿਆ ਕਰੇ। ਇਹੋ ਬੌਧਿਕ ਇਮਾਨਦਾਰੀ ਹੈ।

ਜੇ ਬਾਹਰਮੁਖੀ ਰੂਪ ਵਿਚ 'ਧਰਮ' ਨੂੰ ਗ਼ਦਰ ਲਹਿਰ ਦੇ ਵਿਚੋਂ ਤਲਾਸ਼ਣਾ ਹੈ ਤਾਂ ਨਿਰਸੰਦੇਹ ਕੁਝ ਅਜਿਹੇ ਗ਼ਦਰੀ ਹਨ ਜਿਨ੍ਹਾਂ ਦੀ ਦ੍ਰਿਸ਼ਟੀ ਸਿੱਖ ਦ੍ਰਿਸ਼ਟੀ ਹੈ ਪਰ ਇਹ ਸਿੱਖ ਵੀ ਗ਼ਦਰ ਲਹਿਰ ਦੀ ਕਾਰਵਾਈ ਦੌਰਾਨ ਕਿਧਰੇ ਵੀ ਗ਼ਦਰ ਲਹਿਰ ਨੂੰ ਆਪਣੇ ਅਧੀਨ ਕਰਦੇ ਦਿਖਾਈ ਨਹੀਂ ਦਿੰਦੇ ਸਗੋਂ ਗ਼ਦਰ ਲਹਿਰ ਦੇ ਕਾਰਜ ਵਿਚ ਸਰਗਰਮ ਹੁੰਦੇ ਹਨ। ਇਨ੍ਹਾਂ ਸਿੱਖਾਂ ਵਿਚ ਸਭ ਨਾਲੋਂ ਮਹੱਤਵਪੂਰਨ ਅਤੇ ਗੌਲਣਯੋਗ ਸਿੱਖ ਭਾਈ ਸਾਹਿਬ ਭਾਈ ਰਣਧੀਰ ਸਿੰਘ ਨਾਰੰਗਵਾਲ ਤੇ ਉਨ੍ਹਾਂ ਦਾ ਜਥਾ ਹੈ। ਭਾਈ ਰਣਧੀਰ ਸਿੰਘ ਸਿੱਖੀ ਦੇ ਰੰਗ ਵਿਚ ਰੰਗੇ ਇਕੱਲੇ 'ਬਿਬੇਕੀ ਸਿੱਖ' ਹਨ ਜੋ ਆਪਣੀ ਸਿੱਖੀ ਨੂੰ ਜੇਲ੍ਹ ਦੌਰਾਨ ਵੀ ਕਾਇਮ ਰੱਖਦੇ ਹਨ। ਜੇਲ੍ਹ ਦੌਰਾਨ ਕਿੰਨੀਆਂ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਜਿਨ੍ਹਾਂ ਨੂੰ ਉਹ ਸਿਰੜ ਨਾਲ ਝੱਲਦੇ ਹਨ ਪਰ ਉਹ ਕਿਸੇ ਕਿਸਮ ਦਾ ਸਮਝੌਤਾ ਨਹੀਂ ਕਰਦੇ। ਜੇਲ੍ਹ ਦੌਰਾਨ ਉਹ ਹਰ ਦੁੱਖ-ਸੁੱਖ ਨੂੰ ਸਮ ਕਰ ਜਾਨਣ ਵਾਲੇ, ਪਰਮਾਤਮਾ ਦੀ ਰਜ਼ਾ ਵਿਚ ਰਹਿਣ ਵਾਲੇ ਸਿੱਖ ਹਨ। ਉਹ ਸਰਬ ਲੋਹੀਏ ਸਿੱਖ ਹਨ ਜੋ ਆਪਣਾ ਪ੍ਰਸ਼ਾਦਾ ਵੀ ਆਪ ਸਜਾਉਂਦੇ ਹਨ। ਉਹ ਆਪਣੀ ਕੁਰਬਾਨੀ ਦੇਣ ਲਈ ਤਿਆਰ ਹੋ ਜਾਂਦੇ ਹਨ ਪਰ ਆਪਣੇ ਸਿੱਖ ਸਿਧਾਂਤ ਸਿਦਕ ਨਾਲ ਨਿਭਾਉਂਦੇ ਹਨ। ਉਨ੍ਹਾਂ ਦੀ ਜੇਲ੍ਹ ਅਨੁਭਵਾਂ ਨਾਲ ਸਬੰਧਤ ਪੁਸਤਕ 'ਜੇਲ੍ਹ ਚਿੱਠੀਆਂ' ਵਿਚੋਂ ਸਮੁੱਚਾ ਬਿਰਤਾਂਤ ਇਹੋ ਦੱਸ ਪਾਉਂਦਾ ਹੈ ਕਿ ਭਾਈ ਰਣਧੀਰ ਸਿੰਘ ਸਿੱਖ ਦ੍ਰਿਸ਼ਟੀ ਵਾਲੀ ਸ਼ਖ਼ਸੀਅਤ ਹੈ। ਭਾਈ ਰਣਧੀਰ ਸਿੰਘ 4 ਅਕਤੂਬਰ 1930 ਨੂੰ ਲਾਹੌਰ ਸੈਂਟਰਲ ਜੇਲ੍ਹ ਤੋਂ ਰਿਹਾ ਹੋਣ ਤੋਂ ਲੈ ਕੇ 16 ਅਪਰੈਲ 1961 ਤੱਕ ਆਪਣਾ ਸਮੁੱਚਾ ਜੀਵਨ ਸਿੱਖ ਦ੍ਰਿਸ਼ਟੀ ਅਨੁਸਾਰ ਹੀ ਬਤੀਤ ਕਰਦੇ ਹਨ। ਉਹ ਸਿੱਖ ਧਰਮ ਦੀ ਬਹੁਤ ਸਨਮਾਨਿਤ ਸ਼ਖ਼ਸੀਅਤ ਹਨ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਅਤੇ ਉਨ੍ਹਾਂ ਦਾ ਜਥਾ ਗ਼ਦਰ ਵਿਚ ਹਿੱਸਾ ਕਿਉਂ ਲੈਂਦਾ ਹੈ? ਇਸ ਤੱਥ ਦੀ ਜਾਣਕਾਰੀ ਬਹੁਤ ਜ਼ਰੂਰੀ ਹੈ। ਭਾਈ ਰਣਧੀਰ ਸਿੰਘ ਗ਼ਦਰ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਅੰਗਰੇਜ਼ਾਂ ਵੱਲੋਂ ਦਿੱਲੀ ਵਿਖੇ ਗੁਰਦੁਆਰਾ ਰਕਾਬਗੰਜ ਦੀ ਕੰਧ ਢਾਹੁਣ ਤੋਂ ਬਹੁਤ ਆਹਤ ਸਨ। ਹੋਰ ਸਿੱਖ ਸੰਗਤ ਅੰਦਰ ਵੀ ਇਸ ਬਾਰੇ ਬਹੁਤ ਗੁੱਸਾ ਸੀ। ਭਾਈ ਸਾਹਿਬ ਭਾਈ ਰਣਧੀਰ ਸਿੰਘ ਪਿੰਡਾਂ ਵਿਚ ਕੀਰਤਨ ਕਰਦੇ ਅਤੇ ਬਾਅਦ ਵਿਚ ਗੁਰਦੁਆਰਾ ਰਕਾਬਗੰਜ ਦੀ ਢਾਹੀ ਹੋਈ ਦੀਵਾਰ ਵਿਰੁੱਧ ਮਤਾ ਪਾਸ ਕਰਵਾ ਕੇ ਸਰਕਾਰ ਨੂੰ ਭੇਜਦੇ ਸਨ। ਇਉਂ ਭਾਈ ਰਣਧੀਰ ਸਿੰਘ ਅਤੇ ਉਨ੍ਹਾਂ ਦਾ ਜਥਾ ਇਸ ਧਾਰਮਿਕ ਕ੍ਰੋਧ ਨਾਲ ਭਰੇ ਹੋਏ ਸਨ। ਇਸ ਤੱਥ ਸਬੰਧੀ ਭਾਈ ਰਣਧੀਰ ਸਿੰਘ ਦੇ ਕਰੀਬੀ ਅਤੇ ਸ਼ਰਧਾਲੂ ਸਿੱਖ ਜੋ ਆਪ ਵੀ ਜਥੇ ਵਿਚ ਸ਼ਾਮਲ ਸਨ ਤੇ ਜੇਲ੍ਹ ਕੱਟ ਕੇ ਆਏ ਸਨ, ਬਾਬਾ ਹਰਭਜਨ ਸਿੰਘ ਚਮਿੰਡਾ ਆਪਣੀ ਪੁਸਤਕ 'ਲਹੂ ਭਿੰਨੀਆਂ ਯਾਦਾਂ ਅਤੇ ਸਵੈ-ਜੀਵਨੀ' ਵਿਚ ਦੱਸਦੇ ਹਨ, "17 ਫਰਵਰੀ ਨੂੰ ਭੋਗ ਤੋਂ ਬਾਅਦ ਗੁਪਤ ਮੀਟਿੰਗ ਹੋਈ ਜਿਸ ਵਿਚ ਫਿਰੋਜ਼ਪੁਰ ਜਾਣ ਦਾ ਗੁਰਮਤਾ ਪੇਸ਼ ਹੋਇਆ ਤਾਂ ਭਾਈ ਸੁਰਜਨ ਸਿੰਘ ਨੇ ਮੁਖ਼ਾਲਫ਼ਤ ਕੀਤੀ ਤੇ ਕਿਹਾ ਕਿ ਖਾਲਸੇ ਨੂੰ ਰਾਜ ਕਾਜ ਨਾਲ ਕੀ, ਤੇ ਜਥਾ ਫਿਰੋਜ਼ਪੁਰ ਨਾ ਜਾਵੇ ਪਰ ਭਾਈ ਸਾਹਿਬ ਨੇ ਕਿਹਾ ਕਿ ਅਸੀਂ ਉਥੇ ਰਾਜ ਸਾਂਭਣ ਲਈ ਨਹੀਂ, ਸਗੋਂ ਜ਼ੁਲਮੀ ਰਾਜ ਨੂੰ ਉਲਟਾਉਣ ਤੇ ਗੋਰੇਸ਼ਾਹੀ ਨੂੰ ਖ਼ਤਮ ਕਰਨ ਲਈ ਜਾਣਾ ਹੈ ਜਿਸ ਨੇ ਕਿ ਸਾਡੇ ਗੁਰਧਾਮ ਰਕਾਬਗੰਜ ਦੀ ਕੰਧ ਢਾਹੀ ਹੈ। ਫਿਰ ਕੀ ਸੀ। ਕਿਸੇ ਨੇ ਵੀ ਵਿਰੋਧ ਨਾ ਕੀਤਾ ਤੇ ਫਿਰੋਜ਼ਪੁਰ ਜਾਣ ਦਾ ਮਤਾ ਪਾਸ ਹੋ ਗਿਆ ਤੇ ਸਭ ਸੱਜਣਾਂ ਨੂੰ 19 ਤਰੀਕ ਨੂੰ ਨਾਰੰਗਵਾਲ ਜਾਣ ਦੀ ਹਦਾਇਤ ਹੋ ਗਈ।" (ਮਲਵਿੰਦਰਜੀਤ ਸਿੰਘ ਵੜੈਚ (ਸੰਪਾਦਕ), ਹਰਭਜਨ ਸਿੰਘ ਚਮਿੰਡਾ ਦੀ ਲਹੂ ਭਿੰਨੀਆਂ ਯਾਦਾਂ ਅਤੇ ਸਵੈ-ਜੀਵਨੀ, ਸਫਾ 99) ਇਸ ਤੱਥ ਤੋਂ ਨਾ ਇਤਿਹਾਸ ਇਨਕਾਰੀ ਹੈ ਅਤੇ ਨਾ ਹੀ ਗ਼ਦਰ ਲਹਿਰ ਪਰ ਇਸ ਤੱਥ ਵਿਚ ਸਮਝਣ ਵਾਲੀ ਮਹੱਤਵਪੂਰਨ ਗੱਲ 'ਗੁਰਧਾਮ ਦੀ ਕੰਧ ਦਾਹੁਣ' ਹੈ ਜਿਸ ਉਤੇ ਸਾਰਾ ਜਥਾ ਇਕਮੱਤ ਹੋ ਗਿਆ। ਇਸ ਜਥੇ ਤੋਂ ਬਿਨਾਂ ਗ਼ਦਰ ਲਹਿਰ ਵਿਚ ਕਿਧਰੇ ਵੀ ਵੇਰਵਾ ਨਹੀਂ ਮਿਲਦਾ ਜਿਹੜਾ ਗ਼ਦਰ ਲਹਿਰ ਨੂੰ ਧਰਮ ਦੀ ਲਹਿਰ ਬਣਾਉਂਦਾ ਹੋਵੇ। ਇਹ ਵੇਰਵਾ ਵੀ ਭਾਈ ਸਾਹਿਬ ਦਾ ਆਪਣਾ ਅਤੇ ਉਨ੍ਹਾਂ ਦੇ ਜਥੇ ਦਾ ਹੈ। ਗ਼ਦਰ ਲਹਿਰ ਵਿਚ ਇਹ ਵੇਰਵਾ ਨਹੀਂ ਹੈ ਕਿ ਇਸ ਕਰ ਕੇ ਗ਼ਦਰ ਕਰਨਾ ਹੈ ਕਿ ਰਕਾਬਗੰਜ ਦੀ ਕੰਧ ਢਾਹੀ ਗਈ ਹੈ।

> ***ਭਾਈ ਸਾਹਿਬ ਭਾਈ ਰਣਧੀਰ ਸਿੰਘ ਅਤੇ ਉਨ੍ਹਾਂ ਦਾ ਜੱਥਾ ਗ਼ਦਰ ਵਿਚ ਹਿੱਸਾ ਕਿਉਂ ਲੈਂਦਾ ਹੈ? ਇਸ ਤੱਥ ਦੀ ਜਾਣਕਾਰੀ ਜ਼ਰੂਰੀ ਹੈ। ਭਾਈ ਰਣਧੀਰ ਸਿੰਘ ਗ਼ਦਰ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਅੰਗਰੇਜ਼ਾਂ ਵੱਲੋਂ ਦਿੱਲੀ ਵਿਖੇ ਗੁਰਦੁਆਰਾ ਰਕਾਬਗੰਜ ਦੀ ਕੰਧ ਢਾਹੁਣ ਤੋਂ ਬਹੁਤ ਆਹਤ ਸਨ। ਹੋਰ ਸਿੱਖ ਸੰਗਤ ਅੰਦਰ ਵੀ ਇਸ ਬਾਰੇ ਬਹੁਤ ਆਕਰੋਸ਼ ਸੀ। ਭਾਈ ਸਾਹਿਬ ਭਾਈ ਰਣਧੀਰ ਸਿੰਘ ਪਿੰਡਾਂ ਵਿਚ ਕੀਰਤਨ ਕਰਦੇ ਅਤੇ ਬਾਅਦ ਵਿਚ ਗੁਰਦੁਆਰਾ ਰਕਾਬਗੰਜ ਦੀ ਢਾਹੀ ਹੋਈ ਦੀਵਾਰ ਵਿਰੁੱਧ ਮਤਾ ਪਾਸ ਕਰਵਾ ਕੇ ਸਰਕਾਰ ਨੂੰ ਭੇਜਦੇ ਸਨ। ਇਉਂ ਭਾਈ ਰਣਧੀਰ ਸਿੰਘ ਅਤੇ ਉਨ੍ਹਾਂ ਦਾ ਜੱਥਾ ਇਸ ਧਾਰਮਿਕ ਆਕਰੋਸ਼ ਨਾਲ ਭਰੇ ਹੋਏ ਸਨ। ਇਸ ਤੱਥ ਸੰਬੰਧੀ ਭਾਈ ਰਣਧੀਰ ਸਿੰਘ ਦੇ ਕਰੀਬੀ ਅਤੇ ਸ਼ਰਧਾਲੂ ਸਿੱਖ ਜੋ ਆਪ ਵੀ ਜੱਥੇ ਵਿਚ ਸ਼ਾਮਲ ਸਨ ਤੇ ਜੇਲ੍ਹ ਕੱਟ ਕੇ ਆਏ ਸਨ, ਬਾਬਾ ਹਰਭਜਨ ਸਿੰਘ ਚਮਿੰਡਾ ਆਪਣੀ ਪੁਸਤਕ 'ਲਹੂ ਭਿੰਨੀਆਂ ਯਾਦਾਂ ਅਤੇ ਸਵੈ-ਜੀਵਨੀ' ਵਿਚ ਦੱਸਦੇ ਹਨ।***

ਡਾ. ਹਰੀਸ਼ ਕੇ. ਪੁਰੀ ਨੇ ਵੀ ਭਾਈ ਰਣਧੀਰ ਸਿੰਘ ਵੱਲ ਸੰਕੇਤ ਕੀਤਾ ਹੈ, "ਰਣਧੀਰ ਸਿੰਘ ਨਾਰੰਗਵਾਲ ਜਿਸ ਨੇ ਗੁਰਦੁਆਰਾ ਰਕਾਬਗੰਜ ਦੇ ਮਸਲੇ ਉਤੇ ਅੰਦੋਲਨ ਦੀ ਅਗਵਾਈ ਕੀਤੀ ਸੀ, ਗ਼ਦਰ ਦੇ ਵਿਚਾਰ ਗ੍ਰਹਿਣ ਕਰਨ ਵਾਲਾ ਪੰਜਾਬ ਦੇ ਪੰਜਾਬੀਆਂ ਵਿਚੋਂ ਇਕੋ ਇਕ ਮਹੱਤਵਪੂਰਨ ਵਿਅਕਤੀ ਸੀ।" (ਹਰੀਸ਼ ਕੇ ਪੁਰੀ, ਗ਼ਦਰ ਲਹਿਰ: ਵਿਚਾਰਧਾਰਾ, ਜਥੇਬੰਦੀ, ਰਣਨੀਤੀ ਸਫਾ 144)

ਗ਼ਦਰ ਲਹਿਰ ਸਿਧਾਂਤਕ ਅਤੇ ਵਿਹਾਰਕ ਤੌਰ 'ਤੇ ਭਾਰਤ ਤੋਂ ਬਾਹਰ ਵੀ ਜਥੇਬੰਦ ਹੋਈ ਸੀ। ਪੰਜਾਬ ਅੰਦਰੋਂ ਜਿਹੜੇ ਲੋਕ ਸਰਗਰਮ ਹੋਏ, ਉਨ੍ਹਾਂ ਵਿਚ ਢੁੱਡੀਕੇ ਸੈਂਟਰ, ਸੰਘਵਾਲ ਸੈਂਟਰ, ਸੁਰ ਸਿੰਘ ਵਾਲਾ ਅਤੇ ਕੁਝ ਹੋਰ ਮੁੱਖ ਥਾਂਵਾਂ ਸ਼ਾਮਲ ਹਨ। ਉਹ ਗ਼ਦਰ ਲਹਿਰ ਦੇ ਸਿਧਾਂਤਾਂ ਵਿਚ ਕਿੰਨੇ ਪਰਪੱਕ ਸਨ, ਉਨ੍ਹਾਂ ਦੇ ਕਿੰਨੇ ਕੁ ਗਿਆਤਾ ਸਨ, ਉਨ੍ਹਾਂ ਦਾ ਸੁਤੰਤਰ ਅਧਿਐਨ ਜ਼ਰੂਰ ਦਿਲਚਸਪ ਹੋਵੇਗਾ ਪਰ ਅਮਰੀਕਾ-ਕੈਨੇਡਾ ਤੇ ਹੋਰ ਥਾਂਵਾਂ ਉਤੇ ਸਰਗਰਮ ਗ਼ਦਰੀਏ ਗ਼ਦਰ ਪਾਰਟੀ ਦੇ ਸਿਧਾਂਤ, ਉਦੇਸ਼ਾਂ, ਨੀਤੀਆਂ ਅਤੇ ਕਾਰਜਵਿਧੀ ਤੋਂ ਕਾਫ਼ੀ ਸੁਚੇਤ ਸਨ। ਇਸ ਕਰ ਕੇ ਗ਼ਦਰ ਲਹਿਰ ਬਾਰੇ ਪ੍ਰਤੱਖ ਪ੍ਰਮਾਣ ਉਨ੍ਹਾਂ ਗ਼ਦਰੀਆਂ ਵਿਚੋਂ ਵਧੇਰੇ ਸਪੱਸ਼ਟ ਦਿਖਾਈ ਦਿੰਦੇ ਹਨ। ਇਨ੍ਹਾਂ ਪ੍ਰਮਾਣਾਂ ਵਿਚੋਂ ਧਰਮ-ਨਿਰਪੱਖ ਮਸਲੇ ਬਾਰੇ ਉਹ ਬਹੁਤ ਸੁਚੇਤ ਸਨ। ਬਾਬਾ ਸੋਹਣ ਸਿੰਘ ਭਕਨਾ 'ਮੇਰੀ ਰਾਮ ਕਹਾਣੀ' ਵਿਚ ਭਾਈ ਨਿਧਾਨ ਸਿੰਘ ਚੁੱਘਾ ਬਾਰੇ ਇਕ ਘਟਨਾ ਦਰਜ ਕਰਦੇ ਹਨ। "ਦੇਸ਼ ਭਗਤੀ ਦਾ ਚਾਓ ਸਿਰਫ਼ ਗੱਭਰੂਆਂ ਤੱਕ ਹੀ ਬਸ ਨਹੀਂ ਸੀ, ਸਗੋਂ ਬੁੱਢੇ ਗੱਭਰੂਆਂ ਨਾਲੋਂ ਵੀ ਵੱਧ ਚਾਓ ਨਾਲ ਕਰਦੇ ਰਹੇ ਸਨ। ਇਥੇ ਮੈਂ ਇਕ ਬੁੱਢੇ ਦੀ ਨਜ਼ੀਰ ਪੇਸ਼ ਕਰਦਾ ਹਾਂ ਜਿਨ੍ਹਾਂ ਦਾ ਨਾਂ ਨਿਧਾਨ ਸਿੰਘ (ਚੁੱਘਾ) ਸੀ। ਉਨ੍ਹਾਂ ਨੂੰ ਸਟਾਕਟਨ ਗੁਰਦੁਆਰਾ ਕਮੇਟੀ ਨੇ ਆਪਣਾ ਪ੍ਰਧਾਨ ਚੁਣਿਆ। ਇਹ ਅਹੁਦਾ ਧਾਰਮਿਕ ਖਿਆਲ ਨਾਲ ਸਿੱਖਾਂ ਵਿਚ ਬੜੇ ਉਚ ਪਾਏ ਦਾ ਗਿਣਿਆ ਜਾਂਦਾ ਹੈ ਪਰ ਉਸ ਬੁੱਢੇ ਦੇਸ਼ ਭਗਤ ਨੂੰ ਇਥੋਂ ਤੱਕ ਦੇਸ਼ ਪਰੇਮ ਦਾ ਨਸ਼ਾ ਸੀ ਕਿ ਉਸ ਨੇ ਇਹ ਕਹਿ ਕੇ ਪ੍ਰਧਾਨ ਬਣਨ ਤੋਂ ਸਿਰ ਫੇਰ ਦਿੱਤਾ ਕਿ 'ਭਾਈ ਮੈਂ ਤਾਂ ਦੇਸ਼ ਦੀ ਆਜ਼ਾਦੀ ਲਈ ਕੰਮ ਕਰਨਾ ਹੈ, ਇਸ ਲਈ ਮੈਂ ਨਹੀਂ ਚਾਹੁੰਦਾ ਕਿ ਮੇਰੇ ਕਰ ਕੇ ਗੁਰਦੁਆਰਾ ਕਮੇਟੀ ਨੂੰ ਕੋਈ ਧੱਕਾ ਲੱਗੇ।'" (ਸੋਹਣ ਸਿੰਘ ਭਕਨਾ, ਮੇਰੀ ਰਾਮ ਕਹਾਣੀ, ਸਫਾ 113)

ਭਾਈ ਨਿਧਾਨ ਸਿੰਘ ਚੁੱਘਾ ਨੂੰ ਅਜਮੇਰ ਸਿੰਘ ਬਹੁਤ ਸ਼ਰਧਾਵਾਨ ਸਿੱਖ ਦੇ ਰੂਪ ਵਿਚ ਪੇਸ਼ ਕਰਦਾ ਹੈ ਪਰ ਇਹ ਤੱਥ ਕੁਝ ਹੋਰ ਦਰਸਾ ਰਿਹਾ ਹੈ ਕਿ ਉਹ ਦੇਸ਼ ਦੀ ਆਜ਼ਾਦੀ ਨੂੰ ਪਹਿਲ ਦਿੰਦਾ ਹੈ ਅਤੇ ਗੁਰਦੁਆਰਾ ਕਮੇਟੀ ਦੀ ਪ੍ਰਧਾਨਗੀ ਨੂੰ ਅਸਵੀਕਾਰ ਕਰਦਾ ਹੈ। ਜੇ ਭਾਈ ਨਿਧਾਨ ਸਿੰਘ ਗ਼ਦਰ ਨੂੰ ਧਰਮ ਯੁੱਧ ਮੰਨ ਰਿਹਾ ਹੋਵੇ ਤਾਂ ਉਹ ਦੇਸ਼ ਦੀ ਆਜ਼ਾਦੀ ਅਤੇ ਗੁਰਦੁਆਰੇ ਦੇ ਕੰਮ ਨੂੰ ਇਕੋ ਜਿਹਾ ਸਮਝੇ। ਉਸ ਦਾ ਇਹ ਨਾ ਸਵੀਕਾਰਨਾ ਹੀ ਉਸ ਦੇ ਵਿਚਾਰਾਂ ਅਤੇ ਦ੍ਰਿਸ਼ਟੀ ਦਾ ਨਿਖੇੜਾ ਕਰਦਾ ਹੈ।

(ਚਲਦਾ)

## ਸੰਪਾਦਕ ਦੀ ਡਾਕ

### ਗਦਰੀਆਂ ਦਾ ਜਜ਼ਬਾ

'ਗਦਰੀ ਬਾਬੇ ਕੌਣ ਸਨ?' ਲੇਖ ਲੜੀ ਤਹਿਤ ਪਹਿਲਾਂ ਵਰਿਆਮ ਸਿੰਘ ਸੰਧੂ ਦੇ ਵਿਚਾਰ ਪੜ੍ਹੇ ਅਤੇ ਹੁਣ ਡਾ. ਸਰਬਜੀਤ ਸਿੰਘ ਦੇ ਪੜ੍ਹ ਰਹੇ ਹਾਂ। ਇਨ੍ਹਾਂ ਦੋਹਾਂ ਲੇਖ ਲੜੀਆਂ ਨੂੰ ਪੜ੍ਹ ਕੇ ਮਨ ਵਿਚ ਇਕ ਸਵਾਲ ਉਠਿਆ ਕਿ ਗਦਰੀਆਂ ਦੇ ਵਾਰਸ ਬਣਨ ਲਈ ਇਹ ਲੋਕ ਆਖਰ ਇੰਨਾ ਤੜਫ ਕਿਉਂ ਰਹੇ ਹਨ? ਮੈਨੂੰ ਜਾਪਦਾ ਹੈ ਕਿ ਹੁਣ ਮਨੁੱਖ ਦੀ ਬਿਹਤਰੀ ਲਈ ਨਾ ਕਮਿਊਨਿਸਟਾਂ ਕੋਲ ਅਤੇ ਨਾ ਹੀ ਸਿੱਖਾਂ ਕੋਲ ਕੋਈ ਬੱਝਵਾਂ ਖਾਕਾ ਹੈ। ਕਮਿਊਨਿਸਟਾਂ ਨੂੰ ਸੰਸਾਰ ਭਰ ਵਿਚ ਪਛਾੜ ਵੱਜੀ ਪਰ ਇਨ੍ਹਾਂ ਨੇ ਉਸ ਪਛਾੜ ਦੇ ਕਾਰਨਾਂ ਨੂੰ ਸਮਝਣ ਦੀ ਥਾਂ ਬਹੁਤ ਢੀਠ ਹੋ ਕੇ ਉਹੀ ਪਹਿਲਾਂ ਵਾਲੀ ਮੁਹਾਰਨੀ ਪੜ੍ਹਨੀ ਸ਼ੁਰੂ ਕਰ ਦਿੱਤੀ ਹੈ। ਸਿੱਖਾਂ ਦੇ ਤਾਂ ਕਹਿਣੇ ਹੀ ਕੀ! ਤੇ ਉਪਰੋਂ ਇਨ੍ਹਾਂ ਨੂੰ ਮਿਲ ਗਿਆ ਅਜਮੇਰ ਸਿੰਘ ਵਰਗਾ ਸਿਧਾਂਤਕਾਰ ਜਿਹਨੇ ਰਹਿੰਦੀ-ਖੂੰਹਦੀ ਕਸਰ ਵੀ ਕੱਢ ਦਿੱਤੀ। ਅੱਜ ਲੋੜ ਗਦਰੀਆਂ ਵੱਲੋਂ ਸੋਚੀ ਲੜਾਈ ਨੂੰ ਨਵੇਂ ਸਿਰਿਉਂ, ਅੱਜ ਦੇ ਹਾਲਾਤ ਮੁਤਾਬਕ ਨਵਾਂ ਰੂਪ ਦੇਣ ਦੀ ਹੈ। ਗਦਰੀਆਂ ਨੇ ਕੋਈ ਜਾਦੂ ਦੀ ਛੜੀ ਘੁਮਾ ਕੇ ਇੰਨੀ ਵੱਡੀ ਲੜਾਈ ਲਈ ਆਧਾਰ ਤਿਆਰ ਨਹੀਂ ਸੀ ਕਰ ਲਿਆ। ਇਕ-ਇਕ ਗਦਰੀ ਇਸ ਲੜਾਈ ਦਾ ਹਿੱਸਾ ਬਣਿਆ ਅਤੇ ਗਦਰੀਆਂ ਨੇ ਆਪਣੀ ਲੜਾਈ ਨੂੰ ਵੱਡੀ ਪੱਧਰ ਉਤੇ ਲੈ ਕੇ ਜਾਣ ਲਈ ਹਰ ਸੰਭਵ ਕੋਸ਼ਿਸ਼ ਕੀਤੀ। ਇਨ੍ਹਾਂ ਗਦਰੀਆਂ ਨੇ ਜਾਤ-ਪਾਤ ਦੇ ਕੋਹੜ ਅਤੇ ਧਰਮ ਦੀਆਂ ਵਲਗਣਾਂ ਤੋਂ ਪਾਰ ਜਾ ਕੇ ਲੜਾਈ ਸ਼ੁਰੂ ਕਰਨ ਦੀ ਸੋਚੀ। ਜੇ ਤੁਸੀਂ ਇਕ ਵਾਰ ਉਸ ਵੇਲੇ ਦੇ ਭਾਰਤੀ ਸਮਾਜ ਤੇ ਉਸ ਵੇਲੇ ਦੀ ਸਿਆਸਤ ਉਤੇ ਨਜ਼ਰ ਮਾਰੋ ਅਤੇ ਗਦਰੀਆਂ ਦੀ ਸਿਆਸਤ ਉਤੇ ਘੋਖਵੀਂ ਨਿਗ੍ਹਾ ਸੁੱਟੋ ਤਾਂ ਫਰਕ ਪਤਾ ਲੱਗ ਜਾਂਦਾ ਹੈ। ਗਦਰੀਆਂ ਦੇ ਵੱਡੇ ਦਾਈਏ ਬਾਰੇ ਸੋਚ ਕੇ ਤਾਂ ਦਿਲ ਅਸ਼-ਅਸ਼ ਕਰ ਉਠਦਾ ਹੈ। ਇਹ ਗਦਰੀ ਕਿਸ ਮਿੱਟੀ ਦੇ ਬਣੇ ਹੋਏ ਸਨ ਜਿਹੜੇ ਇਸ ਪੱਧਰ ਦੀ ਸੋਚ ਰੱਖਦੇ ਸਨ? ਹੁਣ ਇਨ੍ਹਾਂ ਨੂੰ ਕਦੀ ਕਮਿਊਨਿਸਟ ਅਤੇ ਕਦੀ ਸਿੱਖ ਬਣਾਇਆ ਜਾ ਰਿਹਾ ਹੈ। ਇਹ ਇਨ੍ਹਾਂ ਵੱਲੋਂ ਸ਼ੁਰੂ ਕੀਤੀ ਹੱਕ-ਸੱਚ ਦੀ ਲੜਾਈ ਨਾਲ ਜ਼ਿਆਦਤੀ ਹੈ। ਇਨ੍ਹਾਂ ਗਦਰੀਆਂ ਨੂੰ ਅਜਿਹੀਆਂ ਕੰਧਾਂ ਵਿਚ ਕੈਦ ਕਰਨ ਵਾਲਿਆਂ ਨੂੰ ਇਤਿਹਾਸ ਨੇ ਕਦੀ ਮੁਆਫ ਨਹੀਂ ਕਰਨਾ।

*-ਰਘੁਬੀਰ ਸਿੰਘ ਬੀਰ, ਐਲ.ਏ.*

---

### ਗੁਰਦਿਆਲ ਦਲਾਲ ਦਾ ਕਾਲਮ

ਗੁਰਦਿਆਲ ਦਲਾਲ ਦਾ ਕਾਲਮ ਪੜ੍ਹ ਕੇ ਲਗਦਾ ਹੈ ਜਿਵੇਂ ਕੁਝ ਹਾਸਲ ਕਰ ਲਿਆ ਹੋਵੇ। ਪੰਜਾਹਵਿਆਂ ਤੋਂ ਉਪਰ ਵਾਲੀ ਪੀੜ੍ਹੀ ਦਾ ਬਚਪਨ ਇਸੇ ਤਰ੍ਹਾਂ ਬੀਤਿਆ ਹੈ। ਗੁਰਦਿਆਲ ਦਲਾਲ ਨੇ ਇਨ੍ਹਾਂ ਗੱਲਾਂ ਨੂੰ ਜ਼ੁਬਾਨ ਦੇ ਕੇ ਮੇਰੇ ਵਰਗੇ ਕਈ ਲੋਕਾਂ ਦੇ ਮਨ ਹੌਲੇ ਕਰ ਦਿੱਤੇ ਹੋਣਗੇ। ਇਸ ਵਾਰ (ਪੰਜਾਬ ਟਾਈਮਜ਼ ਅੰਕ 44) 'ਪ੍ਰਤੱਖ ਰੱਬ ਅਮਰ ਸਿੰਘ' ਪੜ੍ਹ ਕੇ ਅੱਖਾਂ ਗਿੱਲੀਆਂ ਹੋ ਗਈਆਂ। ਆਪਣੇ ਘਰਦਿਆਂ ਤੋਂ ਆਪਣਾ ਇਹ ਰੋਣ ਲੁਕੋਣ ਲਈ ਮੈਂ ਟਾਇਲਟ ਵਿਚ ਜਾ ਵੜਿਆ ਅਤੇ ਫਿਰ ਰੱਜ ਕੇ ਰੋਇਆ। ਫਿਰ ਇਹ ਸੋਚਣ ਲੱਗ ਪਿਆ ਕਿ ਪੰਜਾਬ ਵਿਚ ਹੁਣ ਇੰਦਾਂ ਦੇ ਬੰਦੇ ਹੈਗੇ ਵੀ ਕਿ ਨਹੀਂ। ਇਥੇ ਤਾਂ ਸਭ ਨੂੰ ਆਪਾ-ਧਾਪੀ ਪਈ ਹੋਈ ਹੈ। ਇਕ ਦਿਨ ਇਥੇ ਪਾਰਕ ਵਿਚ ਬੈਠੇ ਨੂੰ ਇਕ ਮੁੰਡਾ ਟੱਕਰ ਪਿਆ। ਮੇਰੇ ਹੀ ਪਿੰਡ ਦਾ ਸੀ। ਮੈਂ ਤਾਂ ਉਹਨੂੰ ਪਛਾਣ ਵੀ ਨਹੀਂ ਸਕਿਆ, ਉਹਨੇ ਹੀ ਪਛਾਣ ਕੇ ਫਤਿਹ ਬੁਲਾਈ। ਉਹ ਅਜੇ ਨਵਾਂ-ਨਵਾਂ ਹੀ ਪੰਜਾਬ ਤੋਂ ਇਥੇ ਆਇਆ ਸੀ। ਮੇਰੀਆਂ ਅੱਖਾਂ 'ਚੋਂ ਉਦੋਂ ਵੀ ਹੰਝੂ ਟਪਕ ਪਏ ਸਨ। ਹੋ ਸਕਦਾ ਹੈ ਕਿ ਉਹ ਵੀ ਆਪਣੀ ਜ਼ਿੰਦਗੀ ਵਿਚ ਰੁੱਝ ਜਾਵੇ ਅਤੇ ਫਿਰ ਇਸ ਤਰ੍ਹਾਂ ਕਿਸੇ ਨੂੰ ਨਾ ਬੁਲਾਵੇ ਪਰ ਉਸ ਦਿਨ ਉਹ ਮੈਨੂੰ ਅਮਰ ਸਿੰਘ ਵਰਗਾ ਹੀ ਲੱਗਿਆ। ਮੈਂ ਚੰਗੀ-ਭਲੀ ਟੀਚਰ ਦੀ ਨੌਕਰੀ ਛੱਡ ਕੇ ਇਥੇ ਆਇਆ ਤੇ ਫਿਰ ਇਥੇ ਜੋਗਾ ਹੀ ਰਹਿ ਗਿਆ। ਹੁਣ 'ਪੰਜਾਬ ਟਾਈਮਜ਼' ਪੜ੍ਹ ਕੇ ਵਕਤ ਲੰਘਾ ਛੱਡਦਾ ਹਾਂ। ਬੜਾ ਆਸਰਾ ਹੈ। ਲਗਦਾ ਹੈ ਪੰਜਾਬ ਗੇੜਾ ਲੱਗ ਗਿਆ।

*-ਮਹਿੰਦਰ ਸਿੰਘ, ਹਿਊਸਟਨ*

ਛਾਤੀ ਅੰਦਰਲੇ ਥੇਹ (9)

# ਭਾਰਤ-ਚੀਨ ਜੰਗ ਬਨਾਮ ਅੰਦਰੂਨੀ ਜਦੋ-ਜਹਿਦ

*ਗੁਰਦਿਆਲ ਦਲਾਲ ਬੁਨਿਆਦੀ ਰੂਪ ਵਿਚ ਗਲਪਕਾਰ ਹੈ। ਹੁਣੇ-ਹੁਣੇ ਉਨ੍ਹਾਂ ਦਾ ਵੱਡ-ਆਕਾਰੀ ਨਾਵਲ 'ਪੈੜਾਂ' ਛਪਿਆ ਹੈ। 'ਛਾਤੀ ਅੰਦਰਲੇ ਥੇਹ' ਲੇਖ-ਲੜੀ ਵਿਚ ਉਨ੍ਹਾਂ ਆਪਣੇ ਜੀਵਨ ਅਤੇ ਤਜਰਬੇ ਨੂੰ ਆਧਾਰ ਬਣਾ ਕੇ ਕੁਝ ਗੱਲਾਂ ਵੱਖਰੇ ਢੰਗ ਨਾਲ ਕੀਤੀਆਂ ਹਨ ਜਿਹੜੀਆਂ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। ਇਨ੍ਹਾਂ ਗੱਲਾਂ ਦੀਆਂ ਤੰਦਾਂ, ਬੰਦੇ ਦੇ ਬੰਦਾ ਹੋਣ ਨਾਲ ਗਹਿਰੀਆਂ ਜੁੜੀਆਂ ਹੋਈਆਂ ਹਨ। ਆਸ ਹੈ, ਧੜਕਦੇ ਦਿਲ ਨਾਲ ਕੀਤੀਆਂ ਇਹ ਗੱਲਾਂ ਪਾਠਕਾਂ ਨੂੰ ਆਪਣੀਆਂ ਹੀ ਗੱਲਾਂ ਲੱਗਣਗੀਆਂ। -ਸੰਪਾਦਕ*

ਸੰਨ 1962 ਵਿਚ ਜਦੋਂ ਭਾਰਤ ਚੀਨ ਦੀ ਜੰਗ ਲੱਗੀ, ਮੈਂ ਚਮਕੌਰ ਸਾਹਿਬ ਦੇ ਖ਼ਾਲਸਾ ਸਕੂਲ ਵਿਚ ਦਸਵੀਂ ਦਾ ਵਿਦਿਆਰਥੀ ਸਾਂ। ਉਦੋਂ ਸਕੂਲ ਟਾਵੇਂ-ਟਾਵੇਂ ਹੋਣ ਕਰ ਕੇ ਦਸ-ਦਸ ਮੀਲ ਦੂਰੋਂ ਪਿੰਡਾਂ ਦੇ ਮੁੰਡੇ ਇਸੇ ਸਕੂਲ ਵਿਚ ਆਪਣੇ ਸਾਇਕਲਾਂ 'ਤੇ ਪੜ੍ਹਨ ਆਉਂਦੇ ਸਨ। ਵਿਦਿਆਰਥੀਆਂ ਦੀ ਗਿਣਤੀ ਬਾਰਾਂ-ਤੇਰਾਂ ਸੌ ਹੁੰਦੀ ਸੀ। ਨਿੱਤ ਸਕੂਲ ਪਹੁੰਚਦਿਆਂ ਹੀ ਕਿਸੇ ਨਾ ਕਿਸੇ ਪਿੰਡ ਦੀ



**ਗੁਰਦਿਆਲ ਦਲਾਲ**
**ਫੋਨ: 91-98141-85363**

ਖ਼ਬਰ ਉਡੀ ਹੁੰਦੀ ਕਿ ਉਥੋਂ ਦਾ ਵਸਨੀਕ ਕੋਈ ਫੌਜੀ ਲੜਾਈ ਵਿਚ ਸ਼ਹੀਦ ਹੋ ਗਿਆ ਹੈ। ਮੁੰਡੇ ਮਰਨ ਵਾਲੇ ਫੌਜੀ ਦੀਆਂ ਗੱਲਾਂ ਕਰਦੇ। ਉਹ ਕਿਵੇਂ ਬਹਾਦਰੀ ਅਤੇ ਨਿਡਰਤਾ ਨਾਲ ਲੜਿਆ। ਕਿਵੇਂ ਦੁਸ਼ਮਣ ਦੀ ਫੌਜ ਦੇ ਅਨੇਕ ਸੈਨਿਕ ਮਾਰੇ। ਇਕ ਮੂੰਹ ਤੋਂ ਦੂਜੇ ਮੂੰਹ ਤੱਕ ਪਹੁੰਚਦੀ ਖ਼ਬਰ ਆਪਣਾ ਰੂਪ ਵਟਾਉਂਦੀ ਰਹਿੰਦੀ ਤੇ ਸ਼ਹੀਦ ਬਾਰੇ ਅਨੇਕਾਂ ਕਲਪਿਤ ਕਹਾਣੀਆਂ ਜੁੜਦੀਆਂ ਜਾਂਦੀਆਂ। ਅਧਿਆਪਕ ਵੀ ਪੜ੍ਹਾਈ ਦੀ ਥਾਂ ਲੜਾਈ ਨਾਲ ਜੁੜੀਆਂ ਗੱਲਾਂ ਹੀ ਦੱਸਦੇ। ਦੇਸ਼ ਪ੍ਰੇਮ ਦੀਆਂ ਅਨੇਕਾਂ ਕਹਾਣੀਆਂ ਸੁਣਾਉਂਦੇ ਕਿ ਕਿਵੇਂ ਕਿਸੇ ਇਕੱਠ ਵਿਚ ਤੀਵੀਆਂ ਨੇ ਆਪਣੇ ਗਹਿਣਿਆਂ ਨਾਲ ਪੰਡਤ ਨਹਿਰੂ ਨੂੰ ਤੋਲ ਦਿੱਤਾ। ਕਿਵੇਂ ਰੇਲਵੇ ਸਟੇਸ਼ਨਾਂ ਉਤੇ ਪਿੰਡਾਂ ਦੇ ਲੋਕਾਂ ਨੇ ਇਕੱਠੇ ਹੋ ਕੇ ਜੰਗ ਵਿਚ ਜਾਣ ਵਾਲੇ ਫੌਜੀਆਂ ਲਈ ਲੰਗਰ ਲਾਏ, ਕੀਮਤੀ ਤੋਹਫ਼ੇ ਦਿੱਤੇ ਅਤੇ ਸਕੂਲਾਂ ਕਾਲਜਾਂ ਦੀਆਂ ਕੁੜੀਆਂ ਨੇ ਫੌਜੀਆਂ ਦੇ ਰੱਖੜੀਆਂ ਬੰਨ੍ਹੀਆਂ। ਸਾਡੇ ਪਿੰਡ ਦੇ ਬਰੋਟੇ ਹੇਠ ਬੈਠੀ ਢਾਣੀ ਵਿਚ ਵੀ ਲੜਾਈ ਦੀਆਂ ਗੱਲਾਂ ਹੀ ਚਲਦੀਆਂ। ਇਕ ਦਿਨ ਬੜੇ ਜੋਸ਼ ਵਿਚ ਆ ਕੇ ਗੋਬਰ ਛੜਾ ਕਹਿਣ ਲੱਗਾ, "ਤੁਸੀਂ ਮੈਨੂੰ ਬਰਛਾ ਫੜਾਓ, ਜੇ ਦਸ-ਦਸ ਚੀਨੀਆਂ ਨੂੰ ਇਕੱਠੇ ਨਾ ਪਰੁੰਨ ਦਿਆਂ ਤਾਂ ਮੇਰਾ ਨਾਉਂ ਬਦਲ ਦਿਓ।"

ਅਜਿਹੀਆਂ ਗੱਲਾਂ 'ਤੇ ਖ਼ੂਬ ਹਾਸਾ ਮਚਦਾ ਪਰ ਮੈਨੂੰ ਇਹ ਗੱਲਾਂ ਬੜੀਆਂ ਭਿਆਨਕ ਲੱਗਦੀਆਂ ਕਿਉਂਕਿ ਮੇਰਾ ਵੱਡਾ ਭਰਾ ਜਸਵੰਤ ਸਿੰਘ ਭਾਰਤੀ ਫੌਜ ਵਿਚ ਲਾਂਸ ਨੈਕ ਸੀ। ਕੋਈ ਦਹਿਸ਼ਤ ਮੇਰੇ 'ਤੇ ਛਾਈ ਰਹਿੰਦੀ। ਮੈਂ ਪਰੇਸ਼ਾਨ ਰਹਿੰਦਾ। ਨਾ ਪੜ੍ਹਾਈ ਵਿਚ ਮਨ ਖੁਭਦਾ ਤੇ ਨਾ ਹੀ ਨੀਂਦ ਆਉਂਦੀ। ਲੋਕਾਂ ਦੀਆਂ ਗੱਲਾਂ-ਬਾਤਾਂ ਤੋਂ ਹੀ ਪਤਾ ਲੱਗਦਾ ਕਿ ਜਦੋਂ ਕੋਈ ਫੌਜੀ ਸ਼ਹੀਦ ਹੁੰਦਾ ਸੀ ਤਾਂ ਉਸ ਦੇ ਘਰ ਪਹਿਲਾਂ ਡਾਕੀਆ ਤਾਰ ਲੈ ਕੇ ਆਉਂਦਾ ਸੀ ਤੇ ਮਗਰੋਂ ਫੌਜੀ ਦਾ ਬਿਸਤਰਾ ਅਤੇ ਸਾਮਾਨ ਵੀ ਘਰ ਪਹੁੰਚ ਜਾਂਦੇ ਸਨ। ਕਿੰਨਾ ਭਿਆਨਕ ਹੋਵੇਗਾ ਇਹ ਸਭ ਕੁਝ! ਇਸ ਲਈ ਡਾਕੀਏ ਨੂੰ ਦੇਖ ਮੈਂ ਬਹੁਤ ਘਬਰਾ ਜਾਂਦਾ। ਉਹ ਮੈਨੂੰ ਜਮਦੂਤ ਲਗਦਾ।

ਇਕ ਦਿਨ ਡਾਕੀਆ ਸਾਡੇ ਘਰ ਖਤ ਲੈ ਕੇ ਆਇਆ। ਖਤ ਜਸਵੰਤ ਦਾ ਸੀ ਜੋ ਕਾਹਲ਼ੀ-ਕਾਹਲ਼ੀ ਝਰੀਟਿਆ ਹੋਇਆ ਸੀ। ਉਨ੍ਹਾਂ ਦੀ ਯੂਨਿਟ ਲੜਾਈ ਵਿਚ ਸ਼ਾਮਿਲ ਹੋਣ ਲਈ ਫਰੰਟ 'ਤੇ ਜਾ ਰਹੀ ਸੀ ਤੇ ਇਹ ਖਤ ਉਸ ਨੇ ਰਸਤੇ ਵਿਚ ਹੀ ਕਿਸੇ ਥਾਂ ਤੋਂ ਡਾਕ ਵਿਚ ਪਾਇਆ ਸੀ। ਉਹ ਬਹੁਤ ਚੜ੍ਹਦੀ ਕਲਾ ਅਤੇ ਹੌਸਲੇ ਵਿਚ ਸੀ ਤੇ ਆਪਣਾ ਲੜਾਈ ਵਿਚ ਨੰਬਰ ਲੱਗਣ ਕਰ ਕੇ ਬਹੁਤ ਖ਼ੁਸ਼ ਸੀ। ਜਿੱਥੇ ਸਾਨੂੰ ਮੌਤ ਦਿਖਾਈ ਦਿੰਦੀ ਸੀ, ਉਥੇ ਉਹ ਆਪਣੇ ਦੇਸ਼ ਲਈ ਲੜਨ ਵਿਚ ਖ਼ੁਸ਼ਕਿਸਮਤੀ ਸਮਝਦਾ ਸੀ। ਉਸ ਨੇ ਲੜਾਈ ਮਗਰੋਂ ਆਪਣੀ ਤਰੱਕੀ ਹੋਣ ਬਾਰੇ ਵੀ ਲਿਖਿਆ ਸੀ। ਉਸ ਨੇ ਬੇਬੇ ਨੂੰ ਵਿਸ਼ੇਸ਼ ਤੌਰ 'ਤੇ ਕਿਹਾ ਸੀ ਕਿ ਉਹ ਚਿੰਤਾ ਨਾ ਕਰੇ, ਦੇਸ਼ ਲਈ ਕੁਰਬਾਨੀ ਦੇਣੀ ਕਿਸੇ-ਕਿਸੇ ਦੀ ਕਿਸਮਤ ਵਿਚ ਹੁੰਦੀ ਹੈ। ਜੇ ਇਕ ਚਲਾ ਵੀ ਗਿਆ, ਤੇਰੇ ਤਿੰਨ ਪੁੱਤ ਹੋਰ ਹੈਗੇ। ਚਿੱਠੀ ਸੁਣ ਕੇ ਬੇਬੇ, ਨਾਨੀ, ਮਾਮਾ, ਮਾਮੀ, ਸਭ ਰੋਣ ਲੱਗ ਪਏ। ਫਿਰ ਸਾਰੇ ਗੁੰਮ-ਸੁੰਮ ਹੋ ਗਏ। ਮੈਂ ਡੰਗਰਾਂ ਵਾਲੇ ਕੋਠੇ ਅੰਦਰ ਜਾ ਕੇ ਬਹੁਤ ਰੋਇਆ ਤੇ ਰੋਂਦਾ-ਰੋਂਦਾ ਹੀ ਸੌਂ ਗਿਆ। ਜਦੋਂ ਜਾਗ ਖੁੱਲ੍ਹੀ ਤਾਂ ਹਨੇਰਾ ਹੋ ਗਿਆ ਸੀ। ਮੈਨੂੰ ਇਹ ਵੀ ਪਤਾ ਨਾ ਲੱਗੇ ਕਿ ਦਿਨ ਚੜ੍ਹ ਰਿਹਾ ਸੀ ਜਾਂ ਰਾਤ ਪੈ ਰਹੀ ਸੀ। ਅਗਲੇ ਦਿਨ ਪਿੰਡ ਵਿਚ ਹਰ ਜ਼ੁਬਾਨ 'ਤੇ ਬੰਤੇ (ਜਸਵੰਤ) ਦੀ ਚਰਚਾ ਸੀ ਜਿਸ ਨੇ ਫੌਜ ਵਿਚ ਜਾ ਕੇ ਬੜੀ ਗਲਤੀ ਕੀਤੀ ਸੀ।



*ਭਾਰਤ-ਚੀਨ ਜੰਗ ਵੇਲੇ ਆਸਾਮ ਵਿਚ ਸਿਖਲਾਈ ਲੈ ਰਹੇ ਭਾਰਤੀ ਫੌਜੀ।*

ਪਿੰਡ ਦੇ ਸਾਰੇ ਮੁੰਡੇ ਸ਼ਾਮ ਵੇਲੇ ਫੁਟਬਾਲ ਜਾਂ ਸਟਿੱਕ (ਹਾਕੀ) ਖੇਡਿਆ ਕਰਦੇ ਸਨ। ਉਸ ਦਿਨ ਤੋਂ ਮੈਂ ਖੇਡਣ ਜਾਣਾ ਬੰਦ ਕਰ ਦਿੱਤਾ ਤੇ ਨਿੱਤ ਹੀ ਗੁਰਦੁਆਰੇ ਜਾ ਕੇ ਪਾਠ ਕਰਨ ਲੱਗ ਪਿਆ। ਸ਼ਾਮ ਵੇਲੇ ਲਾਊਡ ਸਪੀਕਰ ਲਾ ਕੇ ਰਹਿਰਾਸ ਤੇ ਕੀਰਤਨ ਸੋਹਿਲੇ ਦੇ ਪਾਠ ਕਰਦਾ ਅਤੇ ਸਵੇਰੇ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦੇ। ਛੇਤੀ ਹੀ ਮੈਨੂੰ ਸਾਰੇ ਪਾਠ ਕੰਠ ਹੋ ਗਏ। ਸਟੀਕਾਂ ਦੀ ਮਦਦ ਨਾਲ ਮੈਂ ਕਾਫ਼ੀ ਅਰਥ ਵੀ ਸਮਝਣ ਲੱਗ ਪਿਆ। ਮੈਂ ਆਪਣੇ ਭਰਾ ਦੀ ਜ਼ਿੰਦਗੀ ਲਈ ਅਰਦਾਸਾਂ ਕਰਦਾ ਰਹਿੰਦਾ। ਹੌਲੀ-ਹੌਲੀ ਮੈਨੂੰ ਲੱਗਣ ਲੱਗ ਪਿਆ ਕਿ ਉਸ ਦਾ ਵਾਲ ਵੀ ਵਿੰਗਾ ਨਹੀਂ ਹੋਵੇਗਾ। ਇੰਦਰ ਸਿੰਘ ਪਾਠੀ ਜਿਸ ਨੂੰ ਪਿੰਡ ਵਿਚ ਫ਼ਕੀਰੀਆ ਕਹਿੰਦੇ ਸਨ, ਨੇ ਮੈਨੂੰ ਸ਼ੁਧ ਪਾਠ ਕਰਨਾ ਸਿਖਾਇਆ। ਉਹ ਮੈਨੂੰ ਚਮਕੌਰ ਦੇ ਦਮਦਮਾ ਸਾਹਿਬ ਗੁਰਦੁਆਰੇ ਲੈ ਜਾਂਦਾ ਜਿਥੇ ਅਖੰਡ ਪਾਠਾਂ ਦੀਆਂ ਲੜੀਆਂ ਵਿਚ ਮੈਂ ਰੌਲ ਲਾਉਣ ਲੱਗ ਪਿਆ ਪਰ ਇਸ ਨਵੀਂ ਲੀਹ 'ਤੇ ਚੜ੍ਹਨ ਕਰ ਕੇ ਮੈਂ ਪੜ੍ਹਾਈ ਵਿਚ ਕਾਫ਼ੀ ਪਛੜ ਗਿਆ।

ਲੜਾਈ ਮੁੱਕੀ ਤਾਂ ਅਸੀਂ ਕਈ ਦਿਨ ਤਕ ਘਬਰਾਹਟ ਅਤੇ ਪਰੇਸ਼ਾਨੀ ਵਿਚ ਜਸਵੰਤ ਦਾ ਖਤ ਉਡੀਕਦੇ ਰਹੇ। ਅਜੇ ਵੀ ਲੋਕਾਂ ਦੇ ਘਰਾਂ ਵਿਚ ਮਰਨ ਵਾਲੇ ਜਾਂ ਗੁੰਮ ਹੋਏ ਫੌਜੀਆਂ ਦੀਆਂ ਤਾਰਾਂ ਆ ਰਹੀਆਂ ਸਨ। ਨਾਨੀ ਪੰਡਤ ਜੀ ਕੋਲੋਂ ਪੁੱਛਿਆ ਪਵਾ ਕੇ ਆਈ ਤਾਂ ਪਤਾ ਲੱਗਾ ਕਿ ਜਸਵੰਤ ਨੂੰ ਚੀਨੀ ਫੌਜੀਆਂ ਨੇ ਕੈਦ ਕਰ ਲਿਆ ਸੀ। ਫਿਰ ਰੋਣ-ਧੋਣ ਸ਼ੁਰੂ ਹੋ ਗਿਆ ਪਰ ਕੁਝ ਦਿਨਾਂ ਮਗਰੋਂ ਹੀ ਇਕ ਦਿਨ ਜਦੋਂ ਮੈਂ ਸਕੂਲੋਂ ਘਰ ਪੁੱਜਾ ਤਾਂ ਮਾਮੇ ਦੀ ਟੇਲਰਿੰਗ ਦੀ ਹੱਟੀ ਵਿਚ ਡਹੇ ਮੰਜੇ 'ਤੇ ਨਵੀਂ ਦਰੀ ਅਤੇ ਚਾਦਰ ਵਿਛੀ ਹੋਈ ਸੀ। ਉਪਰ ਬੈਠਾ ਡਾਕੀਆ ਬਿਸਕੁਟਾਂ ਨਾਲ ਚਾਹ ਦੀ ਘੁੱਟਾ-ਬਾਟੀ ਕਰ ਰਿਹਾ ਸੀ ਤੇ ਮਾਮਾ ਦੇਹਲੀ ਉਤੇ ਬੈਠਾ, ਫੱਟੇ ਵਾਲੇ ਪੱਖੇ ਦੀ ਰੱਸੀ ਖਿੱਚਦਾ ਉਸ ਨੂੰ ਝੱਲ ਮਾਰ ਰਿਹਾ ਸੀ ਤੇ ਮਹਾਂਭਾਰਤ ਵਿਚੋਂ ਕੋਈ ਕਾਂਡ ਵੀ ਸੁਣਾ ਰਿਹਾ ਸੀ। ਜਦੋਂ ਮੈਨੂੰ ਜਸਵੰਤ ਦੀ ਚਿੱਠੀ ਦਾ ਪਤਾ ਲੱਗਾ ਤਾਂ ਮੈਂ ਕਿਲਕਾਰੀ ਮਾਰ ਕੇ ਆਪਣਾ ਬਸਤਾ ਖੱਲ ਵਿਚ ਵਗਾਹ ਮਾਰਿਆ ਤੇ ਚਿੱਠੀ ਪੜ੍ਹਨ ਲੱਗਾ। ਕੈਦ-ਕੂਦ ਵਾਲੀ ਕੋਈ ਗੱਲ ਨਹੀਂ ਸੀ। ਉਸ ਨੇ ਛੇਤੀ ਘਰ ਆਉਣ ਬਾਰੇ ਲਿਖਿਆ ਸੀ। ਉਸ ਨੇ ਚੀਨੀਆਂ ਦੀ ਤੁਲਨਾ ਜਗੀਰ ਹੋਣਾ ਦੇ ਗੱਠਿਆਂ (ਪਿਆਜਾਂ) ਨਾਲ ਕੀਤੀ ਸੀ ਜਿਹੜੇ ਰੁੜ੍ਹਦੇ-ਰੁੜ੍ਹਦੇ ਉਨ੍ਹਾਂ ਦੇ ਪੈਰਾਂ ਵਿਚ ਆ ਵੜਦੇ ਸਨ ਤੇ ਸੰਗੀਨ ਛਾਤੀ 'ਤੇ ਧਰ ਦਿੰਦੇ ਸਨ। ਉਸ ਨੇ ਆਪਣੇ ਕੰਪਨੀ ਕਮਾਂਡਰ ਬਿੱਛੂ ਸਾਹਿਬ ਦੀ ਵੀ ਖ਼ੂਬ ਤਾਰੀਫ ਕੀਤੀ ਸੀ ਜਿਹੜਾ ਚਾਹ ਦੇ ਮੱਘ ਵਿਚ ਬਿਸਕੁਟਾਂ ਦਾ ਪੂਰਾ ਡੱਬਾ ਘੋਲ ਕੇ ਚਮਚੇ ਨਾਲ ਤਿੰਨੋਂ ਟਾਈਮ ਖਾਂਦਾ ਸੀ ਤੇ ਲੰਗਰ ਵਿਚ ਉਹਦੇ ਲਈ ਭੇਡੂ ਦਾ ਸਾਬਤਾ ਲੈਗ-ਪੀਸ ਅਲੱਗ ਬਣਦਾ ਸੀ।

ਮੈਂ ਵਾਪਸ ਆਇਆ ਤਾਂ ਹੋਰ ਹੀ ਰੱਟਾ ਪਿਆ ਹੋਇਆ ਸੀ। ਮਾਮੀ ਗਰਮ ਪਾਣੀ ਅਤੇ ਰੇਹੀ (ਸ਼ੋਰੇ ਵਾਲੀ ਮਿੱਟੀ) ਵਿਚ ਉਹੀ ਨਵੀਂ ਦਰੀ ਅਤੇ ਚਾਦਰ ਡਬੋਈ ਬੈਠੀ ਸੀ ਜਿਸ ਉਤੇ ਡਾਕੀਆ ਬੈਠਾ ਸੀ। ਗੱਲਾਂ-ਗੱਲਾਂ ਵਿਚ ਹੀ ਮਾਮੇ ਨੇ ਡਾਕੀਏ ਨੂੰ ਪੁੱਛ ਲਿਆ ਸੀ, ਕਿ 'ਕੌਣ ਹੁੰਦੇ ਹੋ?' ਰੱਬ ਦੇ ਉਸ ਬੰਦੇ ਨੇ ਵੀ ਸੱਚ ਦੱਸ ਦਿੱਤਾ ਤਾਂ ਮਾਮਾ ਦੁਖੀ ਅਤੇ ਪਰੇਸ਼ਾਨ ਹੋ ਗਿਆ ਕਿ ਨੀਵੀਂ ਜਾਤ ਦੇ ਡਾਕੀਏ ਨੇ ਉਸ ਦਾ ਮੰਜਾ ਬਿਸਤਰਾ ਭਿੱਟ ਦਿੱਤੇ ਸਨ। ਇਹ ਭਿੱਟ ਹੁਣ ਉਹ ਕੱਪੜੇ ਧੁਆ ਕੇ ਅਤੇ ਗੰਗਾ ਜਲ ਛਿੜਕ ਕੇ ਦੂਰ ਕਰ ਰਿਹਾ ਸੀ। ਮੈਥੋਂ ਕਿਹਾ ਗਿਆ ਕਿ 'ਮਾਮਾ ਤੂੰ ਭਿੱਟੀ ਚਾਦਰ ਨੂੰ ਵੀ ਤਾਂ ਹੱਥ ਲਾਇਆ ਏ, ਫਿਰ ਤੂੰ ਵੀ ਭਿੱਟਿਆ ਗਿਆ। ਹੁਣ ਮਾਮੀ ਦੀ ਮੋਗਰੀ ਹੇਠ ਹੋ ਜਾ ਤੇ ਗੰਗਾ ਜਲ 'ਚ ਨਹਾ ਲੈ।' ਉਸ ਨੇ ਸਟਿੱਕ ਚੁੱਕੀ ਤੇ ਸਾਰਾ ਗੁੱਸਾ ਮੇਰੇ 'ਤੇ ਹੀ ਲਾਹ ਦਿੱਤਾ।

ਕੁਝ ਦਿਨਾਂ ਮਗਰੋਂ ਜਸਵੰਤ ਦੇ ਘਰ ਆਉਣ ਦੀ ਚਿੱਠੀ ਵੀ ਆ ਗਈ। ਅਸੀਂ ਘਰ ਦੇ ਜੀਅ ਅਤੇ ਦੋਸਤ-ਮਿੱਤਰ ਉਸ ਨੂੰ ਲੈਣ ਸਵੇਰੇ ਹੀ ਮੋਰਿੰਡੇ ਦੇ ਰੇਲਵੇ ਸਟੇਸ਼ਨ 'ਤੇ ਪਹੁੰਚ ਗਏ। ਗੱਡੀ ਆਈ, ਉਹ ਦੂਰੋਂ ਹੀ ਹੱਥ ਹਿਲਾਉਂਦਾ ਆ ਰਿਹਾ ਸੀ। ਉਹ ਗੱਡੀ ਤੋਂ ਉਤਰਿਆ। ਸਭ ਨੇ ਉਹ ਦੇ ਗਲ਼ੇ ਵਿਚ ਗੇਂਦੇ ਦੇ ਫੁੱਲਾਂ ਦੇ ਹਾਰ ਪਾਏ। ਉਹ ਪੂਰੀ ਵਰਦੀ ਵਿਚ ਸੀ। ਉਸ ਦੀ ਬਾਂਹ ਉਤੇ ਦੋ ਫੀਤੀਆਂ ਲੱਗੀਆਂ ਹੋਈਆਂ ਸਨ। ਉਸ ਨੇ ਟੋਪੀ ਲਾਹ ਕੇ ਬੇਬੇ, ਨਾਨੀ, ਮਾਮੇ ਅਤੇ ਮਾਮੀ ਦੇ ਪੈਰਾਂ 'ਚ ਮੱਥਾ ਟੇਕਿਆ। ਬੇਬੇ ਉਸ ਨੂੰ ਲਿਪਟ ਕੇ ਰੋਣ ਲੱਗ ਪਈ। ਮੈਨੂੰ ਉਹ ਦਿਨ ਯਾਦ ਆਏ ਜਦੋਂ ਉਹ ਭਰਤੀ ਹੋਣ ਤੋਂ ਪਹਿਲਾਂ, ਮੋਟੇ ਖੱਦਰ ਦਾ ਕਮੀਜ਼-ਪਜਾਮਾ ਪਾਈ, ਨੰਗੇ ਪੈਰੀਂ ਬਰੋਟੇ ਹੇਠ ਬੈਠਾ ਰਹਿੰਦਾ ਸੀ। ਪੜ੍ਹਾਈ ਉਹਨੇ ਛੱਡ ਦਿੱਤੀ ਸੀ। ਘਰ ਵਾਲਿਆਂ ਨੂੰ ਇਹੋ ਚਿੰਤਾ ਵੱਢ-ਵੱਢ ਖਾ ਰਹੀ ਸੀ ਕਿ ਇਸ ਮੁੰਡੇ ਦਾ ਕੀ ਬਣੇਗਾ ਜਿਹੜਾ ਨਾ ਕਿਧਰੇ ਦਿਹਾੜੀ ਜਾਣ ਲਈ ਮੰਨਦਾ ਸੀ, ਨਾ ਹੀ ਡੰਗਰ ਚਾਰਨ ਲਈ ਜਾਂ ਫਸਲਾਂ ਦਾ ਰਾਖਾ ਬਣਨ ਲਈ। ਮਗਰੋਂ ਉਹ 1998 ਵਿਚ 38 ਸਾਲ ਦੀ ਨੌਕਰੀ ਕਰ ਕੇ ਅਤੇ ਆਨਰੇਰੀ ਕੈਪਟਨ ਰਿਟਾਇਰ ਹੋ ਕੇ ਘਰ ਆਇਆ।

*(ਚਲਦਾ)*

# ਬੇਬੇ ਜੀ

*(ਸਫਾ 23 ਦੀ ਬਾਕੀ)*

ਲਾਮ ਉਤੇ ਜੰਗ ਵਿਚ ਮਾਰਿਆ ਗਿਆ ਸੀ ਜਦੋਂ, ਤਾਂ ਅਸੀਂ ਬਹੁਤ ਛੋਟੇ ਛੋਟੇ ਸਾਂ। ਸਾਨੂੰ ਕੀ ਪਤਾ ਸੀ ਮੰਗਣਿਆਂ ਵਿਆਹਾਂ ਦਾ। ਨਾ ਪੈਸਾ ਨਾ ਟਕਾ। ਸ਼ਰੀਕ ਜਿਵੇਂ ਕਰਦੇ ਹੁੰਦੇ ਨੇ, ਉਸੇ ਤਰ੍ਹਾਂ ਕੀਤਾ। ਤੇਰੀ ਬੇਬੇ ਅਰ ਤੇਰੀ ਮਾਸੀ ਦਾ ਵਿਆਹ ਬਿਨਾਂ ਪੈਸਿਆਂ ਤੋਂ ਜਿਹੋ ਜਿਹਾ ਹੋ ਸਕਦਾ ਸੀ, ਗਵਾਂਢੀਆਂ ਨੇ ਕਰ ਦਿੱਤਾ। ਹੁਣ ਤੂੰ ਸੌਂ ਜਾ। ਕਰੂੰਗਾ ਕੋਈ ਹੀਲਾ ਜੇ ਬਣਿਆ।"

ਉਹ ਹੇਠਾਂ ਚਲੇ ਗਏ। ਮਾਮੀ ਨਾਲ ਹੌਲੀ ਹੌਲੀ ਗੱਲਾਂ ਕਰਦੇ ਰਹੇ। ਫੇਰ ਪਤਾ ਨਹੀਂ ਪਿੰਡ ਵਿਚ ਕਿਥੇ ਕਿਥੇ ਗਏ। ਮੈਂ ਸੌਂ ਗਿਆ। ਉਹ ਕਦੋਂ ਸੁੱਤੇ ਪਤਾ ਨਹੀਂ। ਸਵੇਰੇ ਉਠਿਆ ਤਾਂ ਚਾਹ ਲਿਆ ਕੇ ਮਾਮੀ ਕਹਿਣ ਲੱਗੀ, "ਨਹਾ ਲੈ ਦੋਹਤੇ। ਫੇਰ ਪਰੌਂਠੇ ਤਿਆਰ ਨੇ। ਤੇਰਾ ਮਾਮਾ ਤੇਰੇ ਨਾਲ ਜਾਊਗਾ ਪਟਿਆਲੇ ਤੈਨੂੰ ਛੱਡਣ। ਮੇਰੇ ਪੇਕੇ ਪਿੰਡ ਸੰਗਤਪੁਰੇ ਦੇ ਨਾਲ ਪਿੰਡ ਫਤਿਹਗੜ੍ਹ ਹੈ। ਉਥੇ ਦਾ ਇਕ ਸਰਦਾਰ ਐ ਉਹਦਾ ਨਾਉਂ ਐ ਗੁਰਨਾਮ ਸਿੰਘ। ਉਹ ਮੇਰੇ ਭਾਈ ਦਾ ਪਗ ਵਟ ਦੋਸਤ ਹੈ। ਉਹਦੀ ਕੋਠੀ ਪਟਿਆਲੇ ਐ। ਆਪ ਤਾਂ ਰਹਿੰਦਾ ਨਹੀਂ ਉਹ ਪਟਿਆਲੇ। ਇਕ ਮੁੰਡਾ ਐ ਲਾਲੀ। ਉਹ ਪੜ੍ਹਿਆ ਲਿਖਿਆ ਬਹੁਤ ਐ। ਉਹ ਵੀ ਘੱਟ ਈ ਰਹਿੰਦੈ। ਕੋਠੀ ਖਾਲੀ ਪਈ ਹੁੰਦੀ ਐ। ਤੇਰਾ ਮਾਮਾ ਇਕ ਕਮਰਾ ਉਸ ਕੋਠੀ ਵਿਚ ਦਵਾ ਦਿਊਗਾ। ਨਾਲੇ ਤੇਰਾ ਕਿਰਾਇਆ ਬਚੂ ਨਾਲੇ ਉਹ ਬੰਦੇ ਬੜੇ ਚੰਗੇ ਨੇ।"

ਮੈਂ ਤਿਆਰ ਹੋ ਗਿਆ। ਮਾਮੀ ਨੇ ਦੋ ਪੀਪੇ ਤਿਆਰ ਕਰ ਰੱਖੇ ਸਨ। ਇਕ ਪੀਪਾ ਅੱਧਾ ਚੌਲਾਂ ਦਾ, ਅੱਧਾ ਆਟੇ ਦਾ ਭਰਿਆ ਹੋਇਆ ਸੀ। ਦੂਜੇ ਵਿਚ ਪੰਜੀਰੀ, ਘਿਉ ਦਾ ਡੱਬਾ, ਸ਼ੱਕਰ ਦਾ ਡੱਬਾ, ਆਚਾਰ ਦਾ ਡੱਬਾ, ਦਸ ਬਾਰਾਂ ਪਰੌਂਠੇ ਆਦਿ ਨਿਕਸੁਕ ਸੀ। ਇੱਕ ਕਪੜਿਆਂ ਦੀ ਗਠੜੀ ਜਿਹੀ ਸੀ। ਫੜਾਉਂਦਿਆਂ ਕਹਿਣ ਲੱਗੀ, "ਦੋ ਪੱਗਾਂ ਹਨ। ਦੋ ਕੁੜਤਿਆਂ ਪਜਾਮਿਆਂ ਦਾ ਕਪੜਾ ਹੈ। ਏਥੇ ਸਿਉਂਤੇ ਤੇਰੇ ਪਸੰਦ ਨੀ ਆਉਣੇ, ਸਿਵਾ ਪਟਿਆਲਿਉਂ ਲਈਂ। ਉਥੇ ਤਾਂ ਕਹਿੰਦੇ ਨੇ ਜਾਨ ਪਾ ਦਿੰਦੇ ਨੇ ਕੱਪੜਿਆਂ ਵਿਚ। ਅਸੀਂ ਤਾਂ ਭਾਈ ਸਾਰੀ ਉਮਰ ਬੇਜਾਨ ਕੱਪੜਿਆਂ ਨਾਲ ਕੱਢ ਦਿੱਤੀ," ਹੱਸ ਕੇ ਉਸ ਨੇ ਦਸ ਰੁਪਏ ਕਿਰਾਏ ਲਈ ਵੱਖਰੇ ਦੇ ਕੇ ਦੋ ਸੌ ਰੁਪਿਆ ਫੀਸਾਂ ਲਈ ਵੱਖ ਮੇਰੀ ਜੇਬ ਵਿਚ ਪਾ ਦਿੱਤਾ। ਫਿਰ ਮਾਮਾ ਜੀ ਨੂੰ ਕਿਹਾ, "ਟਿਕਟ ਤੂੰ ਆਪ ਖਰੀਦੀਂ। ਇਹ ਤਾਂ ਊਈਂ ਟਿਕਟ ਦਾ ਨਾਂ ਲੈ ਕੇ ਪੈਸੇ ਜੇਬ ਵਿਚ ਪਾਏ ਨੇ ਘੱਗੂ ਦੇ।" ਮੇਰਾ ਪਿੰਡ ਘੱਗਾ ਹੋਣ ਕਰਕੇ ਨਾਨਕੇ ਘੱਗੂ ਆਖਿਆ ਕਰਦੇ ਸਨ। ਪਟਿਆਲੇ ਦੀ ਕਹਾਣੀ ਸੁਣਾਵਾਂਗੇ ਕਿਸੇ ਹੋਰ ਥਾਂ। ਜਿੰਨਾ ਕੁ ਜ਼ਿਕਰ ਕਾਲਜ ਦਾਖਲ ਹੋਣ ਵੇਲੇ ਦਾ ਹੋਇਆ ਹੈ, ਉਨਾ ਕੁ ਜ਼ਰੂਰੀ ਸੀ ਕਿਉਂਕਿ ਆਪਣੇ ਪਿੰਡ ਤੋਂ ਨਾਨਕਿਆਂ ਦੇ ਰਸਤੇ ਮੈਂ ਪਟਿਆਲੇ ਦਾਖਲ ਹੋਇਆ, ਬੇਸ਼ਕ ਪਿਛੋਂ ਦੋ ਭਰਾਵਾਂ ਗੁਰਦਿਆਲ ਸਿੰਘ ਅਤੇ ਇੰਦਰ ਸਿੰਘ ਨੇ ਬੜੀ ਮਦਦ ਕੀਤੀ।

ਇਕ ਦਿਨ ਬੇਬੇ ਨੇ ਦਸਿਆ-ਥੋੜਾ ਨਾਨਾ ਭਰ ਜੁਆਨੀ ਵਿਚ ਸਾਨੂੰ ਨਿਕਿਆਂ ਨਿਕਿਆਂ ਨੂੰ ਛੱਡ ਕੇ ਤੁਰ ਗਿਆ। ਤੇਰੀ ਨਾਨੀ ਨੇ ਪਹਾੜ ਜਿਡੀ ਉਮਰ ਤਕੜੇ ਜਰਨੈਲ ਵਾਂਗ ਬਿਤਾਈ। ਘੋੜੀ 'ਤੇ ਸਵਾਰ ਹੋ ਆਪੇ ਮੱਝਾਂ ਚਾਰ ਲਿਆਇਆ ਕਰਦੀ ਸੀ। ਘਿਉ ਦੇ ਤੌਲੇ ਕਦੇ ਖਾਲੀ ਨਹੀਂ ਹੋਏ ਸਨ। ਇਕ ਦਿਨ ਸਵੇਰੇ ਨੇਰ੍ਹੇ ਨੇਰ੍ਹੇ ਬਾਹਰਲੇ ਘਰ ਪਸ਼ੂਆਂ ਨੂੰ ਕੱਖ ਪਾਉਣ ਗਈ। ਮੇਰਾ ਚਾਚਾ ਵੀ ਉਥੇ ਆਪਣੀਆਂ ਮੱਝਾਂ ਦਾ ਦੁੱਧ ਚੋਣ ਗਿਆ ਹੋਇਆ ਸੀ। ਉਸ ਨੇ ਤੇਰੀ ਨਾਨੀ ਦੇ ਨੇੜੇ ਆ ਕੇ ਉਸ ਦੀ ਬਾਂਹ ਫੜ ਲਈ। ਤੇਰੀ ਨਾਨੀ ਨੇ ਕਿਹਾ, "ਇਕੱਲੀ ਰਹਿ ਗਈ ਹਾਂ। ਬੜਾ ਡਰ ਲਗਦਾ ਹੈ। ਮੇਰੀ ਇੱਛਾ ਹੈ ਤੂੰ ਮੇਰੀ ਬਾਂਹ ਫੜੇਂ। ਇਥੇ ਹਨੇਰੇ ਵਿਚ ਨਹੀਂ। ਦਿਨ ਵਿਚ। ਚਾਨਣ ਵਿਚ। ਕਹੇਂ ਤਾਂ ਭਾਈਚਾਰੇ ਦਾ ਇਕੱਠ ਬੁਲਾਵਾਂ? ਫੜੇਂਗਾ ਬਾਂਹ?" ਚਾਚਾ ਚਲਾ ਗਿਆ।

ਮਹੀਨੇ ਵਿਚ ਇਕ ਵਾਰ ਨਾਨਕੇ ਜਾਂਦਾ ਦੂਜੀ ਵਾਰ ਦਾਦਕੇ। ਪਿੰਡੋਂ ਜਦੋਂ ਮੈਂ ਪਟਿਆਲੇ ਨੂੰ ਤੁਰਦਾ ਤਾਂ ਮਾਂ ਦੀਆਂ ਅੱਖਾਂ ਛਲਕਦੀਆਂ। ਮੈਂ ਖ਼ੂਬ ਹਸਦਾ ਤੇ ਪੁਛਦਾ, "ਕੋਈ ਸਰਹੱਦ ਉਪਰ ਜੰਗ ਲੜਨ ਚੱਲਿਆ ਹਾਂ ਜੋ ਰੋਣ ਧੋਣ ਸ਼ੁਰੂ ਹੋ ਗਿਆ?" ਮਾਂ ਅੱਖਾਂ ਪੂੰਝ ਕੇ ਆਖਦੀ, "ਕੱਟਰੂ ਵੱਛਰੂ ਸਰਹੱਦਾਂ ਉਪਰ ਦੁਸ਼ਮਣ ਨਾਲ ਲੜਨ ਨੀ ਜਾਂਦੇ। ਤੂੰ ਦੇਖਿਆ ਨਹੀਂ ਅੱਖਾਂ ਤੋਂ ਦੂਰ ਹੋਣ ਲੱਗਣ ਤਾਂ ਗਾਂਵਾਂ-ਮੱਝਾਂ ਰੰਭਣ, ਰਿੰਗਣ ਲਗਦੀਆਂ ਹਨ, ਰੱਸੇ ਤੁੜਾਉਂਦੀਆਂ ਹਨ। ਪਸ਼ੂ ਪੰਛੀ ਤੱਕ, ਸਭ ਮਾਂਵਾਂ ਇਹ ਜਾਣਦੀਆਂ ਹਨ ਕਿ ਜਿਥੇ ਤੱਕ ਬੱਚੇ ਨਜ਼ਰ ਵਿਚ ਹਨ, ਸਭ ਠੀਕ ਹੈ। ਅੱਖੋਂ ਪਰੋਖੇ ਦੁਸ਼ਮਣ ਦੀ ਸਰਹੱਦ ਹੁੰਦੀ ਹੈ, ਕੀ ਪਤਾ ਕਦ ਕੀ ਵਾਪਰ ਜਾਏ? ਤੈਨੂੰ ਇਨ੍ਹਾਂ ਗੱਲਾਂ ਦੀ ਅਜੇ ਸਮਝ ਨਹੀਂ। ਹੋ ਸਕਦਾ ਹੈ ਕਦੇ ਵੀ ਨਾ ਸਮਝ ਸਕੇਂ ਕਿਉਂਕਿ ਤੇਰੀ ਕਿਸਮਤ ਵਿਚ ਮਾਂ ਹੋਣਾ ਨਹੀਂ ਲਿਖਿਆ ਹੋਇਆ।" ਫਿਰ ਉਹ ਅਸੀਸਾਂ ਦੇ ਕੇ ਤੋਰਦੀ।

ਹਜ਼ਰਤ ਮੁਹੰਮਦ ਸਾਹਿਬ ਨੇ ਮਰਦਾਂ ਨੂੰ ਇਹ ਹੁਕਮ ਦਿਤਾ ਸੀ "ਔਰਤਾਂ ਦੀ ਇੱਜ਼ਤ ਕਰੋ, ਕਿਉਂਕਿ ਤੁਹਾਡੇ ਬੱਚਿਆਂ ਦਾ ਸੁਰਗ ਉਨ੍ਹਾਂ ਦੀਆਂ ਮਾਂਵਾਂ ਦੇ ਕਦਮਾਂ ਹੇਠ ਛੁਪਿਆ ਹੋਇਆ ਹੈ।"

*(ਚਲਦਾ)*

## ਕਾਵਿ-ਜਗਤ

### ਇਕ ਫਲਸਤੀਨੀ ਦਾ ਭਵਿੱਖ

ਉਸਨੇ ਘਰ ਵਿਚ ਇਕ
ਫਲਦਾਰ ਪੇੜ ਲਗਾਇਆ
ਫਲਾਂ ਦੀ ਆਸ ਵਿਚ
ਪਾਲਦਾ ਰਿਹਾ ਉਸਨੂੰ ਬੱਚਿਆਂ ਵਾਂਗ
ਤਿਲ ਤਿਲ ਵਧਦਾ ਵੇਖ ਕੇ
ਉਸਦੀਆਂ ਅੱਖਾਂ ਵਿਚ
ਤਾਰੇ ਉਤਰ ਆਉਂਦੇ।

ਦਰਖ਼ਤ ਦੇ ਬਚਪਨ ਵਿਚ
ਗਿਣਦਾ ਰਿਹਾ ਉਸਦੇ ਪੱਤੇ
ਪਲੋਸਦਾ ਰਿਹਾ ਸ਼ਾਖਾਂ
ਜਿਵੇਂ ਕੋਈ ਬੱਚੇ ਨੂੰ ਦਿੰਦਾ ਹੈ ਲੋਰੀਆਂ।

ਕਈ ਵਾਰੀ ਉਹ
ਉਸਦੀ ਛਾਂ ਮਿਣਦਾ
ਤੇ ਸੋਚ ਨਿਆਣੀ ਅਜੇ ਬੈਠਣ ਯੋਗ ਨਹੀਂ
ਉਹ ਉਸਦੀ ਵਧਦੀ ਛਾਂ ਉਡੀਕਦਾ
ਜਿਵੇਂ ਕੋਈ ਪਾਉਂਦਾ ਹੈ ਔਂਸੀਆਂ
ਕਿਸੇ ਦੀ ਉਡੀਕ ਵਿਚ।
ਹੌਲੀ ਹੌਲੀ ਰੁੱਖ ਗੱਭਰੂ ਹੋ ਗਿਆ।
ਪਰ ਉਸਨੂੰ ਕੀ ਪਤਾ ਸੀ
ਕਿ ਨਾ ਉਸਨੂੰ ਛਾਂ ਨਸੀਬ ਹੋਵੇਗੀ
ਨਾ ਫਲ
ਇਸਨੂੰ ਇਜ਼ਰਾਇਲੀ ਸਿਪਾਹੀ
ਮਾਰ ਕੇ ਟੰਗ ਦੇਣਗੇ
ਇਸਦੀ ਕਿਸੇ ਇਕ ਸ਼ਾਖ 'ਤੇ।

*-ਡਾ. ਜਗਤਾਰ*

---

### ਕਲਮਾਂ ਦੀਆਂ ਕਿਸਮਾਂ

ਸਦਾ ਸਲਾਮਤ ਰਹਿਣ ਉਹ ਕਲਮਾਂ
ਸਦਾ ਸੱਚਾਈ ਕਹਿਣ ਉਹ ਕਲਮਾਂ।
ਹੱਕ ਨਿਆਂ ਭੁਗਤਾਉਣ ਜੋ ਕਲਮਾਂ
ਹਕੀਕਤ ਨੂੰ ਜਗਾਉਣ ਜੋ ਕਲਮਾਂ।
ਅੱਤਿਆਚਾਰ ਹਰਾਉਣ ਜੋ ਕਲਮਾਂ
ਵਾਅਦੇ, ਕਸਮ ਪੁਗਾਉਣ ਜੋ ਕਲਮਾਂ।

ਗਰਕਣ ਵਿਕਣ ਵਿਕਾਉਣ ਜੋ ਕਲਮਾਂ,
ਘਟੀਆ ਹੁਕਮ ਵਜਾਉਣ ਜੋ ਕਲਮਾਂ।
ਜ਼ੁਲਮ ਨੂੰ ਸਿਰ ਝੁਕਾਉਣ ਜੋ ਕਲਮਾਂ,
ਤੋਹਫੇ ਰਿਸ਼ਵਤ ਚਾਹੁਣ ਜੋ ਕਲਮਾਂ,
ਬਦਨਾਮੀ ਕਰਨ ਕਰਾਉਣ ਜੋ ਕਲਮਾਂ।

ਚਾਪਲੂਸ ਸੌਂ ਜਾਣ ਜੋ ਕਲਮਾਂ,
ਚਿਮਚੀਂ ਮੱਖਣ ਲਾਉਣ ਜੋ ਕਲਮਾਂ।
ਸੱਚ 'ਤੇ ਪਰਦਾ ਪਾਉਣ ਜੋ ਕਲਮਾਂ,
ਰੋ ਕੇ ਡੰਗ ਟਪਾਉਣ ਜੋ ਕਲਮਾਂ।
ਅਸਲੀ ਸੱਚ ਛੁਪਾਉਣ ਜੋ ਕਲਮਾਂ,
ਨਕਲੀ ਪਿਆਰ ਜਤਾਉਣ ਜੋ ਕਲਮਾਂ,
'ਗਿੱਲ' ਕਈ ਚੰਦ ਚੜ੍ਹਾਉਣ ਉਹ ਕਲਮਾਂ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

ਪਾਕਿਸਤਾਨੀ ਕਹਾਣੀ

# ਸੱਤ ਖਸਮੀ

***ਲਹਿੰਦੇ ਪੰਜਾਬ ਵਿਚ ਵੱਸਦੀ ਨਾਮਾਨਿਗਾਰ ਅਫਜ਼ਲ ਤੌਸੀਫ ਦੀ ਕਹਾਣੀ 'ਸੱਤ ਖਸਮੀ' ਨੇਜ਼ੇ ਉਤੇ ਟੰਗੀ ਔਰਤ ਦਾ ਦਰਦ ਬਿਆਨ ਕਰਦੀ ਹੈ। ਆਪਣੀਆਂ ਹੋਰ ਰਚਨਾਵਾਂ ਵਾਂਗ ਅਫਜ਼ਲ ਨੇ ਇਸ ਕਹਾਣੀ ਦੀ ਮੁੱਖ ਪਾਤਰ ਦੇ ਦਿਲ ਵਿਚ ਉਠਦੇ ਵਲਵਲਿਆਂ ਨੂੰ ਆਪਣੇ ਸ਼ਬਦਾਂ ਰਾਹੀਂ ਜ਼ੁਬਾਨ ਦਿੱਤੀ ਹੈ। ਔਰਤ ਅਸਲ ਵਿਚ ਉਹ ਗੁੰਗੀ ਤਵਾਰੀਖ ਹੈ ਜਿਸ ਦੇ ਹਉਕੇ ਅਜੇ ਤੱਕ ਹਾਕ ਨਹੀਂ ਬਣ ਸਕੇ। ਲੇਖਕਾ ਨੇ ਕਹਾਣੀ ਦਾ ਅੰਤ ਹਉਕੇ ਤੋਂ ਹਾਕ ਤੱਕ ਦੇ ਸਫਰ ਨਾਲ ਕਰਨ ਦਾ ਯਤਨ ਕੀਤਾ ਹੈ ਪਰ ਕਈ ਵਾਰ ਜਾਪਦਾ ਇਹ ਹੈ ਕਿ ਇਸ ਕੁਲ ਆਲਮ ਵਿਚ ਔਰਤ ਦਾ ਦਰਦ ਵੰਡਾਉਣ ਵਾਲਾ ਸ਼ਾਇਦ ਕੋਈ ਨਹੀਂ! ਅਫਜ਼ਲ ਤੌਸੀਫ ਨੇ ਇਸ ਕਹਾਣੀ ਰਾਹੀਂ ਔਰਤ-ਮਨ ਦੀ ਹੂਕ ਸੁਣੀ ਅਤੇ ਸੁਣਾਈ ਹੈ। -ਸੰਪਾਦਕ***



**ਅਫਜ਼ਲ ਤੌਸੀਫ**

ਉਹਦੀ ਮਾਂ ਬਹੁਤ ਬੁਰੀ ਜਨਾਨੀ ਨਹੀਂ ਸੀ ਪਰ ਕਦੀ-ਕਦੀ ਗੱਲਾਂ ਤਾਂ ਬੁਰੀਆਂ ਈ ਕਰਦੀ ਸੀ। ਇਕ ਬੁਰੀ ਗੱਲ ਤਾਂ ਇਹ ਸੀ, ਪਈ ਉਹ ਹਰ ਵੇਲੇ ਧੀ ਦਾ ਕੱਦ ਨਾਪਦੀ ਰਹਿੰਦੀ। ਦੂਜੀ ਉਹਨੂੰ ਸਲੂਣਾ ਪਾ ਕੇ ਦੇਣ ਲਈ ਸਭ ਤੋਂ ਨਿੱਕੀ ਕਟੋਰੀ ਕੱਢ ਕੇ ਲਿਆਉਂਦੀ; ਬਾਪ ਤੇ ਭਰਾਵਾਂ ਲਈ ਖੁੱਲ੍ਹੇ ਭਾਂਡੇ ਹੁੰਦੇ। ਸਾਰੀ ਹਾਂਡੀ ਲੱਦ ਦੇ ਉਨ੍ਹਾਂ ਅੱਗੇ ਰੱਖੀ ਜਾਂਦੀ। ਇੰਝ ਭਾਵੇਂ ਮਾਂ ਆਪਣੇ ਲਈ ਓਨਾ ਕੁ ਸਲੂਣਾ ਵੀ ਨਹੀਂ ਸੀ ਬਚਾਉਂਦੀ ਜਿੰਨਾ ਉਹਨੂੰ ਦਿੰਦੀ ਸੀ ਪਰ ਉਹਨੂੰ ਤਾਂ ਬੁਰਾ ਲਗਦਾ ਸੀ। ਕਿੱਦਾਂ ਲੱਗਦਾ ਸੀ ਭਲਾ? ਉਹ ਇਸ ਉਮਰੇ ਯਾਦ ਨਹੀਂ ਕਰ ਸਕਦੀ। ਗੱਲਾਂ ਉਹਨੂੰ ਸਾਰੀਆਂ ਯਾਦ ਨੇ। ਆਂਡਿਆਂ ਵਾਲੀ ਗੱਲ ਵੀ... ਇਕ ਦਿਨ ਬੜੀ ਠੰਢ ਸੀ। ਘਰ ਵਿਚ ਪੰਜ ਆਂਡੇ ਵੀ ਹੈ ਸਨ ਪਰ ਮਾਂ ਨੇ ਚਾਰ ਈ ਉਬਾਲੇ। ਪਿਉ ਤੇ ਭਰਾਵਾਂ ਨੂੰ ਤਾਂ ਸਾਬਤਾ-ਸਾਬਤਾ ਆਂਡਾ ਦਿੱਤਾ ਪਰ ਉਹਨੂੰ ਆਪਣੇ ਆਂਡੇ ਵਿਚੋਂ ਅੱਧਾ। ਇਸੇ ਤਰ੍ਹਾਂ ਮੁਰੱਬੇ ਵਾਲੀ ਗੱਲ ਸੀ। ਭਰਿਆ ਮਰਤਬਾਨ ਮੰਜੇ ਥੱਲੇ ਪਿਆ ਸੀ। ਪਿਆਲਾ ਭਰ ਕੇ ਉਹਦੀ ਮਾਂ ਮੁਰੱਬਾ ਕੱਢਦੀ ਤਾਂ ਉਹਦੇ ਹਿੱਸੇ ਚੱਟਣ ਜੋਗਾ ਸ਼ੀਰਾ ਈ ਆਉਂਦਾ। ਉਹਨੇ ਵੀ ਬਦਲੇ ਦੀ ਚੰਗੀ ਤਰਕੀਬ ਲੱਭ ਲਈ। ਹਰ ਰੋਜ਼ ਝਾੜੂ ਦੇਣ ਲਈ ਮੰਜੇ ਹੇਠ ਵੜ ਦੇ ਕੋ ਚਾਰ ਫਾੜੀਆਂ ਕੱਢ ਕੇ ਖਾ ਜਾਂਦੀ। ਇਕ ਦਿਨ ਜਦੋਂ ਮਾਂ ਨੂੰ ਪਤਾ ਲੱਗਾ, ਬਹੁਤ ਸਾਰਾ ਮੁਰੱਬਾ ਖਾਧਾ ਜਾ ਚੁੱਕਾ ਏ, ਤਾਂ ਉਹਨੇ ਚੰਗੀ ਸੁਥਰੀ ਕੀਤੀ।

"ਚਲ ਹਊ ਬਾਲੜੀ ਏ, ਖਾ ਲਿਆ ਤਾਂ ਕੀ ਹੋਇਆ", ਬਾਪ ਨੇ ਗੱਲ ਟਾਲ ਦਿੱਤੀ ਪਰ ਮਾਂ ਕਿਵੇਂ ਟਲਣ ਦਿੰਦੀ, "ਜੇ ਇਸੇ ਤਰ੍ਹਾਂ ਖਾਂਦੀ-ਪੀਂਦੀ ਰਹੀ ਤਾਂ ਕੱਲ੍ਹ ਨੂੰ ਕੋਠੇ ਜਿੱਡੀ ਹੋ ਖਲੋਣੀ ਏ।" ਅੱਠਾਂ-ਨੌਂਵਾਂ ਸਾਲਾਂ ਦੀ ਕੁੜੀ ਨੂੰ ਇਸ ਗੱਲ ਦੀ ਬਹੁਤੀ ਸਮਝ ਤਾਂ ਕਿਥੋਂ ਆਉਂਦੀ, ਫਿਰ ਵੀ ਉਹ ਸੋਚਦੀ ਰਹੀ, ਉਹ ਕਿਸੇ ਕੋਲੋਂ ਪੁਛਣਾ ਚਾਹੁੰਦੀ ਸੀ- "ਜੇ ਮੈਂ ਕੋਠੇ ਜਿੱਡੀ ਹੋ ਵੀ ਜਾਵਾਂ ਤਾਂ ਮਾਂ ਨੂੰ ਕਾਹਦਾ ਡਰ?" ਫਿਰ ਇਕ ਦਿਨ ਤਾਂ ਬਹੁਤ ਹੀ ਪੁੱਛਣ ਵਾਲੀ ਗੱਲ ਮਾਂ ਨੇ ਕਰ ਛੱਡੀ। ਉਸ ਦਿਨ ਮਾਂ ਨੂੰ ਗੁੱਸਾ ਚੜ੍ਹਾਉਣ ਵਾਲੀਆਂ ਦੋ ਗੱਲਾਂ ਅੱਗੜ-ਪਿਛੜ ਹੋ ਗਈਆਂ। ਘਰ ਵਿਚ ਚਾਹ ਦਾ ਇਕੋ-ਇਕ ਸੈੱਟ ਸੀ ਜੋ ਪ੍ਰਾਹੁਣਿਆਂ ਲਈ ਕੱਢਿਆ ਜਾਂਦਾ। ਘਰ ਦਿਆਂ ਲਈ ਤਾਂ ਕੋਝੇ ਜਿਹੇ ਚਾਰ ਮੱਘੇ ਈ ਸਨ ਜਿਨ੍ਹਾਂ ਵਿਚ ਚਾਹ ਪੀਤੀ ਜਾਂਦੀ। ਇਥੇ ਵੀ ਉਹਦਾ ਖਿਆਲ ਏ, ਘਰੋਂ ਪੰਜਾਂ ਜੀਆਂ ਲਈ ਚਾਰ ਮੱਘੇ ਹੋਣ ਦਾ ਮਤਲਬ ਏ, ਉਹਦੇ ਹਿੱਸੇ ਦਾ ਮੱਘਾ ਕੋਈ ਨਹੀਂ ਸੀ। ਉਹਨੂੰ ਕਿਸੇ ਦੇ ਜੂਠੇ ਮੱਘੇ ਵਿਚ ਚਾਹ ਮਿਲਦੀ ਸੀ। ਇੰਝ ਚਾਹ ਦੇ ਭਾਂਡੇ ਧੋਣਾ ਉਸੇ ਦੇ ਜ਼ਿੰਮੇ ਲਗਾ ਹੋਇਆ ਸੀ। ਉਸ ਦਿਨ ਕੋਈ ਮਹਿਮਾਨ ਆਏ ਤਾਂ ਬੜਾ ਸਾਂਭ ਕੇ ਰੱਖਿਆ ਹੋਇਆ ਸੈੱਟ ਕੱਢ ਕੇ ਉਨ੍ਹਾਂ ਨੂੰ ਚਾਹ ਭੇਜੀ ਗਈ। ਹਮੇਸ਼ਾਂ ਵਾਂਗ ਪਿਆਲੀਆਂ ਧੋਣ ਬੈਠੀ ਤਾਂ ਖਬਰੇ ਕਿਵੇਂ ਪਿਆਲੀ ਹੱਥੋਂ ਤਿਲਕ ਗਈ ਤਾਂ ਉਹਨੂੰ ਇੰਝ ਲੱਗਾ ਜਿਵੇਂ ਉਹਦਾ ਦਿਲ ਵੀ ਤਿਲਕ ਗਿਆ ਹੋਵੇ। ਆਪਣੇ-ਆਪ ਵਿਚ ਇਹ ਬਥੇਰੀ ਵੱਡੀ ਸਜ਼ਾ ਸੀ ਪਰ ਮਾਂ ਨੂੰ ਏਡੀ ਸਮਝ ਕਿਥੇ! ਉਹਨੇ ਆਪ ਝਿੜਕਾਂ ਦੇਣ ਤੋਂ ਅੱਡ ਬਾਪ ਕੋਲ ਸ਼ਿਕਾਇਤ ਵੀ ਲਾਈ- "ਕੁੜੀ ਦਾ ਧਿਆਨ ਕੰਮ ਵਿਚ ਨਹੀਂ। ਅੱਜ ਪਿਆਲਾ ਭੰਨਿਆ ਏ, ਕੱਲ੍ਹ ਨੂੰ ਕੁਝ ਹੋਰ...।"

ਅੱਜ ਚਾਲੀ-ਪੰਤਾਲੀ ਵਰ੍ਹੇ ਦੀ ਉਮਰ ਵਿਚ ਵੀ ਉਹ ਜਾਣਨਾ ਚਾਹੁੰਦੀ ਏ, ਉਹ ਕਿਹੜੀ ਸ਼ੈਅ ਸੀ ਜਿਹਨੂੰ ਭੱਜੀ ਪਿਆਲੀ ਪਿਛੋਂ ਉਹ ਭੰਨ ਸਕਦੀ ਸੀ। ਮਾਂ ਨੂੰ ਕਾਹਦਾ ਅੰਦੇਸ਼ਾ ਸੀ? ਉਸ ਦਿਨ ਹੋਣ ਵਾਲੀ ਦੂਜੀ ਗੱਲ ਵਿਚ ਮਾਂ ਨੇ ਖਬਰੇ ਉਹੋ ਗੱਲ ਆਖੀ ਸੀ। ਉਹ ਦੂਜੀ ਗੱਲ ਉਸ ਵੇਲੇ ਹੋਈ ਜਦੋਂ ਮਾਂ ਨੇ ਆਪਣਾ ਭਾਰਾ ਜਿਹਾ ਟਰੰਕ ਇਕ ਥਾਂ ਤੋਂ ਦੂਜੀ ਥਾਂ ਰੱਖਣਾ ਸੀ। ਮਾਂ ਬਥੇਰੀ ਵਿਆਕੁਲ ਸੀ। ਉਹਨੂੰ ਆਪਣੀ ਧੀ ਦੇ ਦਿਲ ਦੀ ਨਰਮੀ ਦਾ ਪਤਾ ਨਹੀਂ ਸੀ ਪਰ ਉਹਦੇ ਨਿੱਕੇ-ਨਿੱਕੇ ਹੱਥਾਂ ਦੀ ਕਮਜ਼ੋਰੀ ਦਾ ਵੀ ਪਤਾ ਨਹੀਂ ਸੀ। ਇਕ ਗੱਲੋਂ ਤਾਂ ਚੰਗਾ ਹੋਇਆ। ਟਰੰਕ ਛੁੱਟ ਕੇ ਡਿੱਗ ਪਿਆ। ਨਹੀਂ ਤਾਂ ਉਹਦੀਆਂ ਉਂਗਲਾਂ ਟੁੱਟ ਜਾਣੀਆਂ ਸਨ ਪਰ ਸਵਾਹ ਚੰਗਾ ਹੋਇਆ, ਟਰੰਕ ਛੁੱਟ ਕੇ ਮਾਂ ਦੇ ਪੈਰ 'ਤੇ ਲੱਗ ਗਿਆ। ਹਮੇਸ਼ਾਂ ਵਾਂਗ ਡਰ ਨਾਲ ਉਹਦਾ ਦਿਲ ਕੰਬ ਗਿਆ ਪਰ ਮਾਂ ਦੇ ਦਿਲ ਵਿਚੋਂ ਤਾਂ ਜਿਵੇਂ ਫਨੀਅਰ ਨਾਗ ਨਿਕਲ ਪਿਆ- "ਸੱਤ ਖਸਮੀ ਨਾ ਹੋਵੇ ਤਾਂ...।"

ਉਸ ਵੇਲੇ ਉਹਨੂੰ ਇਸ ਗੱਲ ਦੀ ਸਮਝ ਬਿਲਕੁਲ ਨਹੀਂ ਸੀ ਆਈ। ਫਿਰ ਵੀ ਉਹਨੂੰ ਪਤਾ ਜ਼ਰੂਰ ਸੀ ਪਈ ਕੋਈ ਬਹੁਤੀ ਭੈੜੀ ਗੱਲ ਮਾਂ ਦੇ ਮੂੰਹੋਂ ਨਿਕਲੀ ਏ। ਉਸ ਦਿਨ ਉਹਦੇ ਦਿਲ ਨੇ ਮਾਂ ਕੋਲੋਂ ਨਫਰਤ ਦਾ ਪਹਿਲਾ ਤਜਰਬਾ ਵੀ ਕੀਤਾ। ਇਹ ਤਜਰਬਾ ਹੋਰ ਤਰ੍ਹਾਂ ਦਾ ਸੀ। ਇੰਝ ਤਾਂ ਆਂਡੇ ਵਾਲੀ ਗੱਲ ਵੀ ਬੁਰੀ ਸੀ, ਛੋਲਿਆਂ ਵਾਲੀ ਵੀ ਕਦੋਂ ਚੰਗੀ ਸੀ! ਚੌਲਾਂ ਵਿਚ ਪਾਵਣ ਲਈ ਖਬਰੇ ਕਾਹਦੇ ਲਈ ਉਬਾਲ ਕੇ ਰੱਖੇ ਹੋਏ ਛੋਲਿਆਂ ਵਿਚੋਂ ਉਹਨੇ ਅੱਧੇ ਕੁ ਛਕ ਲਏ ਸਨ। ਭੁੱਖ ਬੜੀ ਲੱਗੀ ਹੋਈ ਸੀ। ਨਾਲੇ ਲੂਣ ਲਾ ਕੇ ਛੋਲੇ ਸਵਾਦੀ ਵੀ ਬੜੇ ਲੱਗੇ। ਇਹ ਗੱਲ ਸੁਣ ਕੇ ਅੱਬਾ ਜੀ ਤਾਂ ਹੱਸ ਪਏ ਸਨ ਪਰ ਮਾਂ ਨੇ ਚੰਗਾ ਕਲੇਸ਼ ਕੀਤਾ।

ਅੱਜ ਉਹਨੂੰ ਸਾਰੀਆਂ ਗੱਲਾਂ ਹਾਸੇ ਵਾਲੀਆਂ ਲਗਦੀਆਂ ਪਰ ਉਹ ਸੱਤ ਖਸਮੀ ਉਹਦੇ ਜੀਵਨ ਦਾ ਕਿੱਡਾ ਕੌੜਾ ਸੱਚ ਬਣ ਚੁੱਕਾ ਏ। ਮਾਂ ਮੋਈ ਨੂੰ ਬੜੇ ਦਿਨ ਹੋ ਗਏ। ਉਹਦੀ ਉਮਰ ਵੀਹ-ਬਾਈ ਵਰ੍ਹੇ ਹੋ ਚੁੱਕੀ ਸੀ। ਮੰਗਣੀ ਨਾ ਵਿਆਹ ਪਰ ਮਾਂ ਦੇ ਮਰਨ ਪਿਛੋਂ ਖਬਰੇ ਕੀ ਹੋਇਆ, ਉਹਨੇ ਆਪੇ ਕਿਸੇ ਨਾਲ ਵਿਆਹ ਕਰ ਲਿਆ। ਬੜਾ ਈ ਨਿਕੰਮਾ ਬੰਦਾ ਸੀ। ਅੱਜ ਉਹ ਯਾਦ ਕਰਦੀ ਏ ਤਾਂ ਕੋਤਰ ਸੌ ਬਿਮਾਰੀਆਂ ਲਗੀਆਂ ਹੋਈਆਂ ਸਨ ਉਹਨੂੰ। "ਫਿਰ ਵੀ ਉਹ ਚੰਗਾ ਸੀ" ਕਿਉਂ ਜੋ ਉਹਦੇ ਨਾਲ ਜੁੜੀ ਹੋਈ ਕੋਈ ਹੋਰ ਜਨਾਨੀ ਨਹੀਂ ਸੀ। ਉਹਨੂੰ ਪਤਾ ਵੀ ਕੱਖ ਨਹੀਂ ਸੀ ਲਗਦਾ, ਉਹ ਕਿੰਝ ਕਰਦੀ ਏ, ਕੀ ਕਰਦੀ ਏ ਪਰ ਉਹਨੇ ਆਪੇ ਵਫਾਦਾਰੀ ਪਾਲ ਲਈ ਹੋਈ ਸੀ। ਕਈ ਸਾਲ ਕੋਸ਼ਿਸ਼ ਕੀਤੀ ਕਿ ਉਹ ਠੀਕ ਹੋ ਜਾਵੇ। ਆਪਣੇ ਪੈਸੇ ਨਾਲ ਡਾਕਟਰਾਂ, ਹਕੀਮਾਂ ਕੋਲ ਵੀ ਲੈ ਕੇ ਜਾਂਦੀ ਰਹੀ। ਕਿਸੇ ਹੱਦ ਤਾਈਂ ਉਹ ਠੀਕ ਹੋ ਵੀ ਗਿਆ ਪਰ ਇਕ ਪਾਸਿਉਂ ਠੀਕ ਹੋ ਕੇ ਦੂਜੇ ਪਾਸਿਉਂ ਖਰਾਬ ਹੋ ਗਿਆ। ਉਹ ਜ਼ਹਿਨੀ ਤੌਰ 'ਤੇ ਬਿਮਾਰ ਹੋ ਚੁੱਕਾ ਸੀ। ਉਹਨੇ ਇਕ ਪੀਰ ਵੀ ਦੜ ਲਿਆ। ਉਹ ਪੀਰ ਮੁੰਡੇ-ਪਾਲ ਸੀ। ਆਪਣੇ ਮੁਰੀਦਾਂ ਦੀਆਂ ਕਮਜ਼ੋਰੀਆਂ ਭਾਲ ਲੈਂਦਾ। ਅਕੀਦਾ ਪੱਕਾ ਹੁੰਦੇ ਸਾਰ ਉਹ ਆਪਣਾ ਕੰਮ ਸ਼ੁਰੂ ਕਰਦਾ। ਪਤਾ ਨਹੀਂ ਉਸ ਪੀਰ ਨੂੰ ਜਨਾਨੀਆਂ ਨਾਲ ਕੀ ਵੈਰ ਸੀ! ਇਸ ਜ਼ਾਤ ਤੋਂ ਈ ਨਫਰਤ ਕਰਦਾ ਸੀ। ਆਪਣੇ ਹਰ ਮੁਰੀਦ ਨੂੰ ਜਨਾਨੀ ਦੇ ਖਿਲਾਫ ਕਰਨ ਲਈ ਉਹ ਦੋ ਤਰੀਕੇ ਅਖਤਿਆਰ ਕਰਦਾ। ਇਕ ਤਾਂ ਆਮ ਗੱਲ ਕਰਦਾ। ਜਨਾਨਾ ਜ਼ਾਤ ਬਾਰੇ, ਉਹਦੇ ਛਲ-ਕਪਟ ਤੇ ਭੈੜ ਵਾਲੀ ਫਿਤਰਤ ਬਾਰੇ ਉਹਨੇ ਬਥੇਰਾ ਕੁਝ ਆਪੇ ਘੜ ਕੇ ਰਖਿਆ ਹੋਇਆ ਸੀ। ਬੈਠੇ-ਬੈਠੇ ਕਹਾਣੀਆਂ ਕਿੱਸੇ ਬਣਾ ਲੈਂਦਾ। ਜੰਮ ਕੇ ਸੁਣਾਉਂਦਾ। ਦੂਜੇ ਉਹ ਕਿਸੇ ਵੀ ਜਨਾਨੀ ਦੀ ਜ਼ਾਤ ਵਾਸਤੇ ਅਜ਼ਲ ਵਸੋਵੇ ਵਾਲੀਆਂ ਗੱਲਾਂ ਫੁਲਝੜੀਆਂ ਬਣਾ ਕੇ ਛੱਡੀ ਜਾਂਦਾ; ਉਸ ਵੇਲੇ ਤਾਈਂ ਜਦੋਂ ਤਾਈਂ ਦੋਹਾਂ ਵਿਚਕਾਰ ਜ਼ਹਿਰ ਦੀ ਖਾਲ ਪੈਦਾ ਹੋ ਜਾਵੇ। ਜ਼ਹਿਰ ਦੀ ਖਾਲ ਬਥੇਰਿਆਂ ਵਿਚਕਾਰ ਪੈਦਾ ਹੋ ਚੁੱਕੀ ਸੀ।

ਉਸ ਪੀਰ ਦੀ ਸੁਹਬਤ ਨਾਲ, ਜਾਂ ਖਬਰੇ ਉਹ ਆਪ ਈ ਮਾੜੇ ਮਾਦੇ ਦਾ ਬਣਿਆ ਹੋਇਆ ਸੀ, ਉਹ ਜ਼ਹਿਨੀ ਤੌਰ 'ਤੇ ਕੁਰੱਪਟ ਹੋ ਗਿਆ। "ਕਿਸ ਤਰ੍ਹਾਂ?" ਮੈਂ ਉਹਦੇ ਕੋਲੋਂ ਪੁੱਛਿਆ ਤਾਂ ਉਹ ਚੰਗੀ ਤਰ੍ਹਾਂ ਦੱਸ ਨਾ ਸਕੀ। ਫਿਰ ਵੀ ਜਿੰਨਾ ਕੁ ਉਹਨੇ ਦੱਸਿਆ- ਪਈ ਉਹ ਭੈੜੀਆਂ, ਬਹੁਤ ਭੈੜੀਆਂ ਗੱਲਾਂ ਉਹਦੇ ਨਾਲ ਦਿਨ-ਰਾਤ ਕਰਦਾ ਸੀ।

"ਕਿਸ ਤਰ੍ਹਾਂ ਦੀਆਂ ਗੱਲਾਂ? ਕੁਝ ਦੱਸ ਤਾਂ ਸਹੀ!"

"ਬਸ ਤੂੰ ਇੰਝ ਸਮਝ ਲੈ, ਉਹ ਮੈਨੂੰ ਰੋਜ਼ ਈ 'ਸੱਤ ਖਸਮੀ' ਕਹਿੰਦਾ ਸੀ।"

"ਫਿਰ ਕੀ ਹੋਇਆ, ਤੂੰ ਹੁਣ ਅਜਿਹੀਆਂ ਗੱਲਾਂ ਸਹਿ ਜਾਣ ਨਾਲ ਵੱਡੀ ਨਹੀਂ ਹੋ ਗਈ ਸੈਂ?"

"ਨਹੀਂ, ਮੈਂ ਅੱਜ ਵੀ ਕਈਆਂ ਗੱਲਾਂ ਵਿਚ ਕੱਚੀ ਉਮਰ ਦੀ ਕੁੜੀ ਆਂ। ਅੱਜ ਵੀ ਮੈਨੂੰ ਕੋਈ ਸੱਤ ਖਸਮੀ ਕਹੇ ਤਾਂ ਉਸੇ ਤਰ੍ਹਾਂ ਸੇਕ ਲਗਦਾ ਏ ਜਿਸ ਤਰ੍ਹਾਂ ਪਹਿਲੀ ਵਾਰ ਮਾਂ ਦੇ ਕਹਿਣ ਨਾਲ ਲੱਗਾ ਸੀ। ਉਦੋਂ ਮੈਨੂੰ ਗੱਲ ਦੇ ਮਤਲਬ ਦਾ ਕੋਈ ਥਹੁ-ਪਤਾ ਨਹੀਂ ਸੀ। ਅੱਜ ਜਾਣਦੀ ਹਾਂ ਪਰ ਅੱਜ ਵੀ ਇਸ ਗੱਲ ਨਾਲ ਐਨਾਲਾਇਜ਼ ਨਹੀਂ ਕਰ ਸਕਦੀ। ਇਹ ਮਾਪੇ ਕੁੜੀ ਲਈ ਖਸਮ ਲਭਦੇ ਝੱਲੇ-ਪਾਗਲ ਹੋਏ ਰਹਿੰਦੇ ਨੇ, ਖੁਸ਼ਾਮਦਾਂ ਕਰਦੇ, ਦਾਜ-ਦਹੇਜ ਦੇ ਕੇ ਅਗਲਿਆਂ ਦੇ ਹੱਥ ਫੜਾਉਂਦੇ ਨੇ, ਪਰ ਅਗਲੇ ਕਦਰ ਨਹੀਂ ਪਾਉਂਦੇ। ਜੇ ਕੁੜੀ ਆਪ ਕਿਧਰੇ ਦਿਲ ਲਾ ਲਵੇ ਤਾਂ ਗਾਲ੍ਹ। ਬਹੁਤ ਈ ਗੰਦੀ ਗਾਲ੍ਹ ਬਣ ਜਾਂਦੀ ਏ। ਕਿੱਡਾ ਫਰਕ ਏ ਵਿਆਹ ਹੋਣ ਵਿਚ ਤੇ ਖਸਮ ਕਰਨ ਵਿਚ। ਆਪਣੀ ਮਨ ਮਰਜ਼ੀ ਵਾਲੇ ਨੂੰ ਕੇਹੇ ਖਿਤਾਬ ਦਿੱਤੇ ਜਾਂਦੇ ਨੇ... ਦੂਲ੍ਹਾ ਰਾਜਾ, ਪ੍ਰਾਹੁਣਾ ਲਾੜਾ; ਪਰ ਜੇ ਕੋਈ ਆਪਣੀ ਮਨ ਮਰਜ਼ੀ ਦਾ ਨਾ ਹੋਵੇ ਤਾਂ 'ਖਸਮ'।"

ਉਹਦੇ ਵਾਰ-ਵਾਰ 'ਖਸਮ' ਕਹਿਣ ਤੋਂ ਮੈਨੂੰ ਲੱਗਾ ਇਹ ਲਫਜ਼ ਏਡਾ ਮਾੜਾ ਵੀ ਤੇ ਨਹੀਂ ਪਰ ਹੈ ਵੀ। ਫਾਰਸੀ ਵਿਚ ਤਾਂ ਖਸਮ ਦਾ ਮਤਲਬ ਦੁਸ਼ਮਣ ਹੁੰਦਾ ਏ। ਪੰਜਾਬੀ ਵਿਚ ਆ ਕੇ 'ਦੁਸ਼ਮਣ' 'ਮਾਲਕ' ਬਣ ਜਾਂਦਾ ਹੈ। ਮਾਲਕ ਤੇ ਦੁਸ਼ਮਣ ਦੋਵੇਂ ਇਕ ਵੀ ਹੋ ਸਕਦੇ ਨੇ... ਨਹੀਂ? ਉਹ ਹੱਸ ਪਈ। ਇਥੇ ਆ ਕੇ ਗੱਲ ਮੁੱਕ ਸਕਦੀ ਸੀ ਪਰ ਮੈਂ ਅਜੇ ਮੁੱਕਣ ਨਹੀਂ ਦੇਣਾ ਚਾਹੁੰਦੀ ਸਾਂ। ਹਾਲੇ ਤਾਂ ਬਥੇਰਾ ਕੁਝ ਰਹਿੰਦਾ ਸੀ। ਉਹ ਭਾਵੇਂ ਨਾ ਦੱਸਣਾ ਚਾਹੁੰਦੀ ਪਰ ਮੈਂ ਜਾਣਨਾ ਜ਼ਰੂਰ ਚਾਹੁੰਦੀ ਸਾਂ। ਉਹਦੇ ਬਾਕੀ ਰਹਿੰਦੇ ਖਸਮ। ਪੂਰੇ ਛੇ। ਕਿਵੇਂ ਆਏ ਤੇ ਕਿਵੇਂ ਗਏ? ਛੇ ਕਹਾਣੀਆਂ ਭਾਵੇਂ ਅਧੂਰੀਆਂ ਹੀ ਹੋਣ।



"ਅੱਛਾ, ਫਿਰ ਉਹ ਬਦ-ਦੁਆ ਪੂਰੀ ਕਿਵੇਂ ਹੋਈ?" ਮੈਂ ਉਹਦੇ ਹੱਥ ਉਤੇ ਹੱਥ ਰੱਖ ਕੇ ਬੜੇ ਦੁਲਾਰ ਨਾਲ ਪੁੱਛਿਆ, "ਤੂੰ ਕਹਾਣੀਆਂ ਲਿਖਦੀ ਏਂ ਨਾ? ਸਮਝ ਗਈ, ਕਹਾਣੀ ਕਢਵਾਣ ਦੇ ਚੱਕਰ ਵਿਚ ਹੋਵੇਂਗੀ? ਹੈ ਨਾ!" ਉਹਨੇ ਮੇਰੇ ਵਲ ਵੇਖਿਆ, "ਨਹੀਂ, ਕਢਵਾ ਕੇ ਲਿਖੀ ਹੋਈ ਕਹਾਣੀ ਵੀ ਕੋਈ ਕਹਾਣੀ ਹੋਈ। ਪੁਲਿਸ ਰਿਪੋਰਟ ਵਿਚ ਤੇ ਕਹਾਣੀ ਵਿਚ ਫਰਕ ਹੋਣਾ ਚਾਹੀਦਾ ਏ। ਇੰਝ ਦੀ ਗੱਲ ਤਾਂ ਤੂੰ ਆਪੇ ਛੋਹੀ ਸੀ।" ਉਹਨੇ ਮੰਨਿਆ। ਆਪਣੇ ਮਾਜ਼ੀ ਕੋਲੋਂ ਪਿੱਛਾ ਛੁਡਾਉਣ ਲਈ ਉਹ ਅੰਦਰ ਦਾ ਜਮਾ ਬਾਹਰ ਕੱਢ ਸੁੱਟਣਾ ਚਾਹੁੰਦੀ ਏ। ਕਈ ਵਾਰੀ ਕੰਧਾਂ ਨਾਲ ਗੱਲਾਂ ਵੀ ਕਰਦੀ ਰਹਿੰਦੀ ਏ ਪਰ ਕੰਧਾਂ ਦੇ ਕੰਨ ਵੀ ਤਾਂ ਹੁੰਦੇ ਨੇ। ਕੰਧ-ਲਿਖਤ ਦੀਆਂ ਕਹਾਣੀਆਂ ਵੀ ਘੱਟ ਨਹੀਂ ਬਣਦੀਆਂ ਪਰ ਕਹਾਣੀ ਤਾਂ ਮੇਰਾ ਮਸਲਾ ਸੀ, ਉਹਦਾ ਨਹੀਂ। ਇੰਝ ਮੈਨੂੰ ਉਹਦੇ ਮਸਲੇ ਦਾ ਵੀ ਪਤਾ ਸੀ। ਕਿਸੇ ਦੀ ਆਖੀ ਗੱਲ ਨਾਲ ਜਾਂ ਬਦ-ਦੁਆ ਨਾਲ ਕੱਖ ਨਹੀਂ ਬਣਦਾ। ਬੰਦੇ ਨਾਲ ਜੋ ਕੁਝ ਹੁੰਦਾ ਏ ਜਾਂ ਨਹੀਂ ਹੁੰਦਾ, ਉਹਦੀ ਜ਼ਿੰਮੇਦਾਰੀ ਦਾ ਮਸਲਾ ਤਾਂ ਬਹੁਤ ਈ ਉਲਝਿਆ ਹੋਇਆ ਏ। ਟੁੱਟੇ ਪੱਤੇ ਵਾਂਗ ਬੰਦਾ ਹਵਾਵਾਂ ਵਿਚ ਧੱਕੇ-ਧੋੜੇ ਖਾਂਦਾ ਏ, ਕਿਸੇ ਦੀ ਬਦ-ਦੁਆ ਨਾਲ ਨਹੀਂ ਸਗੋਂ ਆਪਣੇ ਹੌਲੇ ਹੋਣ ਦੀ ਵਜ੍ਹਾ ਨਾਲ। ਕੁਝ ਇਸੇ ਤਰ੍ਹਾਂ ਦੀ ਗੱਲ ਮੈਨੂੰ ਉਦੋਂ ਵੀ ਲੱਗੀ। ਉਹ ਸਾਰੇ ਆਦਮੀ ਜੋ ਉਹਦੇ ਖਸਮ ਬਣੇ, ਮਾੜੇ ਜਿਹੇ ਸਾਥ ਲਈ, ਮਾੜੀ ਜਿਹੀ ਦਿਲਲਗੀ ਲਈ ਉਹਦੇ ਨੇੜੇ ਆਏ ਹੋਣੇ ਨੇ। ਇਸ ਤਰ੍ਹਾਂ ਉਹ ਕਹਿੰਦੀ ਏ। ਫਿਰ ਅੱਗਿਉਂ ਉਹਦੀ ਆਪਣੀ ਕਮਜ਼ੋਰੀ ਸੀ ਪਰ ਉਹਦੇ ਅੰਦਰ ਤਾਕਤ ਵੀ ਸੀ। ਇਸ ਕਮਜ਼ੋਰ ਤੇ ਤਾਕਤ ਵਿਚਕਾਰ ਜੰਗ ਕਦੀ ਖਤਮ ਨਹੀਂ ਹੋਈ। ਇਸ ਜੰਗ ਨੇ ਉਹਦਾ ਕੁਝ ਬਣਨ ਨਹੀਂ ਦਿੱਤਾ। ਜਿਥੇ ਕਿਧਰੇ ਕੋਈ ਗੱਲ ਬਣੀ, ਜੰਗ ਦੀ ਅੱਗ ਨੇ ਸਭ ਕੁਝ ਸਾੜ ਸੁਟਿਆ। ਉਹਨੇ ਉਸ ਆਦਮੀ ਦੀ ਬੇਇਜ਼ਤੀ ਕੀਤੀ, ਉਹਨੂੰ ਘਰੋਂ ਕੱਢਿਆ ਉਹ ਰਸਤਾ ਛੱਡ ਦਿੱਤਾ ਜਿਥੇ ਉਹਦੇ ਨਾਲ ਸਾਹਮਣਾ ਹੋਣ ਦਾ ਕੋਈ ਅਮਕਾਨ ਹੋ ਸਕਦਾ ਸੀ। ਫਿਰ ਵੀ ਜੇ ਕੋਈ ਲੀਚੜ ਹੋਇਆ ਰਿਹਾ ਤਾਂ ਉਹਨੇ ਮੁਕਾਬਲੇ ਉਤੇ ਕਿਸੇ ਹੋਰ ਨੂੰ ਆਉਣ ਦਿੱਤਾ। ਇਹੀ ਨਹੀਂ, ਉਹਨੇ ਬਰਾਬਰ ਦਾ ਵਰਤਾਰਾ ਵੀ ਕੀਤਾ। ਜੇ ਕਿਸੇ ਨੇ ਕੁਝ ਖਰਚ ਕੀਤਾ, ਉਹਨੇ ਆਪ ਬਹੁਤਾ ਕਰ ਦਿੱਤਾ।

ਇੰਝ ਭਾਵੇਂ ਉਹ ਸਾਰੇ ਈ ਕਿਧਰੇ ਕੰਮ ਗ਼ਾਰਤ ਹੋ ਚੁਕੇ ਨੇ ਪਰ ਉਹਨੂੰ ਪੱਕੀ ਆਸ ਏ, ਪਈ ਉਨ੍ਹਾਂ ਵਿਚੋਂ ਇਕ ਵੀ ਉਹਨੂੰ ਬੁਰਾ ਨਹੀਂ ਸਮਝਦਾ ਹੋਣਾ। ਮੈਨੂੰ ਲਗਦਾ ਏ ਨਿਰੀ ਆਸ ਦੀ ਗੱਲ ਵੀ ਨਹੀਂ ਹੋਣੀ। ਜਿਸ ਕਲਾਸ ਦੇ ਉਹ ਬੰਦੇ ਸਨ; ਕਾਗਜ਼ੀ, ਡਰੂ, ਲੋਅਰ ਮਿਡਲ ਕਲਾਸੀਏ ਬਾਬੂ ਜਾਂ ਇਸ ਤਰ੍ਹਾਂ ਦੇ; ਉਹ ਆਪ ਆਪਣੇ ਆਪ ਨੂੰ ਲੁਕਾਉਣ ਵਾਲੇ ਹੁੰਦੇ ਨੇ। ਫਿਰ ਉਹਨੇ ਕੁਝ ਇਸ ਤਰ੍ਹਾਂ ਦੀ ਗੱਲ ਕੀਤੀ ਵੀ ਸੀ, ਪਈ ਆਦਮੀ ਜਨਾਨੀ ਕੋਲੋਂ ਘ੍ਰਿਣਾ ਤਾਹੀਉਂ ਕਰਦਾ ਏ ਜਦੋਂ ਉਹਦੇ ਪਿਛੇ ਪੈ ਜਾਵੇ। ਕਦੇ ਵਿਆਹ ਦੀ ਜ਼ੰਜੀਰ ਗਲ 'ਚ ਪਾਵੇ, ਕਦੇ ਪਿਆਰ ਦਾ ਫਰਾਡ ਲਾਵੇ।

ਉਹਦੀ ਇਸ ਤਰ੍ਹਾਂ ਦੀ ਗੱਲ ਨਾਲ ਮੈਂ ਹੱਕੀ-ਬੱਕੀ ਰਹਿ ਗਈ ਸਾਂ! ਵਿਆਹ ਵੀ ਨਹੀਂ! ਪਿਆਰ ਵੀ ਨਹੀਂ! ਫਿਰ ਰਿਸ਼ਤਾ ਕੀ ਹੋਇਆ? ਇੰਝ ਮੇਰੇ ਅੰਦਰ ਦਿਲ ਵਿਚ ਕਿਧਰੇ ਗੱਲ ਰੜਕਦੀ ਵੀ ਸੀ। ਰਿਸ਼ਤੇ-ਨਾਤੇ ਬੰਦੇ ਲਈ ਨਫਾ ਘੱਟ, ਨੁਕਸਾਨ ਬਹੁਤਾ ਲਿਆਏ। ਖਬਰੇ ਇਸ ਕਰ ਕੇ ਅੱਜ ਬਹੁਤ ਪੁਰਾਣਾ ਤੇ ਬਹੁਤ ਨਵਾਂ ਸਮਾਜ ਇਕੋ ਜਿਹੇ ਲਗਦੇ ਨੇ। ਉਹ ਜ਼ਮਾਨੇ ਜਦੋਂ ਹਾਲੇ ਵਿਆਹ ਤੇ ਇਸ਼ਕ ਦਾ ਕਲਚਰ ਨਹੀਂ ਸੀ ਬਣਿਆ, ਕੋਈ ਜਨਾਨੀ ਆਦਮੀ ਨੂੰ ਫਾਹੁਣ ਲਈ ਦੋਵੇਂ ਹੱਥ ਸੰਗਲ ਚੁੱਕੀ ਨਹੀਂ ਸੀ ਫਿਰਦੀ। ਇਸ ਭਾਰ ਤੋਂ ਉਹਦੇ ਮੋਢੇ ਆਜ਼ਾਦ ਸਨ। ਇਸੇ ਤਰ੍ਹਾਂ ਉਹਦਾ ਦਿਲ ਵੀ ਤੇ ਅੱਜ ਜਦੋਂ ਯੂਰਪ ਵਰਗੇ ਸਮਾਜ ਨੇ ਪੁਰਾਣੀਆਂ ਜ਼ੰਜੀਰਾਂ ਤੋੜ-ਭੰਨ ਸੁੱਟੀਆਂ, ਜਨਾਨੀ ਦੇ ਮੋਢੇ ਆਜ਼ਾਦ ਹੋ ਗਏ ਨੇ। ਉਹ ਹੋਰ ਬਥੇਰੇ ਕੰਮ ਕਰਨ ਜੋਗੀ ਹੋ ਗਈ ਏ ਪਰ ਇਹ ਜਨਾਨੀ ਜੋ ਇਕ ਬਦ-ਦੁਆ ਦੀ ਗ਼ੁਲਾਮ ਹੋਈ ਬੈਠੀ ਏ, ਫਿਰ ਵੀ ਮਰਦ ਕੋਲੋਂ ਆਜ਼ਾਦ ਰਹਿਣਾ ਚਾਹੁੰਦੀ ਏ। ਇਹਨੂੰ ਕੋਈ ਕਿੱਧਰ ਰੱਖ ਕੇ ਤੋਲੇ?

ਥੋੜ੍ਹੀ ਦੇਰ ਲਈ ਅਸੀਂ ਦੋਵੇਂ ਸੋਚੀਂ ਪੈ ਗਈਆਂ। ਫਿਰ ਉਹਨੇ ਅੱਖ ਚੁੱਕ ਕੇ ਮੇਰੇ ਵੱਲ ਦੇਖਿਆ- "ਹੋਰ ਚਾਹ?"

"ਨਹੀਂ ਬੱਸ!" ਮੈਂ ਜਵਾਬ ਦਿੱਤਾ ਪਰ ਮੇਰੇ ਅੰਦਰ ਉਠਦੇ ਸਵਾਲਾਂ ਦੀ ਬਸ ਬਿਲਕੁਲ ਨਹੀਂ ਸੀ ਹੋਈ। ਉਹਨੇ ਭਾਵੇਂ ਦੂਜੀ ਵਾਰੀ ਚਾਹ ਪੁੱਛ ਕੇ ਛੁੱਟੀ ਦਾ ਅਲਾਰਮ ਵਜਾ ਦਿੱਤਾ ਸੀ ਪਰ ਮੈਨੂੰ ਲਗਦਾ ਸੀ, ਇਸ ਤਰ੍ਹਾਂ ਦੇ ਮਸਲੇ ਉਤੇ ਵਿਚਾਰ ਸਾਂਝੇ ਕਰਨ ਲਈ ਮੈਨੂੰ ਕਦੇ ਵੀ ਕੋਈ ਅਜਿਹਾ ਬੰਦਾ ਨਹੀਂ ਸੀ ਮਿਲਣਾ। ਆਦਮੀਆਂ ਕੋਲੋਂ ਮੈਂ ਆਪੇ ਝਕਦੀ ਰਹਿੰਦੀ ਹਾਂ। ਇੰਝ ਵੀ ਮੈਨੂੰ ਪਤਾ ਏ ਉਹ ਏਡੀ ਡੂੰਘੀ ਸੋਚ ਦੇ ਮਾਲਕ ਨਹੀਂ ਹੁੰਦੇ। ਜਨਾਨੀ ਦੇ ਤਜਰਬੇ ਨੂੰ ਸਮਝਣ ਲਈ ਤਾਂ ਕਈ ਜਨਮ ਵੀ ਲੈਣ ਤਾਂ ਵੀ ਬਣਨਾ ਕੁਝ ਨਹੀਂ। ਔਰਤਾਂ ਆਪਣੇ ਖਾਸ ਮਸਲਿਆਂ 'ਤੇ ਗੱਲ ਨਹੀਂ ਕਰਦੀਆਂ। ਬਹੁਤਾ ਹੋਇਆ ਤਾਂ ਓਪਰੀ ਜਿਹੀ ਵਾਰਦਾਤ ਨੂੰ ਲਫਜ਼ ਦੇ ਦਿੱਤੇ। ਕਦੇ ਦੁੱਖ ਬਣਾ ਕੇ, ਕਦੇ ਖਾਹਸ਼ ਦੇ ਰੰਗ ਵਿਚ ਰੰਗ ਕੇ ਗੱਲ ਨਹੀਂ ਬਣਦੀ। ਬੜਾ ਈ ਸੋਚ-ਸਮਝ ਕੇ ਮੈਂ ਪੁੱਛਿਆ- "ਹੁਣ ਕਿਸ ਤਰ੍ਹਾਂ ਗੁਜ਼ਰ ਰਹੀ ਏ?"

"ਵੇਲੇ ਦੀ ਗੱਡੀ ਕਿ ਮੇਰੀ ਨਬਜ਼? ਫਿਲਹਾਲ ਤਾਂ ਦੋਵੇਂ ਚੱਲ ਰਹੀਆਂ ਨੇ", ਉਹ ਹੱਸ ਪਈ।

"ਮੇਰਾ ਮਤਲਬ ਸੀ...।"

"ਮੈਂ ਸਮਝਦੀ ਹਾਂ!" ਉਹਨੇ ਮੇਰੀ ਗੱਲ ਕੱਟ ਕੇ ਆਪਣੇ ਹੱਥ ਵਿਚ ਲੈ ਲਈ, "ਤੁਹਾਡੇ ਪੁੱਛਣ ਦਾ ਮਤਲਬ ਏ, ਉਨ੍ਹਾਂ ਸੱਤਾਂ ਤੋਂ ਬਾਅਦ ਕੋਈ ਅੱਠਵਾਂ ਹੈ ਮੇਰੀ ਜ਼ਿੰਦਗੀ ਵਿਚ?" ਮੇਰਾ ਮਤਲਬ ਸ਼ਾਇਦ ਇਹੋ ਸੀ ਪਰ ਮੈਂ ਏਡੇ ਬੇਢੱਬੇ ਤਰੀਕੇ ਨਾਲ ਨਹੀਂ ਸੀ ਪੁੱਛਣਾ। ਅਸਲ ਵਿਚ ਉਹ ਬੜੀ ਵੱਖਰੀ ਟਾਈਪ ਦੀ ਜਨਾਨੀ ਸੀ। ਮੁਹੱਜ਼ਬ ਹੋਣ ਦੀ ਹਿਪੋਕਰੇਸੀ ਨੂੰ ਚੰਗਾ ਨਹੀਂ ਸੀ ਜਾਣਦੀ। ਉਹਨੇ ਬੜੀ ਜੁਰਅਤ ਨਾਲ ਮੇਰਾ ਸਵਾਲ ਬੁੱਝ ਵੀ ਲਿਆ, ਜਵਾਬ ਵੀ ਦਿੱਤਾ। ਆਖਣ ਲੱਗੀ, "ਹੁਣ ਮੈਂ ਇਸ ਬਖੇੜੇ ਤੋਂ ਆਜ਼ਾਦ ਹਾਂ ਤੇ ਆਜ਼ਾਦ ਰਹਿਣ ਦਾ ਇਰਾਦਾ ਵੀ ਕੱਚਾ ਨਹੀਂ।"

ਮੈਂ ਉਹਦੇ ਚਿਹਰੇ 'ਤੇ ਨਜ਼ਰ ਮਾਰੀ। ਜਵਾਨ, ਚੰਗੀ ਸ਼ਕਲ ਦੀ ਤੰਦਰੁਸਤ ਜਨਾਨੀ ਮੇਰੇ ਸਾਹਮਣੇ ਬੈਠੀ ਸੀ। ਚਾਲੀ ਤੋਂ ਥੱਲ੍ਹੇ ਈ ਹੋਣੀ ਏ। ਕਿਸਰਾਂ ਹੋ ਸਕਦਾ ਏ? ਉਹਨੇ ਖਬਰੇ ਮੇਰਾ ਸਵਾਲ ਸਮਝ ਲਿਆ। ਆਖਣ ਲੱਗੀ, "ਆਹੋ, ਜੋ ਹੋਣਾ ਸੀ ਹੋ ਚੁੱਕਿਆ। ਹੁਣ ਅੱਗਿਉਂ ਮੈਂ ਇਸ ਮਖਲੂਕ ਤੋਂ ਦੂਰ ਈ ਰਹਿਣਾ ਏ। ਆਪਣੀ ਦੁਨੀਆਂ ਚਹੁੰ ਕੰਧਾਂ ਵਿਚਕਾਰ ਘੇਰ ਕੇ ਬੂਹਾ ਬੰਦ ਕਰ ਛੱਡਣਾ ਏ। ਕਿਸੇ ਕੁੱਤੇ-ਬਿੱਲੀ ਦਾ ਦਾਖਲਾ ਅੰਦਰ ਨਹੀਂ ਹੋਣ ਦੇਣਾ।"

"ਅੱਛਾ ਕਦੋਂ ਤੋੜੀ...?" ਮੈਂ ਪੁੱਛਿਆ।

"ਟਿਲ ਦਾ ਲਾਸਟ", ਉਹਨੇ ਜਵਾਬ ਦਿੱਤਾ।

"ਆਈ ਵਿਸ਼ ਯੂਅਰ ਸਕਸੈਸ।" ਮੈਂ ਉਹਨੂੰ ਦੁਆ ਦਿੱਤੀ।

ਇਸ ਗੱਲ ਨੂੰ ਕਈ ਸਾਲ ਲੰਘ ਗਏ। ਮੈਨੂੰ ਉਹ ਕਦੇ ਵੀ ਯਾਦ ਨਾ ਆਈ। ਮੇਰਾ ਘਰ ਵੀ ਉਹਦੇ ਘਰ ਤੋਂ ਦੂਰ ਹੋ ਗਿਆ ਸੀ। ਥਾਂ ਉਹਨੇ ਈ ਬਦਲੀ ਸੀ। ਕਦੇ ਕੁਝ ਸੁਣਿਆ ਵੀ ਨਾ। ਫਿਰ ਇਕ ਦਿਨ, ਜ਼ਮਾਨੇ ਪਿਛੋਂ ਮੈਂ ਅਨਾਰਕਲੀ ਗਈ। ਪੁਰਾਣੀਆਂ ਯਾਦਾਂ, ਕਈ ਪੁਰਾਣੇ ਲੋਕੀਂ ਵੀ ਮਿਲ ਪਏ। ਅਜੇ ਸੂਰਜ ਛਿਪਿਆ ਨਹੀਂ। ਜਾਣ-ਪਛਾਣ ਦੇ ਲੋਕ ਹੈ ਨੇ। ਮੇਰੇ ਦਿਲ ਨੂੰ ਤਸੱਲੀ ਜਿਹੀ ਹੋਈ। ਅੱਜਕੱਲ੍ਹ ਜ਼ਿੰਦਗੀ ਮੈਨੂੰ ਬੇਇਤਬਾਰੀ ਲੱਗਣ ਲਗ ਪਈ ਏ ਨਾ! ਮੁੜਦੀ ਵਾਰੀ ਉਹ ਮਿਲ ਪਈ। ਸਾਹਮਣੇ ਤੋਂ ਆ ਰਹੀ ਸੀ। ਚੰਗੀ ਸਜੀ-ਬਣੀ ਹੋਈ ਸੀ। ਨਾਲ ਕੋਈ ਬੰਦਾ। ਦੋਵੇਂ ਦੁਨੀਆਂ ਤੋਂ ਬੇਖਬਰ ਗੱਲਾਂ ਕਰਦੇ ਆ ਰਹੇ ਸਨ। ਮੇਰੇ ਐਨ ਸਾਹਮਣੇ ਆ ਕੇ ਉਹਨੇ ਅੱਖ ਚੁੱਕੀ। ਇਕ ਦਮ ਜੱਫੀ ਪਾ ਲਈ। ਉਹ ਜਿਵੇਂ ਕੁਝ ਘਾਬਰ ਕੇ ਇਉਂ ਕਰ ਰਹੀ ਸੀ। ਫਿਰ ਛੇਤੀ ਨਾਲ ਬੰਦੇ ਨੂੰ ਕਹਿਣ ਲੱਗੀ, "ਜੂਸ ਲੈ ਕੇ ਆਓ ਛੇਤੀ।"

"ਜੂਸ ਰਸਤੇ ਵਿਚ?" ਮੈਂ ਉਹਨੂੰ ਡਕਦੀ ਰਹਿ ਗਈ ਪਰ ਉਹ ਚਲਾ ਗਿਆ। ਉਹਦੇ ਜਾਂਦੇ ਅੱਖ ਮਾਰ ਕੇ ਆਖਣ ਲੱਗੀ- "ਜ਼ਰਾ ਮਗਰੋਂ ਲਾਹਿਆ ਏ, ਗੱਲ ਤਾਂ ਕਰੀਏ। ਇਹ ਰਜ਼ੀ ਏ, ਦੋ ਸਾਲ ਹੋਏ ਮਿਲਿਆ ਸੀ। ਅਸੀਂ 'ਕੱਠੇ ਰਹਿੰਦੇ ਪਏ ਆਂ। ਬੜਾ ਈ ਚੰਗਾ ਏ। ਬੜਾ ਈ...।"

"ਅੱਛਾ!" ਮੈਂ ਉਹਦੀਆਂ ਅੱਖਾਂ ਵਿਚ ਦੇਖਿਆ- "ਉਸ ਬੰਦ ਦਰਵਾਜ਼ੇ ਦਾ ਕੀ ਬਣਿਆ ਜੋ ਕੁੱਤਿਆਂ-ਬਿੱਲੀਆਂ ਲਈ ਪੱਕਾ ਬੰਦ ਕੀਤਾ ਸੀ?"

ਉਹ ਹੱਸ ਪਈ- "ਇਹ ਬੰਦੇ ਦਾ ਪੁੱਤਰ ਏ। ਮੇਰਾ ਦੋਸਤ ਏ। ਅਸਾਂ ਵਿਆਹ ਨਹੀਂ ਕੀਤਾ ਪਰ ਦੁਨੀਆਂ ਵਾਸਤੇ ਮੀਆਂ-ਬੀਵੀ ਹਾਂ।" ਉਹ ਇਕ ਦਮ ਚੁੱਪ ਕਰ ਗਈ। ਬੰਦੇ ਦਾ ਪੁੱਤਰ ਜੂਸ ਲੈ ਕੇ ਆ ਗਿਆ ਸੀ। ਮੈਨੂੰ ਭੀੜ ਵਿਚ ਖਲੋਣਾ ਚੰਗਾ ਨਹੀਂ ਸੀ ਲੱਗ ਰਿਹਾ। ਮੇਰਾ ਟੈਲੀਫੋਨ ਨੰਬਰ ਉਹਨੇ ਆਪਣੀ ਤਲੀ 'ਤੇ ਲਿਖ ਲਿਆ।

*(ਬਾਕੀ ਅਗਲੇ ਸਫੇ 'ਤੇ)*

# ਬਿੱਲੀ ਦੀ ਪੂਛ

***ਭਾਰਤ ਦੀ ਆਜ਼ਾਦੀ ਲਈ ਆਪਣਾ ਸਭ ਕੁਝ ਕੁਰਬਾਨ ਕਰਨ ਵਾਲੇ ਜੁਝਾਰੂ ਗਦਰੀਆਂ ਬਾਰੇ ਛਾਪੀ ਜਾ ਰਹੀ ਲੇਖ ਲੜੀ 'ਗਦਰੀ ਬਾਬੇ ਕੌਣ ਸਨ?' ਪੜ੍ਹ ਕੇ ਅਵਤਾਰ ਗੋਂਦਾਰਾ ਨੇ ਆਪਣੀ ਇਹ ਲੰਮੀ ਟਿੱਪਣੀ 'ਪੰਜਾਬ ਟਾਈਮਜ਼' ਵਿਚ ਛਪਣ ਲਈ ਘੱਲੀ ਹੈ। ਇਹ ਟਿੱਪਣੀ ਕਈ ਪੱਖਾਂ ਤੋਂ ਬੜੀ ਦਿਲਚਸਪ ਹੈ। ਇਸ ਟਿੱਪਣੀ ਵਿਚ ਉਨ੍ਹਾਂ ਕਿਸੇ ਦਾ ਵੀ ਲਿਹਾਜ਼ ਨਹੀਂ ਕੀਤਾ ਅਤੇ ਉਨ੍ਹਾਂ ਨੇ ਪੰਜਾਬ ਦੀ ਸਿਆਸਤ ਨਾਲ ਸਬੰਧਤ ਕੁਝ ਪ੍ਰਸੰਗ ਸਾਂਝੇ ਕੀਤੇ ਹਨ। ਇਸ ਲਿਖਤ ਵਿਚ ਉਨ੍ਹਾਂ ਨੇ ਗਦਰੀਆਂ ਬਾਰੇ ਤਾਂ ਭਾਵੇਂ ਸਿੱਧੀਆਂ ਟਿੱਪਣੀਆਂ ਨਹੀਂ ਕੀਤੀਆਂ ਪਰ ਗਦਰੀਆਂ ਦੇ ਵਾਰਿਸ ਹੋਣ ਦਾ ਦਾਅਵਾ ਕਰਨ ਵਾਲੇ ਕਾਮਰੇਡਾਂ ਅਤੇ ਸਿੱਖਾਂ ਦੀ ਸਿਆਸਤ ਦੀਆਂ ਕੁਝ ਕੁ ਪਰਤਾਂ ਜ਼ਰੂਰ ਫਰੋਲੀਆਂ ਹਨ। ਇਨ੍ਹਾਂ ਪਰਤਾਂ ਵਿਚੋਂ ਕਾਮਰੇਡਾਂ ਅਤੇ ਸਿੱਖਾਂ ਦੀ ਸਿਆਸਤ ਦਾ ਕਿਰਦਾਰ ਝਾਤੀਆਂ ਮਾਰਦਾ ਪ੍ਰਤੀਤ ਹੁੰਦਾ ਹੈ। -ਸੰਪਾਦਕ***

**ਅਵਤਾਰ ਗੋਂਦਾਰਾ**
email: gondarasa@yahoo.com

ਦੁਨੀਆਂ ਦੇ ਸਾਰੇ ਯੁਗ ਪੁਰਸ਼ਾਂ ਜਾਂ ਗੁਰੂਆਂ ਦੀ ਇਕ ਗੱਲ ਸਾਂਝੀ ਹੈ। ਉਨ੍ਹਾਂ ਨੇ ਆਪਣੀ ਆਸਥਾ ਜਾਂ ਵਿਚਾਰਧਾਰਾ ਨਹੀਂ ਬਦਲੀ। ਨਾ ਇਸ ਵਿਚ ਝੋਲ ਆਉਣ ਦਿੱਤੀ, ਨਾ ਅੱਧੀ ਉਮਰ ਵਿਹਾਜ ਕੇ ਪੈਂਤੜਾ ਬਦਲਿਆ। ਆਮ ਬੰਦਾ ਇਉਂ ਨਹੀਂ ਕਰਦਾ। ਉਮਰ ਦੇ ਵਧਣ ਨਾਲ, ਕਈ ਰੰਗ ਬਦਲਦਾ ਹੈ। ਬਲਕਿ ਇਕੋ ਵੇਲੇ ਹੀ ਉਹ ਕਈ ਜਿੰਦਗੀਆਂ ਭੋਗਦਾ ਹੈ। ਮੈਨੂੰ ਇਕ ਸੁਣਿਆ ਸੁਣਾਇਆ ਟੋਟਕਾ ਯਾਦ ਆਉਂਦਾ ਹੈ। ਕਹਿੰਦੇ ਨੇ, ਬੰਦਾ ਜਦੋਂ ਜਵਾਨ ਹੁੰਦਾ ਹੈ, ਉਹ ਰਵਾਇਤਨ ਬਾਗੀ ਹੁੰਦਾ ਹੈ ਤੇ ਕਾਮਰੇਡਾਂ ਨਾਲ ਜਾ ਰਲਦਾ ਹੈ, ਫਿਰ ਜਦੋਂ ਵਿਆਹਿਆ ਜਾਂਦਾ ਹੈ, ਅਕਾਲੀ, ਕਾਂਗਰਸੀ ਜਾਂ ਮੁੱਖ ਧਾਰਾ ਦੀ ਕੋਈ ਪਾਰਟੀ ਨਾਲ ਜਾ ਖੜਦਾ ਹੈ, ਜੁਆਕ ਜਦੋਂ ਆਖਾ ਮੰਨਣੋਂ ਹਟ ਜਾਣ ਤਾਂ ਉਹ ਅਧਿਆਤਮ ਵੱਲ ਮੂੰਹ ਕਰ ਲੈਂਦਾ ਹੈ। ਆਪਣੀ ਮੌਕਾਪ੍ਰਸਤੀ ਉਸ ਨੂੰ 'ਵਿਗਾਸ' ਲਗਦੀ ਹੈ।

ਦੁਨੀਆਂਦਾਰੀ ਵਿਚ ਵਿਚਰਦਿਆਂ ਕਈ ਰੰਗਾਂ ਦੇ ਆਗੂਆਂ ਨਾਲ ਵਾਹ ਪਿਆ-ਅਕਾਲੀ, ਕਾਂਗਰਸੀ, ਜਨਤਾ ਦਲੀਏ, ਦਲਿਤਾਂ ਦੇ ਮਸੀਹਾ ਤੇ ਬਹੁਤੇ ਕਮਿਊਨਿਸਟ। ਆਪੋ ਆਪਣੇ ਪੈਰੋਕਾਰਾਂ ਨੂੰ ਸੁਫਨੇ ਵੇਚਣ ਦੇ ਮਾਹਰ। ਕਦੇ ਉਨ੍ਹਾਂ ਦਾ ਆਪਸੀ ਜਾਬਾਂ ਦਾ ਭੇੜ ਵੀ ਹੁੰਦਾ। ਮੈਂ ਵੀ ਵਿਚ ਰਲ ਜਾਂਦਾ। ਪੈਂਤੜੇ ਬਦਲਣ ਵਿਚ, ਪੰਜਾਬ ਵਿਚਲੇ ਬਹੁਤੇ ਕਾਮਰੇਡਾਂ ਨੇ ਬਾਜੀਗਰਾਂ ਨੂੰ ਵੀ ਮਾਤ ਪਾਇਆ ਹੈ। ਬਹੁਤੇ ਸਿੱਖ ਘਰਾਂ ਦੇ ਜੰਮਪਲ ਸਨ। ਉਨ੍ਹਾਂ ਵਿਚ ਨਿਹੰਗਪੁਣਾ ਵੀ ਹੈ। ਉਹ ਗੱਲ ਸਮਝਾਉਣ ਦੀ ਬਜਾਏ, ਮਨਾਉਣ 'ਚ ਜਿਆਦਾ ਯਕੀਨ ਕਰਦੇ ਹਨ। ਸ਼ਾਇਦ ਕਦੇ ਕੋਈ, ਇਸ ਬਾਰੇ ਸ਼ੋਧ-ਨਿਬੰਧ ਲਿਖੇ ਕਿ ਪੰਜਾਬੀ ਕਾਮਰੇਡ ਕਿਰਤੀ/ਕਿਰਤ ਦੀ ਮੁਕਤੀ ਦਾ ਔਖਾ ਰਾਹ ਛੱਡ ਕੇ 'ਆਤਮਕ ਮੁਕਤੀ' ਲਈ ਇਧਰ ਉਧਰ ਦੀਆਂ ਪਾਰਟੀਆਂ, ਸ਼ੋਭਿਆਂ ਦੇ ਬਣੇ ਬਣਾਏ ਗਾਡੀ ਰਾਹਾਂ 'ਤੇ ਕਿਉਂ ਚੜ੍ਹ ਗਏ?

ਇਕ ਦਿਨ ਮੇਰੇ ਕਚਹਿਰੀ ਵਾਲੇ ਚੈਂਬਰ 'ਤੇ ਬਹਿਸ ਹੋ ਰਹੀ ਸੀ। ਇਕ ਪਾਸੇ ਫਰੀਦਕੋਟ ਏਰੀਏ ਦਾ ਇਕ ਕਾਮਰੇਡ, ਦੂਜੇ ਪਾਸੇ ਕਮਿਊਨਿਸਟਾਂ ਨਾਲੋ ਵਿਚਾਰਧਾਰਕ ਤੋੜ-ਵਿਛੋੜਾ ਕਰ ਚੁੱਕੇ ਆਗੂ ਸਰਾਫ ਦੇ ਪੈਰੋਕਾਰ। ਮੁੱਦਾ ਸੀ, ਰੂਸੀ ਫੌਜ ਦੀ ਅਫਗਾਨਿਸਤਾਨ ਵਿਚ ਮੌਜੂਦਗੀ। ਸਰਾਫ ਦੇ ਸਮਰਥਕ ਕਹਿ ਰਹੇ ਸਨ ਕਿ ਫੌਜ ਦਾ ਉਥੇ ਹੋਣਾ ਗਲਤ ਹੈ। ਇਹ ਇਕ ਮੁਲਕ ਦੀ ਦੂਜੇ ਮੁਲਕ ਵਿਚ ਦਖਲਅੰਦਾਜੀ ਹੈ। ਰੂਸ ਵੀ ਅਮਰੀਕਾ ਨਾਲੋਂ ਘੱਟ ਧਕੜ ਨਹੀਂ ਕਿ ਰੂਸ ਸੋਸ਼ਲ ਇੰਪਰੀਏਲਿਸਟ ਹੈ। ਬਹਿਸ ਲੰਮਾ ਸਮਾਂ ਚੱਲੀ। ਇਸ ਦੌਰਾਨ ਕਈ ਵਾਰ ਚਾਹ ਮੰਗਵਾਉਣੀ ਪਈ। ਕੁੜਿਤਣ ਵਧਦੀ ਦੇਖ ਕੇ ਮੈਂ ਦੋਹਾਂ ਧਿਰਾਂ ਨੂੰ ਗੱਲ ਨਿਬੇੜਨ ਲਈ ਕਿਹਾ। ਪਰ ਸਰਾਫ ਵਾਲੀ ਧਿਰ ਕਾਮਰੇਡ ਨੂੰ ਹਰਾਉਣ ਲਈ ਬਜਿਦ ਸੀ। ਗੱਲ ਸਿਰੇ ਨਾ ਲਗਦੀ ਵੇਖ ਕੇ ਕਾਮਰੇਡ ਕਹਿਣ ਲੱਗਾ, ਯਾਰ ਰੂਸੀ ਫੌਜਾਂ ਤਾਂ ਉਥੇ ਹੀ ਰਹਿਣਗੀਆਂ, ਤੁਸੀਂ ਜਿਹੜੀ ਪੂਛ ਪਟਣੀ ਹੈ ਪੱਟ ਲਵੋ। ਗੱਲ ਹਾਸੇ 'ਚ ਪੈ ਗਈ। ਬਹਿਸ ਯਕ ਦਮ ਖਤਮ ਹੋ ਗਈ। ਝੋਲੇ ਚੁੱਕ ਕੇ ਸਾਰੇ ਆਪੋ ਆਪਣੀਆਂ ਦਿਸ਼ਾਵਾਂ ਵੱਲ ਚਲੇ ਗਏ।

ਮੇਰਾ ਇਕ ਕੁਲੀਗ ਕਰਮਜੀਤ ਧਾਲੀਵਾਲ ਕਾਮਰੇਡਾਂ ਦਾ ਪੱਖ ਬਾਖੂਬੀ ਪੂਰ ਸਕਦਾ ਹੈ। ਇਕ ਦਿਨ ਉਸ ਨੂੰ ਇਕ ਕਾਂਗਰਸੀ ਕਹਿੰਦਾ, ਥੋਡੀ ਪਾਰਟੀ ਨੂੰ ਇਕ ਸਦੀ ਹੋਗੀ ਕੰਮ ਕਰਦਿਆਂ, ਇਨਕਲਾਬ ਤਾਂ ਕੀ, ਉਸ ਦਾ ਦੂਰ ਕਿਧਰੇ ਧੂੰਆਂ ਵੀ ਨਹੀਂ ਦਿਸਦਾ। ਕੀ ਫਾਇਦਾ ਅਜਿਹੀ ਪਾਰਟੀ ਦਾ? ਉਹ ਉਸ ਨੂੰ ਕਾਂਗਰਸ ਵਿਚ ਰਲਣ ਲਈ ਮਨਾ ਰਿਹਾ ਸੀ। ਉਸ ਗੱਲ ਨੂੰ ਹਾਸੇ 'ਚ ਟਾਲਦਿਆਂ ਕਿਹਾ, ਸਾਡੇ ਸਾਹਮਣੇ ਕੋਈ ਪਾਰਟੀ ਨੀਂ ਬੋਲ ਸਕਦੀ, ਤੁਸੀਂ ਵੀ ਨਹੀਂ। ਸਾਰੀਆਂ ਪਾਰਟੀਆਂ ਕਮਿਊਨਿਸਟਾਂ ਦੀਆਂ ਦੇਣਦਾਰ ਹਨ। ਉਹ ਇਕ ਇਕ ਕਰਕੇ ਮਿਸਾਲਾਂ ਦੇਣ ਲੱਗਾ, ਦੇਖੋ-ਪੰਜਾਬ ਦੇ ਪਹਿਲੇ ਮੁੱਖ ਮੰਤਰੀਆਂ 'ਚੋਂ ਭੀਮ ਚੰਦ ਸੱਚਰ, ਕਾਮਰੇਡ ਜੈ ਕਿਸ਼ਨ, ਪੈਪਸੂ ਦਾ ਕਾਮਰੇਡ ਬ੍ਰਿਸ਼ਭਾਨ0 ਕਾਮਰੇਡਾਂ ਦੀ ਸਥਾਪਤੀ ਨੂੰ ਦੇਣ ਹੈ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਰੂਪ 'ਚ ਸਿੱਖਾਂ ਨੂੰ ਇਕ ਮਹਾਨ ਲੀਡਰ ਦਿੱਤਾ ਤੇ ਫਿਰ ਉਸ ਦੇ ਦੋ ਸਲਾਹਕਾਰ ਪ੍ਰੋ. ਚੰਦੂਮਾਜਰਾ ਅਤੇ ਮਾਲਵਿੰਦਰ ਮਾਲੀ ਸਾਡੇ 'ਚੋਂ ਗਏ। ਇਕ ਵਾਰ ਵਿਧਾਇਕ ਤੇ ਇਕ ਵਾਰ ਐਮ ਪੀ ਦੀ ਚੋਣ ਲੜਿਆ ਕਾਮਰੇਡ ਮੱਖਣ ਸਿੰਘ, ਅਸੀਂ ਪਹਿਲਾਂ ਅਕਾਲੀਆਂ ਨੂੰ ਦਿੱਤਾ, ਫਿਰ ਉਸ ਨੂੰ ਕਾਂਗਰਸੀਆਂ ਨੇ ਸਾਂਭ ਲਿਆ। ਬਲਮਗੜ੍ਹ ਤੇ ਪ੍ਰੋ. ਬਲਵੰਤ ਸਿੰਘ ਬਾਰੇ ਤੈਨੂੰ ਪਤਾ ਈ ਐ। ਇਹ ਤਾਂ ਪੰਜਾਬ ਦੇ ਨੇ, ਬਾਕੀ ਸੂਬਿਆਂ 'ਚ ਵੀ ਸਾਰੀਆਂ ਪਾਰਟੀਆਂ 'ਚ ਸਾਡੇ ਬੰਦੇ ਨੇ। ਸਿਆਸੀ ਪ੍ਰਾਪਤੀਆਂ ਦਾ ਇਹ ਅਜੀਬ ਤਰਕ ਸੀ। ਇਨ੍ਹਾਂ ਦੇ ਕਿੱਸੇ ਦਿਲਚਸਪ ਹਨ।

ਸਾਦਕ ਵੱਲ ਦਾ ਇਕ ਕਾਮਰੇਡ ਮੇਰੇ ਕੋਲ ਆਉਂਦਾ ਸੀ। ਉਹ ਹਮੇਸ਼ਾ ਚਿੱਟੇ ਕਪੜੇ ਪਾਉਂਦਾ। ਉਸ ਦੇ ਚੂੜੀਦਾਰ ਪਜਾਮਾ ਹੁੰਦਾ, ਹੱਥ ਵਿਚ ਸੋਟੀ। ਉਹ ਕਿਸਾਨ ਫਰੰਟ 'ਤੇ ਕੰਮ ਕਰਦਾ ਸੀ। ਸਾਹਿਬੇ ਜਾਇਦਾਦ ਸੀ। ਉਸ ਨਾਲ ਇਕ ਬੰਦਾ ਮਜਦੂਰ ਫਰੰਟ ਵਾਲਾ ਜਰੂਰ ਹੁੰਦਾ ਜਿਸ ਨੇ ਉਸ ਦਾ ਝੋਲਾ ਚੁੱਕਿਆ ਹੁੰਦਾ। ਇਕ ਦਿਨ ਉਸ ਦੇ ਰਿਸ਼ਤੇਦਾਰ ਤੇ ਉਸ ਦਰਮਿਆਨ ਹੁੰਦੀ ਗੱਲਬਾਤ ਸੁਣੀ। ਰਿਸ਼ਤੇਦਾਰ ਕਹਿੰਦਾ, ਤੂੰ ਇਨ੍ਹਾਂ ਨੰਗਾਂ ਦੀ ਪਾਰਟੀ ਦਾ ਖਹਿੜਾ ਕਿਉਂ ਨੀਂ ਛੱਡਦਾ। ਮੈਂ ਤਾਂ ਬੜਾ ਬਚਿਆਂ। ਅਕਾਲੀ ਪਾਰਟੀ 'ਚ ਚਲਾ ਗਿਆ ਤੇ ਪਿੰਡ ਦਾ ਸਰਪੰਚ ਹਾਂ। ਪੂਰੀ ਟੌਹਰ ਹੈ। ਤੇਰੇ ਮਗਰ ਲੱਗ ਕੇ ਮੈਂ ਐਂਵੇ ਵਿਹੜਿਆ ਦੀ ਧੂੜ ਛਾਣਦਾ ਰਿਹਾ। ਪਹਿਲਾਂ ਉਹ ਵੀ ਕਾਮਰੇਡ ਸੀ, ਕਹਿਣ ਲੱਗਾ, ਪੰਜਾਬ ਵਿਚ ਮਜਦੂਰ ਹੈ ਹੀ ਕਿਹੜੇ? ਬਾਹਲੇ ਪੂਰਬੀਏ ਆ। ਉਹ ਥੋਡੇ ਮਗਰ ਨਹੀਂ ਲੱਗਣੇ। ਪਿੰਡਾਂ ਦੇ ਵਿਹੜੇ ਵਾਲਿਆਂ ਦੀਆਂ ਆਪਣੀਆਂ ਪਾਰਟੀਆਂ ਹਨ, ਉਹ ਜੱਟ ਕਾਮਰੇਡਾਂ 'ਤੇ ਊਂ ਹੀ ਵਿਸਾਹ ਨੀ ਖਾਂਦੇ। ਲੈ ਦੇ ਕੇ ਜਿੰਮੀਦਾਰ ਹੀ ਰਹਿ ਗਏ ਹਨ। ਉਹ ਕਾਮਰੇਡਾਂ ਮਗਰ ਨੀਂ ਲਗਦੇ। ਮੁਜਾਰਾ ਲਹਿਰ ਹੀ ਦੇਖ ਲੈ, ਜਦੋਂ ਜ਼ਮੀਨਾਂ ਮਿਲ ਗਈਆਂ ਕਾਮਰੇਡਾਂ ਦਾ ਖਹਿੜਾ ਛੱਡ ਗਏ-ਕੋਈ ਅਕਾਲੀਆਂ ਨਾਲ ਜਾ ਰਲਿਆ, ਕੋਈ ਕਾਂਗਰਸੀ ਬਣ ਗਿਆ। ਇਹ ਥੋਡੇ 'ਕਿਰਤ ਦੀ ਮੁਕਤੀ' ਦੇ ਸਿਧਾਂਤ ਨਾਲ ਕੱਠੇ ਨੀਂ ਹੁੰਦੇ। ਕੁਝ ਆਵਦੀ ਕਰ ਕੇ ਖਾਂਦੇ ਜਾਂ ਕੁਝ ਵਿਹੜੇ ਵਾਲਿਆਂ ਜਾਂ ਭਈਆਂ ਦੇ ਸਿਰ 'ਤੇ ਐਸ਼ ਕਰਦੇ ਆ। ਇਨ੍ਹਾਂ ਨੂੰ ਕਿਰਤ ਦੀ ਲੁੱਟ ਦਾ ਹੇਰਵਾ ਨਹੀਂ। ਇਹ 'ਮੁੱਛ' ਜਾਂ 'ਪਛਾਣ' ਪਿੱਛੇ ਮਰ ਸਕਦੇ ਆ। ਇਸ ਦੇ ਖੁੱਸਣ ਦਾ ਡਰ ਦਿਖਾ ਕੇ ਜਿਵੇਂ ਮਰਜੀ ਮਗਰ ਲਾ ਲੋ। ਇਹੀ ਹੈ ਪੰਜਾਬ ਦੀ ਰਣਨੀਤੀ। ਗੱਲ ਨੂੰ ਵਿਸਥਾਰ ਦਿੰਦਿਆਂ ਕਹਿਣ ਲੱਗਾ, ਬਾਈ, ਨਾਲੇ ਖੇਤਰੀ ਸਿਆਸਤ ਕਰਨ ਵਾਲੇ ਕੇਂਦਰ ਵਾਲਿਆਂ ਨੂੰ ਵੀ ਬੜੇ ਰਾਸ ਆਉਂਦੇ ਹਨ, ਜਿੰਨੇ ਮਰਜੀ ਮਿਲੀਟੈਂਟ ਬਣ ਜਾਣ। ਕੱਲਿਆਂ ਕੱਲਿਆਂ ਨੂੰ ਕੁੱਟਣਾ ਸੌਖਾ ਹੈ। ਭਾਵੇਂ ਅਸਾਮੀ ਹੋਣ, ਭਾਵੇਂ ਬੋਡੋ, ਨਾਗੇ ਜਾਂ ਖਾਲਸਤਾਨੀ। ਦੇਖ ਲੈ, ਹਿੰਦੂ ਰਾਸ਼ਟਰਵਾਦੀਆਂ ਨੇ ਸਾਨੂੰ (ਅਕਾਲੀਆਂ) ਨੂੰ ਕਿਵੇਂ ਗਲ ਲਾ ਕੇ ਰਖਿਆ ਹੋਇਐ।

ਪਰ ਕਾਮਰੇਡ ਵੀ ਹੱਥਿਆਰ ਸੁੱਟਣ ਵਾਲਾ ਨਹੀਂ ਸੀ। ਕਹਿੰਦਾ, ਤੇਰੀਆਂ ਸਾਰੀਆਂ ਗੱਲਾਂ ਨਾਲ ਮੈਂ ਸਹਿਮਤ ਹਾਂ। ਮੈਂ ਮੂਰਖ ਨੀਂ। ਤੈਨੂੰ ਕੀ ਲਗਦੈ, ਮੈਂ ਕਿਰਤ ਦੀ ਮੁਕਤੀ ਲਈ ਪਾਰਟੀ ਮੈਂਬਰ ਬਣਿਆਂ। ਸਾਲ 'ਚ ਪੰਜ-ਚਾਰ ਸੌ ਫੰਡ ਦੇ ਦਈਦਾ ਹੈ। ਵਾੜੇ ਦੀ ਬੈਠਕ 'ਚ ਕਾਮਰੇਡ ਮੀਟਿੰਗ ਕਰ ਲੈਂਦੇ ਆ। ਚਾਹ ਪਿਆ ਦਈਦੀ ਹੈ। ਦੱਸ ਮੇਰਾ ਇਸ ਵਿਚ ਕੀ ਗੁਆਚਦੈ। ਨਾਲੇ ਅਕਾਲੀਆਂ-ਕਾਂਗਰਸੀਆਂ 'ਚ ਲੀਡਰਾਂ ਦੇ ਪਹਿਲਾਂ ਹੀ ਵੱਗ ਫਿਰਦੇ ਆ। ਦੇਖ, ਸੁੱਖ ਨਾਲ ਆਪਣੇ ਕੋਲ ਚੰਗੀ ਜਮੀਨ ਆ। ਦਿਹਾੜੀਆਂ ਦਾ ਬੜਾ ਤੋੜਾ ਐ ਸਾਡੇ ਪਿੰਡਾਂ ਵਿਚ। ਝੋਨਾ ਲਾਉਣ ਵੇਲੇ ਬੰਦਾ ਨੀਂ ਮਿਲਦਾ। ਜਦੋਂ ਕਦੇ ਲੋੜ ਹੁੰਦੀ ਆ, ਖੇਤ ਮਜਦੂਰ ਸਭਾ ਦੇ ਅਹੁਦੇਦਾਰ ਨੂੰ ਕਹਿ ਦੇਈ ਦਾ ਹੈ ਕਿ ਐਨੇ ਦਿਹਾੜੀਏ ਚਾਹੀਦੇ ਹਨ। ਲੱਤਾਂ ਨੀਂ ਕਢਾਉਣੀਆਂ ਪੈਂਦੀਆਂ। ਦੂਜਿਆਂ ਨਾਲੋਂ ਸਸਤੇ ਤੇ ਕੱਠੇ ਬਾਰ 'ਚ ਆ ਖੜਦੇ

ਆ। ਕੀ ਮਾੜਾ ਸੌਦਾ ਹੈ। ਨਾਲੇ ਥਾਣੇ-ਕਚਹਿਰੀਆਂ 'ਚ ਵੀ ਪੁੱਛ-ਦੱਸ ਹੈ, ਬਈ ਕਾਮਰੇਡ ਆਇਐ। ਕਾਮਰੇਡ ਨੇ ਭੇਤ ਸਾਂਝਾ ਕਰਦਿਆਂ ਗੱਲ ਮੁਕਾਈ।

ਕਮਿਊਨਿਸਟ ਸਾਥ ਦੇ ਕੱਠੇ ਕੀਤੇ ਅਨੁਭਵ ਦਾ ਲਾਹਾ ਲੈਣ ਵਾਲਿਆਂ ਦੀ ਸੂਚੀ ਲੰਮੀ ਹੈ। ਇਨ੍ਹਾਂ 'ਚੋਂ ਦੋ ਸਮਕਾਲੀ ਹਨ। ਇਕ ਕਾਮਰੇਡ ਮੱਖਣ ਸਿੰਘ ਸਰਾਵਾਂ ਤੇ ਦੂਜਾ ਅਜਮੇਰ ਸਿੰਘ। ਦੋਨੋਂ ਲਗਭਗ ਅੱਧੀ ਸਦੀ ਕਾਮਰੇਡਾਂ ਨਾਲ ਫਿਰਦੇ ਰਹੇ। ਫਿਰ ਅਚਾਨਕ ਸੋਝੀ ਆਈ ਤੇ ਯੂ ਕੱਟ ਮਾਰਿਆ। ਇਕ ਬੈਂਕਰ ਬਣ ਗਿਆ, ਦੂਜਾ ਸਿੱਖ ਚਿੰਤਕ, ਪ੍ਰਚਾਰਕ ਅਤੇ ਇਤਿਹਾਸਕਾਰ।

ਛੇਵੇਂ ਦਹਾਕੇ 'ਚ ਮੱਖਣ ਸਰਾਵਾਂ ਨੂੰ ਮੈਂ ਝੱਗੇ-ਪਜਾਮੇ 'ਚ ਫਿਰਦੇ ਦੇਖਿਆ ਸੀ। ਉਦੋਂ ਮੈਂ ਕਾਲਜ 'ਚ ਪੜ੍ਹਦਾ ਸਾਂ। ਦੁਵਰਕੀਆਂ ਤੇ ਰਸਾਲਿਆਂ ਦਾ ਝੋਲਾ ਭਰੀ, ਉਹ ਨਕਸਲੀ ਪਾਰਟੀ ਲਈ ਕੰਮ ਕਰਦਾ ਸੀ। ਉਹ ਜਿਸ ਘਰੇ ਵੀ ਜਾਂਦਾ, ਉਸ ਦਾ ਘਰ ਦੇ ਜੀਆਂ ਵਰਗਾ ਮਾਣ-ਸਤਿਕਾਰ ਹੁੰਦਾ। ਉਸ ਦਾ ਜੀਵਨ ਤਿਆਗੀਆਂ ਵਾਲਾ ਸੀ। ਸ਼ਾਇਦ ਹੀ ਕਦੇ, ਉਸ ਨੇ ਪੈਂਟ-ਕੋਟ ਪਾਇਆ ਹੋਵੇ। ਰੱਜ ਕੇ ਰੋਟੀ ਖਾਧੀ ਹੋਵੇ ਤੇ ਕਾਰ ਦਾ ਹੂਟਾ ਲਿਆ ਹੋਵੇ, ਇਹ ਵੀ ਪੱਕਾ ਨਹੀਂ। ਉਸ ਨੇ ਕਾਮਰੇਡੀ ਛੱਡ ਦਿੱਤੀ, ਉਸ ਦੀ ਤਾਂ ਕਾਇਆ ਕਲਪ ਹੋ ਗਈ। ਉਸ ਨੇ ਫਾਈਨੈਂਸ ਦਾ ਕੰਮ ਵਿੱਢ ਲਿਆ। ਬਹੁਤੇ ਵਿਆਜ ਦਾ ਲਾਲਚ ਦੇ ਕੇ ਪੰਜਾਬ ਦੇ ਸਾਰੇ ਖਬੇਪੱਖੀ ਜਾਣੂੰਆਂ ਦੀ ਜੋੜੀ ਹੋਈ ਮਾਇਆ ਆਵਦੇ ਹੱਥਾਂ ਵਿਚ ਕਰ ਲਈ। ਕਈਆਂ ਵਾਂਗ ਮੈਂ ਵੀ ਮਾਰ ਖਾਧੀ। ਕੁਝ ਸਾਲ ਜੁਗਾੜ ਚਲਦਾ ਰਿਹਾ। ਉਸ ਨੇ ਜੈਨ ਕਾਰ ਲੈ ਲਈ। ਡਰਾਈਵਰ ਰੱਖ ਲਿਆ। ਕੋਟ ਪੈਂਟ ਪਾਉਣਾ ਸ਼ੁਰੂ ਕੀਤਾ। ਵਿਆਹ ਵੀ ਕਰਾਏ। ਜਦੋਂ ਕੋਈ ਉਸ ਦੀ ਬਦਲੀ ਤਰਜ਼-ਏ-ਜ਼ਿੰਦਗੀ ਬਾਰੇ ਉਜ਼ਰ ਕਰਦਾ, ਉਸ ਦਾ ਜੁਆਬ ਹੁੰਦਾ, ਉਹ ਹੁਣ ਵੀ ਅੜਿਆਂ ਥੁੜ੍ਹਿਆਂ ਲਈ ਹੀ ਕੰਮ ਕਰਦਾ ਹੈ। ਜਿਨ੍ਹਾਂ ਨੂੰ ਬੈਂਕ ਥੜੇ ਨੀਂ ਚੜ੍ਹਨ ਦਿੰਦੇ, ਉਹ ਰਿਕਸ਼ੇ ਵਾਲਿਆਂ, ਰੇੜੀ ਵਾਲਿਆਂ ਨੂੰ ਰੁਜਗਾਰ ਲਈ ਬਿਨਾਂ ਜਮਾਨਤ ਲਿਆਂ ਵਿਆਜੂ ਪੈਸੇ ਦਿੰਦਾ ਹੈ। ਪੈਸੇ ਵਾਲਿਆਂ ਨੂੰ ਚੌਵੀ ਪ੍ਰਤੀਸ਼ਤ ਵਿਆਜ। ਏਦੂੰ ਲੋਕ ਭਲਾਈ ਕਿਹੜੀ ਹੋਊ? ਉਹ ਮੋੜਵਾਂ ਸੁਆਲ ਕਰਦਾ। ਫਿਰ ਕੱਠਾ ਕੀਤਾ, ਕਰੋੜਾਂ ਰੁਪਿਆ ਲੈ ਕੇ ਅਲੋਪ ਹੋ ਗਿਆ। ਜਿਹੜਾ ਖੁਦ ਮੁਜਾਹਰੇ ਵਿਚ ਝੰਡਾ ਲੈ ਕੇ ਤੁਰਦਾ ਸੀ, ਉਸ ਖਿਲਾਫ ਰੈਲੀਆਂ ਹੋਣ ਲੱਗੀਆਂ। ਪੁਲਿਸ ਨੇ ਪਰਚਾ ਤਾਂ ਦਰਜ ਕਰ ਲਿਆ ਪਰ ਕਾਰਵਾਈ ਨਾ ਕੀਤੀ। ਉਹ 'ਕਿਰਤੀਆਂ ਦੀ ਮੁਕਤੀ' 'ਚ ਯੋਗਦਾਨ ਤਾਂ ਨਾ ਪਾ ਸਕਿਆ, ਪਰ 'ਨਿਜੀ ਮੁਕਤੀ' ਵਿਚ ਉਸ ਨੇ ਰਿਕਾਰਡ ਸਥਾਪਤ ਕਰ ਦਿੱਤੇ। ਸੁਣਿਐਂ, ਉਹ ਅੱਜ ਕਲ ਕੈਨੇਡਾ ਵਿਚ ਸੈਟਲਡ ਹੈ।

ਸਿੱਖ ਚਿੰਤਕ-ਇਤਿਹਾਸਕਾਰ ਵਜੋਂ ਹੁਣੇ ਹੁਣੇ ਪ੍ਰਸਿੱਧ ਹੋਏ ਅਜਮੇਰ ਸਿੰਘ ਨਾਲ ਨਾਟਕੀ ਮੇਲ ਬਹੁਤ ਵਰ੍ਹੇ ਪਹਿਲਾਂ ਹੋਇਆ ਸੀ। ਅਗਿਆਤ ਗੁਪਤਵਾਸ 'ਚ ਰਹਿੰਦੇ ਕੁਲਵਕਤੀ ਤੋਂ, ਉਸ ਨੇ ਕੌਮਾਂਤਰੀ ਪਛਾਣ ਦਾ ਔਝੜ ਸਫਰ ਤੈਅ ਕੀਤਾ ਹੈ। ਉਨ੍ਹਾਂ ਦਿਨਾਂ ਵਿਚ ਉਹ ਇਕ ਨਕਸਲਾਈਟ ਜਥੇਬੰਦੀ ਦੀ ਆਗੂ ਕਮੇਟੀ ਦਾ ਮੈਂਬਰ ਸੀ। ਉਹ ਮੇਰੇ ਰਾਹੀਂ ਕੋਟਕਪੂਰਾ ਵਿਚ ਕਮਰਾ ਕਿਰਾਏ 'ਤੇ ਲੈਣ ਲਈ ਆਇਆ ਸੀ। ਮੇਰੇ ਵਾਂਗ ਸਹਿਜਧਾਰੀ ਸੀ। ਅਸੀਂ ਕਮਰਾ ਲੈ ਲਿਆ ਤੇ ਉਹ ਦੋ ਬਿਸਤਰੇ ਦੇ ਗਿਆ। ਕੁਝ ਮਹੀਨਿਆਂ ਬਾਅਦ ਕਮਰਾ ਛੱਡ ਦਿੱਤਾ, ਕੁਝ ਜਣਿਆਂ ਨੂੰ ਲੈ ਕੇ ਉਹ ਪ੍ਰੋ. ਹਰਭਜਨ ਸੋਹੀ ਨਾਲੋਂ ਅਲੱਗ ਹੋ ਗਿਆ। ਅਸੀਂ ਉਸ ਵਲ ਉਲਰ ਗਏ। ਸਫਾਂ ਟਰਾਲੀ ਵਾਂਗ ਹੁੰਦੀਆਂ ਹਨ। ਜਿਹਨੂੰ ਮਗਰ ਜੋੜਨਾ ਆਉਂਦੈ, ਉਹ ਆਵਦੇ ਸਿਧਾਂਤ ਦੇ ਟਰੈਕਟਰ ਨਾਲ ਟੋਚਨ ਕਰ ਕੇ ਲੈ ਜਾਂਦਾ ਹੈ। ਭਾਰਤ ਵਿਚ ਸਫਾਂ ਨੂੰ 'ਸੋਚਣਾ' ਨਹੀਂ 'ਮੰਨਣਾ' ਸਿਖਾਇਆ ਜਾਂਦਾ ਹੈ। ਜਿਵੇਂ 'ਸਿਧਾਂਤ' ਕੋਈ 'ਭਾਣੇ' ਵਰਗੀ ਚੀਜ ਹੋਵੇ। ਖਾਲਿਸਤਾਨੀ ਉਭਾਰ ਸਮੇਂ ਕਈ ਸਿੱਖ ਕਾਮਰੇਡ ਕੁਲਵਕਤੀਆਂ ਨੇ ਕਾਮਰੇਡੀ ਝੱਗਾ ਲਾਹ ਕੇ ਕੇਸਰੀ ਬਾਣਾ ਪਾ ਲਿਆ।

ਯੁਗਪੁਰਸ਼ਾਂ ਤੇ ਮਹਾਤੜਾਂ 'ਚ ਇਹੀ ਫਰਕ ਹੈ। ਯੁਗਪੁਰਸ਼ਾਂ ਦਾ ਨਜ਼ਰੀਆ ਉਨ੍ਹਾਂ ਦੀ ਕਾਇਆ ਦਾ ਹਿੱਸਾ ਬਣ ਜਾਂਦਾ ਹੈ। ਉਹ ਉਮਰ ਭਰ ਅੰਦਰੋਂ-ਬਾਹਰੋਂ ਇਕ ਰੰਗ 'ਚ ਰੰਗੇ ਰਹਿੰਦੇ ਹਨ। ਉਹ ਲਹਿਰ ਪੈਦਾ ਕਰਦੇ ਹਨ। ਆਮ ਲੇਖਕਾਂ/ਆਗੂਆਂ ਵਾਂਗ ਨਹੀਂ, ਜੋ ਉਠੇ ਹੋਏ ਉਭਾਰਾਂ ਤੇ ਸਵਾਰ ਹੁੰਦੇ ਹਨ। ਹੁਣ ਸੋਚਦਾ ਹਾਂ, ਪਹਿਲਾਂ ਅਸੀਂ ਪ੍ਰੋ. ਸੋਹੀ ਦੀ ਅਗਵਾਈ 'ਚ ਕੰਮ ਕਰਦੀ ਜਥੇਬੰਦੀ 'ਚ ਕੰਮ ਕਰਦੇ ਰਹੇ, ਫਿਰ ਅਜਮੇਰ ਸਿੰਘ ਤੇ ਪ੍ਰੋ. ਮੇਘ ਨਾਲ ਜੁੜ ਗਏ? ਭਲਾ ਸਫਾਂ 'ਮੰਨਣਾ' ਛੱਡ ਕੇ 'ਸੋਚਣਾ' ਕਦੋਂ ਸ਼ੁਰੂ ਕਰਨਗੀਆਂ? ਕੋਈ ਦੱਸੇ!

ਵਿਸ਼ਵ ਪਧਰ 'ਤੇ ਆਏ ਇਨਕਲਾਬ ਕੁਰਾਹੇ ਪੈ ਗਏ। ਭਾਰਤੀ ਇਨਕਲਾਬ ਜੰਗਲਾਂ 'ਚੋਂ ਬਾਹਰ ਨੀਂ ਆ ਰਿਹਾ। ਕੁਲਵਕਤੀ ਵਜੋਂ ਕੰਮ ਕਰਦੇ ਕਈ ਸਿਆਣੇ ਕਾਮਰੇਡਾਂ ਨੇ ਨੌਕਰੀਆਂ ਲੈ ਲਈਆਂ, ਕਈਆਂ ਨੇ ਦੁਕਾਨਾਂ ਪਾ ਲਈਆਂ। ਕਈ ਟਿਊਸ਼ਨ ਦੇ ਆਹਰ 'ਚ ਲੱਗ ਗਏ। ਜੇ ਇਨਕਲਾਬ ਆਵਦੀ ਜ਼ਿੰਦਗੀ 'ਚ ਨਹੀਂ ਆਉਣਾ ਤਾਂ ਫਿਰ ਭੱਠ ਝੋਕਣ ਦਾ ਕੀ ਫਾਇਦਾ? ਸ਼ਾਇਦ ਅਜਿਹੀ ਸੋਝੀ ਅਚਾਨਕ ਅਜਮੇਰ ਸਿੰਘ ਨੂੰ ਆਈ ਹੋਵੇ। ਉਸ ਨੇ ਪਹਿਲਾਂ ਪਾਰਟੀ ਛੱਡੀ, ਫਿਰ ਮਾਰਕਸਵਾਦ। ਅਖੇ ਇਹ ਪੱਛਮੀ, ਓਪਰਾ ਤੇ ਰਵਾਇਤੀ ਹੈ। ਦੂਜਿਆਂ ਦਾ ਮੂੰਹ ਬੰਦ ਕਰਨ ਲਈ ਉਸ ਨੇ ਮਤੰਡਾ ਵਿਧੀ (ਅਗਲੇ ਦੀ ਡਾਂਗ ਫੜ੍ਹ ਕੇ, ਅਗਲੇ ਦੇ ਸਿਰ ਮਾਰਨੀ) ਵਰਤਣੀ ਸ਼ੁਰੂ ਕਰ ਦਿੱਤੀ ਹੈ। ਮੈਨੂੰ ਇਕ ਵਾਕਿਆ ਯਾਦ ਆ ਰਿਹਾ ਹੈ। ਮੈਂ ਕੋਟਕਪੂਰੇ ਆਪਣੇ ਅਜੀਜ਼ ਦੁਕਾਨਦਾਰ ਰਾਜ ਕੁਮਾਰ ਦੀ ਤੇਲ ਦੀ ਦੁਕਾਨ 'ਤੇ ਬੈਠਾ ਸਾਂ। ਮੜਾਸੇ ਨਾਲ ਸਿਰ ਵਲੇਟੀ ਜਾਂਦੇ ਇਕ ਕਰਜਾਈ ਜਿਮੀਦਾਰ ਨੂੰ ਉਸ ਨੇ ਅਵਾਜ਼ ਮਾਰੀ, 'ਫਲਾਣਾ ਸਿਆਂ, ਕਿਵੇਂ ਮੂੰਹ ਸਿਰ ਲੁਕੋ ਕੇ ਤੁਰਿਆ ਜਾਨੈਂ, ਕਦੇ ਦਰਸ਼ਨ ਨਹੀਂ ਦਿਤੇ?'

ਉਹ ਮਲਕੜੇ ਜਿਹੇ ਦੁਕਾਨ 'ਚ ਆਇਆ ਤੇ ਸਹਿਜ ਭਾਅ ਬੋਲਿਆ, 'ਸੇਠਾ ਮੂੰਹ ਹੀ ਲੁਕੋਣੈ, ਦੇਖ ਲੈਂਦਾ ਤਾਂ ਪੈਸੇ ਹੀ ਮੰਗਣੇ ਸੀ।' ਜਿਮੀਦਾਰ ਨੂੰ ਕੱਚਾ ਕਰਨ ਦੀ ਬਜਾਏ, ਰਾਜ ਕੁਮਾਰ ਖੁਦ ਹੀ ਕੱਚਾ ਹੋ ਗਿਆ। ਕਹਿੰਦਾ, 'ਛੱਡ ਯਾਰ ਪੈਸੇ ਚੰਗੇ ਆ ਤੇਰੇ ਨਾਲੋਂ, ਪਾਣੀ ਧਾਣੀ ਪੀ।' ਇਸ ਤੋਂ ਪਹਿਲਾਂ ਕਿ ਕੋਈ ਉਸ 'ਤੇ ਸੁਆਲ ਕਰੇ ਸ. ਅਜਮੇਰ ਸਿੰਘ ਨੇ ਖੁਦ ਹੀ ਕਹਿਣਾ ਸ਼ੁਰੂ ਕਰ ਦਿੱਤਾ ਕਿ ਉਹ ਸ਼ੁਰੂ ਵਿਚ ਸੰਤਾਂ ਦਾ ਵਿਰੋਧੀ ਸੀ। ਅੱਧੀ ਸਦੀ ਕਾਮਰੇਡਾਂ ਨਾਲ ਖਰਾਬ ਕਰਕੇ, ਅਚਾਨਕ, ਉਸ ਨੂੰ ਸਿੱਖ ਧਰਮ ਦੇ ਮਾਨਵਵਾਦੀ ਪੈਂਤੜੇ ਦੀ ਸਮਝ ਪਈ ਹੈ। ਪਹਿਲਾਂ ਉਹ ਹਨੇਰੇ 'ਚ ਹੀ ਰਿਹਾ। ਕਿਸੇ ਸਿਧਾਂਤ ਨੂੰ ਸਮਝਣ ਲਈ ਕਿੰਨਾ ਸਮਾਂ ਦਰਕਾਰ ਹੈ, ਇਹ ਵੀ ਇਕ ਖੋਜ ਦਾ ਵਿਸ਼ਾ ਹੈ। ਜੇ ਕਿਸੇ ਆਗੂਨੁਮਾ ਬੰਦੇ ਨੂੰ ਗੱਲ ਸਮਝਣ ਲਈ ਕਈ ਦਹਾਕੇ ਲਗ ਸਕਦੇ ਹਨ ਤਾਂ ਸਫਾਂ ਦੀ ਸਮਝਣਯੋਗਤਾ 'ਤੇ ਤਾਂ ਤਰਸ ਹੀ ਕੀਤਾ ਜਾ ਸਕਦਾ ਹੈ।

ਕਾਮਰੇਡੀ ਛੱਡ ਕੇ ਅਕਾਲੀਆਂ 'ਚ ਰਲੇ ਇਕ ਹੋਰ ਸਾਥੀ ਦਾ ਕਹਿਣਾ ਹੈ, ਜਾਤਾਂ, ਨਸਲਾਂ ਤੇ ਬੋਲੀਆਂ 'ਚ ਵੰਡੇ ਕਿਰਤੀਆਂ ਨੂੰ ਕਿਹੜਾ ਲਾਮਬੰਦ ਕਰਦਾ ਫਿਰੇ। ਕੌਮੀ ਭਾਈਚਾਰਕ ਪੈਂਤੜੇ ਦੇ ਬੜੇ ਫਾਇਦੇ ਹਨ। ਇਹ ਕਾਇਨਾਤੀ ਕਿਸਮ ਦੀ ਵਸਤ ਹੈ। ਇਸ ਵਿਚ ਬਾਦਲ ਵੀ ਨਰਾਜ਼ ਨਹੀਂ, ਉਸ ਦਾ ਸਿੱਖ ਰਸੋਈਆ ਤੇ ਸਿੱਖ ਕਾਮਾ ਵੀ ਖੁਸ਼।

ਕਈ ਬੰਦੇ ਇਸ ਨੁਕਤਾ ਨਿਗਾਹ 'ਤੇ ਇਤਰਾਜ ਕਰਦੇ ਹਨ ਕਿ ਅਜੋਕੇ ਆਗੂ ਰੰਗ ਬਹੁਤ ਬਦਲਦੇ ਹਨ। ਤਬਦੀਲੀ ਕੁਦਰਤ ਦਾ ਅਸੂਲ ਹੈ। ਮੇਰਾ ਇਕ ਛੜਾ ਤਾਇਆ ਕਹਿੰਦਾ ਹੁੰਦਾ ਸੀ, ਬੰਦੇ ਨੂੰ ਇੱਕੋ ਜਿੰਦਗੀ ਮਿਲੀ ਹੈ ਤੇ ਉਸ ਨੂੰ ਇਸ ਵਿਚ ਸਾਰੇ ਰੰਗ ਤੇ ਸੁਆਦ ਮਾਣ ਲੈਣੇ ਚਾਹੀਦੇ ਹਨ। ਕਾਮਰੇਡ ਬਣ ਕੇ ਬਾਗੀ ਵੀ ਅਖਵਾ ਲਵੋ, ਵਿਆਹ ਕਰਵਾ ਕੇ ਗ੍ਰਹਿਸਥ ਵੀ ਮਾਣੋ, ਫਿਰ ਸਾਰਾ ਕੁਝ ਛੱਡ ਛੁਡਾ ਕੇ 'ਰੱਬ' ਵੀ ਖੁਸ਼ ਕਰ ਲਵੋ। ਅਜਿਹੇ ਨੁਕਤਾਚੀਨਾਂ ਲਈ ਸਤਿਕਾਰਯੋਗ ਸੰਤ ਮੱਖਣ ਸਿੰਘ ਦਾ ਪ੍ਰਸੰਗ ਸਾਂਝਾ ਕਰਨਾ ਕੁਥਾਂ ਨਹੀਂ ਹੋਵੇਗਾ। ਉਹ ਜੁਆਨੀ ਵਿਚ ਕਾਮਰੇਡ ਸੀ। ਫਿਰ ਸੋਝੀ ਆਈ, ਉਹ ਦੁਨੀਆਂਦਾਰੀ ਤਿਆਗ ਕੇ ਸੰਤ ਬਣ ਗਏ। ਇਕ ਵਾਰ ਸਾਡੇ ਪਿੰਡ ਸਤਿਸੰਗ ਕਰਨ ਆਏ। ਉਨ੍ਹਾਂ ਨੇ ਸੰਗਤ ਨੂੰ ਮਾੜੇ ਕੰਮ ਛੱਡ ਕੇ ਚੰਗੇ ਕਰਨ, ਸਾਦਗੀ, ਸਹਿਜ, ਸੰਜਮ ਰੱਖਣ ਦੀ ਨਸੀਹਤ ਦਿੱਤੀ, ਸਾਰੀਆਂ ਬੀਮਾਰੀਆਂ ਦਾ ਇਲਾਜ ਇਸੇ ਜੀਵਨ ਜਾਚ ਵਿਚ ਹੈ। ਉਸ ਨੇ ਕਿਹਾ ਕਿ ਧਰਮ ਦੇ ਰਾਹ 'ਤੇ ਕਿਸੇ ਵੀ ਦਿਨ, ਕਿਸੇ ਵੀ ਵੇਲੇ ਪਿਆ ਜਾ ਸਕਦਾ ਹੈ। ਨਿੰਦਕਾਂ ਨੂੰ ਚੁੱਪ ਕਰਾਉਣ ਲਈ ਉਸ ਨੇ ਆਪਣੀ ਉਦਾਹਰਣ ਦਿੱਤੀ। ਕਹਿੰਦਾ, 'ਮੈਨੂੰ ਕਈ ਕਹਿਣਗੇ ਪਹਿਲਾਂ ਨਾਸਤਕ ਹੁੰਦਾ ਸੀ, ਹੁਣ ਧਰਮੀ ਬਣਿਆ ਫਿਰਦੈ। ਅਖੇ, ਬਿੱਲੀ ਸੌ ਚੂਹਾ ਖਾ ਕੇ ਹੱਜ ਨੂੰ ਚੱਲੀ। ਮੈਂ ਭਲੇਮਾਣਸਾਂ ਨੂੰ ਪੁਛਨਾਂ ਕਿ ਜੇ ਬਿੱਲੀ ਹੁਣ ਵੀ ਹੱਜ ਨੂੰ ਨਾ ਜਾਵੇ ਤਾਂ ਦੱਸੋ ਤੁਸੀਂ ਬਿੱਲੀ ਦੀ ਕੀ ਪੂਛ ਪੱਟ ਲਓਂਗੇ।

## ਕੜਖੀ ਅੱਖ

# ਸੱਤ ਖਸਮੀ

*(ਸਫਾ 27 ਦੀ ਬਾਕੀ)*

ਕੋਈ ਮਹੀਨੇ ਪਿਛੋਂ ਉਹਦਾ ਫੋਨ ਆਇਆ, "ਤੁਸੀਂ ਆਪਣਾ ਪਤਾ ਦਸੋ, ਮੈਂ ਮਿਲਣ ਆਉਣਾ ਚਾਹੁੰਦੀ ਆਂ।"

ਬੜੇ ਦਿਨ ਲੰਘ ਗਏ ਪਰ ਉਹ ਨਾ ਆਈ, ਨਾ ਮਿਲੀ। ਫਿਰ ਇਕ ਦਿਨ ਅਚਨਚੇਤੀ ਸਾਹਮਣੇ ਆ ਗਈ, "ਮੈਂ ਤੁਹਾਡੇ ਵੱਲ ਆਉਣਾ ਸੀ ਪਰ ਸ਼ਰਮ ਆਉਂਦੀ ਸੀ।"

"ਸ਼ਰਮ? ਮੈਥੋਂ? ਪਰ ਕਾਹਤੇ?" ਮੈਂ ਪੁੱਛਿਆ ਤਾਂ ਆਖਣ ਲਗੀ, "ਗੱਲ ਈ ਅਜਿਹੀ ਸੀ ਪਰ ਤੁਹਾਨੂੰ ਦੱਸਣੀ ਵੀ ਜ਼ਰੂਰੀ ਏ।"

ਮੈਨੂੰ ਲਗਾ ਉਹਨੂੰ ਮਾੜੇ ਜਿਹੇ ਦਿਲਾਸੇ ਦੀ ਲੋੜ ਏ।

"ਚੱਲ ਆ ਘਰ ਚਲੀਏ।" ਮੈਂ ਉਹਦੇ ਮੋਢੇ 'ਤੇ ਹੱਥ ਰੱਖ ਦਿੱਤਾ। ਘਰ ਆ ਕੇ ਵੀ ਉਹ ਰੋਣਹਾਕੀ ਹੋਈ ਮੇਰੇ ਅੱਗੇ ਬੈਠੀ ਰਹੀ। ਮੈਂ ਚਾਹ ਦੀ ਪਿਆਲੀ ਉਹਦੇ ਹੱਥ ਫੜਾ ਕੇ ਉਹਨੂੰ ਮਾੜਾ ਜਿਹਾ ਛੇੜਿਆ- "ਉਸ ਦਿਨ ਵਾਲਾ ਜੂਸ ਤੂੰ ਆਫਰ ਈ ਨਾ ਕੀਤਾ। ਉਹ ਵਿਚਾਰਾ ਬੰਦੇ ਦਾ ਪੁੱਤਰ ਲੈ ਕੇ ਆਇਆ ਤਾਂ ਤੈਨੂੰ ਅਗਾਂਹ ਜਾਣ ਦੀ ਜਲਦੀ ਪੈ ਗਈ।"

"ਹਾਂ ਉਹ। ਮੈਨੂੰ ਪਤਾ ਸੀ ਤੁਸੀਂ ਰਸਤੇ 'ਚ ਖਲੋ ਕੇ ਜੂਸ ਪੀਣਾ ਠੀਕ ਨਹੀਂ ਸਮਝਦੇ।" ਉਹਦੀਆਂ ਅੱਖਾਂ 'ਚ ਦੋ ਅੱਥਰੂ ਚਾਹ ਦੀ ਪਿਆਲੀ ਵਿਚ ਕਿਰ ਗਏ।

"ਉਹ ਹੋ... ਮੈਨੂੰ ਤਾਂ ਪਤਾ ਈ ਨਹੀਂ ਸੀ। ਅੱਥਰੂ ਖੋਰ ਕੇ ਚਾਹ ਬਹੁਤੀ ਮਜ਼ੇਦਾਰ ਹੋ ਜਾਂਦੀ ਏ।" ਮੇਰੇ ਇਸ ਰਿਮਾਰਕ ਉਤੇ ਉਹ ਰੋਂਦੀ-ਰੋਂਦੀ ਹੱਸ ਪਈ। ਮੀਂਹ ਪੈਂਦੇ ਧੁੱਪ ਨਿਕਲ ਆਵੇ ਤਾਂ ਕਾਣੀ ਗਿੱਦੜੀ ਦਾ ਵਿਆਹ ਹੁੰਦਾ ਏ। ਉਹਨੇ ਪਰਸ 'ਚੋਂ ਰੁਮਾਲ ਕੱਢ ਕੇ ਅੱਥਰੂ ਪੂੰਝ ਲਏ। ਮੈਨੂੰ ਲੱਗਾ, ਉਹ ਕੁਝ ਕਹਿਣਾ ਚਾਹੁੰਦੀ ਏ ਪਰ ਸ਼ੁਰੂ ਨਹੀਂ ਕਰ ਸਕਦੀ। ਸੋ ਮੈਂ ਆਪੇ ਈ ਪੁੱਛਿਆ, "ਕੀ ਹਾਲ ਏ ਤੇਰੇ ਉਹਦਾ? ਮੇਰਾ ਮਤਲਬ ਏ ਬੰਦੇ ਦੇ ਪੁੱਤਰ ਦਾ...।"

"ਪਤਾ ਨਹੀਂ", ਉਹ ਹੋਲੀ ਜਿਹੀ ਬੋਲੀ, "ਠੀਕ ਈ ਹੋਣਾ ਏ।"

"ਕਿਉਂ ਉਹ ਤੇਰੇ ਕੋਲ ਨਹੀਂ ਰਹਿੰਦਾ?" ਮੈਂ ਪੁੱਛਿਆ ਤਾਂ ਉਹ ਚੁੱਪ ਜਿਹੀ ਹੋ ਗਈ। ਫਿਰ ਆਪੇ ਬੋਲਣ ਲੱਗ ਪਈ, "ਉਹ ਬੰਦੇ ਦਾ ਪੁੱਤਰ ਨਹੀਂ ਸੀ। ਬਗੈਰ ਦੱਸੇ-ਪੁੱਛੇ ਕਿਸੇ ਜਨੌਰ ਵਾਂਗ ਨੱਸ ਗਿਆ ਘਰੋਂ। ਪੰਜਾਂ-ਸੱਤਾਂ ਦਿਨਾਂ ਪਿਛੋਂ ਕਿਸੇ ਦੇ ਹੱਥ ਆਪਣਾ ਸਮਾਨ ਮੰਗਵਾ ਭੇਜਿਆ। ਮੈਨੂੰ ਤਾਂ ਜਿਵੇਂ ਅੱਗ ਲੱਗ ਪਈ। ਮੇਰਾ ਜੀਅ ਕੀਤਾ, ਬੜਾ ਈ ਜੀਅ ਕੀਤਾ, ਕਿਸੇ ਤਰ੍ਹਾਂ ਇਹ ਅੱਗ ਉਹਨੂੰ ਲੱਗ ਜਾਵੇ। ਕਿਸੇ ਤਰ੍ਹਾਂ ਮੈਂ ਉਹਨੂੰ ਸੜਦੇ ਹੋਏ ਵੇਖਾਂ। ਉਹਦਾ ਭਾਵੇਂ ਪਿੰਡਾ ਈ ਹੋਵੇ, ਕੁਝ ਸੜੇ ਤਾਂ ਸਹੀ। ਮੈਂ ਉਹ ਭਾਂਡੇ ਭੰਨ ਸੁੱਟੇ ਜਿਨ੍ਹਾਂ ਵਿਚ ਉਹ ਖਾਂਦਾ-ਪੀਂਦਾ ਸੀ। ਉਹ ਸਿਰਹਾਣਾ ਸਾੜ ਸੁੱਟਿਆ ਜਿਸ 'ਤੇ ਸਿਰ ਰੱਖ ਕੇ ਸੌਂਦਾ ਸੀ। ਆਪ ਮੇਰਾ ਦਿਲ ਜਿਵੇਂ ਸੜ ਕੇ ਸਵਾਹ ਹੋ ਗਿਆ ਹੋਵੇ।"

" ... "

ਉਹ ਫਿਰ ਬੋਲੀ, "ਵਿਆਹ ਕਰਾਉਂਦਾ ਫਿਰਦਾ ਏ ਪਰ ਮੈਂ ਉਹਨੂੰ ਇਸ ਜੋਗਾ ਛੱਡਣਾ ਨਹੀਂ। ਸਿਰੋਂ ਮਾਰ ਦੇਣਾ ਏ।"

ਮੈਨੂੰ ਲੱਗਾ ਉਹ ਸੱਚੀਂ-ਮੁੱਚੀਂ ਬਹੁਤ ਔਖੀ ਸੀ। ਉਹਦੇ ਅੰਦਰ ਬਦਲੇ ਦੀ ਅੱਗ ਦਾ ਭਾਂਬੜ ਬਲ ਰਿਹਾ ਸੀ। 'ਇੰਜਰਡ ਐਂਡ ਇਨਸਲਟਿਡ'। ਇਹ ਪਹਿਲੀ ਵਾਰ ਹੋਇਆ ਸੀ। ਖਬਰੇ ਪਹਿਲੀ ਵਾਰੀ ਉਹਨੇ ਬਦ-ਦੁਆ ਦੇ ਘੇਰੇ 'ਚੋਂ ਨਿਕਲ ਕੇ ਕਿਸੇ ਮਰਦ ਨੂੰ ਆਪਣਾ ਕੀਤਾ ਸੀ। ਸੱਤ ਖਸਮੀ ਅੱਜ ਉਕਾ ਈ ਉਜੜ ਗਈ ਹੋਈ ਸੀ। ਕੀ ਮਾਂ ਦੀ ਬਦ-ਦੁਆ ਨਾਲ?

***(ਲਿਪੀਅੰਤਰ: ਡਾ. ਸਪਤਾਲ ਕੌਰ)***

ਰੰਗ-ਬੇਰੰਗ

# ਸੁਹਾਵਣਾ ਸਫਰ

***ਮਿਸ਼ੀਗਨ ਸਟੇਟ ਦੀ ਪਤਝੜ ਦਾ ਆਪਣਾ ਹੀ ਇਕ ਨਜ਼ਾਰਾ ਹੈ। ਦੂਰੋਂ ਦੂਰੋਂ ਲੋਕ ਇਸ ਪਤਝੜ ਦੇ ਅਨੋਖੇ ਰੰਗਾਂ ਦਾ ਹੁਸਨ ਮਾਨਣ ਲਈ ਪਹੁੰਚਦੇ ਹਨ। ਬਲਜੀਤ ਬਾਸੀ ਦੀ ਇਹ ਰਚਨਾ ਸਾਡੇ ਪੰਜਾਬੀਆਂ ਦੇ ਸੁਭਾਅ ਅਤੇ ਇਸ ਮੌਸਮ ਪਤਝੜ ਦੇ ਭੂ-ਦ੍ਰਿਸ਼ ਦੀ ਇਕ ਬਹੁਤ ਹੀ ਖੂਬਸੂਰਤ ਝਾਕੀ ਪੇਸ਼ ਕਰਦੀ ਹੈ। ਪਾਠਕਾਂ ਦੀ ਮੰਗ 'ਤੇ ਇਹ ਕਹਾਣੀ ਮੁੜ ਛਾਪ ਰਹੇ ਹਾਂ। -ਸੰਪਾਦਕ***



**ਬਲਜੀਤ ਬਾਸੀ**
**ਫੋਨ: 734-259-9353**

ਘਰ ਵਿਚ ਬਹੁਤ ਘੁਟਣ ਹੋਣ ਲੱਗ ਪਈ ਸੀ। ਸਭ ਉਖੜੇ ਉਖੜੇ ਰਹਿਣ ਲੱਗੇ ਸਨ। ਸਾਰਾ ਟੱਬਰ ਮਾਂ-ਪਿਉ, ਧੀ ਅਤੇ ਪੁੱਤਰ ਜਦੋਂ ਦੇ ਇਸ ਦੇਸ਼ ਵਿਚ ਆਏ ਸਨ, ਬੱਸ ਕੰਮ ਹੀ ਕਰੀ ਜਾ ਰਹੇ ਸਨ। ਬੱਚੇ ਤਾਂ ਕੰਮ ਤੋਂ ਬਿਨਾਂ ਪੜ੍ਹਾਈ ਦਾ ਬੋਝ ਵੀ ਚੁੱਕੀ ਫਿਰ ਰਹੇ ਸਨ। ਘਰ ਵਿਚ ਇਕ ਆਉਂਦਾ, ਇਕ ਜਾਂਦਾ, ਇਕ ਨਹਾਉਣ ਲਗਦਾ ਦੂਜਾ ਨਹਾਉਣ ਲਈ ਬੂਹੇ ਭੰਨਦਾ। ਘਰ ਕਾਹਦਾ ਇਹ ਤਾਂ ਰੈਣਬਸੇਰਾ ਸੀ ਜਿਥੇ ਘੁੰਮ ਘੁੰਮਾ ਕੇ ਸਾਰੇ ਵੇਲੇ-ਕੁਵੇਲੇ ਆਪਣੇ ਆਪ ਨੂੰ ਸੁੱਟ ਦਿੰਦੇ ਸਨ। ਟੱਬਰ ਦੇ ਜੀਅ ਟਕਰਾਉਂਦੇ, ਆਪੋ ਆਪਣੇ ਨਿਸ਼ਾਨਿਆਂ ਵੱਲ ਵਧਦੇ ਸਨ ਪਰ ਇਕ ਦੂਜੇ ਤੋਂ ਟੁੱਟੇ ਹੋਏ, ਬੇਖਬਰ। ਕੋਈ ਦੂਜੇ ਦੀ ਗਤੀ ਵਿਚ ਰੁਕਾਵਟ ਬਣਦਾ ਤਾਂ ਵਢੂੰ-ਖਾਊਂ ਹੋਣ ਲਗਦੀ। ਜ਼ਿੰਦਗੀ ਵਿਚ ਨੀਰਸਤਾ ਵਧ ਰਹੀ ਸੀ। ਬੱਚਿਆਂ ਤੇ ਮਾਪਿਆਂ ਵਿਚਾਲੇ ਪੀੜੀ ਪਾੜੇ ਦੇ ਨਾਲ ਨਾਲ ਨਵੇਂ ਮਾਹੌਲ ਪ੍ਰਤੀ ਨਜ਼ਰੀਏ ਦਾ ਪਾੜਾ ਵੀ ਵਧ ਰਿਹਾ ਸੀ। ਪਤਨੀ ਨੂੰ ਆਪਣੇ ਅੰਦਰ ਨਾਰੀ ਸ਼ਕਤੀ ਦਾ ਲਾਵਾ ਮਹਿਸੂਸ ਹੋਣ ਲੱਗ ਪਿਆ ਸੀ, ਪਤੀ ਵਿਚ ਮਰਦ ਹਉਮੈ ਸਿਰ ਚੁੱਕਣ ਲਗਦੀ ਤਾਂ ਉਹ ਥਾਂਏਂ ਹੀ ਕੱਪ ਦਿੰਦੀ।

ਅਜਿਹੇ ਵਿਗੜੇ ਮਾਹੌਲ ਤੋਂ ਰਾਹਤ ਮਿਲਣੀ ਚਾਹੀਦੀ ਹੈ, ਸਾਰਿਆਂ ਨੂੰ ਅਹਿਸਾਸ ਹੋਣ ਲੱਗਾ ਸੀ। ਜੁਆਨ ਧੀ ਨੇ ਹੀ ਇਕ ਦਿਨ ਕਿਹਾ, "ਸਾਰਾ ਦਿਨ ਆਪਣੇ ਘਰ ਤਾਂ ਖਿਚ ਖਿਚ ਹੁੰਦੀ ਰਹਿੰਦੀ ਹੈ। ਚਲੋ ਇਕ ਦਿਨ ਬਾਹਰ ਘੁੰਮ ਕੇ ਆਈਏ। ਲੇਕ ਤੇ ਪਿਕਨਿਕ ਕਰੀਏ। ਬਾਹਰ ਹੀ ਰਾਤ ਕੱਟਾਂਗੇ, ਮਜ਼ਾ ਆਊ।" ਥੋੜੀ ਚੂੰ ਚਾਂ ਪਿਛੋਂ ਸਾਰੇ ਰਾਜ਼ੀ ਹੋ ਗਏ। ਤਦ ਵੀ ਸੁਭਾਗਾ ਸਨਿਚਰਵਾਰ ਆਉਣ ਵਿਚ ਕਈ ਦਿਨ ਗੁਜ਼ਰ ਗਏ। ਕਿਸੇ ਦੇ ਪਰਚੇ ਹੋ ਰਹੇ ਸਨ, ਕਿਸੇ ਦਾ ਓਵਰਟਾਈਮ ਲੱਗਾ ਸੀ ਤੇ ਕਿਸੇ ਦਿਨ ਪ੍ਰਾਹੁਣੇ ਆਉਣੇ ਸਨ।

ਮੈਕਨਾ ਸਿਟੀ ਜਾਣ ਦੀ ਸਲਾਹ ਬਣੀ। ਪਤਝੜ ਵਿਚ ਮਿਸ਼ੀਗਨ ਦੇ ਦਰਖਤ ਜੋ ਨਿਸ ਦਿਨ ਰੰਗ ਬਦਲਦੇ ਹਨ, ਉਨ੍ਹਾਂ ਦਾ ਭਰਪੂਰ ਨਜ਼ਾਰਾ ਇਸ ਪੱਟੀ ਤੋਂ ਬਿਨਾਂ ਸ਼ਾਇਦ ਹੀ ਦੁਨੀਆਂ ਵਿਚ ਹੋਰ ਕਿਧਰੇ ਦਰਕਾਰ ਹੋਵੇ। ਕੈਲਮਜ਼ੂ ਤੋਂ ਮੈਕਨਾ ਸਿਟੀ ਦਾ ਫੇਰਾ ਭਾਵੇਂ ਸਾ ਦਿਹਾੜੀ ਲੱਗ ਸਕਦਾ ਹੈ ਪਰ ਥੁਕੜੇ ਲਾਉਣ ਵਾਲੀ ਗੱਲ ਨਹੀਂ ਕਰਨੀ। ਰਾਤ ਮੈਕਨਾ ਆਈਲੈਂਡ ਵਿਚ ਗੁਜ਼ਾਰਨ ਦੀ ਖੁਸ਼ੀ ਵਾਸਤੇ ਜੇਬ ਕੁਝ ਢਿੱਲ੍ਹੀ ਕਰਨੀ ਪਵੇਗੀ। ਮਾਂ ਪਿਉ ਧੰਨ ਧੰਨ ਹੋ ਗਏ, ਉਨ੍ਹਾਂ ਦੀ ਧੀ ਜ਼ਿਮੇਵਾਰੀ ਨਿਭਾਉਣੀ ਸਿੱਖ ਰਹੀ ਸੀ। ਮਾਂ ਨੇ ਸਾਰਿਆਂ ਦੇ ਉਠਣ ਤੋਂ ਪਹਿਲਾਂ ਹੀ ਆਲੂ ਵਾਲੇ ਪਰੌਂਠੇ ਬਣਾ ਲਏ ਤੇ ਦਹੀਂ, ਅਚਾਰ ਤੇ ਹੋਰ ਨਿਕਸੁਕ ਬੈਗ ਵਿਚ ਲਪੇਟ ਲਏ। ਉਹ ਪਰੌਂਠਿਆਂ ਦਾ ਸਰਪਰਾਈਜ਼ ਦੇਣਾ ਚਾਹੁੰਦੀ ਸੀ। ਕੁਝ ਪੌਪ ਆਈਸ ਬਾਕਸ ਵਿਚ ਰੱਖ ਲਏ ਤੇ ਖੂਬ ਸਾਰੀ ਚਾਹ ਬਣਾ ਕੇ ਥਰਮਸ ਭਰ ਲਈ, ਮਲਕੜੇ ਜਿਹੇ ਸਾਰਾ ਕੁਝ ਕਾਰ ਦੀ ਸੀਟ ਦੇ ਹੇਠਾਂ ਲੁਕੋ ਲਿਆ। ਸਭਨਾਂ ਦੇ ਮੂੰਹ ਦਗ ਦਗ ਕਰ ਰਹੇ ਸਨ।

ਘਰੋਂ ਬਾਹਰ ਨਿਕਲ ਕੇ ਤਾਲਾ ਲਾਉਣ ਲੱਗੇ ਤਾਂ ਪਿਉ ਨੂੰ ਠੰਡੇ ਮੌਸਮ ਦੀ ਤਪਸ਼ ਨੇ ਕੀਲ ਲਿਆ। ਸਹਿਜ ਸੁਭਾਅ ਉਸ ਦੇ ਮੂੰਹੋਂ ਨਿਕਲਿਆ, "ਚੰਗਾ ਹੁੰਦਾ ਜੇ 'ਸੁਹਾਨਾ ਸਫਰ ਔਰ ਯੇ ਮੌਸਮ ਹੁਸੀਨ' ਗਾਣੇ ਵਾਲੀ ਟੇਪ ਲੈ ਚਲਦੇ। ਘਰੇ ਨਹੀਂ ਤਾਂ ਕਿਧਰੋਂ ਡਊਨਲੋਡ ਕਰ ਲਓ।" ਪੁੱਤਰ ਇਕ ਦਮ ਚੌਂਕ ਪਿਆ, "ਪਾਪਾ ਤੁਹਾਡੇ ਟੇਸਟ ਬੁੜਿਆਂ ਵਾਲੇ ਹੀ ਰਹੇ, ਕਦੇ ਕੋਈ ਨਵੀਂ ਚੀਜ਼ ਵੀ ਸਿੱਖ ਲਿਆ ਕਰੋ। ਅਸੀਂ ਨਹੀਂ ਸੁਣਨਾ ਬੁੜਿਆਂ ਦਾ ਗਾਣਾ।" ਪਿਉ ਦੀ ਕੰਨ ਝਾੜ ਹੋਣ ਪਿਛੋਂ ਮਾਂ ਨੂੰ ਕਾਰ ਦੀ ਸਲਾਮਤੀ ਦਾ ਫਿਕਰ ਹੋਇਆ, "ਬੇਟਾ ਕੱਲ ਕਾਰ ਦੀ ਹਵਾ ਤੇ ਤੇਲ ਵਗੈਰਾ ਚੈਕ ਕਰਵਾ ਲਏ ਸੀ?" ਧੀ ਦੀਆਂ ਅੱਖਾਂ ਤੇਜ਼ੀ ਨਾਲ ਖੁਲ੍ਹੀਆਂ ਬੰਦ ਹੋਈਆਂ, "ਆਪਾਂ ਕਿਹੜਾ ਕੈਲੀਫੋਰਨੀਆ ਚਲੇ ਹਾਂ ਕਿ ਕਾਰ ਦਾ ਸਾਰਾ ਕੁਝ ਚੈਕ ਕਰਾਉਂਦੇ ਫਿਰੀਏ। ਆਹ ਖੜਾ ਮੈਕਨਾ ਸਿਟੀ।"

ਮਾਂ ਨੇ ਠੇਸ ਮਹਿਸੂਸ ਕੀਤੀ, "ਨਿਆਣੇ ਤਾਂ ਚਾਰੇ ਖੁਰ ਚੁਕ ਕੇ ਪੈ ਜਾਂਦੇ ਆ ਜੇ ਕੋਈ ਕੰਮ ਦੀ ਗੱਲ ਕਹੀਏ। ਢੋਡਰ ਤੇ ਮੱਖੀ ਨਹੀਂ ਬਹਿਣ ਦੇਂਦੇ।" ਧੀ ਨੱਕ 'ਚੋਂ ਠੂਹੇਂ ਸੁਟ ਰਹੀ ਸੀ ਕਿ ਪਿਉ ਨੇ ਕਾਰ ਚਲਾਉਣ ਲਈ ਚਾਬੀਆਂ ਮੰਗ ਲਈਆਂ। ਦੋਨੋਂ ਧੀ-ਪੁੱਤ ਇਕੋ ਵੇਲੇ ਚਿਲਕੇ, "ਜੂੰ ਦੀ ਚਾਲੇ ਤਾਂ ਤੁਸੀਂ ਕਾਰ ਚਲਾਉਂਦੇ ਹੋ, ਕਿਹੜੇ ਵੇਲੇ ਮੈਕਨਾ ਸਿਟੀ ਪਹੁੰਚਾਂਗੇ?" ਪਿਉ ਨੇ ਪਾਸਾ ਵੱਟ ਲਿਆ। ਫਿਰ ਭੈਣ-ਭਰਾ ਵਿਚ ਤਣ ਗਈ। ਉਹ ਕਹਿੰਦੀ ਮੈਂ ਕਾਰ ਚਲਾਉਣੀ, ਉਹ ਕਹਿੰਦਾ ਮੈਂ। ਪਿਉ ਨੇ ਝਿੜਕਣ ਵਾਲੀ ਧੁਨੀ ਕਢੀ, "ਛੋਕਰਖਾਨਾ ਗੱਡੀ ਚਲਾਉਣ ਪਿਛੇ ਹੀ ਹਰ ਵੇਲੇ ਲੜੀ ਜਾਂਦਾ ਐ। ਅਧੀ ਅਧੀ ਵਾਟ ਨਹੀਂ ਚਲਾ ਸਕਦੇ?" ਉਸ ਨੇ ਕੁੜੀ ਵੱਲ ਕਾਰ ਸਟਾਰਟ ਕਰਨ ਦਾ ਇਸ਼ਾਰਾ ਕੀਤਾ। ਵਿਸ ਘੋਲਦਿਆਂ ਭਰਾ ਨੇ ਚਾਬੀਆਂ ਭੈਣ ਦੇ ਮੱਥੇ ਮਾਰੀਆਂ ਤੇ ਖੜਾਚ ਕਰਦਾ ਡਰਾਈਵਰ ਦੇ ਨਾਲ ਵਾਲੀ ਸੀਟ 'ਤੇ ਬੈਠ ਗਿਆ। ਚਾਬੀਆਂ ਸੁੱਟਣ ਦੀ ਹਰਕਤ ਤੋਂ ਤੜਫੀ ਭੈਣ ਭਰਾ 'ਤੇ ਟੁੱਟ ਪਈ, "ਅਕਲ ਨਹੀਂ ਤੈਨੂੰ, ਸਟੂਪਿਡ ਕਿਸੇ ਥਾਂ ਦਾ।"

ਹਫੜਾ-ਦਫੜੀ ਵਿਚ ਉਸ ਤੋਂ ਕਾਰ ਦੀ ਕੀਲੀ ਜ਼ੋਰ ਨਾਲ ਨੱਪੀ ਗਈ। ਹੁਝਕੇ ਨਾਲ ਸਟਾਰਟ ਹੁੰਦੀ ਕਾਰ ਸਾਹਮਣੇ ਲੈਟਰ ਬਕਸ ਵਿਚ ਵੱਜਣਹ ਹੀ ਲੱਗੀ ਸੀ ਕਿ ਉਸ ਨੇ ਹੁਸ਼ਿਆਰੀ ਨਾਲ ਸੰਭਾਲ ਲਈ। "ਹੋਰ ਚਲਵਾ ਲਓ ਇਸ ਤੋਂ ਕਾਰਾਂ। ਹਰ ਵੇਲੇ ਇਸੇ ਦੀ ਈਨ ਮੰਨਦੇ ਰਹਿੰਦੇ ਹੋ।" ਭਰਾ ਨੂੰ ਭੈਣ ਦੀ ਕੁਤਾਹੀ ਤੋਂ ਅਵੈੜਾ ਸੁਆਦ ਆਇਆ। ਪਰ ਮਾਂ ਭੈਅਮਾਨ ਹੋਣ ਲੱਗੀ, "ਪੂਰੀਆਂ ਪਾ ਦੇਵੋਗੇ ਤੁਸੀਂ ਭੈਣ-ਭਰਾ, ਇਸੇ ਕਰਕੇ ਮੈਂ ਇਨ੍ਹਾਂ ਜੁਆਕੜਿਆਂ ਨਾਲ ਕਿਤੇ ਜਾਣ ਲਈ ਰਾਜ਼ੀ ਨਹੀਂ ਹੁੰਦੀ।"

"ਜ਼ਰਾ ਮੂੰਹ ਬੰਦ ਵੀ ਰੱਖ ਲਿਆ ਕਰ, ਹਰ ਵੇਲੇ ਇਨ੍ਹਾਂ 'ਤੇ ਚੜ੍ਹੀ ਹੀ ਰਹਿੰਦੀ ਏਂ।" ਪਿਉ ਨੇ ਤਿੱਖੀ ਗੱਲ ਧੀਮੀ ਸੁਰ 'ਚ ਕਹੀ।

ਉਹ ਅਜੇ ਘਰੋਂ ਨਿਕਲ ਕੇ ਸੜਕ 'ਤੇ ਚੜ੍ਹੇ ਹੀ ਸਨ ਕਿ ਮੁੰਡੇ ਨੇ ਉਚੀ ਕਰਕੇ ਅੰਗਰੇਜ਼ੀ ਮਿਊਜ਼ਿਕ ਚਲਾ ਦਿੱਤਾ। "ਲਾ ਦਿੱਤੀ ਨਾ ਢੀਂ ਢੀਂ, ਬੰਦ ਕਰ ਇਸ ਨੂੰ, ਮੇਰੇ ਕੰਨ ਪਾਟਦੇ ਆ।" ਮਾਂ ਨੇ ਕੰਨਾਂ ਨੂੰ ਹੱਥਾਂ ਨਾਲ ਨੱਪਦਿਆਂ ਜ਼ੋਰਦਾਰ ਉਜ਼ਰ ਕੀਤਾ। "ਆਵਾਜ਼ ਜ਼ਰਾ ਹੌਲੀ ਨਹੀਂ ਕਰ ਸਕਦਾ ਤੂੰ, ਕਿਉਂ ਸਾਰਿਆਂ ਦਾ ਸਿਰ ਚੱਟਣਾ ਲਿਆ।" ਚੁਫੇਰਗੜ੍ਹੀਆ ਬਣਿਆ ਪਿਉ ਖੁਦ ਢੀਂ ਢੀਂ ਤੋਂ ਬਹੁਤ ਸਤਿਆ ਪਿਆ ਸੀ। "ਤੂੰ ਥੋੜੀ ਦੇਰ ਸ਼ਬਦ ਲਾ ਦੇ, ਇਨ੍ਹਾਂ ਦੇ ਹਿਰਦੇ ਠੰਡੇ ਹੋ ਜਾਣਗੇ।" ਭੈਣ ਟਿਕ-ਟਿਕਾ ਲੋੜਦੀ ਸੀ। ਭਰਾ ਨੇ ਵੌਲਿਊਮ ਧੀਮਾ ਕਰ ਦਿੱਤਾ ਪਰ ਸ਼ਬਦਾਂ ਵਾਲੀ ਗੱਲ ਨਾ ਮੰਨੀ।

ਕੁਝ ਪਲ ਹੀ ਸ਼ਾਂਤੀ ਦੇ ਗੁਜ਼ਰੇ ਸਨ ਕਿ ਪਤੀ ਨੇ ਨਾਲ ਲਿਆਂਦੀ ਅਖਬਾਰ ਖੋਲ੍ਹ ਲਈ। ਪਤਨੀ ਨੇ ਕਹਿਰੀ ਅੱਖ ਨਾਲ ਦੇਖਦਿਆਂ ਝਪਟਾ ਮਾਰ ਕੇ ਅਖਬਾਰ ਖੋਹ ਲਈ। "ਮੌਕਾ ਲਗਦੇ ਹੀ ਅਖਬਾਰ ਹੀ ਖੋਲ੍ਹ ਕੇ ਬਹਿ ਜਾਂਦੇ ਹੋ, ਐਧਰ ਭਲਾ ਕੌਣ ਪੜ੍ਹਦਾ ਅਖਬਾਰ। ਕਦੇ ਉਰੇ ਪਰੇ ਵੀ ਝਾਕ ਲਿਆ ਕਰੋ। ਦੇਖਿਆ ਨਹੀਂ ਮੇਰਾ ਨਵਾਂ ਟੌਪ? ਕਲ੍ਹ ਹੀ ਤਾਂ ਮਾਲ ਤੋਂ ਲੈ ਕੇ ਆਈ ਹਾਂ।" ਮੂਡ ਵਿਚ ਆਈ ਪਤਨੀ ਪਤੀ ਦਾ ਧਿਆਨ ਖਿਚਣਾ ਲੋਚਦੀ ਸੀ ਪਰ ਨਵਾਂ ਟੌਪ ਦੇਖਦੇ ਹੀ ਪਤੀ ਦੀਆਂ ਅੱਖਾਂ 'ਚ ਖੂਨ ਉਤਰ ਆਇਆ, "ਹਰ ਵੇਲੇ ਘਰ ਦਾ ਉਜਾੜਾ ਹੀ ਕਰੀ ਜਾਊ, ਜਦੋਂ ਦੇਖੋ ਮਾਲ, ਜਦੋਂ ਦੇਖੋ ਮਾਲ। ਤੂੰ ਹੁਣ ਕੱਲ੍ਹ ਦੀ ਜੁਆਕੜੀ ਏਂ ਪਈ ਤੈਨੂੰ ਨਿੱਤ ਨਵੇਂ ਟੌਪ ਚਾਹੀਦੇ?"

"ਮੁਰਦਾ ਬੋਲੂ ਖੱਫਣ ਪਾੜੂ। ਏਸ ਆਦਮੀ ਤੋਂ ਕਦੇ ਜ਼ਨਾਨੀ ਦੀ ਤਰੀਫ਼ ਸਰੀ? ਨਾ, ਕਦੇ ਵੀ ਨਾ। ਹਰ ਵੇਲੇ ਪੈਸਾ ਜੋੜਨ ਦੀ ਲੱਗੀ ਰਹੂ। ਤੁਹਾਡੇ ਤੋਂ ਜਾਦੇ ਤਾਂ ਮੈਂ ਡਾਲਰ ਕਮਾਉਂਦੀ ਹਾਂ। ਜਦ ਦੇ ਆਏ ਇਕ ਟੁੱਟੜ ਜਿਹੀ ਕੰਪਨੀ ਵਿਚ ਚੁੰਬੜੇ ਹੋਏ ਹੋ।" ਪਤਨੀ ਨੇ ਪਤੀ ਦੀ ਦੁਖਦੀ ਰਗ 'ਤੇ ਉਂਗਲ ਧਰੀ ਤਾਂ ਪਤੀ ਭੁੜਕ ਡੰਡਿਓਂ ਪਾਰ ਗਿਆ, "ਬਕਵਾਸ ਬੰਦ ਕਰ, ਹਰ ਵੇਲੇ ਮੇਰੀ ਜੌਬ ਦਾ ਮਖੌਲ ਉਡਾਉਂਦੀ ਰਹਿੰਨੀ ਏਂ। ਇੰਡੀਆ ਵਿਚ ਮੈਂ ਲੱਖਾਂ ਕਮਾਏ, ਤੂੰ ਤਾਂ ਬਣ ਠਣ ਕੇ ਪਥੱਲਾ ਮਾਰੀ ਬੈਠੀ ਰਹਿੰਦੀ ਸੀ।"

ਮਾਂ ਪਿਉ ਦੀ ਘੈਂਸ ਘੈਂਸ ਸੁਣ ਕੇ ਦੁਖੀ ਹੋਈ ਧੀ ਬੋਲੀ, "ਜਦੋਂ ਦੇਖੋ ਲੜਦੇ ਹੀ ਰਹਿੰਦੇ ਹੋ, ਮੈਂ ਤਾਂ ਲੱਗੀ ਕਾਰ ਘਰ ਵੱਲ ਨੂੰ ਮੋੜਨ।" ਧੀ ਦੀ ਆਵਾਜ਼ 'ਚੋਂ ਮਾਯੂਸੀ ਟਪਕਦੀ ਸੀ। ਪਰ ਪੁੱਤਰ ਨੂੰ ਜੁਗਤ ਸੁਝੀ। ਉਸ ਨੇ ਰਾਮ ਰੌਲੇ ਨੂੰ ਡੋਬਣ ਲਈ ਸੀਡੀ ਪਲੇਅਰ ਮੁੜ ਫੁੱਲ ਵੌਲਿਊਮ 'ਤੇ ਕਰ ਦਿੱਤਾ। ਕਾਰ ਵਿਚ ਕੁਝ ਪਲਾਂ ਲਈ ਕੁਹਰਾਮ ਜਿਹਾ ਮਚ ਗਿਆ।

ਕਾਰ ਹਾਈਵੇ 'ਤੇ ਚੜ੍ਹ ਗਈ। ਆਲੇ ਦੁਆਲੇ ਦੂਰ ਤੱਕ ਰੰਗ ਬਰੰਗੇ ਦਰਖਤਾਂ ਦੀ ਵਹਿਸ਼ਤ ਛਾਈ ਪਈ ਸੀ। ਅਜਿਹੇ ਮੰਜ਼ਰ ਨੂੰ ਦੇਖ ਕੇ ਮੁਰਦੇ ਵੀ ਜਾਗ ਸਕਦੇ ਸਨ। ਕੁੜੀ ਨੇ ਸਭ ਦਾ ਧਿਆਨ ਰੰਗੀਨੀਆਂ ਵੱਲ ਦੁਆਇਆ ਕਿ ਉਸ ਦਾ ਭਰਾ ਬੋਲ ਉਠਿਆ, "ਮੈਂ ਤਾਂ ਮੈਕਡੌਨਲਡ ਖਾਣਾਂ, ਮੈਨੂੰ ਬਹੁਤ ਭੁਖ ਲੱਗੀ ਹੈ।" "ਕੋਹ ਨਾ ਚੱਲੀ ਬਾਬਾ ਤਿਹਾਈ।" ਪਿਉ ਨੇ ਮੁਹਾਵਰੇ ਨਾਲ ਮੁੰਡੇ ਦੀ ਭੁਖ ਦਾ ਮਜ਼ਾਕ ਉਡਾਇਆ ਪਰ ਪੁੱਤਰ ਘਟ ਨਹੀਂ ਸੀ, "ਪਾਪਾ ਕੀ ਹਰ ਵੇਲੇ ਗੂੜ੍ਹ ਪੰਜਾਬੀ ਬੋਲਦੇ ਰਹਿੰਦੇ ਹੋ, ਕਦੇ ਕੋਈ ਏਧਰ ਦੀ ਗੱਲ ਵੀ ਸਿੱਖ ਲਿਆ ਕਰੋ। ਮੈਂ ਤਾਂ ਮੈਕਡੌਨਲਡ ਖਾਊਂਗਾ। ਤੁਹਾਨੂੰ ਬੁੜ੍ਹਿਆਂ ਨੂੰ ਤਾਂ ਕਦੇ ਭੁਖ ਲੱਗਣੀ ਹੀ ਨਹੀਂ।" ਪਤਨੀ ਨੇ ਇਸ ਗੱਲੋਂ ਪਤੀ ਨਾਲ ਇਕਜੁਟਤਾ ਪ੍ਰਗਟਾਈ, "ਇਹਨੂੰ ਤਾਂ ਹਰ ਦਮ ਭੋਖੜਾ ਹੀ ਪਿਆ ਰਹਿੰਦਾ; ਜੰਕ ਫੂਡ ਚਰਨ ਦਾ ਬੱਸ ਬਹਾਨਾ ਮਿਲਣਾ ਚਾਹੀਦਾ। ਅਜੇ ਹੁਣ ਤਾਂ ਘਰੋਂ ਚੱਲੇ ਹਾਂ।" ਧੀ ਨੇ ਆਪਣੇ ਘੋੜੇ ਭਜਾ ਦਿੱਤੇ, "ਮੈਂ ਤਾਂ ਸਬਵੇ ਖਾਵਾਂਗੀ, ਮੈਕਡੌਨਲਡ 'ਚ ਤਾਂ ਸੁਧਾ ਫੈਟ ਹੁੰਦਾ।" ਹਾਲਾਤ ਵਿਗੜਦੇ ਦੇਖ ਕੇ ਪਿਉ ਨੇ ਫਿਰ ਸਮਝੌਤਾਵਾਦੀ ਰੁਖ ਲਿਆ, "ਖਾ ਲਿਓ ਜੋ ਖਾਣਾਂ ਪਰ ਕੁਸ਼ ਵਾਟ ਤਾਂ ਨੰਘਣ ਦਿਓ। ਨਾਲੇ ਸਵੇਰਾ ਤਾਂ ਪਚ ਲੈਣ ਦਿਓ।"



ਸਾਹਮਣੇ ਮੈਕਡੌਨਲਡ ਦੇ ਸਾਈਨਬੋਰਡ ਦੇਖ ਕੇ ਪੁਤਰ ਦੇ ਮੂੰਹ ਵਿਚਲਾ ਪਾਣੀ ਨਦੀ ਬਣ ਕੇ ਵਹਿ ਤੁਰਿਆ ਤੇ ਉਸ ਨੇ ਭੈਣ ਨੂੰ ਕਾਰ ਮੋੜਨ ਲਈ ਕਿਹਾ। ਪਰ ਉਹ ਅੜ ਗਈ, "ਨਹੀਂ ਮੋੜਦੀ ਮੈਂ ਇਸ ਐਗਜ਼ਿਟ ਤੋਂ ਕਾਰ, ਇਥੇ ਸਬਵੇ ਨਹੀਂ ਹੈ। ਤੂੰ ਥੋੜਾ ਹੋਰ ਵੇਟ ਨਹੀਂ ਕਰ ਸਕਦਾ?"

ਭੈਣ-ਭਰਾ ਆਪਸ ਵਿਚ ਉਲਝੇ ਦੇਖ ਕੇ ਪਿਉ ਦਾ ਹੱਥ ਕਈ ਵਾਰੀ ਅਖਬਾਰ ਦੀ ਤਰਫ਼ ਵਧਦਾ ਪਰ ਪਤਨੀ ਦੀ ਝਾਕਣੀ ਅਖਬਾਰ ਛੂਹਣ ਤੱਕ ਨਾ ਦਿੰਦੀ ਤੇ ਉਹ ਬਾਹਰ ਦੌੜਦੀਆਂ ਗੱਡੀਆਂ ਤੇ ਰੰਗਲੇ ਰੁੱਖਾਂ ਵੱਲ ਤੱਕਣ ਲੱਗ ਜਾਂਦਾ। ਪਤਨੀ ਅੰਦਰੋ ਅੰਦਰੀ ਕੁੜ੍ਹ ਰਹੀ ਸੀ, ਉਸ ਨੂੰ ਬੈਗ 'ਚ ਰੱਖੇ ਪਦਾਰਥਾਂ ਦੀ ਇਜ਼ਤ ਦਾ ਖਿਆਲ ਆ ਰਿਹਾ ਸੀ। ਉਸ ਤੋਂ ਰਿਹਾ ਨਾ ਗਿਆ, "ਕੋਈ ਸੜਾ-ਸਬਵੇ, ਮੜਾ-ਮੈਕਡੌਨਲਡ ਨਹੀਂ ਖਾਣਾ, ਮੈਂ ਆਲੂ ਦੇ ਪਰੌਂਠੇ ਲਿਆਂਦੇ ਆ, ਸਾਰੇ ਚਾਹ ਨਾਲ ਖਾਵਾਂਗੇ। ਬਾਕੀ ਦੇ ਧੁਰ ਜਾ ਕੇ ਦਹੀਂ ਨਾਲ ਖਾਵਾਂਗੇ।"

"ਫੇਰ ਲੈ ਆਏ ਮਨਹੂਸ ਪਰੌਂਠੇ? ਮੈਂ ਨਹੀਂ ਖਾਣੇ ਇਹ। ਆਪੇ ਖਾਂਦੇ ਫਿਰੋ ਆਪਣੀਆਂ ਖੁਰਾਕਾਂ।" ਪੁੱਤਰ ਟਲਣ ਵਾਲਾ ਨਹੀਂ ਸੀ ਪਰ ਧੀ ਦੋ ਮਾਸ਼ੇ ਵਧ ਨਿਕਲੀ। ਸ਼ੀਸ਼ਾ ਥੱਲੇ ਸਰਕਾਉਂਦਿਆਂ ਬੋਲੀ, "ਮੈਂ ਨਾ ਕਹਾਂ ਕਾਰ ਵਿਚੋਂ ਕਾਹਦੀ ਮੁਸ਼ਕ ਆਉਣ ਡਹੀ ਆ। ਪੁੱਤ ਤੁਹਾਡਾ ਠੀਕ ਕਹਿੰਦਾ, ਬਾਹਰ ਨਿਕਲ ਕੇ ਵੀ ਤੁਹਾਨੂੰ ਰੋਟ ਹੀ ਸੁਝਦੇ ਆ। ਸਾਡਾ ਜੋ ਜੀਅ ਕੀਤਾ ਅਸੀਂ ਖਾਵਾਂਗੇ। ਕੋਈ ਜ਼ਬਰਦਸਤੀ ਥੋੜੀ ਹੈ!"

"ਘਰ ਕਿਹੜਾ ਤੁਸੀਂ ਘਰ ਦੀਆਂ ਚੀਜ਼ਾਂ ਸ਼ੌਕ ਨਾਲ ਖਾਂਦੇ ਓ, ਤੁਹਾਡੀ ਮਾਂ ਏਨੀ ਮਿਹਨਤ ਨਾਲ ਸੁਆਦੀ ਪਰੌਂਠੇ ਬਣਾ ਕੇ ਲਿਆਈ ਆ।" ਪਿਉ ਦੀ ਹਾਲਤ ਪਤਲੀ ਪੈ ਰਹੀ ਸੀ ਪਰ ਮਾਂ ਦਾ ਤਾਂ ਰਿਹਾ ਹੀ ਕੁਝ ਨਹੀਂ ਸੀ, "ਜੀਭ ਦੇਖੋ ਇਸ ਦੀ ਕਿਵੇਂ ਲੁਤਰ ਲੁਤਰ ਚੱਲਦੀ ਹੈ। ਮੈਂ ਤਾਂ ਪਛਤਾਉਂਦੀ ਆਂ ਕਿਉਂ ਇਨ੍ਹਾਂ ਜਿਣਸਾਂ ਨੂੰ ਏਧਰ ਲੈ ਕੇ ਆਏ। ਚਾਰ ਦਿਨ ਅਮਰੀਕਾ ਕੀ ਦੇਖ ਲਿਆ, ਘਰ ਦੀ ਪੱਕੀ ਚੀਜ਼ ਤੇ ਨੱਕ ਹੀ ਨਹੀਂ ਧਰਦੇ। ਮੈਂ ਏਨੀ ਰੀਝ ਨਾਲ ਪਰੌਂਠੇ ਪਕਾਏ ਆ ਤੇ ਇਹ ਰਕਾਨਣ ਕਹਿੰਦੀ ਮੁਸ਼ਕ ਆਉਂਦਾ। ਇਕ ਵਾਰੀ ਆਖ ਦਿੱਤਾ, ਕੋਈ ਰੈਸਟ ਏਰੀਆ ਆਇਆ ਕਾਰ ਮੋੜ ਲਿਓ।"

ਪਰ ਏਨੇ ਨੂੰ ਇਕ ਐਗਜ਼ਿਟ ਆ ਗਿਆ ਜਿਥੇ ਮੈਕਡੌਨਲਡ ਤੇ ਸਬਵੇ-ਦੋਨਾਂ ਦੇ ਸਾਈਨ ਸਨ। ਧੀ ਨੇ ਬੇਝਿਜਕ ਕਾਰ ਮੋੜ ਲਈ। ਮਾਂ ਗਰਜੀ, "ਕਿਉਂ ਮੋੜੀ ਹੈ ਤੂੰ ਕਾਰ ਏਧਰ, ਤੈਨੂੰ ਕਿਹਾ ਨਹੀਂ, ਅਸੀਂ ਨਹੀਂ ਖਾਣਾ ਇਹ ਕੂੜ ਕਬਾੜ। ਗੰਦੀ ਔਲਾਦ, ਕਦੀ ਕਿਸੇ ਦੀ ਨਹੀਂ ਮੰਨਦੀ।" ਪਤੀ ਨੂੰ ਵੀ ਸਿੰਘਾਸਣ ਡੋਲਦਾ ਪ੍ਰਤੀਤ ਹੋਇਆ, "ਮੈਂ ਤਾਂ ਪਹਿਲਾਂ ਈ ਕਿਹਾ ਸੀ, ਤੁਸੀਂ ਇਨ੍ਹਾਂ ਨਾਲ ਦੋ ਕਦਮ ਨਹੀਂ ਚੱਲ ਸਕਦੇ। ਹੁਣੇ ਇਸ ਤਰ੍ਹਾਂ ਕਰਦੇ ਆ ਬੁਢੇ ਵਾਰੇ ਕੀ ਹਾਲ ਕਰਨਗੇ ਸਾਡਾ?"

"ਪਤਾ ਨਹੀਂ ਕੀ ਬੋਲਦੇ ਰਹਿੰਦੇ...ਤੁਸੀਂ ਜੋ ਮਰਜ਼ੀ ਖਾਓ, ਅਸੀਂ ਜੋ ਸਾਡਾ ਜੀਅ ਕਰੂ ਓਹੀ ਖਾਵਾਂਗੇ।" ਧੀ ਨੱਕ ਦੀ ਸੇਧੇ ਵਧ ਰਹੀ ਸੀ। ਸਾਹਮਣੇ ਮੈਕਡੌਨਲਡ ਸੀ ਤੇ ਇਕ ਪਾਸੇ ਸਬਵੇ। ਉਸ ਨੇ ਕਾਰ ਪਾਰਕ ਕਰ ਲਈ। ਭੈਣ ਭਰਾ ਮਾਂ-ਪਿਉ ਵੱਲ ਝਾਕੇ ਬਿਨਾਂ ਕਾਰ ਤੋਂ ਉਤਰ ਕੇ ਆਪੋ ਆਪਣੇ ਮਨਪਸੰਦ ਟਿਕਾਣੇ ਔਪੜ ਗਏ।

ਉਹ ਅੱਖੋਂ ਓਝਲ ਹੋਏ ਕਿ ਹਲਕੀ ਪਈ ਪਤਨੀ ਨੇ ਪਤੀ ਨੂੰ ਘੇਰ ਲਿਆ, "ਤੁਸੀਂ ਵਿਗਾੜਿਆ ਇਨ੍ਹਾਂ ਨੂੰ। ਹਰ ਗੱਲ ਇਨ੍ਹਾਂ ਦੀ ਪੂਰੀ ਕਰਦੇ ਰਹਿੰਦੇ ਹੋ। ਕਦੇ ਡਾਂਟਦੇ ਨਹੀਂ। ਇਸੇ ਕਰਕੇ ਚਾਹਮਲੇ ਫਿਰਦੇ। ਇਸ ਮੁਲਕ ਵਿਚ ਤਾਂ ਜੁਆਕ ਵਿਗੜੇ ਕਿ ਵਿਗੜੇ। ਦੇਖਿਆ ਹੁਣੇ, ਸਮਝਦੇ ਆ ਕਿਸੇ ਨੂੰ ਕੁਝ?" ਪਤੀ ਇਸ ਦੋਸ਼ ਨੂੰ ਕਿਵੇਂ ਸਹਾਰ ਸਕਦਾ ਸੀ, "ਬਾਹਲੀ ਤਹਾਂ ਨਾ ਚੜ੍ਹਦੀ ਜਾਹ, ਵਿਗਾੜਿਆ ਤੂੰ ਏ ਇਨ੍ਹਾਂ ਨੂੰ। ਮੇਰੇ ਰੋਕਦਿਆਂ ਰੋਕਦਿਆਂ ਤੂੰ ਇਨ੍ਹਾਂ ਨੂੰ ਆਈ ਫੋਨ ਲੈ ਕੇ ਦਿੱਤੇ। ਫਿਰ ਮਹਿੰਗੀਆਂ ਕਾਰਾਂ ਲੈ ਕੇ ਦਿਤੀਆਂ, ਸਾਰੇ ਪੈਸੇ ਨਕਦ। ਮੈਂ ਕਿਹਾ ਨਹੀਂ ਸੀ ਕਿਸ਼ਤਾਂ 'ਤੇ ਲੈ ਦਿੰਨੇ ਆਂ, ਆਪੇ ਭਰਦੇ ਫਿਰਨਗੇ, ਇਨ੍ਹਾਂ ਨੂੰ ਪਤਾ ਲੱਗੂ ਕਿਵੇਂ ਪੈਸੇ ਕਮਾਈਦੇ ਹਨ। ਤੂੰ ਹੀ ਇਨ੍ਹਾਂ ਨੂੰ ਪੁਚ ਪੁਚ ਕਰਦੀ ਏਂ। ਹੁਣ ਲੈ ਲਾ ਛੁਣਛੁਣਾ।" ਸਲੋਕ ਸੁਣਦਿਆਂ ਹੀ ਪਤਨੀ ਦਾ ਪਾਰਾ ਸੱਤਵੇਂ ਅਸਮਾਨ 'ਤੇ ਪਹੁੰਚ ਗਿਆ। ਉਹ ਚੀਨਾ ਚੀਨਾ ਹੋਈ ਪਈ ਸੀ। ਝੁੰਜਲਾਹਟ ਵਿਚ ਉਸ ਨੇ ਪਰੌਂਠਿਆਂ ਵਾਲਾ ਬੈਗ ਪਤੀ ਦੇ ਸਿਰ ਵੱਲ ਵਗਾਹ ਮਾਰਿਆ ਤੇ ਪਿਟ ਉਠੀ, "ਆਹੋ, ਮੈਂ ਹੀ ਬੁਰੀ ਹਾਂ ਇਸ ਘਰ ਵਿਚ, ਸਰਬਨਾਸ ਕਰਨ ਵਾਲੀ ਮੈਂ ਹੀ ਹਾਂ...।" ਉਸ ਦੀ ਜ਼ਬਾਨ ਥਿੜਕਣ ਲੱਗੀ ਤੇ ਉਹ ਡੁਸਕਣ ਲੱਗ ਪਈ। ਪਤੀ ਨੇ ਖਿਲਰੇ ਪਰੌਂਠੇ ਸੰਭਾਲੇ ਪਰ ਕਚੀਚੀ ਵੱਟ ਕੇ ਚੁਪ ਰਿਹਾ। ਪਤਨੀ ਨੂੰ ਵਰਾਇਆ ਤੱਕ ਨਾ। ਜਦ ਨੂੰ ਭੈਣ ਭਰਾ ਆਪਣੇ ਟੁੱਕਰ ਵੱਢਦੇ ਹੱਸਦੇ ਬਿਨਾਂ ਪਿਛੇ ਦੇਖਿਆਂ ਕਾਰ 'ਚ ਆਣ ਵੜੇ। ਕਾਰ ਦੀ ਚਾਬੀ ਇਸ ਵਾਰੀ ਭਰਾ ਦੇ ਹੱਥ ਸੀ।

ਪਤਨੀ ਦਾ ਡੁਸਕਣਾ ਅਛੋਪਲੇ ਹਟਕੋਰਿਆਂ ਵਿਚ ਬਦਲ ਕੇ ਬੰਦ ਹੋ ਗਿਆ। ਪਤੀ-ਪਤਨੀ ਦੋਵੇਂ ਸਹਿਮੇ ਹੋਏ ਬੇਬਸੀ ਦੀ ਮੂਰਤੀ ਬਣੇ ਹੋਏ ਸਨ। ਹਾਈਵੇ 'ਤੇ ਕਾਰ ਚਾੜ੍ਹਦਿਆਂ ਹੀ ਮੁੰਡੇ ਨੇ ਸਪੀਡ ਚੁੱਕ ਦਿਤੀ। ਮਾਂ ਨੂੰ ਡੋਬੂ ਪੈਂਦੇ ਪੈਂਦੇ ਜਾਨ ਦੇ ਲਾਲੇ ਪੈਣ ਲੱਗੇ। ਉਸ ਨੇ ਕਾਰ ਚਲਾਉਂਦੇ ਮੁੰਡੇ ਵੱਲ ਸਿਰੀ ਵਧਾਈ ਤੇ ਹੱਥ ਜੋੜੇ, "ਮੇਰੀ ਮਿੰਨਤ ਆ, ਤੂੰ ਕਾਰ ਜ਼ਰਾ ਹੌਲੀ ਰੱਖ, ਇਸ ਰੋਡ 'ਤੇ ਪੁਲਿਸ ਫਿਰਦੀ ਰਹਿੰਦੀ ਹੈ।" "ਮੰਮੀ ਟਰੈਫ਼ਿਕ ਦੇ ਨਾਲ ਹੀ ਚੱਲਣਾ ਪੈਂਦਾ, ਤੁਸੀਂ ਕਦੇ ਹਾਈਵੇ 'ਤੇ ਕਾਰ ਚਲਾਈ ਹੋਵੇ ਤਾਂ ਪਤਾ ਹੋਵੇ?" ਜਵਾਬ ਧੀ ਨੇ ਦਿੱਤਾ ਪਰ ਮੁੰਡੇ ਨੂੰ ਸ਼ਹਿ ਮਿਲ ਗਈ। ਉਸ ਨੇ ਕਾਰ ਹੋਰ ਤੇਜ਼ ਕਰ ਦਿਤੀ। ਜੀ ਭਿਆਣੇ ਮਾਂ ਪਿਉ ਦੇ ਹੱਥ ਪੈਰ ਅਚੇਤ ਹੀ ਅਗਲੀਆਂ ਸੀਟਾਂ ਨੂੰ ਧੱਕਣ ਲੱਗ ਪਏ, ਮਾਂ ਦੇ ਤਾਂ ਪੰਜੇ ਭੂਤ ਜਿਵੇਂ ਬਿਖਰਨ ਲੱਗੇ। ਮੁੰਡਾ ਅੱਤ ਚੁੱਕਣ ਲੱਗ ਪਿਆ ਸੀ। ਉਹ ਰੋਹ 'ਚ ਬੁਰਾ ਭਲਾ ਬੋਲਣ ਲੱਗ ਪਈ, "ਕੁੱਤਿਆ, ਮਰਜਾਣਿਆ, ਤੂੰ ਮਰਵਾਉਣਾ ਸਾਨੂੰ, ਹੌਲੀ ਕਰ ਕਾਰ ਨਹੀਂ ਤਾਂ ਮੈਨੂੰ ਇਥੇ ਉਤਾਰ।"

ਕੁੜੀ ਢੈਲੀ ਪੈ ਗਈ ਤੇ ਬੋਲੀ, "ਤੂੰ ਜ਼ਰਾ ਹੌਲੀ ਚਲਾ ਲੈ।" ਪਰ ਨਾਲ ਹੀ ਮੰਮੀ ਨੂੰ ਦੱਸਿਆ, "ਮੰਮੀ ਏਨੀ ਸਪੀਡ ਚਲਦੀ ਹੈ। ਅਸੀਂ ਹੁਣ ਕਦੀ ਨਹੀਂ ਆਇਆ ਕਰਨਾ ਤੁਹਾਡੇ ਨਾਲ। ਤੁਸੀਂ ਤਾਂ ਇੰਡੀਆਂ ਹੀ ਰਹਿੰਦੇ ਤਾਂ ਚੰਗਾ ਸੀ।" ਮੁੰਡੇ ਨੇ ਕਾਰ ਕੁਝ ਹੌਲੀ ਕਰ ਲਈ ਤਾਂ ਪਤੀ ਪਤਨੀ ਨੂੰ ਮੁਖਾਤਿਬ ਹੋਇਆ, "ਤੂੰ ਵੀ ਕਿਉਂ ਹਰ ਵਕਤ ਤਣੀ ਰਹਿੰਦੀ ਏਂ? ਤੇਰੇ ਦੀਦੇ ਹਮੇਸ਼ਾ ਸਪੀਡੋਮੀਟਰ ਹੀ ਤਾੜਦੇ ਰਹਿੰਦੇ ਆ। ਐਵੇਂ ਜੀਅ ਥੋੜਾ ਨਾ ਕਰ, ਬਾਹਰ ਦੇਖ, ਅੱਗ ਵਰ੍ਹਾਉਂਦੇ ਦਰਖਤ। ਹੈ ਕੋਈ ਰੰਗ ਜੋ ਇਥੇ ਨਹੀਂ ਦਿਸਦਾ। ਲਗਦਾ ਜਿਵੇਂ ਦੀਵਾਲੀ ਨੂੰ ਹਲਵਾਈਆਂ ਨੇ ਵੰਨ ਸਵੰਨੀਆਂ ਮਠਿਆਈਆਂ ਚਿਣੀਆਂ ਹੁੰਦੀਆਂ।" ਮੌਜ 'ਚ ਆਇਆ ਬੋਲਿਆ, "ਦੇਖੋ, ਦਰਖਤ ਰੰਗ ਬਦਲ ਰਹੇ ਹਨ, ਇਸ ਗੱਲ ਨੂੰ ਹੋਰ ਸ਼ਬਦਾਂ ਵਿਚ ਬਿਆਨ ਕਰੋ।" ਧੀ ਨੇ ਕੁਝ ਪਲ ਬਾਹਰ ਦੇਖਿਆ ਤੇ ਫਿਰ ਸੋਚਦਿਆਂ ਬੋਲੀ, "ਸਾਰੀ ਬਨਸਪਤੀ ਸਤਰੰਗੀ ਪੀਂਘ ਝੂਟ ਰਹੀ ਹੈ।"

"ਇਹ ਕੀ ਗੱਲ ਬਣੀ?" ਮੁੰਡਾ ਬੋਲਿਆ, "ਸਵਰਗ ਮਿਸ਼ੀਗਨ ਵਿਚ ਲੱਥ ਆਇਆ ਹੈ।" ਪਰ ਪਿਉ ਨੇ ਆਪਣਾ ਗਿਆਨ ਝਾੜਨਾ ਸੀ, "ਫਰੀਦ ਨੇ ਕਿਹਾ 'ਰੁਤ ਫਿਰੀ ਵਣ ਕੰਬਿਆ ਪਤ ਝੜੇ ਝੜ ਜਾਹ', ਕਿਆ ਸੁਹਣੀ ਗੱਲ ਹੈ।" ਪਰ ਮੁੰਡੇ ਨੇ ਮੋਢੇ ਸਿਕੋੜੇ, "ਫਿਰ ਗੂੜ੍ਹ ਪੰਜਾਬੀ 'ਤੇ ਉਤਰ ਆਏ।"

ਪਰ ਦਰਖਤਾਂ ਦੇ ਰੰਗਾਂ 'ਚ ਮਸਤ ਹੋਇਆਂ ਨੂੰ ਇਹ ਨਹੀਂ ਪਤਾ ਲੱਗਾ ਕਿ ਇਸ ਦੌਰਾਨ ਮਾਂ ਦੇ ਚਿਹਰੇ ਦੇ ਕਿੰਨੇ ਰੰਗ ਬਦਲ ਰਹੇ ਸਨ। ਕਾਰ ਦੀ ਵਧਦੀ ਸਪੀਡ ਨੇ ਉਸ ਨੂੰ ਮਰਨਹਾਰੀ ਕਰ ਦਿੱਤਾ ਸੀ। ਤੇ ਹਾਰ ਕੇ ਉਸ ਨੇ ਫੈਸਲਾ ਸੁਣਾ ਦਿੱਤਾ, "ਮੈਂ ਨਹੀਂ ਚੱਲ ਸਕਦੀ ਤੁਹਾਡੇ ਨਾਲ, ਪਿਛੇ ਮੁੜੋ ਜਾਂ ਮੈਨੂੰ ਇਥੇ ਉਤਾਰੋ।" ਪਰ ਮੁੰਡੇ ਨੂੰ ਪਤਾ ਨਹੀਂ ਸੁਣਿਆ ਨਹੀਂ ਜਾਂ ਮਚਲਾ ਹੋ ਗਿਆ, ਉਸ ਨੇ ਮਾਂ ਨੂੰ ਹੋਰ ਖਿਝਾਉਣ ਲਈ ਕਾਰ ਦਾ ਸਟੇਅਰਿੰਗ ਤੇਜ਼ੀ ਨਾਲ ਏਧਰ ਉਧਰ ਘੁਮਾਇਆ। ਕਾਰ ਭੁਚਾਲ ਵਾਂਗ ਡੋਲ ਗਈ ਤੇ ਨਾਲ ਹੀ ਉਨ੍ਹਾਂ ਦੀ ਮਾਂ। ਉਹ ਉਚੀ ਉਚੀ ਰੋਣ ਲੱਗ ਪਈ, ਉਸ ਦੀ ਕੋਈ ਪੇਸ਼ ਨਹੀਂ ਸੀ ਜਾ ਰਹੀ। ਉਹ ਸੀਟ 'ਤੇ ਢਹਿ ਪਈ। ਗੱਲ ਵਧ ਗਈ ਸੀ। ਪਤੀ ਨੂੰ ਆਪਣੀ ਮੂਰਖਤਾ ਦਾ ਅਹਿਸਾਸ ਹੋਇਆ। ਉਸ ਨੇ ਪੁੱਤਰ ਨੂੰ ਕਿਹਾ, "ਰੋਕੀਂ, ਰੋਕੀਂ, ਰੋਕੀਂ ਜ਼ਰਾ, ਦੇਖ ਤੇਰੀ ਮਾਂ ਨੂੰ ਕੀ ਹੋ ਗਿਆ। ਕਾਰ ਨੂੰ ਸ਼ੋਲਡਰ 'ਤੇ ਲਾ ਦੇਹ। ਉਸ ਨੇ ਪਤਨੀ ਦਾ ਹੱਥ ਫੜ ਕੇ ਉਸ ਨੂੰ ਪਲੋਸਣ ਦਾ ਜਤਨ ਕੀਤਾ ਪਰ ਉਸ ਨੇ ਪਤੀ ਦਾ ਹੱਥ ਤੋੜ ਕੇ ਮਾਰਿਆ ਤੇ ਸਹਿਸਾ ਉਠ ਖੜੀ ਹੋਈ। ਉਨਮਾਦ ਵਿਚ ਆਈ ਨੇ ਪਿਛਿਓਂ ਮੁੰਡੇ ਦਾ ਹੱਥ ਫੜ ਲਿਆ ਤੇ ਉਸ ਨੂੰ ਝੰਜੋੜਦੀ ਹੋਈ ਆਖਣ ਲੱਗੀ, "ਜੇ ਕਾਰ ਏਸੇ ਤਰ੍ਹਾਂ ਚਲਾਈ ਰੱਖੀ ਤਾਂ ਮੈਂ ਚਲਦੀ ਕਾਰ 'ਚੋਂ ਛਾਲ ਮਾਰ ਦੇਵਾਂਗੀ, ਹਾਂ ਮੈਂ ਇਹ ਕਰਕੇ ਦਿਖਾਊਂਗੀ।" ਉਸ ਨੇ ਪਿਛਲੀ ਡੋਰ ਦਾ ਹੈਂਡਲ ਫੜਿਆ ਹੋਇਆ ਸੀ ਮਾਨੋਂ ਹੁਣੇ ਖੋਲ੍ਹਣ ਲੱਗੀ ਹੋਵੇ। ਪਰ ਮੁੰਡਾ ਇਸ ਕਦਰ ਝੰਜੋੜਿਆ ਗਿਆ ਸੀ ਕਿ ਉਸ ਦੀ ਕਾਰ ਸਰਕ ਸਰਕ ਕੇ ਸੱਜੇ ਪਾਸੇ ਵਾਲੀ ਲੇਨ 'ਤੇ ਚਲੇ ਗਈ। ਦੇਖਦੇ ਹੀ ਦੇਖਦੇ ਉਹ ਇਸ ਲੇਨ ਵਿਚ ਪਿਛਿਓਂ ਆ ਰਹੇ ਟਰੱਕ ਦੇ ਅਗਲੇ ਪਹੀਏ ਨਾਲ ਬੁਰੀ ਤਰਾਂ ਘਿਸੜ ਗਈ। ਕਾਰ ਦਾ ਸੱਜਾ ਪਹੀਆਂ ਬੁਰੀ ਤਰ੍ਹਾਂ ਮੁਚਕੜ ਗਿਆ। ਟਰੱਕ ਤੇ ਕਾਰ ਇਕ ਦਮ ਰੁਕ ਗਏ ਪਰ ਬਚਾਅ ਹੋਇਆ, ਕਿਸੇ ਦੇ ਝਰੀਟ ਵੀ ਨਹੀਂ ਸੀ ਆਈ। ਸਾਰੇ ਸਵਾਰ ਦੋਨੋਂ ਵਾਹਣਾਂ 'ਚੋਂ ਉਤਰੇ ਹੀ ਸਨ ਕਿ ਚਿਲਕਾਰੇ ਮਾਰਦੀਆਂ ਪੁਲਿਸ ਦੀਆਂ ਗੱਡੀਆਂ ਨੇ ਉਨ੍ਹਾਂ ਨੂੰ ਚਾਰੇ ਪਾਸਿਓਂ ਘੇਰ ਲਿਆ।



# ਤਾਰਿਆਂ ਦੀ ਤਲਾਸ਼: ਨੌਸਟੈਲਜੀਆ ਫਾਰ ਦਿ ਲਾਈਟ

***ਜਿਸ ਥਾਂ ਦੁਨੀਆਂ ਦੇ ਖੋਜੀ ਤਾਰਿਆਂ ਅਤੇ ਬ੍ਰਹਿਮੰਡ ਦੇ ਭੇਤਾਂ ਦੀ ਤਲਾਸ਼ ਕਰਨ ਆਉਂਦੇ ਹਨ, ਉੱਥੇ ਕਈ ਲੋਕ ਆਪਣੇ ਅੱਖਾਂ ਦੇ ਤਾਰਿਆਂ ਨੂੰ ਲੱਭਣ ਲਈ ਵੀ ਆਉਂਦੇ ਹਨ। ਲੱਭਣ ਵਾਲਿਆਂ ਵਿਚ ਵਧੇਰੇ ਕਰ ਕੇ ਮਾਰ ਖਪਾਏ ਗਏ ਜੀਆਂ ਦੀਆਂ ਮਾਂਵਾਂ, ਦਾਦੀਆਂ ਜਾਂ ਨਾਨੀਆਂ ਹੁੰਦੀਆਂ ਹਨ। ਮੁਕਾਮੀ ਤਾਰਾ ਵਿਗਿਆਨੀ ਆਪਣੀ ਖੋਜ ਅਤੇ ਇਨ੍ਹਾਂ ਔਰਤਾਂ ਦੀ ਖੋਜ ਨੂੰ ਇੱਕੋ ਜਿਹੀ ਮੰਨਦਾ ਹੈ। ਸਿਰਫ਼ ਇਕ ਫ਼ਰਕ ਹੈ ਕਿ ਤਾਰਿਆਂ ਦੀ ਖੋਜ ਵਿਚ ਆਉਂਦੀਆਂ ਮੁਸ਼ਕਿਲਾਂ ਦੇ ਬਾਵਜੂਦ ਉਹ ਰਾਤ ਨੂੰ ਆਰਾਮ ਨਾਲ ਸੌਂ ਸਕਦਾ ਹੈ ਪਰ ਇਹ ਔਰਤਾਂ ਮਨੁੱਖੀ ਪਿੰਜਰਾਂ ਅਤੇ ਹੱਡੀਆਂ ਨੂੰ ਸਾਰਾ ਦਿਨ ਭਾਲਣ ਤੋਂ ਬਾਅਦ ਸਹਿਜਤਾ ਨਾਲ ਸੌਂ ਨਹੀਂ ਸਕਦੀਆਂ।***



## ਕਲਾ ਤੇ ਜ਼ਿੰਦਗੀ

ਜਤਿੰਦਰ ਮੌਹਰ
+91-97799-34747

'ਨੌਸਟੈਲਜੀਆ ਫਾਰ ਦਿ ਲਾਈਟ' ਸਪੇਨੀ ਦਸਤਾਵੇਜ਼ੀ ਫ਼ਿਲਮ ਹੈ ਜਿਹੜੀ ਬ੍ਰਹਿਮੰਡ ਅਤੇ ਮਨੁੱਖੀ ਇਤਿਹਾਸ ਦੀ ਖੋਜ ਨੂੰ ਕਲਾਵੇ ਵਿਚ ਲੈਂਦੀ ਹੈ। ਤਾਰੇ ਅਤੇ ਬ੍ਰਹਿਮੰਡ ਹਮੇਸ਼ਾ ਮਨੁੱਖ ਦੀ ਜਗਿਆਸਾ ਦਾ ਸਬੱਬ ਰਹੇ ਹਨ। ਇਹ ਉਚਾਈਆਂ ਤੱਕ ਫੈਲੀ ਨੀਲੱਤਣ ਤੋਂ ਡਰਦਾ ਰਿਹਾ ਅਤੇ ਪੂਜਦਾ ਵੀ ਰਿਹਾ। ਵਿਗਿਆਨ ਨੇ ਉਹਦੇ ਦਿਮਾਗ ਦੇ ਜਾਲੇ ਸਾਫ਼ ਕੀਤੇ। ਨੀਲੱਤਣਾਂ ਤੋਂ ਪਾਰ ਦੂਰ-ਦੁਰੇਡੇ ਦੀਆਂ ਧਰਤੀਆਂ ਉੱਤੇ ਜ਼ਿੰਦਗੀ ਦੇ ਹੋਣ ਦਾ ਵਿਚਾਰ ਮਨੁੱਖ ਨੂੰ ਹਮੇਸ਼ਾਂ ਖਿੱਚ ਪਾਉਂਦਾ ਹੈ। ਵਿਗਿਆਨ ਦੀਆਂ ਖੋਜਾਂ ਨੇ ਤਾਰਿਆ ਦੇ ਉਗਮਣ-ਵਿਗਸਣ ਅਤੇ ਚਾਲ ਬਾਰੇ ਨਵੇਂ ਵਿਚਾਰ ਪੇਸ਼ ਕੀਤੇ। ਇਨ੍ਹਾਂ ਨੂੰ ਦੇਖਣਾ-ਪਰਖਣਾ ਸੰਭਵ ਬਣਾਇਆ। ਤਾਰਾ ਵਿਗਿਆਨ ਜਾਂ ਭੂਗੋਲ ਵਿਗਿਆਨ ਬਾਬਤ ਗੱਲ ਕਰਨ ਵੇਲੇ ਲਾਤੀਨੀ ਮੁਲਕ ਚਿੱਲੀ ਦਾ ਜ਼ਿਕਰ ਹੋਣਾ ਲਾਜ਼ਮੀ ਹੋ ਜਾਂਦਾ ਹੈ। ਇਹ ਦੁਨੀਆਂ ਦਾ ਸਭ ਤੋਂ ਲੰਮਾ ਮੁਲਕ ਹੈ ਜੋ ਦੱਖਣੀ ਅਮਰੀਕਾ ਮਹਾਂਦੀਪ ਦਾ ਹਿੱਸਾ ਹੈ। ਚਿੱਲੀ ਦਾ ਐਟਾਕਾਮਾ ਮਾਰੂਥਲ ਧਰਤੀ ਦੀ ਸਭ ਤੋਂ ਖੁਸ਼ਕ ਥਾਂ ਮੰਨਿਆ ਜਾਂਦਾ ਹੈ। ਇਹ ਥਾਂ ਸਮੁੰਦਰ ਤਲ ਤੋਂ ਦਸ ਹਜ਼ਾਰ ਫੁੱਟ ਉੱਚੀ ਹੈ। ਉਥੋਂ ਅਸਮਾਨ ਬਿਲਕੁਲ ਸਾਫ਼ ਅਤੇ ਪਾਰਦਰਸ਼ੀ ਦਿਖਾਈ ਦਿੰਦਾ ਹੈ। ਤਾਰਾ ਅਤੇ ਭੂਗੋਲ ਵਿਗਿਆਨ ਦੇ ਜਗਿਆਸੂ ਅਤੇ ਖੋਜੀ ਦੁਨੀਆਂ ਦੇ ਹਰ ਕੋਨੇ ਤੋਂ ਇਸ ਥਾਂ ਖੋਜ ਕਰਨ ਲਈ ਆਉਂਦੇ ਹਨ। ਇਸ ਥਾਂ ਤਾਰਿਆਂ ਨੂੰ ਦੇਖਣ-ਪਰਖਣ ਲਈ ਦੁਨੀਆਂ ਦੀ ਸਭ ਤੋਂ ਵੱਡੀ ਦੂਰਬੀਨ ਲੱਗੀ ਹੋਈ ਹੈ। ਮਾਰੂਥਲ ਵਿਚ ਤਾਰੇ ਧਰਤੀ ਦੇ ਨੇੜੇ ਲਗਦੇ ਹਨ। ਇਹ ਹੱਥ ਵਧਾ ਕੇ ਬੇਰਾਂ ਵਾਂਗ ਤੋੜ ਲਏ ਜਾਣ ਵਰਗੀ ਸ਼ੈਅ ਦਿਸਦੇ ਹਨ। ਇਹ ਮਾਰੂਥਲ ਪਰਾ-ਇਤਿਹਾਸਕ ਸਮਿਆਂ ਜਾਂ ਦੂਜੇ ਗ੍ਰਹਿ ਦੀ ਧਰਤੀ ਵਾਂਗ ਲਗਦਾ ਹੈ। ਸੂਰਜ ਦੀ ਤੇਜ਼ ਗਰਮੀ ਮਨੁੱਖੀ ਰਹਿੰਦ-ਖੂੰਹਦ ਨੂੰ ਸਾਲਾਂ ਬੱਧੀ ਬਚਾਈ ਰੱਖਦੀ ਹੈ। ਇੱਥੇ ਕੋਲੰਬਸ ਤੋਂ ਪਹਿਲਾਂ ਦੀਆਂ ਮੱਮੀਆਂ ਅਤੇ ਮਨੁੱਖੀ ਹੱਡੀਆਂ ਦੇ ਢਾਂਚੇ ਮਿਲਦੇ ਹਨ।

ਜਿਨ੍ਹਾਂ ਸਮਿਆਂ ਵਿਚ ਇਹ ਮਾਰੂਥਲ ਪਹਿਲੀ ਵਾਰ ਤਾਰਾ ਵਿਗਿਆਨੀਆਂ ਦੀ ਨਜ਼ਰ ਵਿਚ ਆ ਰਿਹਾ ਸੀ, ਉਨ੍ਹਾਂ ਸਮਿਆਂ ਵਿਚ ਚਿੱਲੀ ਦੁਨੀਆਂ ਦੀ ਨਜ਼ਰ ਵਿਚ ਸਮਾਜਵਾਦੀ ਮੁਲਕ ਵਜੋਂ ਉੱਭਰ ਰਿਹਾ ਸੀ। ਪਿਛਲੀ ਸਦੀ ਦੇ ਸੱਤਵੇਂ ਦਹਾਕੇ ਦੇ ਚਿੱਲੀ ਵਿਚ ਸਲਵਾਡੋਰ ਅਲਾਂਡੇ ਦੀ ਜਮਹੂਰੀ ਸਰਕਾਰ ਸੀ ਜਿਹਨੂੰ 'ਕਿਰਤੀਆਂ ਦੀ ਸਰਕਾਰ' ਵੀ ਕਿਹਾ ਜਾਂਦਾ ਸੀ। ਇਹ ਕਿਰਤੀਆਂ ਦੀਆਂ ਮੰਗਾਂ ਨੂੰ ਲੈ ਕੇ ਮਿਸਾਲੀ ਲਾਮਬੰਦੀ ਦਾ ਦੌਰ ਸੀ। ਅਲਾਂਡੇ ਦੀ ਸਰਕਾਰ ਵਿੱਤੀ ਅਦਾਰਿਆਂ ਅਤੇ ਖਾਣਾਂ ਦਾ ਕੌਮੀਕਰਨ ਕਰ ਰਹੀ ਸੀ। ਕਿਰਤੀਆਂ ਦੀ ਜ਼ਿੰਦਗੀ ਸੁਖਾਲੀ ਹੋਣ ਦੀ ਆਸ ਬੱਝ ਰਹੀ ਸੀ। ਮੁਲਕ ਦੀ ਸਿਆਸੀ ਅਤੇ ਸਮਾਜਕ ਚੇਤਨਾ ਦਾ ਉਭਾਰ ਦੋਸਤਾਂ ਅਤੇ ਦੁਸ਼ਮਣਾਂ ਨੂੰ ਬਰਾਬਰ ਖਿੱਚ ਰਿਹਾ ਸੀ। ਗਿਆਰਾਂ ਸਤੰਬਰ 1973 ਨੂੰ ਅਮਰੀਕਾ ਦੀ ਸ਼ਹਿ ਹੇਠ ਸੱਜੇ ਪੱਖੀ ਫ਼ੌਜੀ ਜਰਨੈਲ ਪਿਨੋਚੇ ਨੇ ਅਲਾਂਡੇ ਦੀ ਜਮਹੂਰੀ ਸਰਕਾਰ ਦਾ ਤਖ਼ਤਾ ਪਲਟ ਦਿੱਤਾ। ਉਂਝ ਇਹ ਕੋਈ ਇੱਕ ਦਿਨ ਵਿਚ ਪੈਦਾ ਹੋਇਆ ਉਭਾਰ ਨਹੀਂ ਸੀ। ਅਮਰੀਕੀ ਸਰਕਾਰ ਅਤੇ ਸ਼ਿਕਾਗੋ ਸਕੂਲ ਦੇ ਅਰਥ-ਸ਼ਾਸਤਰੀ ਲੰਬੇ ਸਮੇਂ ਤੋਂ ਚਿੱਲੀ ਨੂੰ ਖੁੱਲ੍ਹੀ ਮੰਡੀ ਦੀ ਪ੍ਰਯੋਗਸ਼ਾਲਾ ਵਜੋਂ ਪਰਖਣ ਦੀ ਵਿਉਂਤਬੰਧੀ ਕਰ ਰਹੇ ਸਨ। ਇਨ੍ਹਾਂ ਅਰਥ-ਸਾਸ਼ਤਰੀਆਂ ਦਾ ਮੰਨਣਾ ਸੀ ਕਿ ਸਰਕਾਰ ਦਾ ਅਰਥਚਾਰੇ ਵਿਚ ਘੱਟ ਤੋਂ ਘੱਟ ਦਖ਼ਲ ਹੋਣਾ ਚਾਹੀਦਾ ਹੈ। ਅਰਥਚਾਰਾ ਨਿੱਜੀ ਹੱਥਾਂ ਵਿਚ ਹੋਣਾ ਚਾਹੀਦਾ ਹੈ।





*ਮਾਰੇ-ਖਪਾਏ ਗਏ ਲੋਕਾਂ ਦੀ ਯਾਦਗਾਰ ਅਤੇ (ਹੇਠਾਂ) ਫਿਲਮ 'ਨੌਸਟੈਲਜੀਆ ਫਾਰ ਦਿ ਲਾਈਟ' ਦਾ ਕਰਤਾ ਫਿਲਮਸਾਜ਼ ਪੈਟਰੀਸੀਓ ਗੁਜ਼ਮਾਨ।*

ਮੁਕਾਬਲੇਬਾਜ਼ੀ ਦੇ 'ਯੁੱਗ' ਵਿਚ ਸਮੂਹਕ ਭਲਾਈ ਦੀਆਂ ਮੁਹਿੰਮਾਂ ਬੇਤੁਕਾ ਵਿਚਾਰ ਹਨ। ਸ਼ਿਕਾਗੋ ਸਕੂਲ ਦੇ ਮੁੰਡਿਆਂ ਨੇ 'ਸ਼ੁੱਧ ਸਰਮਾਏਦਾਰੀ' ਦਾ ਸੁਪਨਾ ਸੱਚ ਕਰਨ ਚਿੱਲੀ ਨੂੰ ਚੁਣਿਆ ਜਿੱਥੇ ਸਮਾਜਵਾਦੀ ਉਭਾਰ ਜ਼ੋਰਾਂ 'ਤੇ ਸੀ। ਚਿੱਲੀ ਸਮੂਹਕ ਭਲਾਈ ਦੇ ਵਿਚਾਰ ਨੂੰ ਅਮਲ ਵਿਚ ਲਿਆਉਣ ਦੇ ਰਸਤੇ ਪਿਆ ਹੋਇਆ ਸੀ। ਅਜਿਹੇ ਮੁਲਕ ਵਿਚ ਜ਼ੁਲਮ-ਜਬਰ ਤੋਂ ਬਿਨਾਂ 'ਕਾਮਯਾਬੀ' ਸੰਭਵ ਨਹੀਂ ਸੀ। ਤਖ਼ਤਾ ਪਲਟਣ ਤੋਂ ਬਾਅਦ ਚਿੱਲੀ ਦੇ ਲੋਕਾਂ ਨੇ ਵਹਿਸ਼ਤ ਦਾ ਯੁੱਗ ਤਨ-ਮਨ 'ਤੇ ਹੰਢਾਇਆ। ਮੁਲਕ ਦੇ ਖੇਡ ਮੈਦਾਨਾਂ ਤੋਂ ਲੈ ਕੇ ਐਟਾਕਾਮਾ ਮਾਰੂਥਲ ਨੂੰ ਤਸ਼ੱਦਦਖਾਨਿਆਂ ਵਿਚ ਬਦਲ ਦਿੱਤਾ ਗਿਆ। ਐਟਾਕਾਮਾ ਮਾਰੂਥਲ ਵਿਚ ਖੋਲ੍ਹਿਆ ਗਿਆ ਤਸ਼ੱਦਦੀ ਡੇਰਾ ਮੁਲਕ ਦੇ ਤਬਦੀਲੀਪਸੰਦ ਲੋਕਾਂ 'ਤੇ ਵਰਤਾਈ ਗਈ ਵਹਿਸ਼ਤ ਅਤੇ ਦਹਿਸ਼ਤ ਦਾ ਬਿੰਬ ਬਣਦਾ ਹੈ। ਕਿੰਨੇ ਹੀ ਲੋਕ ਇਸ ਮਾਰੂਥਲ ਵਿਚ ਮਾਰ-ਖਪਾ ਦਿੱਤੇ ਗਏ। ਮਾਰੂਥਲ ਵਿਚ ਮਿਲਦੀਆਂ ਸਮੂਹਕ ਕਬਰਾਂ, ਮਨੁੱਖੀ ਪਿੰਜਰ ਅਤੇ ਹੱਡੀਆਂ ਇਸ ਤ੍ਰਾਸਦੀ ਨੂੰ ਬਿਆਨ ਕਰਦੀਆਂ ਹਨ। ਮਾਰ-ਖਪਾਏ ਗਏ ਜੀਆਂ ਦੇ ਰਿਸ਼ਤੇਦਾਰ ਅੱਜ ਵੀ ਅਣਪਛਾਤੇ ਮਨੁੱਖੀ ਪਿੰਜਰਾਂ ਵਿਚੋਂ ਆਪਣੇ ਜਣਿਆਂ ਨੂੰ ਲੱਭ ਰਹੇ ਹਨ। ਫ਼ਿਲਮ ਵਿਚ ਆਪਣਿਆਂ ਨੂੰ ਲੱਭਦੇ ਮਾਪੇ ਦਿਖਾਏ ਗਏ ਹਨ ਜੋ ਚਾਲੀ ਸਾਲ ਪਹਿਲਾਂ ਗਾਇਬ ਹੋਇਆਂ ਦਾ ਖੁਰਾ-ਖੋਜ ਲੱਭਣ ਲਈ ਐਟਾਕਾਮਾ ਮਾਰੂਥਲ ਦੀ ਖ਼ਾਕ ਛਾਣ ਰਹੇ ਹਨ। ਕਈ ਮਾਪਿਆਂ ਨੇ ਦਸਤਾਵੇਜ਼ਾਂ ਅਤੇ ਡੀ.ਐਨ.ਏ. ਦੀ ਪੁਣ-ਛਾਣ ਰਾਹੀਂ ਆਪਣਿਆਂ ਦੀਆਂ ਹੱਡੀਆਂ ਲੱਭੀਆਂ ਵੀ ਹਨ। ਜਿਸ ਥਾਂ ਦੁਨੀਆਂ ਦੇ ਖ਼ੋਜੀ ਤਾਰਿਆਂ ਅਤੇ ਬ੍ਰਹਿਮੰਡ ਦੇ ਭੇਤਾਂ ਦੀ ਤਲਾਸ਼ ਕਰਨ ਆਉਂਦੇ ਹਨ, ਉੱਥੇ ਕਈ ਲੋਕ ਆਪਣੇ ਅੱਖਾਂ ਦੇ ਤਾਰਿਆਂ ਨੂੰ ਲੱਭਣ ਲਈ ਵੀ ਆਉਂਦੇ ਹਨ। ਲੱਭਣ ਵਾਲਿਆਂ ਵਿਚ ਵਧੇਰੇ ਕਰ ਕੇ ਮਾਰ ਖਪਾਏ ਗਏ ਜੀਆਂ ਦੀਆਂ ਮਾਂਵਾਂ, ਦਾਦੀਆਂ ਜਾਂ ਨਾਨੀਆਂ ਹੁੰਦੀਆਂ ਹਨ। ਮੁਕਾਮੀ ਤਾਰਾ ਵਿਗਿਆਨੀ ਆਪਣੀ ਖੋਜ ਅਤੇ ਇਨ੍ਹਾਂ ਔਰਤਾਂ ਦੀ ਖੋਜ ਨੂੰ ਇੱਕੋ ਜਿਹੀ ਮੰਨਦਾ ਹੈ। ਸਿਰਫ਼ ਇਕ ਫ਼ਰਕ ਹੈ ਕਿ ਤਾਰਿਆਂ ਦੀ ਖੋਜ ਵਿਚ ਆਉਂਦੀਆਂ ਮੁਸ਼ਕਿਲਾਂ ਦੇ ਬਾਵਜੂਦ ਉਹ ਰਾਤ ਨੂੰ ਆਰਾਮ ਨਾਲ ਸੌਂ ਸਕਦਾ ਹੈ। ਅਗਲੇ ਦਿਨ ਉਹ ਫਿਰ ਅਤੀਤ ਨੂੰ ਲੱਭਣ ਤੁਰ ਪੈਂਦੇ ਹਨ ਪਰ ਇਹ ਔਰਤਾਂ ਮਨੁੱਖੀ ਪਿੰਜਰਾਂ ਅਤੇ ਹੱਡੀਆਂ ਨੂੰ ਸਾਰਾ ਦਿਨ ਭਾਲਣ ਤੋਂ ਬਾਅਦ ਸਹਿਜਤਾ ਨਾਲ ਸੌਂ ਨਹੀਂ ਸਕਦੀਆਂ। ਇਹ ਉਹ ਅਤੀਤ ਹੈ ਜੋ ਲੱਭ ਹੀ ਨਹੀਂ ਰਿਹਾ ਅਤੇ ਨਾ ਹੀ ਪਿੱਛਾ ਛੱਡਦਾ ਹੈ। ਹਰ ਸਮੇਂ ਅੱਖਾਂ ਦੇ ਤਾਰਿਆਂ ਦੀ ਯਾਦ ਸਿਰਹਾਣੇ ਪਈ ਰਹਿੰਦੀ ਹੈ ਪਰ ਇਹ ਜਿੰਦੜੀਆਂ ਉਦੋਂ ਤੱਕ ਸੌਂ ਨਹੀਂ ਸਕਣਗੀਆਂ ਜਦੋਂ ਤੱਕ ਇਨ੍ਹਾਂ ਦੇ ਜੀਆਂ ਦਾ ਪਤਾ ਨਹੀਂ ਲੱਗ ਜਾਂਦਾ। ਇਸ ਸੰਤਾਪ ਨੂੰ ਉਹ ਪਿਛਲੇ ਚਾਲੀ ਸਾਲ ਤੋਂ ਹੰਢਾਅ ਰਹੀਆਂ ਹਨ। ਤਾਰਿਆਂ ਦੇ ਇਕ ਖੋਜੀ ਮੁਤਾਬਕ, "ਦੋਹਾਂ ਖੋਜੀਆਂ ਦਾ ਕੋਈ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਸਾਡੇ ਸਮਾਜ ਨੂੰ ਇਨ੍ਹਾਂ ਔਰਤਾਂ ਬਾਰੇ ਉੱਨੀ ਹੀ ਚੰਗੀ ਤਰ੍ਹਾਂ ਜਾਣਨਾ ਚਾਹੀਦਾ ਹੈ ਜਿਵੇਂ ਉਹ ਤਾਰਾ ਵਿਗਿਆਨ ਬਾਰੇ ਜਾਣਨਾ ਚਾਹੁੰਦਾ ਹੈ ਪਰ ਹੋ ਉਲਟਾ ਰਿਹਾ ਹੈ। ਸਮਾਜ ਅੱਖਾਂ ਦੇ ਤਾਰਿਆਂ ਤੋਂ ਵੱਧ ਅਸਮਾਨੀ ਤਾਰਿਆਂ ਦਾ ਇਤਿਹਾਸ ਲੱਭਣ ਵਿਚ ਵਧੇਰੇ ਯਕੀਨ ਕਰਦਾ ਹੈ। ਉਹ ਆਪਣਾ ਅਤੀਤ ਛੇਤੀ ਭੁੱਲਣਾ ਚਾਹੁੰਦੇ ਹਨ ਜੋ ਚਿੰਤਾ ਦਾ ਵਿਸ਼ਾ ਹੈ। ਇਸ ਤਰ੍ਹਾਂ ਕਰਦੇ ਹੋਏ ਲੋਕ ਕਦੇ ਵੀ ਮੁਕੰਮਲ ਅਮਨ ਚੈਨ ਨਹੀਂ ਲੱਭ ਸਕਣਗੇ।"

# ਮਖ਼ਮਲੀ ਮਿਠਾਸ ਸੁਮਨ ਕਲਿਆਣਪੁਰ

ਸੁਰਿੰਦਰ ਸਿੰਘ ਤੇਜ
ਫੋਨ: 91-98555-01488

ਸੁਮਨ ਉਨ੍ਹਾਂ ਗਾਇਕਾਵਾਂ ਵਿਚ ਸ਼ੁਮਾਰ ਸੀ ਜਿਨ੍ਹਾਂ ਲਈ ਲਤਾ ਯੁੱਗ ਗ੍ਰਹਿਣ ਸਾਬਤ ਹੋਇਆ। ਉਸ ਦੀ ਆਵਾਜ਼ ਵਿਚ ਲਤਾ ਜਿੰਨੀ ਪੇਸ਼ੇਵਾਰਾਨਾ ਪੁਖ਼ਤਗੀ ਤਾਂ ਨਹੀਂ ਸੀ ਪਰ ਇਸ ਅੰਦਰਲੀ ਮਖ਼ਮਲੀ ਮਿਠਾਸ ਲਤਾ ਵਾਲੀ ਮਿਠਾਸ ਤੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਸੀ। ਇਹੀ ਉਸ ਦਾ ਦੁਖਾਂਤ ਵੀ ਸੀ। ਉਸ ਵੱਲੋਂ ਗਾਏ ਗੀਤ ਬਹੁਤੀ ਵਾਰ ਲਤਾ ਵੱਲੋਂ ਗਾਏ ਸਮਝ ਲਏ ਜਾਂਦੇ ਸਨ। ਲਤਾ ਦੀ ਆਵਾਜ਼ ਨਾਲ ਇਹੋ ਸਮਾਨਤਾ ਅਤੇ ਲਤਾ ਸ਼ੈਲੀ ਵਿਚ ਹੀ ਗਾਇਕੀ ਦਾ ਅੰਦਾਜ਼ ਸੁਮਨ ਨੂੰ ਹਿੰਦੀ ਫ਼ਿਲਮ ਜਗਤ ਵਿਚ ਸਹੀ ਮੁਕਾਮ ਨਾ ਦਿਵਾ ਸਕਿਆ। ਲਤਾ ਦੀ ਗਾਇਕੀ ਤੋਂ ਕਾਇਲ ਹੋਏ ਸੰਗੀਤਕਾਰਾਂ ਨੂੰ ਸੁਮਨ ਦੀ ਲੋੜ ਉਸ ਸਮੇਂ ਭਾਸੀ, ਜਦੋਂ ਉਨ੍ਹਾਂ ਦੀ ਲਤਾ ਨਾਲ ਕਿਸੇ ਗੱਲੋਂ ਜਾਂ ਤਾਂ ਅਣਬਣ ਹੋ ਗਈ ਤੇ ਜਾਂ ਫਿਰ ਲਤਾ ਰਿਕਾਰਡਿੰਗ ਲਈ ਸਮਾਂ ਦੇਣ ਤੋਂ ਇਨਕਾਰੀ ਹੋਈ।

ਦੂਜੇ ਪਾਸੇ, ਸ਼ਾਇਦ ਸੁਮਨ ਦੀ ਆਪਣੀ ਸ਼ਖ਼ਸੀਅਤ ਦੀਆਂ ਵੀ ਕੁਝ ਅਜਿਹੀਆਂ ਸੀਮਾਵਾਂ ਸਨ ਜਿਨ੍ਹਾਂ ਕਰ ਕੇ ਉਸ ਨੂੰ ਕਿਸੇ ਵੀ ਵੱਡੇ ਸੰਗੀਤਕਾਰ ਦੀ ਸਰਪ੍ਰਸਤੀ ਹਾਸਲ ਨਹੀਂ ਹੋਈ। ਇਸ ਦਾ ਖ਼ਮਿਆਜ਼ਾ ਉਸ ਨੂੰ ਆਪਣੇ ਪੂਰੇ ਕਰੀਅਰ ਦੌਰਾਨ ਭੁਗਤਣਾ ਪਿਆ। ਆਸ਼ਾ ਭੌਂਸਲੇ ਇਸ ਪੱਖੋਂ ਵੱਧ ਖ਼ੁਸ਼ਕਿਸਮਤ ਰਹੀ। ਉਸ ਨੂੰ ਓਂਕਾਰ ਪ੍ਰਸਾਦ (ਓ.ਪੀ.) ਨਈਅਰ ਨੇ ਆਪਣੇ ਗੀਤਾਂ ਦੀ ਆਵਾਜ਼ ਬਣਾ ਲਿਆ। ਓ.ਪੀ. ਤੋਂ ਪਹਿਲਾਂ ਸਚਿਨ ਦੇਵ ਬਰਮਨ ਨੇ ਲਤਾ ਮੰਗੇਸ਼ਕਰ ਨਾਲ ਆਪਣੀ ਨਾਰਾਜ਼ਗੀ ਦੇ ਚਾਰ ਸਾਲਾਂ (1957-61) ਦੌਰਾਨ ਆਸ਼ਾ ਦੀ ਆਵਾਜ਼ ਦੀ ਵੰਨ-ਸੁਵੰਨਤਾ ਨੂੰ ਨਵਾਂ ਰੂਪ ਦਿੰਦਿਆਂ 'ਲਾਜਵੰਤੀ', 'ਕਾਲ਼ਾ ਪਾਣੀ' ਤੇ 'ਸੁਜਾਤਾ' ਦੇ ਗੀਤਾਂ ਰਾਹੀਂ ਅਮਰਤਾ ਬਖ਼ਸ਼ੀ। ਅਜਿਹੀ ਸਰਪ੍ਰਸਤੀ ਸੁਮਨ ਦੇ ਹਿੱਸੇ ਨਹੀਂ ਆਈ, ਹਾਲਾਂਕਿ ਦਾਦਾ ਬਰਮਨ, ਰੌਸ਼ਨ, ਸ਼ੰਕਰ ਜੈਕਿਸ਼ਨ, ਸੱਜਾਦ ਹੁਸੈਨ, ਹੇਮੰਤ ਕੁਮਾਰ ਅਤੇ ਲਤਾ ਦੇ ਮੂੰਹ-ਬੋਲੇ ਭਰਾ ਮਦਨ ਮੋਹਨ ਨੇ ਸੁਮਨ ਤੋਂ ਕੁਝ ਅਮਰ ਗੀਤ ਜ਼ਰੂਰ ਗਵਾਏ। 1962 ਵਿਚ ਬਣੀ ਫ਼ਿਲਮ 'ਬਾਤ ਏਕ ਰਾਤ ਕੀ' ਦਾ ਗੀਤ 'ਨਾ ਤੁਮ ਹਮੇਂ ਜਾਨੋ, ਨਾ ਹਮ ਤੁਮ੍ਹੇ ਜਾਨੇਂ" ਜਾਂ 'ਯਿਹ ਕਿਸ ਨੇ ਗੀਤ ਛੇੜਾ' (ਮੇਰੀ ਸੂਰਤ ਤੇਰੀ ਆਂਖੇ, 1963) ਦਾਦਾ ਬਰਮਨ ਦੇ ਪਸੰਦੀਦਾ ਗੀਤਾਂ ਵਿਚ ਸ਼ੁਮਾਰ ਸਨ ਪਰ ਜਿਉਂ ਹੀ ਲਤਾ ਨਾਲ ਗਿਲੇ-ਸ਼ਿਕਵੇ ਦੂਰ ਹੋਏ, ਸੁਮਨ ਡੰਪ ਕਰ ਦਿੱਤੀ ਗਈ।



*ਮੁਹੰਮਦ ਰਫੀ ਨਾਲ ਸੁਮਨ ਕਲਿਆਣਪੁਰ*

ਇਹ ਸੁਮਨ ਦੀ ਫਰਾਖ਼ਦਿਲੀ ਹੈ ਕਿ ਲਤਾ ਨਾਲ ਤੁਲਨਾ ਕੀਤੇ ਜਾਣ ਨੂੰ ਉਹ ਹੁਣ ਵੀ ਆਪਣੇ ਲਈ ਸਨਮਾਨ ਮੰਨਦੀ ਹੈ। 740 ਹਿੰਦੀ, ਮਰਾਠੀ, ਬੰਗਲਾ, ਗੁਜਰਾਤੀ, ਭੋਜਪੁਰੀ ਤੇ ਪੰਜਾਬੀ ਗੀਤ ਗਾ ਚੁੱਕੀ ਸੁਮਨ ਨੂੰ ਇਸ ਗੱਲ 'ਤੇ ਵੀ ਸ਼ਿਕਵਾ ਨਹੀਂ ਕਿ ਪੁਖ਼ਤਾ ਸੋਲੋ ਗਾਇਕਾ ਹੋਣ ਦੇ ਬਾਵਜੂਦ ਉਹ ਹਿੰਦੀ ਫ਼ਿਲਮਾਂ ਵਿਚ ਮਹਿਜ਼ 'ਡਿਊਟ ਕੁਈਨ' ਬਣ ਕੇ ਰਹਿ ਗਈ। 1937 ਵਿਚ ਢਾਕਾ ਦੇ ਇਕ ਬੰਗਾਲੀ ਪਰਿਵਾਰ ਵਿਚ ਜਨਮੀ ਸੁਮਨ ਦੇ ਮਾਤਾ-ਪਿਤਾ 1943 ਵਿਚ ਬੰਬਈ ਆ ਗਏ। ਉਥੇ ਉਸ ਨੇ ਸ਼ਾਸਤਰੀ ਸੰਗੀਤ ਦੀ ਸਿੱਖਿਆ ਲਈ ਅਤੇ 17 ਸਾਲਾਂ ਦੀ ਉਮਰ ਵਿਚ ਮਰਾਠੀ ਮੁੰਡੇ ਰਾਮਾਨੰਦ ਐਸ. ਕਲਿਆਣਪੁਰ ਨਾਲ ਵਿਆਹੀ ਗਈ। ਇਸੇ ਸਾਲ (1954) ਵਿਚ ਉਸ ਨੂੰ ਫ਼ਿਲਮ 'ਦਰਵਾਜ਼ਾ' ਵਿਚ ਤਲਤ ਮਹਿਮੂਦ ਨਾਲ ਦੋਗਾਣਾ ਗਾਉਣ ਦਾ ਮੌਕਾ ਮਿਲਿਆ। ਇਸ ਫ਼ਿਲਮ ਦੇ ਸੰਗੀਤਕਾਰ ਨੌਸ਼ਾਦ ਸਨ। ਇਸ ਮਗਰੋਂ ਜਿਨ੍ਹਾਂ ਫ਼ਿਲਮਾਂ ਵਿਚ ਸੁਮਨ ਨੇ ਸੋਲੋ ਗੀਤ ਗਾਏ, ਉਨ੍ਹਾਂ ਵਿਚ ਮੰਗੂ (1954), ਦਿਲ ਏਕ ਮੰਦਿਰ (1963), ਬਾਤ ਏਕ ਰਾਤ ਕੀ (1962), ਦਿਲ ਹੀ ਤੋ ਹੈ (1963), ਸ਼ਗੁਨ (1964), ਜਹਾਂ ਆਰਾ, ਸਾਂਝ ਔਰ ਸਵੇਰਾ, ਨੂਰ ਜਹਾਂ, ਸਾਥੀ ਅਤੇ ਪਾਕੀਜ਼ਾ ਸ਼ਾਮਲ ਹਨ। ਉਹ 1981 ਤੱਕ ਸਰਗਰਮ ਰਹੀ ਅਤੇ ਫ਼ਿਲਮ 'ਕਸ਼ਿਸ਼' ਲਈ ਆਖ਼ਰੀ ਗੀਤ ਗਾਇਆ।

ਹਿੰਦੀ ਫ਼ਿਲਮਾਂ ਵਿਚ ਸਰਗਰਮ ਪੰਜਾਬੀ ਸੰਗੀਤਕਾਰਾਂ- ਐਸ. ਮਹਿੰਦਰ, ਹੰਸ ਰਾਜ ਬਹਿਲ, ਐਸ. ਮਦਨ ਅਤੇ ਸਰਦੂਲ ਕਵਾਤੜਾ ਨੇ ਸੁਮਨ ਤੋਂ ਦਰਜਨਾਂ ਗੀਤ ਗਵਾਏ। ਐਸ. ਮਹਿੰਦਰ ਦੀਆਂ ਫ਼ਿਲਮਾਂ 'ਸਰਫਰੋਸ਼', 'ਜ਼ਰਕ ਖ਼ਾਨ' ਤੇ 'ਬੇਖ਼ਬਰ' ਵਿਚ ਸਾਰੇ ਸੋਲੋ ਗੀਤ ਸੁਮਨ ਦੀ ਆਵਾਜ਼ ਵਿਚ ਸਨ। 1960ਵਿਆਂ ਵਿਚ ਸੁਮਨ ਨੇ ਪੰਜਾਬੀ ਫ਼ਿਲਮਾਂ ਵਿਚ ਵੀ ਗੀਤ ਗਾਏ ਜਿਨ੍ਹਾਂ ਵਿਚੋਂ 'ਰਾਹੇ ਰਾਹੇ ਜਾਂਦਿਆ ਰਾਹੀਆ, ਮੇਰੀ ਗੱਲ ਸਮਝਾਉਂਦਾ ਜਾ' (ਲਾਡੋ ਰਾਣੀ, ਐਸ. ਮਹਿੰਦਰ), 'ਉਸ ਪੰਛੀ ਨਾਲ ਕੀ ਨੇਹਾ ਲਾਉਣਾ, ਜਿਸ ਨੇ ਹੈ ਉੱਡ ਜਾਣਾ' (ਸਤਲੁਜ ਦੇ ਕੰਢੇ, ਹੰਸ ਰਾਜ ਬਹਿਲ), 'ਲੰਮੀਆਂ ਤੇ ਕਾਲ਼ੀਆਂ ਚੰਨ ਵੇ ਰਾਤਾਂ' (ਦੋ ਲੱਛੀਆਂ, ਹੰਸ ਰਾਜ ਬਹਿਲ) ਸੱਚਮੁੱਚ ਹੀ ਯਾਦਗਾਰੀ ਕਹੇ ਜਾ ਸਕਦੇ ਹਨ। ਇਨ੍ਹਾਂ ਗੀਤਾਂ ਵਿਚ ਕਿਤੇ ਵੀ ਪੰਜਾਬੀ ਨਾ ਹੋਣ ਦਾ ਪ੍ਰਭਾਵ ਹੀ ਨਹੀਂ ਦਿੰਦੀ। ਅਜਿਹੀ ਸਮਰਪਿਤ ਕਲਾਕਾਰ ਨੂੰ ਕਿਸੇ ਦਾ 'ਬਦਲ' ਕਹਿਣਾ ਇਸੇ ਲਈ ਦੁਖਦਾਈ ਜਾਪਦਾ ਹੈ।

## ਖਾਮੋਸ਼ ਸੁਰਾਂ-4

***ਹਿੰਦੀ ਫ਼ਿਲਮ ਗਾਇਕੀ ਮੁੱਖ ਤੌਰ 'ਤੇ ਲਤਾ ਮੰਗੇਸ਼ਕਰ, ਮੁਹੰਮਦ ਰਫ਼ੀ, ਆਸ਼ਾ ਭੌਂਸਲੇ, ਕਿਸ਼ੋਰ ਕੁਮਾਰ, ਮੰਨਾ ਡੇਅ, ਗੀਤਾ ਦੱਤ ਅਤੇ ਹੇਮੰਤ ਕੁਮਾਰ ਵਾਲੀ ਪੀੜ੍ਹੀ ਨਾਲ ਹੀ ਜੁੜੀ ਮੰਨੀ ਜਾਂਦੀ ਹੈ। ਇਨ੍ਹਾਂ ਮਹਾਨ ਗਾਇਕਾਂ-ਗਾਇਕਾਵਾਂ ਦੇ ਯੁੱਗ ਦੌਰਾਨ ਹੀ ਕੁਝ ਅਜਿਹੀਆਂ ਗਾਇਕਾਵਾਂ ਤੇ ਗਾਇਕ ਸਰਗਰਮ ਰਹੇ ਜਿਨ੍ਹਾਂ ਬਾਰੇ ਅੱਜ ਦੀ ਪੀੜ੍ਹੀ ਬਹੁਤ ਘੱਟ ਜਾਣਦੀ ਹੈ। 'ਖ਼ਾਮੋਸ਼ ਸੁਰਾਂ' ਵਿਚ ਹਿੰਦੀ ਫ਼ਿਲਮ ਗਾਇਕੀ ਦੇ ਸੁਨਹਿਰੀ ਯੁੱਗ ਨਾਲ ਜੁੜੇ ਅਜਿਹੇ ਗਾਇਕਾਂ-ਗਾਇਕਾਵਾਂ ਨਾਲ ਤੁਆਰਫ਼ ਕਰਵਾਇਆ ਜਾ ਰਿਹਾ ਹੈ।***



*ਸੁਮਨ ਕਲਿਆਣਪੁਰ*

# Clay Oven



**We Cater!**
For all occasions
Up to 10,000 people
All live cooking on the spot.

Lunch Buffet
11am-3pm
**$7.95**

*Dinner 20% off*

ਕੈਟਰਿੰਗ ਲਈ ਸਾਨੂੰ ਕਾਲ ਕਰੋ

Call for packages today
**Ph: 847-219-7432**

ਅਸੀਂ ਮਿਡਵੈਸਟ ਦੀਆਂ ਸਾਰੀਆਂ ਸਟੇਟਾਂ ਵਿਚ ਕੈਟਰਿੰਗ ਕਰਦੇ ਹਾਂ

855 East Schaumburg Rd., Schaumburg, IL 60194
Ph: 847-524-3007




28523 Ford Road, Garden City, MI 48135 - e-mail: DICECDJ@GMAIL.COM - www.thedjdice.com

# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*

*Licensed to practice Immigration & Bankruptcy in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**
*Divorce *Annulment
*International Custody

**INCORPORATIONS**
*International Contracts, Mergers
*Attorney Supreme Court of India
*Bankruptcy Consultation & Filing

**Contact numbers:**
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# Syan Video Production, Inc.



ਰਾਜਿੰਦਰ ਸਿੰਘ

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਵਾ

*Professional HD Video & Digital Photo Production*

Multiple Camera shooting/Digital Still Photography
(with flush mount album)
Live Video Display With Large Screens
DJ Service with Laser Lights
Call Toll Free: 1-800-RAJ-SYAN
(with 17 years Experienced)

**Call:734-261-0936 or 734-890-1767**
e-mail: raj@syanvideo.com or visit at: www.syanvideo.com

# Dhillon Truck Stop
# Dhillon Road Service

Interstate 40, exit 356, San Jon, NM




ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

**Ph:575-576-4111, 575-815-8536**


HURRY! LIMITED-TIME OFFER!
FREE $100 REWARD CARD
dish
5419 8499 9999 9999
00/00
LEE M. CARDHOLDER
Debit
Requires 24 month commitment, credit qualification and qualifying S. Asian package ($19.99/mo. or higher).
Use Promotional Code: International
CHOICE
START WITH PUNJABI PACK AND THEN CUSTOMIZE
PUNJABI PACK
$24.99 mo
PTC PUNJABI
jus punjabi
gPunjab
mh
JUS one
HINDI MOVIES PACK
$19.99 mo
B4U movies
SONY MAX
Z CINEMA
MASTI PACK
$5.00 mo ADD ON
MTV
NDTV GOOD TIMES
Zing
SONY MIX
zoom
WILLOW CRICKET HD*
$14.99 mo
WILLOW HD
CALL DISH NOW
855.318.4562
www.DishPunjabiTV.com
Facebook.com/GetDishPunjabiTV
HOME OF SOUTH ASIAN ENTERTAINMENT
dish
International programming requires additional $10/mo International Basic package or any America's Top package. Add-on packages available at additional cost. *Requires HD receiver to view international programming in HD. Must subscribe to a qualifying American HD package to qualify for HD receiver.
$100 DISH REWARDS PREPAID MASTERCARD® CARD: Offer valid for activation and installation of qualifying DISH service under Digital Home Advantage with a 24-month commitment and credit qualification plus a qualifying South Asian package of $ 19.99 or higher through 12/31/2013. Must activate service by calling 1-855-318-4562 and provide Promotion Code INTERNATIONAL. Allow 6-8 weeks after service activation for Reward Card delivery. Offer Code required at time of order for service, prior to activation. Limit one Reward Card per DISH account activation. May not be combined with other special offers. After service activation, visit www.mydishrewards.com or call 1-877-682-1215 to check the status of Reward Card and for applicable restrictions for Reward Card usage. Cards are issued by Citibank, N.A. pursuant to a license from MasterCard International and managed by Citi Prepaid Services. This card can be used everywhere MasterCard debit cards are accepted. Cards are issued by Citibank, N.A. pursuant to a license from MasterCard International and managed by Citi Prepaid Services. Cards will not have cash access and can be used everywhere MasterCard debit cards are accepted.
Additional Requirements: All prices, fees, charges, packages, programming, features, functionality and offers subject to change without notice. ETF: If you cancel service during first 24 months, early cancellation fee of $20 for each month remaining applies. Installation/Equipment Requirements: A second dish antenna may be required to view both International and American programming. Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. © 2013 DISH Network L.L.C. All rights reserved.